ਵਿਸ਼ੇਸ਼ ਅੰਕ

ISSN-0971-8354

# ਯੋਜਨਾ

ਜਨਵਰੀ 2016 ਇਕ ਵਿਕਾਸ ਮਾਸਿਕ ₹20

## ਸਿੱਖਿਆ : ਸਫਲਤਾ ਦੀ ਕੁੰਜੀ

ਭਾਰਤੀ ਸਕੂਲੀ ਸਿੱਖਿਆ ਨੂੰ ਰੁਪਾਂਤਰਿਤ ਕਰਨਾ : ਨੀਤੀ ਸੰਬੰਧੀ ਚਿੰਤਾਵਾਂ ਤੇ ਤਰਜੀਹਾਂ
ਆਰ. ਗੋਵਿੰਦਾ

ਸਿੱਖਿਆ ਦਾ ਵਿੱਤੀਕਰਨ
ਜੇ ਬੀ ਜੀ ਤਿਲਕ

ਸਿੱਖਿਆ ਵਿਚ ਤਕਨਾਲੋਜੀ – ਇਕ ਅਸ਼ਾਂਤ ਪੀੜ੍ਹੀ ਦੀਆਂ ਉਮੀਦਾਂ ਅਤੇ ਅਭਿਲਾਸ਼ਾਵਾਂ
ਰਾਜਾਰਾਮ ਐੱਸ. ਸ਼ਰਮਾ

ਔਰਤਾਂ ਤੇ ਲੜਕੀਆਂ ਦੀ ਸਿੱਖਿਆ : ਭਾਰਤ ਵਿਚ ਮੁੱਦੇ
ਵਿਮਲਾ ਰਾਮਚੰਦਰਨ

ਫੋਕਸ
ਕਦਰਾਂ-ਕੀਮਤਾਂ ਵਾਲੇ ਸਮਾਜ ਵੱਲ : ਇਕੱਠੇ ਰਹਿਣਾ ਸਿੱਖਣਾ
ਜੇ.ਐੱਸ. ਰਾਜਪੂਤ

ਵਿਸ਼ੇਸ਼ ਲੇਖ
ਭਾਰਤ ਵਿਚ ਸਮੁੱਚੀ ਸਿੱਖਿਆ ਵਾਸਤੇ
ਖ਼ਾਕਾ ਤਿਆਰ ਕਰਨਾ
ਅਨੁਪ੍ਰਿਆ ਚੱਢਾ



## ਸੰਪਾਦਕੀ

# ਬਦਲਾਅ ਲਈ ਸਿੱਖਿਆ

*"ਸਿੱਖਿਆ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਦਾ ਇਸਤੇਮਾਲ ਤੁਸੀਂ ਦੁਨੀਆਂ ਨੂੰ ਬਦਲਣ ਲਈ ਕਰ ਸਕਦੇ ਹੋ।"*

*– ਨੈਲਸਨ ਮੰਡੇਲਾ*

ਉੱਪਰ ਦਿੱਤੀ ਟੂਕ ਸਿੱਖਿਆ ਦੇ ਕੇਂਦਰੀ ਮਹੱਤਵ ਦਾ ਸਾਰਅੰਸ਼ ਹੈ ਅਤੇ ਸਾਡੇ ਦੇਸ਼ ਦੇ ਮਾਮਲੇ ਵਿਚ ਇਹ ਬਿਲਕੁਲ ਸੱਚੀ ਤੇ ਢੁੱਕਵੀ ਹੈ। ਜਵਾਨ ਲੋਕਤੰਤਰ ਦੇ ਤੌਰ ਤੇ ਭਾਰਤ ਸਿੱਖਿਆ ਦੇ ਖੇਤਰ ਵਿਚ ਲੰਮੀਆਂ ਪੁਲਾਂਘਾਂ ਪੁੱਟ ਰਿਹਾ ਹੈ। ਸਿੱਖਿਆ ਨੂੰ ਲੋੜੀਂਦਾ ਮਹੱਤਵ ਦੇਣ ਵਿਚ ਰਾਸ਼ਟਰ ਦੇ ਮੋਢੀਆਂ ਦੀ ਦੂਰਦਰਸ਼ਤਾ ਨੇ ਸਾਨੂੰ ਇਕ ਰਾਸ਼ਟਰ ਵਜੋਂ ਵੱਡੇ ਲਾਭ ਪ੍ਰਦਾਨ ਕੀਤੇ ਹਨ। ਪ੍ਰਾਚੀਨ ਭਾਰਤ ਵਿਚ ਪੁਜਾਰੀ ਜਮਾਤ ਨੇ ਗਿਆਨ ਪ੍ਰਾਪਤੀ ਲਈ ਸਿੱਖਿਆ ਪ੍ਰਾਪਤੀ ਕੀਤੀ ਜਦ ਕਿ ਕਸ਼ੱਤਰੀ ਅਤੇ ਵੈਸ਼ਾਂ ਨੇ ਖ਼ਾਸ ਉਦੇਸ਼ਾਂ ਜਿਵੇਂ ਸ਼ਾਸਨ ਕਲਾ, ਜੰਗ ਯੁੱਧ ਜਾਂ ਵਪਾਰ ਚਲਾਉਣ ਲਈ ਵਿੱਦਿਆ ਹਾਸਲ ਕੀਤੀ। ਪ੍ਰਾਚੀਨ ਸਿੱਖਿਆ ਪ੍ਰਣਾਲੀ ਰੋਜ਼ੀ-ਰੋਟੀ ਕਮਾਉਣ ਵੱਲ ਸੇਧਿਤ ਸੀ। ਅੰਤਰਰਾਸ਼ਟਰੀ ਤੌਰ ਤੇ ਵੀ ਭਾਰਤ ਦੂਜੇ ਦੇਸ਼ਾਂ ਦੇ ਵਿਦਿਆਰਥੀਆਂ ਲਈ ਸਭ ਤੋਂ ਤਰਜੀਹੀ ਦੇਸ਼ ਸੀ ਜੋ ਉੱਚ ਸਿੱਖਿਆ ਪ੍ਰਾਪਤੀ ਲਈ ਇਥੇ ਆਉਂਦੇ ਸਨ। ਨਾਲੰਦਾ, ਜੋ ਸਭ ਤੋਂ ਵੱਡੇ ਸਿੱਖਿਆ ਕੇਂਦਰਾਂ ਵਿਚੋਂ ਇਕ ਸੀ, ਵਿਖੇ ਗਿਆਨ ਤੇ ਜਾਣਕਾਰੀ ਪ੍ਰਾਪਤ ਕਰਨ ਦੀਆਂ ਸਾਰੀਆਂ ਸ਼ਾਖਾਵਾਂ ਸਨ ਅਤੇ ਇਸ ਦੇ ਸਿਖਰਲੇ ਸਮੇਂ ਵਿਚ ਉਥੇ 10,000 ਲੋਕ ਸਿੱਖਿਆ ਪ੍ਰਾਪਤ ਕਰਦੇ ਸਨ।

ਆਜ਼ਾਦੀ ਤੋਂ ਬਾਅਦ, ਨੀਤੀ ਘਾੜਿਆਂ ਨੇ ਅੰਗਰੇਜ਼ਾਂ ਵਲੋਂ ਬਣਾਈ ਸਿੱਖਿਆ ਦੀ ਸੰਪੰਨ ਪ੍ਰਣਾਲੀ ਨੂੰ ਜਨ ਅਧਾਰਤ ਪ੍ਰਣਾਲੀ ਵਿਚ ਬਦਲਣ ਲਈ ਕਰੜੀ ਮਿਹਨਤ ਕੀਤੀ ਜੋ ਬਰਾਬਰੀ ਤੇ ਸਮਾਜਕ ਨਿਆਂ ਦੇ ਅਸੂਲਾਂ ਉਤੇ ਅਧਾਰਤ ਸੀ। 2009 ਵਿਚ ਸਿੱਖਿਆ ਦਾ ਅਧਿਕਾਰ ਐਕਟ ਹੋਂਦ ਵਿਚ ਆਉਣ ਨਾਲ ਸਿੱਖਿਆ ਦਾ ਅਧਿਕਾਰ ਬੁਨਿਆਦੀ ਹੱਕ ਬਣਾ ਦਿੱਤਾ ਗਿਆ ਅਤੇ ਰਾਸ਼ਟਰੀ ਸਿੱਖਿਆ ਨੀਤੀ ਦਾ ਵੀ ਐਲਾਨ ਕੀਤਾ ਗਿਆ। ਸਿੱਟੇ ਵਜੋਂ, ਨੀਤੀ ਘਾੜਿਆਂ ਨੇ ਸਰਵ ਸਿੱਖਿਆ ਅਭਿਆਨ ਅਤੇ ਮਿਡ ਡੇ ਮੀਲ ਵਰਗੇ ਕਦਮਾਂ ਨਾਲ ਸਭਨਾਂ ਲਈ ਸਿੱਖਿਆ ਸੰਭਵ ਕਰਨ ਦੀ ਕੋਸ਼ਿਸ਼ ਕੀਤੀ। ਅੱਜ ਭਾਰਤ ਦਾ ਅੰਤਰਰਾਸ਼ਟਰੀ ਖੇਤਰ ਵਿਚ, ਨਾ ਕੇਵਲ ਤੇਜ਼ੀ ਨਾਲ ਉੱਭਰ ਰਹੀ ਆਰਥਿਕਤਾ ਕਰਕੇ ਸਗੋਂ ਤਾਕਤਵਰ ਮਨੁੱਖੀ ਸ੍ਰੋਤ ਭੰਡਾਰ ਕਰਕੇ ਮਾਣਮੱਤਾ ਸਥਾਨ ਹੈ ਜਿਸ ਵਿਚ ਢੁੱਕਵੇਂ ਅਤੇ ਸਿੱਖਿਅਤ ਲੋਕ ਸ਼ਾਮਲ ਹਨ। ਉੱਚ ਸਿੱਖਿਅਤ, ਤਕਨੀਕ ਦੀ ਵਰਤੋਂ ਕਰਨ ਵਾਲੇ ਅਤੇ ਵਿਗਿਆਨਕ ਤੌਰ ਤੇ ਸਿਖਲਾਈ ਯਾਫ਼ਤਾ ਭਾਰਤੀ ਨਾਗਰਿਕ ਦੁਨੀਆਂ ਦੇ ਹਰ ਕੋਨੇ ਵਿਚ ਤਰ੍ਹਾਂ-ਤਰ੍ਹਾਂ ਦੇ ਰੁਜ਼ਗਾਰ ਵਿਚ ਲੱਗੇ ਹੋਏ ਹਨ ਅਤੇ ਭਾਰਤ ਦਾ ਮਾਣ ਵਧਾ ਰਹੇ ਹਨ। ਸਾਲ ਦਰ ਸਾਲ ਕਾਬਲੇ ਤਾਰੀਫ਼ ਪ੍ਰਾਪਤੀਆਂ ਵਿਚੋਂ ਇਕ, ਵਧੀ ਹੋਈ ਸਾਖਰਤਾ ਦਰ ਹੈ। ਆਜ਼ਾਦੀ ਪ੍ਰਾਪਤੀ ਸਮੇਂ ਭਾਰਤ ਦੀ ਸਾਖਰਤਾ ਦਰ ਸਿਰਫ਼ 12 ਪ੍ਰਤਿਸ਼ਤ ਸੀ। ਅੱਜ, 2011 ਦੀ ਮਰਦਮਸ਼ੁਮਾਰੀ ਮੁਤਾਬਕ ਸਾਡੀ ਸਾਖਰਤਾ ਦਰ 74.4 ਪ੍ਰਤਿਸ਼ਤ ਦੇ ਆਸਪਾਸ ਹੈ। ਕੇਰਲ 93.91 ਪ੍ਰਤਿਸ਼ਤ ਅਤੇ ਮਿਜ਼ੋਰਮ 91.58 ਪ੍ਰਤਿਸ਼ਤ ਸਾਖਰਤਾ ਦਰ ਨਾਲ ਅੱਗੇ ਰਹਿ ਕੇ ਬਾਕੀ ਰਾਜਾਂ ਨੂੰ ਹੋਰ ਬੁਲੰਦੀਆਂ ਸਰ ਕਰਨ ਲਈ ਪ੍ਰੇਰ ਰਹੇ ਹਨ।

ਇਸ ਸਫਰ ਵਿਚ ਚੁਣੌਤੀਆਂ ਤੇ ਕਮੀਆਂ ਵੀ ਆਈਆਂ। ਬਹੁਤਿਆਂ ਲਈ ਸਿੱਖਿਆ ਤਕ ਪਹੁੰਚ ਹਾਲੇ ਵੀ ਸੁਪਨਾ ਹੈ, ਖ਼ਾਸ ਕਰਕੇ ਦੂਰ ਦਰਾਜ ਅਤੇ ਪੇਂਡੂ ਖੇਤਰਾਂ ਵਿਚ ਜਿਥੇ ਕੋਈ ਸਕੂਲੀ ਇਮਾਰਤਾਂ ਨਹੀਂ ਜਾਂ ਬਰਸਾਤ ਜਾਂ ਬਰਫ਼ਬਾਰੀ ਸਮੇਂ ਸਕੂਲ ਪੁੱਜਣਾ ਸੰਭਵ ਹੀ ਨਹੀਂ। ਕਬਾਇਲੀਆਂ, ਹਾਸ਼ੀਏ ਉਤੇ ਗਏ ਲੋਕਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਬਰਾਬਰੀ ਦੀ ਸਿੱਖਿਆ ਦੀ ਪਹੁੰਚ ਦੇਣਾ ਨੀਤੀਘਾੜਿਆਂ ਲਈ ਫਿਕਰ ਦਾ ਵੱਡਾ ਮੁੱਦਾ ਹੈ ਜੋ ਇਨ੍ਹਾਂ ਨੂੰ ਰਾਸ਼ਟਰੀ ਉਸਾਰੀ ਦੀ ਪ੍ਰਕਿਰਿਆ ਵਿਚ ਸ਼ਾਮਲ ਕਰਨਾ ਚਾਹੁੰਦੇ ਹਨ। ਪਹੁੰਚ ਤੋਂ ਵਾਂਝੇ ਸਕੂਲ ਸੁਰੱਖਿਆ ਪੱਖੋਂ ਪਖ਼ਾਨਿਆਂ ਦੀ ਕਮੀ ਚਿੰਤਾ ਦਾ ਵਿਸ਼ਾ ਹੈ, ਜਿਸ ਕਾਰਨ ਸਕੂਲ ਛੱਡਣ ਵਾਲਿਆਂ ਦੀ ਗਿਣਤੀ ਖ਼ਤਰੇ ਦੀ ਹੱਦ ਤਕ ਵਧ ਰਹੀ ਹੈ। ਸਿੱਖਿਆ ਦੀ ਯੋਜਨਾਬੰਦੀ ਕਰਨ ਸਮੇਂ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਹਨ੍ਹੇਰੇ ਖੂੰਜਿਆਂ ਵਿਚ ਧੱਕ ਦਿੱਤਾ ਗਿਆ ਹੈ। ਇਨ੍ਹਾਂ ਮੁੱਦਿਆਂ ਦੀ ਹੁਣ ਪਛਾਣ ਕੀਤੀ ਜਾ ਰਹੀ ਹੈ ਅਤੇ ਸਰਕਾਰ ਸਮਾਜ ਦੇ ਇਨ੍ਹਾਂ ਵਰਗਾਂ ਦੇ ਸਮੁੱਚਿਤ ਵਿਕਾਸ ਲਈ ਤਰਜੀਹੀ ਤੌਰ ਤੇ ਕਈ ਪਹਿਲਕਦਮੀਆਂ ਉਤੇ ਕੰਮ ਕਰ ਰਹੀ ਹੈ। ਅਨੇਕ ਪ੍ਰੋਗਰਾਮਾਂ ਜਿਵੇਂ ਗਿਆਨ, ਸਵੈ ਅਤੇ ਰਾਸ਼ਟਰੀ ਡਿਜੀਟਲ ਪੁਸਤਕਾਲੇ ਰਾਹੀਂ ਸਿੱਖਿਆ ਤਕ ਬੇਹਤਰ ਪਹੁੰਚ ਲਈ ਤਕਨੀਕ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਅੰਦਰ ਮੌਜੂਦ ਨਿਗਰਾਨੀ ਅਤੇ ਪ੍ਰਭਾਵੀ ਸਮੀਖਿਆ ਪ੍ਰਣਾਲੀਆਂ, ਹਾਈ ਸਕੂਲ ਅਤੇ ਕਾਲਜ ਪੱਧਰ ਉਤੇ ਸਿੱਖਿਆ ਦਾ ਕਿੱਤਾਕਰਨ ਕਰਨ ਨੂੰ ਸਮੇਂ ਦੀ ਲੋੜ ਦੇ ਤੌਰ ਤੇ ਪਛਾਣਿਆ ਗਿਆ ਹੈ। ਸਿੱਖਿਆ ਵਿਚ ਉਛਾਲ ਅਤੇ ਬੇਤਹਰ ਕਰਨ ਦੀ ਇੱਛਾ ਨੇ ਅਜਿਹੀ ਚਿੰਤਾਜਨਕ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਵਿਚ ਬੱਚਿਆਂ ਉਤੇ ਪ੍ਰਾਪਤੀਆਂ ਤੇ ਬੇਹਤਰ ਕਾਰਗੁਜ਼ਾਰੀ ਦਾ ਬਹੁਤ ਜ਼ਿਆਦਾ ਦਬਾਅ ਪੈ ਰਿਹਾ ਹੈ। ਬੱਚੇ ਨੂੰ ਮਸ਼ੀਨੀ ਸਿੱਖਿਆ ਪ੍ਰਣਾਲੀ ਦੇ ਇਕ ਉਤਪਾਦ ਵਜੋਂ ਵੇਖਿਆ ਜਾ ਰਿਹਾ ਹੈ, ਸਿੱਟੇ ਵਜੋਂ ਨਿੱਜੀ ਵਿਕਾਸ ਅਤੇ ਜੀਵਨ ਹੁਨਰ ਦੇ ਵਿਕਾਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਤਿਆਰ ਹੋ ਕੇ ਨਿਕਲ ਰਹੇ ਵਿਅਕਤੀ ਆਪਣੇ ਬਾਰੇ ਸੋਚਣ, ਜ਼ਿੰਮੇਵਾਰੀ ਲੈਣ ਜਾਂ ਅਜ਼ਾਦਾਨਾ ਫ਼ੈਸਲੇ ਲੈਣ ਤੋਂ ਅਸਮਰਥ ਹਨ। ਸਿੱਖਿਆ ਪ੍ਰਣਾਲੀ ਸਕੂਲੀ ਪਾਠਕ੍ਰਮ ਨੂੰ ਜੀਵਨ ਹੁਨਰ ਸਿਖਲਾਈ ਪ੍ਰੋਗਰਾਮਾਂ ਨਾਲ ਅਮੀਰ ਕਰਕੇ, ਬੱਚਿਆਂ ਨੂੰ ਸਮਾਜ ਦੀਆਂ ਚੁਣੌਤੀਆਂ ਨਾਲ ਪ੍ਰਭਾਵੀ ਤਰੀਕੇ ਨਾਲ ਨਜਿੱਠਣ ਦੇ ਕਾਬਲ ਬਣਾਉਣ ਵਾਲੀ ਹੋਣੀ ਚਾਹੀਦੀ ਹੈ। 2012 ਵਿਚ ਸੀ ਬੀ ਐੱਸ ਸੀ ਨੇ ਨਿਰੰਤਰ ਅਤੇ ਵਿਆਪਕ ਮੁੱਲੰਕਣ (ਸੀ ਸੀ ਈ) ਦੇ ਭਾਗ ਵਜੋਂ ਜੀਵਨ ਹੁਨਰ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜੋ 10 ਤੋਂ 18 ਸਾਲਾਂ ਦੇ ਕਿਸ਼ੋਰ ਵਿਦਿਆਰਥੀਆਂ ਲਈ ਸੀ। ਸਰਵ ਸਿੱਖਿਆ ਅਭਿਆਨ (ਐੱਸ ਐੱਸ ਏ) ਦੇ ਏਜੰਡੇ ਵਿਚ ਉੱਚ ਪ੍ਰਾਇਮਰੀ ਜਮਾਤਾਂ ਦੀਆਂ ਕੁੜੀਆਂ ਨੂੰ ਜੀਵਨ ਹੁਨਰ ਸਿਖਲਾਈ ਦੇਣਾ ਅਤੇ ਗੁਣਵੱਤਾ ਵਾਲੀ ਮੁੱਢਲੀ ਸਿੱਖਿਆ ਪ੍ਰਦਾਨ ਕਰਨਾ ਹੈ। ਕਦਰਾਂ-ਕੀਮਤਾਂ ਵਾਲੀ ਸਿੱਖਿਆ ਦੇਸ਼ ਦੇ ਨਾਗਰਿਕ ਦੇ ਤੌਰ ਤੇ ਬੱਚੇ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਬਣ ਜਾਂਦੀ ਹੈ ਜਿਸ ਨੂੰ ਕਦਰਾਂ-ਕੀਮਤਾਂ ਸਿਖਾ ਕੇ, ਸਕੂਲ ਅਤੇ ਕਾਲਜ ਪੱਧਰ ਉਤੇ ਵਿਕਾਸ ਤੇ ਧਿਆਨ ਕੇਂਦਰਿਤ ਕਰਕੇ ਹਾਸਲ ਕੀਤਾ ਜਾ ਸਕਦਾ ਹੈ। ਜਦ ਕਿ ਬਹੁਤਾ ਪੈਂਡਾ ਪਹਿਲਾਂ ਹੀ ਤਹਿ ਕਰ ਲਿਆ ਗਿਆ, ਸਰਕਾਰ ਦਾ ਨਿਰੰਤਰ ਧਿਆਨ ਦੇਸ਼ ਨੂੰ ਅਜਿਹੇ ਲੋਕਾਂ ਨੂੰ ਤਿਆਰ ਕਰਨ ਦੇ ਕਾਬਲ ਬਣਾਏਗਾ ਜੋ ਆਪਣੇ ਆਪ ਉਤੇ ਯਕੀਨ ਕਰਦੇ ਹਨ ਅਤੇ ਸਿੱਖਿਆ ਦੇ ਅਸਲੀ ਮਕਸਦ, ਮਤਲਬ ਰਾਸ਼ਟਰ ਦੀ ਉਸਾਰੀ ਅਤੇ ਭਵਿੱਖ ਦੀਆਂ ਪੀੜ੍ਹੀਆਂ ਦੇ ਨਿਰਮਾਣ ਨੂੰ ਪੂਰਾ ਕਰਨਗੇ। ❑❑

# ਵਿਕਾਸ ਖ਼ਾਕਾ

## "ਗਿਆਨ" – ਇਕ ਮਿਲਣ ਬਿੰਦੂ ਪਹਿਲਕਦਮੀ ਦੀ ਸ਼ੁਰੂਆਤ

''ਅਕਾਦਮਿਕ ਨੈੱਟਵਰਕ ਦੀ ਵਿਸ਼ਵ ਪਹਿਲਕਦਮੀ (ਗਿਆਨ) ਪ੍ਰੋਗਰਾਮ ਦੀ ਸ਼ੁਰੂਆਤ ਹਾਲ ਹੀ ਵਿਚ ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ ਦੇ ਇਕ ਉਤਪ੍ਰੇਰਕ ਪ੍ਰੋਗਰਾਮ ਵਜੋਂ ਕੀਤੀ ਗਈ ਜਿਸ ਦਾ ਮਕਸਦ ਭਾਰਤ ਦੇ ਉੱਚ ਸਿੱਖਿਆ ਸੰਸਥਾਨਾਂ ਅਤੇ ਵਿਸ਼ਵ ਪ੍ਰਸਿੱਧ ਅਕਾਦਮਿਕ ਪ੍ਰਸਿੱਧੀ ਵਾਲੇ ਸੰਸਥਾਨਾਂ ਦਰਮਿਆਨ ਮੇਲ-ਮਿਲਾਪ ਨੂੰ ਵਧਾਉਣਾ ਅਤੇ ਤਹਿ ਕਰਨਾ ਹੈ। ਇਸ ਪ੍ਰੋਗਰਾਮ ਅਧੀਨ ਵਿਦੇਸ਼ ਦੇ ਉੱਚਕੋਟੀ ਦੇ ਸੰਸਥਾਨਾਂ ਦੇ ਅਧਿਆਪਕ ਭਾਰਤ ਆਉਣਗੇ, ਆਪਣੇ ਹਮਰੁਤਬਾ ਅਤੇ ਵਿਦਿਆਰਥੀਆਂ ਨਾਲ ਸੰਵਾਦ ਰਚਾਉਣਗੇ, ਭਾਈਵਾਲੀ ਕਰਨਗੇ ਅਤੇ ਇਕ ਸਾਲ ਜਾਂ ਵੱਧ ਲਈ ਵਿਸ਼ੇਸ਼ ਪਾਠਕ੍ਰਮ ਦੀ ਪੜ੍ਹਾਈ ਕਰਾਉਣਗੇ।

38 ਦੇਸ਼ਾਂ ਤੋਂ ਅਧਿਆਪਕ ਆਉਣਗੇ ਜਿਨ੍ਹਾਂ ਵਿਚ 46 ਅਮਰੀਕਾ ਤੋਂ, 9 ਇੰਗਲੈਂਡ ਤੋਂ, ਜਰਮਨੀ ਤੇ ਅਸਟ੍ਰੇਲੀਆ ਤੋਂ 6-6 ਅਤੇ ਇਜ਼ਰਾਈਲ ਤੋਂ 2 ਅਧਿਆਪਕਾਂ ਦੇ ਵਰਤਮਾਨ ਸਮੇਂ ਵਿਚ ਆਉਣ ਅਤੇ ਪਾਠਕ੍ਰਮ ਪੜ੍ਹਾਉਣ ਦਾ ਪ੍ਰੋਗਰਾਮ ਹੈ। ਇਸ ਸੂਚੀ ਵਿਚ ਰੂਸ, ਜਾਪਾਨ, ਸਿੰਗਾਪੁਰ, ਸਵੀਡਨ, ਸਵਿੱਟਜ਼ਰਲੈਂਡ, ਪੁਰਤਗਾਲ, ਨੀਦਰਲੈਂਡ, ਮਲੇਸ਼ੀਆ ਅਤੇ ਦੱਖਣੀ ਕੋਰੀਆ ਵੀ ਸ਼ਾਮਲ ਹਨ। ਇਨ੍ਹਾਂ ਸ਼ਾਨਦਾਰ ਸਿੱਖਿਆ ਸ਼ਾਸਤਰੀਆਂ ਦਾ ਸਮੂਹ 13 ਵਿਸ਼ਿਆਂ ਅਤੇ 352 ਕੋਰਸਾਂ ਦੀ ਪੜ੍ਹਾਈ 68 ਰਾਸ਼ਟਰੀ ਸੰਸਥਾਨਾਂ ਵਿਚ ਕਰਵਾਏਗਾ।

ਇਹ ਕੋਰਸ ਵਿਸ਼ੇ ਦੇ ਆਧਾਰ ਉਤੇ 1 ਤੋਂ 3 ਹਫ਼ਤਿਆਂ ਤਕ ਦੇ ਹੋਣਗੇ ਅਤੇ ਮੇਜ਼ਬਾਨ ਸੰਸਥਾਨ ਦੇ ਵਿਦਿਆਰਥੀਆਂ ਲਈ ਮੁਫ਼ਤ ਹੋਣਗੇ, ਬਾਕੀਆਂ ਤੋਂ ਬਹੁਤ ਹੀ ਘੱਟ ਪੈਸੇ ਲਏ ਜਾਣਗੇ। ਇਸ ਨੂੰ ਵੈੱਬਸਾਈਟ ਉਤੇ ਪ੍ਰਸਾਰਤ ਵੀ ਕੀਤਾ ਜਾਵੇਗਾ। ਵੈੱਬ ਪ੍ਰਸਾਰਣ ਨਾਲ ਦੇਸ਼ ਭਰ ਦੇ ਵਿਦਿਆਰਥੀ ਇਸ ਤੋਂ ਲਾਹਾ ਲੈ ਸਕਣਗੇ ਅਤੇ ਉਨ੍ਹਾਂ ਦੀ ਉੱਚਕੋਟੀ ਦੀ ਸਿੱਖਿਆ ਸਮੱਗਰੀ ਤਕ ਪਹੁੰਚ ਪ੍ਰਾਪਤ ਹੋਵੇਗੀ। ਕੋਰਸ ਸਮੱਗਰੀ ਲਈ ਲਗਾਤਾਰ ਪਹੁੰਚ ਸੰਭਵ ਬਣਾਉਣ ਅਤੇ ਉਤਸਾਹਿਤ ਕਰਨ ਲਈ ਇਸ ਨੂੰ ਸਬੰਧਿਤ ਸੰਸਥਾਨ ਦੀ ਵੈੱਬਸਾਈਟ ਉਤੇ ਵੀ ਪਾਇਆ ਜਾਵੇਗਾ। ਇਹ ਭਾਸ਼ਨ ਦੇਸ਼ ਭਰ ਦੇ ਵਿਦਿਆਰਥੀਆਂ ਨੂੰ 'ਸਵੈਮ' (ਐੱਸ ਡਬਲਯੂ ਏ ਵਾਈ ਏ ਐੱਮ), 'ਮੋਕੱਸ' (ਐੱਮ ਓ ਸੀ ਸੀਜ਼) ਮੰਚਾਂ ਅਤੇ ਰਾਸ਼ਟਰੀ ਡਿਜੀਟਲ ਪੁਸਤਕਾਲੇ ਰਾਹੀਂ ਵੀ ਬਾਅਦ ਵਿਚ ਮੁਹੱਈਆ ਕਰਵਾਏ ਜਾਣਗੇ (gian.iitkgp.ac.in) ਨਾਮ ਦਾ ਵੈੱਬ ਪੋਰਟਲ ਵੀ ਆਈ ਆਈ ਟੀ ਖੜਗਪੁਰ ਵਲੋਂ, ਇਨ੍ਹਾਂ ਕੋਰਸਾਂ ਵਿਚ ਇਲੈਕਟ੍ਰਾਨਿਕ ਪੰਜੀਕਰਨ ਕਰਨ ਲਈ ਬਣਾਇਆ ਗਿਆ ਹੈ।

### ਤਕਨੀਕੀ ਸ਼ੋਧ ਚੁਨੌਤੀਆਂ ਲਈ ਸਾਂਝੀ ਪਹਿਲਕਦਮੀ ਦੀ ਸ਼ੁਰੂਆਤ

''ਇੰਮਪ੍ਰਿੰਟ ਇੰਡੀਆ" ਜੋ ਆਈ ਆਈ ਟੀ ਅਤੇ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਦੀ, 10 ਤਕਨੀਕੀ ਗਿਆਨ ਖੇਤਰਾਂ ਵਿਚ ਪ੍ਰਮੁੱਖ ਇੰਜਨੀਅਰਿੰਗ ਤੇ ਤਕਨੀਕੀ ਚੁਨੌਤੀਆਂ ਦੇ ਹੱਲ ਲਈ ਖੋਜ ਦਾ ਖ਼ਾਕਾ ਤਿਆਰ ਕਰਨ ਲਈ ਸਾਂਝੀ ਪਹਿਲਕਦਮੀ ਹੈ, ਦੀ ਹਾਲ ਹੀ ਵਿਚ ਸ਼ੁਰੂਆਤ ਕੀਤੀ ਗਈ। ਇਸ ਪਹਿਲਕਦਮੀ ਦੇ ਉਦੇਸ਼ ਹਨ : (1) ਸਮਾਜ ਦੀ ਪ੍ਰਸੰਗਕਤਾ ਦੇ ਖੇਤਰਾਂ ਦੀ ਤੁਰੰਤ ਪਛਾਣ ਕਰਨੀ ਜਿਨ੍ਹਾਂ ਨੂੰ ਸ਼ੋਧ ਦੀ ਲੋੜ ਹੈ, (2) ਪਛਾਣੇ ਗਏ ਖੇਤਰਾਂ ਵਿਚ ਸਿੱਧੀ ਵਿਗਿਆਨਕ ਸ਼ੋਧ, (3) ਇਨ੍ਹਾਂ ਖੇਤਰਾਂ ਵਿਚ ਸ਼ੋਧ ਲਈ ਜ਼ਿਆਦਾ ਵਿੱਤੀ ਸਹਾਇਤਾ ਯਕੀਨੀ ਬਣਾਉਣਾ ਅਤੇ (4) ਪੇਂਡੂ/ਸ਼ਹਿਰੀ ਖੇਤਰਾਂ ਵਿਚ ਜੀਵਨ ਪੱਧਰ ਉਤੇ ਪ੍ਰਭਾਵ ਦੇ ਸੰਦਰਭ ਵਿਚ ਸ਼ੋਧ ਦੀਆਂ ਕੋਸ਼ਿਸ਼ਾਂ ਦੇ ਨਤੀਜਿਆਂ ਨੂੰ ਮਾਪਣਾ।

ਇੰਮਪ੍ਰਿੰਟ ਇੰਡੀਆ 10 ਵਿਸ਼ਿਆਂ ਉਤੇ ਧਿਆਨ ਕੇਂਦਰਿਤ ਕਰੇਗਾ ਅਤੇ ਹਰੇਕ ਨੂੰ ਇਕ ਆਈ ਆਈ ਟੀ/ਆਈ ਆਈ ਐੱਮ ਵਲੋਂ ਤਾਲਮੇਲ ਹੇਠ ਲਿਆਂਦਾ ਜਾਵੇਗਾ, ਜਿਵੇਂ :

- ਸਿਹਤ ਸੰਭਾਲ – ਆਈ ਆਈ ਟੀ ਖੜਗਪੁਰ
- ਕੰਪਿਊਟਰ ਸਾਇੰਸ ਅਤੇ ਆਈ ਸੀ ਟੀ – ਆਈ ਆਈ ਟੀ ਖੜਗਪੁਰ
- ਆਧੁਨਿਕ ਸਮੱਗਰੀ – ਆਈ ਆਈ ਟੀ ਕਾਨਪੁਰ
- ਮਨੁੱਖੀ ਵਸੀਲੇ ਅਤੇ ਦਰਿਆਈ ਪ੍ਰਣਾਲੀਆਂ – ਆਈ ਆਈ ਟੀ ਕਾਨਪੁਰ
- ਸਥਿਰ ਸ਼ਹਿਰੀ ਡਿਜ਼ਾਈਨ – ਆਈ ਆਈ ਟੀ ਰੁੜਕੀ
- ਰੱਖਿਆ – ਆਈ ਆਈ ਟੀ ਮਦਰਾਸ
- ਨਿਰਮਾਣ – ਆਈ ਆਈ ਟੀ ਮਦਰਾਸ
- ਨੈਨੋ ਤਕਨਾਲੋਜੀ ਹਾਰਡਵੇਅਰ – ਆਈ ਆਈ ਟੀ ਬੰਬਈ
- ਮੌਸਮੀ ਵਿਗਿਆਨ ਅਤੇ ਮੌਸਮ ਬਦਲਾਅ – ਆਈ ਆਈ ਐੱਸ ਬੰਗਲੌਰ
- ਊਰਜਾ ਸੁਰੱਖਿਆ – ਆਈ ਆਈ ਟੀ ਬੰਬਈ।

### ਗ਼ੈਰ-ਸਰਗਰਮ ਪੋਲੀਓ ਖੁਰਾਕ (ਆਈ ਪੀ ਵੀ) ਦੀ ਭਾਰਤ ਵਿਚ ਸ਼ੁਰੂਆਤ


ਭਾਰਤ ਵਿਚ ਟੀਕੇ ਵਾਲੀ ਗ਼ੈਰ-ਸਰਗਰਮ ਪੋਲੀਓ ਦਵਾਈ (ਆਈ ਪੀ ਵੀ) ਦੀ ਸ਼ੁਰੂਆਤ ਹਾਲ ਹੀ ਵਿਚ ਭਾਰਤ ਦੀ ''ਵਿਸ਼ਵ ਪੋਲੀਓ ਖਾਤਮਾ ਰਣਨੀਤੀ" ਵਚਨਬਧਤਾ ਅਧੀਨ ਕੀਤੀ ਗਈ। ਭਾਰਤ ਸਰਕਾਰ ਆਈ ਪੀ ਵੀ ਪੋਲੀਓ ਬੂੰਦਾਂ ਪਿਲਾਉਣ ਦੇ ਨਾਲ-ਨਾਲ ਰੋਜ਼ਾਨਾ ਦੇ ਟੀਕਾਕਾਰਨ ਪ੍ਰੋਗਰਾਮ ਵੀ ਸ਼ੁਰੂ ਕਰ ਰਹੀ ਹੈ ਜੋ ਭਾਰਤੀ ਬੱਚਿਆਂ ਨੂੰ ਦੋਹਰੀ ਸੁਰੱਖਿਆ ਪ੍ਰਦਾਨ ਕਰਨ ਅਤੇ ਭਾਰਤ ਦੀਆਂ ਪੋਲੀਓ ਦੇ ਖਾਤਮੇ ਦੀਆਂ ਪ੍ਰਾਪਤੀਆਂ ਨੂੰ ਸੁਰੱਖਿਅਤ ਕਰਨ ਵੱਲ ਇਕ ਇਤਿਹਾਸਕ ਕਦਮ ਹੋਵੇਗਾ। ਪਹਿਲੇ ਪੜਾਅ ਵਿਚ ਇਸ ਪ੍ਰੋਗਰਾਮ ਨੂੰ ਛੇ ਰਾਜਾਂ ਵਿਚ ਸ਼ੁਰੂ ਕੀਤਾ ਜਾਵੇਗਾ – ਅਸਮ, ਗੁਜਰਾਤ, ਪੰਜਾਬ, ਬਿਹਾਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼। ਆਈ ਪੀ ਵੀ ਟੀਕਾ ਇਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਦੀ ਤੀਜੀ ਖੁਰਾਕ ਨਾਲ ਮੁਫ਼ਤ ਦਿੱਤਾ ਜਾਵੇਗਾ। ਆਈ ਪੀ ਵੀ ਦੇ ਆਮ ਟੀਕਾਕਰਨ ਪ੍ਰੋਗਰਾਮ ਦੀ ਸ਼ੁਰੂਆਤ ਵਿਸ਼ਵ ਸਿਹਤ ਸੰਮੇਲਨ, ਮਈ 2015 ਦੀਆਂ ਸਿਫ਼ਾਰਸ਼ਾਂ ਦੇ ਮੁਤਾਬਕ ਹੈ ਜਿਸ ਦੀ ਪ੍ਰੋੜ੍ਹਤਾ ਵਿਸ਼ਵ ਪੋਲੀਓ ਖਾਤਮਾ ਰਣਨੀਤੀ ਵਲੋਂ ਕੀਤੀ ਗਈ ਸੀ। ❑❑

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ


## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ



ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ




ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ



ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ



ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

**Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Gagandeep Kaur Devgan.**

# ਯੋਜਨਾ

**ਸਾਲ 31 • ਅੰਕ 6 • ਜਨਵਰੀ 2016 • ਕੁੱਲ ਪੰਨੇ 76**


**2016 ਮੁਬਾਰਕ !**

## ਇਸ ਅੰਕ ਵਿਚ


- ਭਾਰਤੀ ਸਕੂਲੀ ਸਿੱਖਿਆ ਨੂੰ ਰੂਪਾਂਤਰਿਤ ਕਰਨਾ : ਨੀਤੀ ਸੰਬੰਧੀ ਚਿੰਤਾਵਾਂ ਤੇ ਤਰਜੀਹਾਂ – ਆਰ ਗੋਵਿੰਦਾ 4
- ਸਿੱਖਿਆ ਦਾ ਵਿੱਤੀਕਰਨ – ਜੰਧਿਆਲਾ ਬੀ.ਜੀ. ਤਿਲਕ 9
- ਸਿੱਖਿਆ 'ਚ ਤਕਨਾਲੋਜੀ : ਇਕ ਅਸ਼ਾਂਤ ਪੀੜ੍ਹੀ ਦੀਆਂ ਉਮੀਦਾਂ ਅਤੇ ਅਭਿਲਾਸ਼ਾਵਾਂ – ਰਾਜਾਰਾਮ ਐੱਸ ਸ਼ਰਮਾ 11
- ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਇਕ ਰਾਸ਼ਟਰੀ ਅਸਾਸਾ ਬਣਾਉਣਾ – ਪਲਬਨ ਭੌਮਿਕ,ਪਾਰਥ ਪ੍ਰਤੀਮ ਦਾਸ – ਸੁਦੇਸ਼ਨਾ ਸਰਕਾਰ ... 13
- ਕਦਰਾਂ-ਕੀਮਤਾਂ ਵਾਲੇ ਸਮਾਜ ਵੱਲ : ਇਕੱਠੇ ਰਹਿਣਾ ਸਿੱਖਣਾ – ਜੇ.ਐੱਸ. ਰਾਜਪੂਤ 19
- ਉੱਤਮ ਸਿੱਖਿਆ ਲਈ ਦੂਰਅੰਦੇਸ਼ੀ – ਕਿਰਨ ਭੱਟੀ 23
- ਭਾਰਤ ਵਿਚ ਔਰਤਾਂ ਤੇ ਲੜਕੀਆਂ ਦੀ ਸਿੱਖਿਆ – ਵਿਮਲਾ ਰਾਮਚੰਦਰਨ 26
- ਭਾਰਤ 'ਚ ਸਮੁੱਚੀ ਸਿੱਖਿਆ ਲਈ ਖ਼ਾਕਾ ਤਿਆਰ ਕਰਨਾ – ਅਨੁਪ੍ਰਿਆ ਚੱਢਾ 29
- ਹਾਸ਼ੀਏ 'ਤੇ ਪਈਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਸਿੱਖਿਆ – ਐੱਸ ਸ੍ਰੀਨਿਵਾਸ ਰਾਓ 33
- ਭਾਰਤ ਵਿਚ ਸਿੱਖਿਆ ਦਾ ਕਿੱਤਾਮੁਖੀਕਰਨ – ਅਮਿਤ ਕੌਸ਼ਿਕ ਤੇ ਰਾਧਿਕਾ ਰਾਇ 36
- ਸਿੱਖਿਆ ਤਕ ਪਹੁੰਚ – ਸ਼ੈਲੇਂਦਰ ਸ਼ਰਮਾ 38
- ਇੱਕ ਚੰਗੀ ਅੰਕਣ ਪ੍ਰਣਾਲੀ ਦੀ ਲੋੜ – ਅਵਤਾਰ ਸਿੰਘ 43
- ਸਿੱਖਿਆ ਖੇਤਰ ਤੇ ਵਿਕਾਸ ਦਾ 'ਮੇਕ ਇਨ ਇੰਡੀਆ' ਮਿਸ਼ਨ ਨਾਲ ਸੰਬੰਧ – ਅਸ਼ੋਕ ਝੁਨਝੁਨਵਾਲਾ 46
- 'ਸਵੱਯਮ' ਭਾਰਤੀ ਈ-ਸਿੱਖਿਆ ਮੰਚ – ਪਰਦੀਪ ਕੌਲ 51
- ਪੜ੍ਹਾਈ-ਲਿਖਾਈ ਤੋਂ ਹਟ ਕੇ : ਨੌਜਵਾਨਾਂ ਨੂੰ ਸਿੱਖਿਅਤ ਕਰਨ 'ਚ ਪੇਸ਼ ਆਉਂਦੀਆਂ ਮਨੋਵਿਗਿਆਨਕ ਚੁਨੌਤੀਆਂ – ਜਤਿੰਦਰ ਨਾਗਪਾਲ 55
- ਪ੍ਰਾਚੀਨ ਭਾਰਤ ਵਿਚ ਸਿੱਖਿਆ – ਦਲੀਪ ਕੇ ਚੱਕਰਵਰਤੀ 58
- ਕੀ ਤੁਸੀਂ ਜਾਣਦੇ ਹੋ? – 60
- ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸਿੱਖਿਆ ਦੀ ਸਥਿਤੀ – ਭਗਵੰਤ ਰਸੂਲਪੁਰੀ 61
- ਪੰਜਾਬ ਵਿਚ ਸਿੱਖਿਆ ਦਾ ਬਹੁਪੱਖੀ ਵਿਕਾਸ – ਸਰਬਜੀਤ ਸਿੰਘ ਛੀਨਾ 66
- ਇਸਤਰੀ ਸਿੱਖਿਆ ਤੇ ਸਮਾਜਿਕ ਵਿਕਾਸ – ਪਰਮਜੀਤ ਕੌਰ ਨੂਰ 69
- ਸਿੱਖਿਆ ਸਹਾਇਕ ਸਰਗਰਮੀਆਂ ਬਾਰੇ ਢੁੱਕਵੀਂ ਨੀਤੀ – ਵਿਜੇ ਕੁਮਾਰ 71
- ਬੱਚੇ ਦੇਸ਼ ਦਾ ਭਵਿੱਖ – ਆਕੇਸ਼ ਕੁਮਾਰ 72



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7

ਆਰ. ਕੇ. ਪੁਰਮ, ਨਵੀਂ ਦਿੱਲੀ-110066

ਫ਼ੋਨ ਤੇ ਫ਼ੈਕਸ : 011-26177591

ਈਮੇਲ : yojanapunjabi@yahoo.com

ਵੈੱਬਸਾਈਟ : www.yojana.gov.in

www.publicationsdivision.nic.in

https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫ਼ੈਕਸ : 011-24365609

(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,

ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,

ਲੋਧੀ ਰੋਡ, ਨਵੀਂ ਦਿੱਲੀ-110003

ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**

**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤੀ ਸਕੂਲੀ ਸਿੱਖਿਆ ਨੂੰ ਰੂਪਾਂਤਰਿਤ ਕਰਨਾ : ਨੀਤੀ ਸੰਬੰਧੀ ਚਿੰਤਾਵਾਂ ਤੇ ਤਰਜੀਹਾਂ

ਆਰ ਗੋਵਿੰਦਾ

ਲਗਭਗ ਛੇ ਦਹਾਕੇ ਤੋਂ ਵੱਧ ਪਹਿਲਾਂ ਭਾਰਤ 'ਅਮੀਰਾਂ ਦੀ ਸਿੱਖਿਆ ਪ੍ਰਣਾਲੀ ਨੂੰ ਬਦਲਣ ਦੇ ਰਾਹ ਤੁਰਿਆ ਜੋ ਬਸਤੀਵਾਦੀ ਅਤੀਤ ਤੋਂ ਵਿਰਸੇ ਵਿਚ ਮਿਲੀ ਸੀ। ਇਹ ਤਬਦੀਲੀ ਜਨਤਕ ਅਧਾਰ ਅਤੇ ਬਰਾਬਰੀ ਤੇ ਨਿਆਂ ਦੇ ਅਸੂਲਾਂ ਉਤੇ ਅਧਾਰਤ ਸੀ। ਕੰਮ ਅਸਾਨ ਨਹੀਂ ਸੀ। ਦੇਸ਼ ਨੂੰ ਤੇਜ਼ੀ ਨਾਲ ਵੱਧਦੀ ਹੋਈ ਆਬਾਦੀ ਨਾਲ ਵੀ ਦੋ-ਦੋ ਹੱਥ ਕਰਨੇ ਪੈ ਰਹੇ ਸਨ ਜਿਸ ਨਾਲ ਬੱਚਿਆਂ ਨੂੰ ਸਕੂਲ ਵਿਚ ਭੇਜਣ ਅਤੇ ਸਾਰਿਆਂ ਲਈ ਗੁਣਵੱਤਾ ਵਾਲੀ ਸਿੱਖਿਆ ਯਕੀਨੀ ਬਣਾਉਣ ਵਿਚ ਹੋਈ ਤਰੱਕੀ ਨਾਂ ਹੋਇਆਂ ਵਰਗੀ ਹੋ ਕੇ ਰਹਿ ਗਈ। ਛੇ ਦਹਾਕਿਆਂ ਤੋਂ ਵੱਧ ਚੱਲੇ ਇਸ ਉੱਦਮ ਨੇ ਅਨੇਕਾਂ ਪ੍ਰਮੁੱਖ ਨੀਤੀਗਤ ਪਹਿਲਕਦਮੀਆਂ ਨੂੰ ਜਨਮ ਦਿੱਤਾ ਜਿਸ ਦੇ ਸ਼ਾਨਦਾਰ ਨਤੀਜੇ ਨਿਕਲੇ, ਜਿਵੇਂ ਕਿ ਸਕੂਲਾਂ ਵਿਚ ਬੱਚਿਆਂ ਦੇ ਸਰਵ-ਵਿਆਪਕ ਦਾਖ਼ਲੇ ਤੋਂ ਸਪੱਸ਼ਟ ਹੈ। ਇਸ ਸਫ਼ਰ ਦਾ ਸਭ ਤੋਂ ਮਹੱਤਵਪੂਰਨ ਪਲ ਸੰਵਿਧਾਨ ਵਿਚ ਸੋਧ ਹੈ ਜਿਸ ਨਾਲ ਸਿੱਖਿਆ ਇਕ ਬੁਨਿਆਦੀ ਹੱਕ ਬਣ ਗਈ ਅਤੇ 2009 ਵਿਚ ਭਾਰਤ ਦੀ ਸੰਸਦ ਵਲੋਂ ਸਿੱਖਿਆ ਦਾ ਅਧਿਕਾਰ ਐਕਟ ਨੂੰ ਅਪਣਾ ਲਿਆ ਗਿਆ। ਦੇਸ਼ ਨੇ ਸੈਕੰਡਰੀ ਸਿੱਖਿਆ ਨੂੰ ਸਰਵ-ਵਿਆਪਕ ਬਣਾਉਣ ਅਤੇ ਸਾਰਿਆਂ ਲਈ ਬਰਾਬਰੀ ਵਾਲੀ ਉੱਚ ਸਿੱਖਿਆ ਯਕੀਨੀ ਬਣਾਉਣ ਦੇ ਮਹੱਤਵਕਾਂਸ਼ੀ ਰਸਤੇ ਉਤੇ ਕਦਮ ਵਧਾਏ ਹਨ। ਇਨ੍ਹਾਂ ਪ੍ਰਾਪਤੀਆਂ ਅਤੇ ਨੀਤੀਗਤ ਕਦਮਾਂ ਨੇ ਭਵਿੱਖ ਲਈ ਨਵੀਆਂ ਉਮੀਦਾਂ ਜਗਾਈਆਂ ਹਨ। ਮੁੱਢਲੀ ਸਿੱਖਿਆ ਦੇ ਖੇਤਰ ਵਿਚ ਬੱਚਿਆਂ ਦੇ ਦਾਖ਼ਲੇ ਦੀ ਲਗਭਗ ਪੂਰਨਤਾ ਹਾਸਲ ਕਰਕੇ ਅਤੇ ਸਾਰੇ ਪੱਧਰਾਂ ਉਤੇ ਸਿੱਖਿਆ ਤਕ ਪਹੁੰਚ ਵਿਚ ਵਿਆਪਕ ਪਸਾਰ ਕਰਕੇ, ਦੇਸ਼ ਗੁਣਵੱਤਾ ਦੇ ਮਾਮਲੇ ਵਿਚ ਵੱਡੀਆਂ ਪਹਿਲਕਦਮੀਆਂ ਕਰਨ ਲਈ ਤਿਆਰ ਖੜ੍ਹਾ ਹੈ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਬੱਚੇ ਨਾ ਸਿਰਫ਼ ਸਕੂਲ ਜਾਣ, ਸਗੋਂ ਵਧੀਆ ਸਿੱਖਿਆ ਵੀ ਗ੍ਰਹਿਣ ਕਰਨ। ਪਰ ਇਸ ਵਾਸਤੇ ਅਨੇਕ ਨੀਤੀਗਤ ਸੁਧਾਰ ਦੇ ਕਦਮਾਂ ਦੀ ਜ਼ਰੂਰਤ ਪਵੇਗੀ ਅਤੇ ਸਾਨੂੰ ਦੁਬਾਰਾ ਆਪਣਾ ਧਿਆਨ ਵਿਸ਼ੇਸ਼ ਤਰਜੀਹ ਵਾਲੇ ਖੇਤਰਾਂ ਵਿਚ ਸ੍ਰੋਤਾਂ ਵਿਚ ਨਿਵੇਸ਼ ਉਤੇ ਕੇਂਦਰਿਤ ਕਰਨਾ ਹੋਵੇਗਾ। ਬਰਾਬਰੀ ਲਈ ਚਿੰਤਾ ਨਾਲ ਸਮਝੌਤਾ ਕੀਤੇ ਬਿਨਾਂ ਗੁਣਵੱਤਾ ਵਿਚ ਸੁਧਾਰ ਵੀ ਯਕੀਨੀ ਬਣਾਉਣਾ ਹੋਵੇਗਾ। ਇਸ ਸੰਖੇਪ ਲੇਖ ਵਿਚ ਮੈਂ ਸਕੂਲੀ ਸਿੱਖਿਆ ਬਾਰੇ ਅਜਿਹੇ ਕੁੱਝ ਕਦਮਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਾਂਗਾ ਜੋ ਸਾਰਿਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਦੇਣ ਵਿਚ ਹੋਰ ਅੱਗੇ ਵਧਣ ਲਈ ਅਤਿ ਲੋੜੀਂਦੇ ਹਨ।

## ਮਜਬੂਤ ਕਰਨ ਵੱਲ ਵਧਣਾ

ਰਵਾਇਤੀ ਤੌਰ ਤੇ, ਸਮਾਜਕ ਖੇਤਰ ਦੀਆਂ ਸਹੂਲਤਾਂ ਆਮ ਕਰਕੇ ਅਤੇ ਸਕੂਲਾਂ ਨੂੰ ਸਥਾਪਤ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਪੂਰਤੀ ਆਧਾਰਤ ਪਹਿਲ ਦੀ ਹੀ ਪਾਲਣਾ ਕਰਦੀਆਂ ਰਹੀਆਂ ਹਨ। ਇਹ ਸਾਰੇ ਬੱਚਿਆਂ ਨੂੰ ਸਕੂਲ ਵਿਚ ਦਾਖ਼ਲ ਕਰਨ ਲਈ ਜ਼ਰੂਰੀ ਸੀ। ਪਰ ਇਸ ਨਾਲ ਉਪਲਬਧ ਸਰੋਤਾਂ ਅਤੇ ਨਤੀਜਤਨ ਸਿੱਖਿਆ ਸਹੂਲਤਾਂ ਦੇ ਅਸੰਤੁਲਨਾਂ ਦੀ ਵੰਡ ਵਿਚ ਤਰਕਹੀਣ ਵਿਚਾਰ ਵੀ ਕਾਫ਼ੀ ਪੈਦਾ ਹੋਏ ਹਨ। ਉਤੋਂ ਹੇਠਲੀ ਪਹੁੰਚ ਕਰਕੇ ਸਹੂਲਤਾਂ ਦੀ ਘੱਟ ਜਾਂ ਬਿਲਕੁਲ ਵੀ ਵਰਤੋਂ ਨਾ ਹੋਣ ਦੇ ਮਾਮਲੇ ਵੀ ਪੈਦਾ ਹੋਏ ਹਨ। ਪਿਛਲੇ ਸਾਲਾਂ ਵਿਚ ਜੋ ਵੱਡਾ ਮੁੱਦਾ ਉੱਭਰ ਕੇ ਸਾਹਮਣੇ ਆਇਆ ਹੈ ਉਹ ਛੋਟੇ ਸਕੂਲਾਂ ਵਿਚ ਦਾਖ਼ਲੇ ਦਾ ਹੈ ਜੋ ਆਰਥਿਕ ਤੇ ਵਿਦਿਅਕ ਤੌਰ ਤੇ ਸਾਰਥਕ ਨਹੀਂ ਅਤੇ ਲਾਇਬ੍ਰੇਰੀਆਂ ਅਤੇ ਪ੍ਰਯੋਗਸ਼ਾਲਾਵਾਂ ਦੀਆਂ ਬੁਨਿਆਦੀ ਢਾਂਚਾ ਅਤੇ ਵਿਦਿਅਕ ਸਹੂਲਤਾਂ ਦੇਣ ਦੇ ਕਾਬਲ ਨਹੀਂ। ਅਸਲ ਵਿਚ ਦੇਸ਼ ਦੇ ਜ਼ਿਆਦਾਤਰ ਪ੍ਰਾਇਮਰੀ ਸਕੂਲਾਂ ਵਿਚ 100 ਤੋਂ ਵੀ ਘੱਟ ਬੱਚੇ ਦਾਖ਼ਲ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਉਨ੍ਹਾਂ ਸਕੂਲਾਂ ਦੀ ਵੀ ਹੈ ਜਿਥੇ 50 ਜਾਂ 25 ਤੋਂ ਵੀ ਘੱਟ ਬੱਚੇ ਪੜ੍ਹਦੇ ਹਨ। ਇਸ ਨੂੰ ਠੀਕ ਕਰਨ ਬਾਰੇ ਇਕ ਪ੍ਰਗਤੀਸ਼ੀਲ ਨੀਤੀ ਅਪਣਾਉਣ ਦੀ ਲੋੜ ਹੈ ਕਿਉਂਕਿ ਦੇਸ਼ ਦੇ ਬਹੁਤੇ ਭਾਗਾਂ ਵਿਚ ਜਨਸੰਖਿਆ ਦੀ ਤੇਜ਼ੀ ਨਾਲ ਤਬਦੀਲੀ ਕਰਕੇ ਹਲਾਤ ਹੋਰ ਵੀ ਚੁਨੌਤੀਪੂਰਨ ਹੋਣ ਵਾਲੇ ਹਨ; ਘਟਦੀ ਹੋਈ ਜਨਮ ਦਰ ਨਾਲ ਪ੍ਰਾਇਮਰੀ ਸਕੂਲਾਂ ਵਿਚ ਦਾਖ਼ਲ ਹੋਣ ਵਾਲੇ ਜਥਿਆਂ ਦਾ ਅਕਾਰ ਸੁੰਗੜਨਾ ਸ਼ੁਰੂ ਹੋ ਗਿਆ ਹੈ ਅਤੇ ਇਸ ਰੁਝਾਨ ਦੇ ਆਉਣ ਵਾਲੇ ਸਾਲਾਂ ਵਿਚ ਰਫ਼ਤਾਰ ਫੜਨ ਦੀ ਆਸ ਹੈ।

ਮਜਬੂਤ ਕਰਨ ਦੀ ਇਸ ਨੀਤੀ ਨੂੰ ਸਪੱਸ਼ਟ ਤੌਰ ਤੇ ਨਵੇਂ ਸਕੂਲ ਸਥਾਪਤ ਕਰਨ ਵੱਲ ਤੁਰਨਾ ਹੋਵੇਗਾ ਤਾਂ ਜੋ ਚੰਗੀ ਗੁਣਵੱਤਾ ਅਤੇ ਰਿਹਾਇਸ਼ ਸਹੂਲਤਾਂ ਮੁਹੱਈਆ ਕਰਵਾ ਕੇ, ਬੱਚਿਆਂ ਦੀ ਭਾਗੀਦਾਰੀ ਸਰਲ ਕਰਨ ਲਈ ਬਦਲਵੇਂ ਸਾਧਨਾਂ ਦਾ ਮੁੱਲੰਕਣ ਕੀਤਾ ਜਾ ਸਕੇ। ਲੋੜ ਤੁਰੰਤ ਹੈ ਕਿਉਂਕਿ ਛੋਟੇ ਸਕੂਲ ਜੋ ਦੂਰ-ਦੁਰਾਡੇ ਪਿੰਡਾਂ ਵਿਚ ਸਥਿਤ ਹੁੰਦੇ ਹਨ, ਅੰਦਰ ਆਮ ਕਰਕੇ ਪਛੜੇ ਵਰਗਾਂ ਦੇ ਬੱਚੇ ਹੀ ਸਿੱਖਿਆ ਹਾਸਲ ਕਰਦੇ ਹਨ ਜਿਸ ਦਾ ਨਤੀਜਾ ਸਕੂਲ ਤਕ ਪਹੁੰਚ ਵਿਚ ਗ਼ੈਰ-ਬਰਾਬਰੀ ਦਾ ਦਬਾਅ ਹੋਰ ਵੀ ਵਧ ਜਾਂਦਾ ਹੈ। ਇਸ ਲਈ, ਹਰੇਕ ਸਕੂਲ ਨੂੰ ਢੁੱਕਵੇਂ ਸਾਜ਼-

ਸਮਾਨ ਅਤੇ ਮਨੁੱਖੀ ਸ੍ਰੋਤ ਮੁਹੱਈਆ ਕਰਨ ਦਾ ਸਵਾਲ ਸਥਾਨਕ ਮਾਪਦੰਡਾਂ ਦੇ ਅਧਾਰ ਉਤੇ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਸਕੂਲ ਦਾ ਅਕਾਰ ਅਤੇ ਸਥਿਤੀ ਅਤੇ ਨਜ਼ਦੀਕੀ ਘਰਾਂ ਤਕ ਪਹੁੰਚ ਆਦਿ। ਇਸ ਮਾਮਲੇ ਵਿਚ ਰਾਸ਼ਟਰੀ ਨਿਯਮ ਲਾਗੂ ਕਰਨਾ ਠੀਕ ਨਹੀਂ ਹੋਵੇਗਾ।

## ਬੱਚਿਆਂ ਲਈ ਸਿੱਖਿਆ ਦਾ ਅਰੰਭ ਕਰਨ ਲਈ ਪ੍ਰਾਇਮਰੀ ਸਿੱਖਿਆ ਬਹੁਤ ਦੇਰੀ ਵਾਲਾ ਕਦਮ ਹੋ ਸਕਦਾ ਹੈ

ਇਹ ਸੁਝਾਅ ਦੇਣ ਲਈ ਅਨੁਭਵ ਅਧਾਰਤ ਸਬੂਤ ਲਗਾਤਾਰ ਵਧ ਰਹੇ ਹਨ ਕਿ ਜਦੋਂ ਤਕ ਬੱਚੇ ਸਕੂਲ ਜਾਣ ਯੋਗ ਉਮਰ ਵਿਚ ਪਹੁੰਚਦੇ ਹਨ, ਤਾਂ ਇਹ ਕਈ ਪ੍ਰਕਾਰ ਦੇ ਵਖਰਾਵਾਂ ਨੂੰ ਰੋਕਣ ਵਿਚ ਪਹਿਲਾਂ ਹੀ ਮੁਸ਼ਕਲ ਬਣ ਚੁੱਕਾ ਹੁੰਦਾ ਹੈ। ਅਸਲ ਵਿਚ, ਨਸ ਵਿਗਿਆਨ, ਮਨੋਵਿਗਿਆਨ ਅਤੇ ਗਿਆਨ ਬਾਰੇ ਬਹੁਤਾ ਸਾਹਿਤ ਬਚਪਨ ਦੇ ਜਲਦੀ ਦਖ਼ਲਾਂ ਦੀ ਵਕਾਲਤ ਕਰਦਾ ਹੈ। ਖ਼ਾਸ ਕਰਕੇ, ਇਹ ਸਪੱਸ਼ਟ ਤੌਰ ਤੇ ਸਿੱਧ ਹੋ ਚੁੱਕਾ ਹੈ ਕਿ ਸ਼ੁਰੂਆਤੀ ਜ਼ਿੰਦਗੀ ਵਿਚ ਪੋਸ਼ਣ ਅਤੇ ਬੌਧਿਕ ਉਤੇਜਨਾ ਘੱਟ ਸਮੇਂ ਹੁਨਰ ਵਿਕਾਸ ਲਈ ਅਹਿਮ ਹਨ। ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਮੌਤ ਦਰ ਜ਼ਿਆਦਾ ਹੁੰਦੀ ਹੈ, ਗਿਆਨ ਅਤੇ ਸਕੂਲੀ ਕਾਰਗੁਜ਼ਗਾਰੀ ਘੱਟ ਹੁੰਦੀ ਹੈ ਅਤੇ ਉਨ੍ਹਾਂ ਦੇ ਸਕੂਲ ਛੱਡਣ ਦੀਆਂ ਸੰਭਾਵਨਾਵਾਂ ਜ਼ਿਆਦਾ ਹੁੰਦੀਆਂ ਹਨ। ਇਸ ਕਰਕੇ ਸਿੱਖਣ ਦੀ ਪ੍ਰਕਿਰਿਆ ਬੱਚੇ ਦੇ ਪ੍ਰਾਇਮਰੀ ਸਕੂਲ ਜਾਣ ਤੋਂ ਕਾਫ਼ੀ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਅਸਲ ਵਿਚ, ਸਿੱਖਿਆ ਸ਼ਾਸਤਰੀਆਂ ਦੇ ਮਨਾਂ ਵਿਚ ਆਮ ਧਾਰਣਾ ਵਸੀ ਹੋਈ ਹੈ ਕਿ ਪੂਰਵ-ਪ੍ਰਾਇਮਰੀ ਸਿੱਖਿਆ ਦੇ ਲਾਭ ਪ੍ਰਾਇਮਰੀ ਸਕੂਲ ਤਕ ਜਾਂਦੇ ਹਨ। ਖ਼ਾਸ ਕਰਕੇ ਇਹ ਵੇਖਿਆ ਜਾਂਦਾ ਹੈ ਕਿ ਅਧਿਆਪਕ ਬੱਚਿਆਂ ਨੂੰ ਪੇਸ਼ ਆਮ ਰੁਕਾਵਟਾਂ ਦਾ ਕਾਰਨ ਵਿੱਦਿਅਕ ਹੁਨਰ ਦੀ ਕਮੀ ਨੂੰ ਸਮਝਦੇ ਹਨ। ਉਹ ਸਕੂਲੀ ਸਿੱਖਿਆ ਨੂੰ ਸਮਾਜੀਕਰਨ ਅਤੇ ਸਵੈ-ਕਾਬੂ ਪਾਉਣ ਦੀ ਪ੍ਰਕਿਰਿਆ ਨੂੰ ਸੁਖੈਨ ਬਣਾਉਣ ਵਜੋਂ ਵੀ ਦੇਖਦੇ ਹਨ ਤਾਂ ਜੋ ਬੱਚੇ ਜਮਾਤ ਵਿਚ ਮਿਲਣ ਵਾਲੀ ਸਿੱਖਿਆ ਦਾ ਭਰਪੂਰ ਫ਼ਾਇਦਾ ਉਠਾ ਸਕਣ। ਇਸ ਸੰਦਰਭ ਵਿਚ ਹੀ ਪਿਛਲੇ ਸਾਲਾਂ ਦੌਰਾਨ ਬੱਚਿਆਂ ਦੀ ਸਕੂਲੀ ਉਮਰ ਤੋਂ ਪਹਿਲਾਂ ਸੰਸਥਾਗਤ ਸਹਾਇਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਖ਼ਾਸ ਕਰਕੇ ਸਿਹਤ ਤੇ ਪੋਸ਼ਣ ਪ੍ਰੋਗਰਾਮਾਂ ਦੇ ਮਾਮਲੇ ਵਿਚ। ਸਕੂਲ ਲਈ ਤਿਆਰੀ ਦਾ ਪ੍ਰੋਗਰਾਮ ਅਤੇ/ਜਾਂ ਪ੍ਰੀ-ਸਕੂਲ ਜਮਾਤਾਂ ਨੂੰ ਪ੍ਰਾਇਮਰੀ ਸਕੂਲਾਂ ਨਾਲ ਜੋੜਨਾ, ਲੜਕੀਆਂ ਨੂੰ ਛੋਟੇ ਭੈਣ ਭਰਾਵਾਂ ਦੀ ਦੇਖਭਾਲ ਤੋਂ ਹਟਾ ਕੇ ਉਨ੍ਹਾਂ ਲਈ ਮੌਕੇ ਪੈਦਾ ਕਰਨ ਦੇ ਸਾਧਨਾਂ ਵਜੋਂ ਵਰਤਿਆ ਗਿਆ ਹੈ।

**ਭਾਰਤ ਕੋਲ ਏਕੀਕ੍ਰਿਤ ਬਾਲ ਵਿਕਾਸ ਸਕੀਮ ਦੇ ਝੰਡੇ ਹੇਠ ਇਕ ਵਿਸ਼ਾਲ ਪ੍ਰੋਗਰਾਮ ਹੈ ਜੋ 0 ਤੋਂ 6 ਸਾਲਾਂ ਦੀ ਉਮਰ ਵਰਗ ਦੇ ਬੱਚਿਆਂ ਨੂੰ ਵਿਕਾਸਮੁਖੀ ਸਹਾਇਤਾ ਅਤੇ ਮਾਵਾਂ ਨੂੰ ਜਣੇਪੇ ਤੋਂ ਪਹਿਲਾਂ ਅਤੇ ਬਾਅਦ ਦੀਆਂ ਸਾਂਭ ਸੰਭਾਲ ਦੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ। ਪਰ, ਇਸ ਪ੍ਰੋਗਰਾਮ ਦੀ ਰਫ਼ਤਾਰ ਬਹੁਤ ਮੱਠੀ ਹੈ ਅਤੇ ਸ੍ਰੋਤਾਂ ਦੀ ਵੀ ਘਾਟ ਹੈ। ਸਕੂਲ ਤੋਂ ਪਹਿਲਾਂ ਦੀ ਸਿੱਖਿਆ ਬਾਰੇ ਇਕ ਸੁਤੰਤਰ ਨੀਤੀ ਘੜਨਾ ਯੋਗ ਹੋਵੇਗਾ ਜਿਸ ਨੂੰ ਸਕੂਲੀ ਸਿੱਖਿਆ ਦੇ ਨਾਲ ਹੀ ਚਲਾਇਆ ਜਾਵੇ।**

## ਕੰਮਕਾਜੀ ਬੱਚਿਆਂ ਦਾ ਮਸਲਾ ਹੱਲ ਕਰਨਾ

ਬਹੁਤ ਸਾਰੇ ਗਰੀਬਾਂ ਲਈ ਇਕ ਤੋਂ ਦੂਜੀ ਪੀੜ੍ਹੀ, ਜੀਵਨ ਚੱਕਰ ਕਰਜ਼ੇ ਅਤੇ ਗੁਲਾਮੀ ਦੀ ਛੋਟੀ ਜਿਹੀ ਦੁਨੀਆਂ ਵਿਚ ਸ਼ੁਰੂ ਅਤੇ ਖਤਮ ਹੁੰਦਾ ਹੈ। ਮੁੱਢਲੀ ਸਿੱਖਿਆ ਦੀ ਅਣਹੋਂਦ ਅਤੇ ਪੀੜ੍ਹੀ-ਦਰ-ਪੀੜ੍ਹੀ ਕਰਜ਼ੇ ਦੇ ਜਾਲ ਵਿਚ ਫਸੇ ਹੋਣ ਕਾਰਨ ਉਨ੍ਹਾਂ ਕੋਲ ਜ਼ਿੰਦਗੀ ਦੇ ਦੁੱਖ ਤਕਲੀਫ਼ਾਂ ਤੋਂ ਬਚਣ ਦਾ ਕੋਈ ਰਸਤਾ ਨਹੀਂ ਹੁੰਦਾ। ਅਜਿਹੀਆਂ ਹਾਲਤਾਂ ਵਿਚ ਫਸੇ ਲੋਕ ਅਜੀਬ ਵਰਤਾਅ ਕਰਦੇ ਹਨ। ਅਜਿਹਾ ਹੀ ਇਕ ਤਰੀਕਾ ਛੋਟੇ ਬੱਚਿਆਂ ਨੂੰ ਲਾਭਦਾਇਕ ਮਜ਼ਦੂਰੀ ਵਿਚ ਲਾਉਣਾ ਹੈ ਜੋ ਉਨ੍ਹਾਂ ਦੀ ਸਿੱਖਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾ ਹੈ। ਪਰ ਉਨ੍ਹਾਂ ਕੋਲ ਸਿੱਖਿਆ ਹੀ ਇਕਮਾਤਰ ਸਾਧਨ ਹੁੰਦਾ ਹੈ ਜਿਸ ਨਾਲ ਉਹ ਆਪਣੇ ਦੁੱਖਾਂ ਤੋਂ ਨਿਜਾਤ ਪਾ ਸਕਦੇ ਹਨ। ਕੁੱਝ ਬਹੁਤ ਹੀ ਜਾਲਮ ਤੇ ਨਿਰਦਈ ਕਿਸਮ ਦੇ ਮਾਪਿਆਂ ਨੂੰ ਛੱਡ ਕੇ, ਸਭ ਤੋਂ ਗਰੀਬ ਪਰਿਵਾਰਾਂ ਦੇ ਮਾਪੇ ਵੀ, ਜੋ ਉਨ੍ਹਾਂ ਦਾ ਵੱਸ ਚੱਲੇ ਤਾਂ ਆਪਣੇ ਬੱਚਿਆਂ ਨੂੰ ਕੰਮ ਤੋਂ ਹਟਾਉਣ ਨੂੰ ਤਰਜੀਹ ਦੇਣਗੇ। ਸੋ, ਪ੍ਰਮੁੱਖ ਪਹੁੰਚ ਅਜਿਹੇ ਹਲਾਤ ਪੈਦਾ ਕਰਨ ਦੀ ਹੈ ਜਿਸ ਨਾਲ ਮਾਪੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਦੇ ਯੋਗ ਬਣਾ ਸਕਣ। ਇਕ ਅਹਿਮ ਧਿਆਨ ਦੇਣ ਵਾਲਾ ਸਬਕ ਹੈ ਕਿ ਖਾਲੀ ਬਾਲ ਮਜ਼ਦੂਰੀ ਉਤੇ ਪਾਬੰਦੀ ਲਾਉਣ ਦੀ ਵਕਾਲਤ ਕਰਨਾ ਹੀ ਕਾਫ਼ੀ ਨਹੀਂ। ਅਜਿਹੀਆਂ ਨੀਤੀਆਂ ਬਣਾਉਣੀਆਂ ਜ਼ਰੂਰੀ ਹਨ ਜੋ ਸਿੱਖਿਆ ਸੰਬੰਧੀ ਅਜਿਹੇ ਠੋਸ ਤੇ ਬਦਲਵੇਂ ਪ੍ਰੋਗਰਾਮ ਉਲੀਕਣ ਵਿਚ ਮਦਦਗਾਰ ਹੋਣ ਜਿਨ੍ਹਾਂ ਨਾਲ ਬੱਚਿਆਂ ਨੂੰ ਕੰਮ ਤੋਂ ਹਟਾਇਆ ਜਾ ਸਕੇ।

## ਅਧਿਆਪਕਾਂ ਵਿਚ ਨਿਵੇਸ਼ ਭਵਿੱਖ ਵਿਚ ਨਿਵੇਸ਼ ਕਰਨਾ ਹੈ

ਗੁਣਵੱਤਾ ਦੇ ਮੁੱਦੇ ਨਾਲ ਨਜਿੱਠਣ ਵਾਲਾ ਅਧਿਆਪਕ ਕੇਂਦਰੀ ਪਾਤਰ ਹੁੰਦਾ ਹੈ। ਅਧਿਆਪਕਾਂ ਨਾਲ ਸੰਬੰਧਤ ਅਨੇਕ ਮੁੱਦੇ ਹਨ ਜਿਨ੍ਹਾਂ ਨੂੰ ਢੁੱਕਵੇਂ ਨੀਤੀਗਤ ਕਦਮਾਂ ਨਾਲ ਨਜਿੱਠਣ ਦੀ ਲੋੜ ਹੁੰਦੀ ਹੈ। ਹਾਲ ਹੀ ਵਿਚ ਹੋਏ ਅਧਿਆਪਕ ਯੋਗਤਾ ਟੈਸਟਾਂ ਵਿਚ ਇਹ ਖੁਲਾਸਾ ਹੋਇਆ ਕਿ ਅਧਿਆਪਕ ਬਣਨ ਦੀ ਇੱਛਾ ਰੱਖਣ ਵਾਲਿਆਂ ਦੀ ਇਕ ਵੱਡੀ ਗਿਣਤੀ ਲੋੜੀਂਦੀ ਵਿੱਦਿਅਕ ਤੇ ਪੇਸ਼ੇਵਰ ਯੋਗਤਾ ਹੋਣ ਦੇ ਬਾਵਜੂਦ, ਯੋਗਤਾ ਪੱਖੋਂ ਫਾਡੀ ਸਨ। ਇਹ ਅਧਿਆਪਨ ਕਿੱਤੇ ਵਿਚ ਦਾਖ਼ਲ ਹੋਣ ਦੀ ਇੱਛਾ ਰੱਖਣ ਵਾਲਿਆਂ ਦੀ ਮਾੜੀ ਗੁਣਵੱਤਾ ਨੂੰ ਉਜਾਗਰ ਕਰਦੀ ਹੈ। ਭਾਵੇਂ ਕਿ ਸੇਵਾ ਤੋਂ ਪਹਿਲਾਂ ਦੇ ਅਧਿਆਪਕ ਸਿੱਖਿਆ ਪ੍ਰੋਗਰਾਮਾਂ ਵਿਚ ਸੁਧਾਰ ਕਰਕੇ ਅੰਸ਼ਕ ਤੌਰ ਤੇ ਇਸ ਉਤੇ ਕਾਬੂ ਪਾਇਆ ਜਾ ਸਕਦਾ ਹੈ। ਪਰ ਅਸਲੀ ਜਵਾਬ ਨਿਰੰਤਰਤਾ ਨਾਲ ਅਧਿਆਪਨ ਦਾ ਕਾਰਜ ਕਰ ਰਹੇ ਵਿਅਕਤੀਆਂ ਦੀਆਂ ਪੇਸ਼ੇਵਰ ਲੋੜਾਂ ਪੂਰੀਆਂ ਕਰਨ ਵਿਚ ਪਿਆ ਹੈ। ਇਸ ਮੁੱਦੇ ਨੂੰ ਕਦੇ-ਕਦਾਈਂ ਹੋਣ ਵਾਲੇ ਸੇਵਾ ਕਾਲ - ਸਿਖਲਾਈ ਪ੍ਰੋਗਰਾਮਾਂ ਨਾਲ ਹੱਲ ਨਹੀਂ ਕੀਤਾ ਜਾ ਸਕਦਾ ਜੋ ਐੱਸ ਐੱਸ ਏ ਜਾਂ ਆਰ ਐੱਮ ਐੱਸ ਏ ਅਧੀਨ ਆਯੋਜਿਤ ਕੀਤੇ ਜਾਂਦੇ ਹਨ। ਇਸ ਦੀ ਬਜਾਇ, ਸਮਾਂ ਸਕੂਲ ਅਧਿਆਪਕ ਦੇ ਪੇਸ਼ੇਵਰ ਵਿਕਾਸ ਬਾਰੇ ਠੀਕ

ਨੀਤੀ ਵਿਕਸਤ ਕਰਨ ਦਾ ਹੈ। ਅਜਿਹੀ ਨੀਤੀ ਵਿਚ ਕਈ ਸਾਰੇ ਅਹਿਮ ਤੱਤ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਜਿਵੇਂ ਕਿ ਵਿਸ਼ਾ-ਵਸਤੂ ਵਿਚ ਸੁਧਾਰ ਅਤੇ ਆਈ ਸੀ ਟੀ ਦੀ ਵਰਤੋਂ। ਸੋਚ ਲੰਬੇ ਸਮੇਂ ਦੀ ਸਿੱਖਿਆ ਸੁਧਾਰ ਅਤੇ ਤਰੱਕੀ ਲਈ ਮੌਕੇ ਪ੍ਰਦਾਨ ਕਰਨ ਦੀ ਹੋਣੀ ਚਾਹੀਦੀ ਹੈ। ਇਸ ਨੀਤੀ ਅਧੀਨ ਪੇਸ਼ੇਵਰ ਵਿਕਾਸ ਪ੍ਰੋਗਰਾਮਾਂ ਵਿਚ ਭਾਗੀਦਾਰੀ ਨੂੰ ਲਗਭਗ ਸੰਭਾਵਨਾਵਾਂ ਨਾਲ ਜੋੜਨ ਦਾ ਵੀ ਉਪਰਾਲਾ ਹੋਣਾ ਚਾਹੀਦਾ ਹੈ। ਇਸ ਦਾ ਇਕ ਸੰਕੇਤ ਅਧਿਆਪਕ ਸਹਾਇਤਾ ਤੇ ਨਿਗਰਾਨੀ ਬਾਰੇ ਏਕੀਕ੍ਰਿਤ ਨਜ਼ਰੀਆ ਪੇਸ਼ ਕਰਨਾ ਹੋ ਸਕਦਾ ਹੈ। ਇਨ੍ਹਾਂ ਪਹਿਲਕਦਮੀਆਂ ਦੇ ਨਾਲ-ਨਾਲ, ਅਧਿਆਪਕਾਂ ਅੰਦਰ ਮਾਲਕੀ ਅਤੇ ਸੰਸਥਾਗਤ ਪ੍ਰਤਿਬਧਤਾ ਦੀ ਭਾਵਨਾ ਦਾ ਸੰਚਾਰ ਕਰਨ ਲਈ ਨੀਤੀ, ਵਿਸ਼ੇਸ਼ ਸਕੂਲਾਂ ਵਿਚ ਅਧਿਆਪਕ ਨਿਯੁਕਤ ਕਰਨ ਦੀ ਹੋਣੀ ਚਾਹੀਦੀ ਹੈ। ਸਮਾਂ ਆ ਗਿਆ ਹੈ ਕਿ ਅਧਿਆਪਕ ਨਿਯੁਕਤ ਕਰਨ ਦੇ ਬਸਤੀਵਾਦੀ ਤਰੀਕੇ ਉਤੇ ਸਵਾਲ ਖੜ੍ਹੇ ਕੀਤੇ ਜਾਣ, ਨਾ ਕਿ ਕਿਸੇ ਖ਼ਾਸ ਸਕੂਲ ਬਾਰੇ। ਇਸ ਮੁੱਦੇ ਉਤੇ ਬਾਰ-ਬਾਰ ਬਹਿਸ ਹੁੰਦੀ ਹੈ ਪਰ ਅਧਿਆਪਕਾਂ ਦੀ ਨਿਯੁਕਤੀ ਅਤੇ ਬਦਲੀ ਬਾਰੇ ਕੇਂਦਰੀਕ੍ਰਿਤ ਨਿਯੰਤ੍ਰਣ ਇਕ ਸ਼ਕਤੀਸ਼ਾਲੀ ਰਾਜਨੀਤਕ ਹਥਿਆਰ ਹੈ ਜਿਸ ਉਤੇ ਕਾਰਵਾਈ ਕਰਨ ਲਈ ਕੋਈ ਵੀ ਰਾਜ ਸਰਕਾਰ ਤਿਆਰ ਨਹੀਂ। ਆਖ਼ਰ ਵਿਚ, ਇਕ ਅਧਿਆਪਕ ਦੀ ਕੇਂਦਰਤਾ ਸਵੀਕਾਰ ਕਰਨ ਦੇ ਬਾਵਜੂਦ ਵੀ, ਰਵਾਇਤੀ ਪ੍ਰਬੰਧਕੀ ਢਾਂਚੇ ਵਿਚ ਸਿੱਖਿਆ ਅਧਿਕਾਰੀ, ਸਕੂਲ ਅਧਿਆਪਕ, ਇਥੋਂ ਤਕ ਕਿ ਸਮਾਜ ਦੇ ਮੈਂਬਰ ਵੀ ਅਧਿਆਪਕਾਂ ਨੂੰ ਗ਼ੈਰ-ਸਰਗਰਮ ਪ੍ਰਾਪਤਕਰਤਾ ਦੇ ਤੌਰ ਤੇ ਹੀ ਦੇਖਦੇ ਹਨ ਜਿਨ੍ਹਾਂ ਦੀ ਭੂਮਿਕਾ ਵੱਡੀ ਪ੍ਰਣਾਲੀ ਲਈ ਕੀਤੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਹੀ ਰਹਿ ਜਾਂਦੀ ਹੈ। ਸਿਖਲਾਈ ਨੂੰ ਕੇਂਦਰ ਬਿੰਦੂ ਲੈ ਕੇ ਜਮਾਤ ਦੀਆਂ ਪ੍ਰਕਿਰਿਆਵਾਂ ਵਿਚ ਤਬਦੀਲੀ ਲਈ ਅਧਿਆਪਕਾਂ ਦੀ ਵਰਤੋਂ ਲਈ ਸਕੂਲ ਸ਼ਾਸਨ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਹੈ। ਪਰ, ਇਹ ਬਦਲਾਅ ਕਿਵੇਂ ਲਿਆਂਦਾ ਜਾਵੇ? ਇਹ ਵੱਡੀ ਚੁਣੌਤੀ ਹੈ ਕਿਉਂਕਿ ਇਸ ਵਾਸਤੇ ਸਾਰੀਆਂ ਧਿਰਾਂ ਨੂੰ ਨਵੇਂ ਹੁਨਰ ਅਤੇ ਵਿਹਾਰ ਦੀ ਜ਼ਰੂਰਤ ਪਵੇਗੀ। ਇਸ ਚੁਨੌਤੀ ਤੋਂ ਛੁਟਕਾਰਾ ਪਾਉਣ ਲਈ ਅਧਿਆਪਕ ਸਿੱਖਿਆ ਅਤੇ ਮੁੱਖ ਅਧਿਆਪਕਾਂ ਤੇ ਪ੍ਰਬੰਧਕਾਂ ਲਈ ਸੇਵਾ ਕਾਲ ਦੌਰਾਨ ਪ੍ਰੋਗਰਾਮਾਂ ਨੂੰ ਰਫ਼ਤਾਰ ਦੇਣ ਦੀ ਲੋੜ ਹੈ। ਇਹ ਅਹਿਮ ਸਵਾਲ ਹਨ ਜਿਨ੍ਹਾਂ ਨਾਲ ਤੁਰੰਤ ਨਜਿੱਠਣ ਦੀ ਲੋੜ ਹੈ।

## ਲੜਕੀਆਂ ਲਈ ਪੜ੍ਹਾਈ ਨੂੰ ਮੁੜ ਅਕਾਰ ਦੇਣਾ

ਬਹੁਤ ਲੋਕਾਂ ਦਾ ਵਿਚਾਰ ਹੈ ਕਿ ਭਾਰਤ ਵਿਚ ਸਾਰਿਆਂ ਲਈ ਮੁੱਢਲੀ ਸਿੱਖਿਆ ਦੀ ਸਮੱਸਿਆ ਅਸਲ ਵਿਚ ਲੜਕੀਆਂ ਦੀ ਸਿੱਖਿਆ ਦੀ ਸਮੱਸਿਆ ਹੈ। ਹਾਲਾਂਕਿ ਪਿਛਲੇ ਸਾਲਾਂ ਵਿਚ ਦੇਸ਼ ਦੇ ਸਾਰੇ ਰਾਜਾਂ ਵਿਚ ਸਕੂਲੀ ਦਾਖ਼ਲਿਆਂ ਦੇ ਮਾਮਲੇ ਵਿਚ ਘਟ ਰਿਹਾ ਲਿੰਗ ਪਾੜਾ ਹਾਂ ਪੱਖੀ ਬਦਲਾਅ ਦਾ ਸੰਕੇਤ ਹੈ, ਪਰ ਕੀ ਅਸੀਂ ਕੁੜੀਆਂ ਦੀ ਸਿੱਖਿਆ ਦੇ ਰਾਹ ਦਾ ਰੋੜਾ ਬਣਦੇ ਦਿਖਾਈ ਦੇ ਰਹੇ ਹਨ।

**ਲੜਕੀਆਂ ਬਚਪਨ ਦੇ ਪ੍ਰਭਾਵੀ ਸਿੱਖਿਆ ਪ੍ਰੋਗਰਾਮਾਂ ਦੀ ਅਣਹੋਂਦ ਕਾਰਨ ਦੋਹਰੀ ਮਾਰ ਝੱਲ ਰਹੀਆਂ ਹਨ ਕਿਉਂਕਿ ਉਨ੍ਹਾਂ ਉਤੇ ਛੋਟੇ ਭੈਣ-ਭਰਾਵਾਂ ਦੀ ਸਾਂਭ-ਸੰਭਾਲ ਦਾ ਜ਼ਿੰਮਾ ਵੀ ਹੁੰਦਾ ਹੈ। ਮਿਡਲ ਸਕੂਲ ਖੋਲ੍ਹਣ ਲਈ ਫਾਸਲੇ ਦੇ ਨਿਯਮ ਲੜਕੀਆਂ ਦੇ ਹਿੱਤਾਂ ਤੋਂ ਉਲਟ ਜਾਂਦੇ ਹਨ ਕਿਉਂਕਿ ਅਕਸਰ ਹੀ ਉਨ੍ਹਾਂ ਨੂੰ ਸਿੱਖਿਆ ਪ੍ਰਾਪਤੀ ਲਈ ਪਿੰਡ ਦੇ ਸਕੂਲ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੁੰਦੀ। ਬੁਨਿਆਦੀ ਢਾਂਚਾ ਅਤੇ ਸਕੂਲਾਂ ਵਿਚ ਔਰਤ ਅਧਿਆਪਕਾਂ ਮੁਹੱਈਆ ਕਰਨ ਨਾਲ ਸਥਿਤੀ ਉਤੇ ਕਾਫੀ ਪ੍ਰਭਾਵ ਪੈ ਸਕਦਾ ਹੈ ਜਿਵੇਂ ਕਿ ਵੱਖ-ਵੱਖ ਪ੍ਰਾਇਮਰੀ ਸਿੱਖਿਆ ਪ੍ਰਾਜੈਕਟਾਂ ਦੀਆਂ ਹਾਲੀਆ ਕੋਸ਼ਿਸ਼ਾਂ ਵਿਚ ਸੰਕੇਤ ਦਿੱਤਾ ਗਿਆ ਹੈ।**

ਇਹ ਮੰਨਣਾ ਅਹਿਮ ਹੋਵੇਗਾ ਕਿ ਲੜਕੀ ਨੂੰ ਸਕੂਲ ਵਿਚ ਦਾਖ਼ਲ ਨਾ ਕਰਵਾਉਣਾ, ਮੁੱਢਲੀ ਸਿੱਖਿਆ ਪੂਰੀ ਕੀਤੇ ਬਗੈਰ ਸਕੂਲ ਛੱਡ ਜਾਣਾ ਜਾਂ ਲੜਕੀ ਨੂੰ ਵਿਚਾਲੋਂ ਸਕੂਲੋਂ ਕੱਢ ਲੈਣਾ, ਜਾਂ ਉੱਚ ਪ੍ਰਾਇਮਰੀ ਸਕੂਲ ਜਾਂ ਸੈਕੰਡਰੀ ਸਕੂਲ ਨਾ ਜਾਣਾ - ਅੰਕੜਿਆਂ ਦੇ ਪੱਖ ਤੋਂ ਇਹ ਸਿਰਫ਼ ਘਟਨਾਵਾਂ ਹਨ ਅਤੇ ਬੱਚੇ ਵਰਗੀਕ੍ਰਿਤ ਹੋ ਜਾਂਦੇ ਹਨ - ਉਨ੍ਹਾਂ ਨੂੰ ਦਾਖ਼ਲ ਨਹੀਂ ਹੋਏ, ਸਕੂਲ ਛੱਡ ਗਏ ਆਦਿ ਗਰਦਾਨਿਆ ਜਾਂਦਾ ਹੈ। ਪਰ ਹਕੀਕਤ ਵਿਚ ਸਕੂਲ ਤੋਂ ਬਾਹਰ ਹੋਣਾ ਕੋਈ ਸਿਰਫ਼ ਇਕ ਘਟਨਾ ਜਾਂ ਅੰਕੜਾ ਨਹੀਂ, ਕੋਈ ਵਕਤੀ ਫ਼ੈਸਲਾ ਨਹੀਂ ਪਰ ਇਕ ਜਟਿਲ ਪ੍ਰਕਿਰਿਆ ਹੈ ਜਿਸ ਵਿਚ ਬੱਚੇ ਅਤੇ ਪਰਿਵਾਰ ਦੀ ਨਿੱਜੀ ਜ਼ਿੰਦਗੀ ਦੇ ਕਈ ਪਹਿਲੂ ਸ਼ਾਮਲ ਹੁੰਦੇ ਹਨ। ਜਦੋਂ ਕੋਈ ਲੜਕੀ ਸਕੂਲ ਛੱਡ ਦਿੰਦੀ ਹੈ ਤਾਂ ਇਸ ਦੌਰਾਨ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ - ਕੁੱਝ ਪਰਿਵਾਰ ਵਿਚ, ਕੁੱਝ ਸਮਾਜ ਵਿਚ ਅਤੇ ਸਾਥੀਆਂ ਦੇ ਸਮੂਹ ਵਿਚ ਅਤੇ ਬਹੁਤ ਨਹੀਂ ਤਾਂ ਬਹੁਤ ਸਾਰੀਆਂ ਲੜਕੀਆਂ ਨੇ ਸਕੂਲਾਂ ਵਿਚ ਪੜ੍ਹਦੇ ਹੋਣਾ ਸੀ। ਸਕੂਲ ਛੱਡਣ ਨੂੰ ਸਮਝਣ ਦੇ ਲਈ ਛੋਟੇ ਬੱਚੇ ਦੀ ਨਿੱਜੀ ਜ਼ਿੰਦਗੀ ਦੇ ਇਤਿਹਾਸ ਵਿਚ ਆਉਣ ਵਾਲੇ ਉਤਾਰ ਚੜ੍ਹਾਵਾਂ ਨੂੰ ਸਮਝਣਾ ਹੋਵੇਗਾ। ਅਜਿਹੀ ਸ਼ੋਧ ਮਾਪਿਆਂ, ਅਧਿਆਪਕਾਂ ਜਾਂ ਬੱਚਿਆਂ ਨੂੰ ਸਿਰਫ਼ ਸਵਾਲ ਪੁੱਛ ਕੇ ਹੀ ਨਹੀਂ ਕੀਤੀ ਜਾ ਸਕਦੀ। ਇਸ ਲਈ ਬੱਚਿਆਂ ਉਤੇ ਨਿੱਜੀ ਤੌਰ ਤੇ ਜਾਂ ਸਮੂਹ ਦੇ ਰੂਪ ਵਿਚ ਨਜ਼ਰ ਰੱਖਣੀ ਹੋਵੇਗੀ ਜਦੋਂ ਉਹ ਸਕੂਲ ਵਿਚ ਦਾਖ਼ਲ ਹੁੰਦੇ ਹਨ, ਅਗਲੀਆਂ ਜਮਾਤਾਂ ਵਿਚ ਜਾਂਦੇ ਹਨ ਜਾਂ ਸਕੂਲ ਛੱਡ ਜਾਂਦੇ ਹਨ। ਇਹ ਸਕੂਲ ਛੱਡਣ ਦੀਆਂ ਜਟਿਲ ਪ੍ਰਕਿਰਿਆਵਾਂ ਦੀ ਵਿਆਖਿਆ ਕਰਨ ਅਤੇ ਬੁਨਿਆਦੀ ਕਾਰਨਾਂ ਦੇ ਵਰਨਣ ਲਈ ਅਹਿਮ ਹੋਵੇਗਾ। ਇਸ ਪ੍ਰਕਿਰਿਆ ਦੇ ਹੱਲ ਲਈ ਨੀਤੀ ਸਥਾਨਕ ਹਾਲਾਤਾਂ ਅਨੁਸਾਰ ਹੋਣੀ ਚਾਹੀਦੀ ਹੈ ਜੋ ਲੜਕੀ ਦੇ ਘਰ, ਸਮਾਜ ਅਤੇ ਸਕੂਲ ਵਿਚ ਹੁੰਦੇ ਹਨ। ਲੜਕੀਆਂ ਲਈ ਸਹਾਇਤਾ ਉਸ ਦੀ ਜ਼ਿੰਦਗੀ ਵਿਚ ਇਕ ਨਿਸ਼ਚਿਤ ਸਮੇਂ ਲਈ ਹੋਣੀ ਜ਼ਰੂਰੀ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਦੀਆਂ ਘਟਨਾਵਾਂ ਵਿਚ ਤਬਦੀਲੀ ਹੋਣੀ ਚਾਹੀਦੀ ਹੈ ਜੋ ਉਨ੍ਹਾਂ ਦੇ ਜੀਵਨ ਵਿਚ ਵਾਪਰ ਰਹੀਆਂ ਹੁੰਦੀਆਂ ਹਨ। ਬਹੁਤ ਸਾਰੇ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਗਈ ਹੈ ਜਿਨ੍ਹਾਂ ਵਿਚ ਹਾਲ ਹੀ ਵਿਚ ਸ਼ਾਮਲ 'ਬੇਟੀ ਬਚਾਓ, ਬੇਟੀ ਪੜ੍ਹਾਓ' ਪ੍ਰੋਗਰਾਮ ਵੀ ਸ਼ਾਮਿਲ ਹੈ। ਤਾਂ ਵੀ, ਲੜਕੀਆਂ ਦੀ ਸਿੱਖਿਆ ਲਈ ਇਕ ਵਿਆਪਕ ਨੀਤੀ ਬਣਾਉਣਾ ਜ਼ਰੂਰੀ ਹੈ ਜੋ ਸਕੂਲ ਦੇ ਸਾਲਾਂ ਤੋਂ ਅਗਾਂਹ ਜਾਵੇ ਅਤੇ ਕੇਵਲ ਬਰਾਬਰੀ ਦੀ ਬਜਾਇ ਲਿੰਗ ਬਰਾਬਰੀ 'ਤੇ ਧਿਆਨ ਕੇਂਦਰਿਤ ਕਰੇ। ਇਹ ਨੀਤੀ ਨੌਜਵਾਨਾਂ ਨੂੰ ਨਵੀਂ ਦਿਸ਼ਾ ਦੇਣ ਦੀਆਂ ਲੋੜਾਂ ਉਤੇ ਵੀ ਧਿਆਨ ਦੇਵੇ ਤਾਂ ਕਿ

ਉਨ੍ਹਾਂ ਦੇ ਵੱਡੇ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਰਵੱਈਏ ਨੂੰ ਸਮਾਜਕ ਤੌਰ ਤੇ ਪ੍ਰਭਾਵਤ ਕਰੇ। ਇਹ ਨੀਤੀ ਨੌਜਵਾਨ ਮਰਦਾਂ ਅਤੇ ਔਰਤਾਂ ਦੀ ਸਿੱਖਿਆ ਉਤੇ ਵੀ ਅਸਰਅੰਦਾਜ਼ ਹੋਵੇ ਜੋ ਕਾਲਜਾਂ ਤੇ ਯੂਨੀਵਰਸਟੀਆਂ ਵਿਚ ਜਾਂਦੇ ਹਨ ਅਤੇ ਜੋ ਅਖੀਰ ਨੂੰ ਸਮਾਜਿਕ ਕਦਰਾਂ ਕੀਮਤਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ।

## ਆਈ ਸੀ ਟੀ ਅਤੇ ਸਕੂਲੀ ਸਿੱਖਿਆ

ਸਕੂਲੀ ਸਿੱਖਿਆ ਦੇ ਅਨੁਭਵਾਂ ਦੀ ਗੁਣਵੱਤਾ ਨੂੰ ਨਵਾਂ ਰੂਪ ਦੇਣ ਵਿਚ, ਆਈ ਸੀ ਟੀ ਦੀਆਂ ਵਿਸ਼ਾਲ ਸੰਭਾਵਨਾਵਾਂ ਬਾਰੇ ਲੰਮੀਆਂ ਚੌੜੀਆਂ ਬਹਿਸਾਂ ਅਤੇ ਚਰਚੇ ਹੋ ਰਹੇ ਹਨ। ਪਰ ਉਹ ਨੀਤੀਆਂ ਅਤੇ ਪ੍ਰੋਗਰਾਮ ਜੋ ਨੌਜਵਾਨ ਸਿੱਖਿਆਰਥੀਆਂ ਦੇ ਸਕੂਲੀ ਅਨੁਭਵਾਂ ਨੂੰ ਪ੍ਰਭਾਵੀ ਰੂਪ ਵਿਚ ਬਦਲਦੇ ਹਨ, ਵਧੇਰੇ ਧਿਆਨ ਦੀ ਮੰਗ ਕਰਦੇ ਹਨ। ਸਾਨੂੰ ਸਕੂਲਾਂ ਨੂੰ ਹਾਰਡਵੇਅਰ ਅਤੇ ਸਾਫਟਵੇਅਰ ਪੂਰਤੀ ਕਰਨ ਅਤੇ ਸਕੂਲੀ ਜੀਵਨ ਦੇ ਸਾਰੇ ਪੱਖਾਂ ਵਿਚ ਆਈ ਸੀ ਟੀ ਨੂੰ ਬਣਾਉਣ ਵਾਲੀ ਵਰਤਮਾਨ ਮਿਸਾਲ ਤੋਂ ਅੱਗੇ ਵਧਣਾ ਹੋਵੇਗਾ।

**ਇਸ ਗੱਲ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਆਈ ਸੀ ਟੀ ਪਹਿਲਾਂ ਹੀ ਹਰੇਕ ਵੱਡੇ ਹੋ ਰਹੇ ਬੱਚੇ ਦਾ ਹਿੱਸਾ ਹੈ, ਸਕੂਲਾਂ ਵਿਚ ਇਸ ਦੀ ਵਰਤੋਂ ਨੂੰ ਰੋਕ ਕੇ ਰੱਖਣ ਨਾਲ ਬੱਚੇ ਦੀ ਜ਼ਿੰਦਗੀ ਵਿਚੋਂ ਸਕੂਲ ਦੀ ਅਲਹਿਦਗੀ ਹੋ ਜਾਵੇਗੀ। 'ਸਾਡੀ ਉਸਾਰੂ ਭਿੰਨਤਾ' ਨਾਮਕ ਯੂਨੈਸਕੋ ਦੀ ਰਿਪੋਰਟ ਵਿਚ ਇਸ਼ਾਰਾ ਕੀਤਾ ਗਿਆ ਹੈ ਕਿ ਤਕਨੀਕ ਤੋਂ ਅਲਹਿਦਗੀ ਸੰਬੰਧਿਤ ਵਿਅਕਤੀਆਂ ਨੂੰ ਆਉਣ ਵਾਲੇ 'ਜਾਣਕਾਰੀ ਸਮਾਜ' ਵਿਚ ਘਾਟੇ ਉਤੇ ਰੱਖਦੀ ਹੈ। ਇਹ ਇਕ ਪਾਸੇ ਉੱਚ ਵਰਗ, ਉੱਚ ਤਕਨੀਕ ਅਤੇ ਸੰਪੰਨ ਵਰਗ ਦੇ ਆਧੁਨਿਕੀਕਰਨ ਦਰਮਿਆਨ ਇਕ ਵੱਡੀ ਦਰਾਰ ਪੈਦਾ ਕਰ ਦਿੰਦੀ ਹੈ, ਦੂਜੇ ਪਾਸੇ ਬਹੁ-ਗਿਣਤੀ ਜਨਸੰਖਿਆ ਨੂੰ ਹਾਸ਼ੀਏ ਉਤੇ ਧੱਕ ਦਿੰਦੀ ਹੈ।**

ਉੱਚ ਤਕਨੀਕ ਤਰੱਕੀ ਦੀ ਤੇਜ਼ ਰਫ਼ਤਾਰ ਨੌਜਵਾਨਾਂ ਦਰਮਿਆਨ ਇਕ ਹੋਰ ਪਾੜਾ ਪੈਦਾ ਕਰ ਦਿੰਦੀ ਹੈ। ਸੰਪੰਨ ਦੁਨੀਆਂ ਭਰ ਵਿਚ ਗੱਲ ਕਹਿਣ ਦੇ ਸਮਰੱਥ ਹੋਣਗੇ। ਥੋੜ੍ਹ ਵਾਲਿਆਂ ਨੂੰ ਜਾਣਕਾਰੀ ਸਮਾਜ ਦੇ ਪਛੜੇ ਪੇਂਡੂ ਪਾਣੀਆਂ ਤਕ ਸੀਮਤ ਕਰ ਦਿੱਤਾ ਜਾਵੇਗਾ।

## ਪ੍ਰਾਪਤੀ ਕਰਨਾ ਸਿੱਖਣ ਉਤੇ ਮੁੱਖ ਧਿਆਨ ਕੇਂਦਰਿਤ ਹੋਵੇ

ਸਿੱਖਣਾ ਸਾਰੀਆਂ ਵਿੱਦਿਅਕ ਪ੍ਰਕਿਰਿਆਵਾਂ ਦਾ ਧੁਰਾ ਹੈ। ਮਾਪੇ ਆਪਣੇ ਬੱਚਿਆਂ ਨੂੰ ਇਸ ਉਮੀਦ ਨਾਲ ਭੇਜਦੇ ਹਨ ਕਿ ਉਹ ਪੜ੍ਹਨ, ਲਿਖਣ ਅਤੇ ਜਾਣਕਾਰੀ ਹਾਸਲ ਕਰਨ ਵਿਚ ਮਹਾਰਤ ਹਾਸਲ ਕਰਨਗੇ। ਇਸ ਮਾਮਲੇ ਵਿਚ ਸਕੂਲਾਂ ਦੀ ਮਾੜੀ ਕਾਰਗੁਜ਼ਾਰੀ ਨੂੰ ਮੁਆਫ਼ ਕਰਨਾ ਬਹੁਤ ਔਖਾ ਹੈ। ਸਿੱਖਣ ਦਾ ਮਾੜਾ ਪੱਧਰ ਹਾਸ਼ੀਏ ਉਤੇ ਗਏ ਵਰਗਾਂ ਦੇ ਹਿੱਤਾਂ ਦੇ ਦੋਹਰਾ ਖ਼ਿਲਾਫ਼ ਜਾਂਦਾ ਹੈ। ਪਰ ਸਕੂਲ ਦੀ ਗੁਣਵੱਤਾ ਨੂੰ ਇਮਤਿਹਾਨਾਂ ਦੀ ਪਾਸ ਪ੍ਰਤਿਸ਼ਤ ਜਾਂ ਰਾਸ਼ਟਰੀ ਮਾਪਦੰਡਾਂ ਵਿਚ ਸਥਾਨ ਬਣਾਉਣ ਨੂੰ ਗੁੰਮਰਾਹ ਕਰਨ ਕਿਹਾ ਜਾਵੇਗਾ। ਜੇ ਸਕੂਲ ਛੱਡਣ ਅਤੇ ਵਿਤਕਰੇ ਦੀਆਂ ਸਮੱਸਿਆਵਾਂ ਉਤੇ ਕਾਬੂ ਪਾ ਕੇ ਬਰਾਬਰੀ ਨਾਲ ਗੁਣਵੱਤਾ ਹੀ ਮੁੱਖ ਮੁੱਦਾ ਹੈ ਤਾਂ ਸਕੂਲੀ ਗੁਣਵੱਤਾ ਦੀ ਪਰਿਭਾਸ਼ਾ ਨੂੰ ਇਕੱਲੇ ਅੰਕਾਂ ਜਾਂ ਗਰੇਡ ਉਤੇ ਅਧਾਰਤ ਨਹੀਂ ਕੀਤਾ ਜਾ ਸਕਦਾ ਜੋ ਅਕਸਰ ਬੁਨਿਆਦੀ ਗ਼ੈਰ ਬਰਾਬਰੀਆਂ ਨੂੰ ਢੱਕ ਲੈਂਦੇ ਹਨ। ਦੋ ਪ੍ਰਮੁੱਖ ਪੱਖ ਜੋ ਗੁਣਵੱਤਾ ਵਿਚ ਗ਼ੈਰ ਬਰਾਬਰੀ ਦਾ ਕਾਰਨ ਬਣਦੇ ਹਨ, ਦੀ ਪਛਾਣ ਕਰਕੇ ਇਨ੍ਹਾਂ ਨਾਲ ਸਿੱਝਣਾ ਹੋਵੇਗਾ, ਜਿਵੇਂ ਕਿ ਵਧੀਆ ਸਕੂਲ ਮੁਹੱਈਆ ਕਰਵਾਉਣ ਵਿਚ ਗ਼ੈਰ ਬਰਾਬਰੀ ਅਤੇ ਦੂਜਾ ਸਕੂਲਾਂ ਅੰਦਰ ਗ਼ੈਰ ਬਰਾਬਰੀ ਅਤੇ ਵਿਤਕਰੇ ਵਾਲੀਆਂ ਪ੍ਰੰਪਰਾਵਾਂ।

ਹੋਰ, ਅਨੁਭਵ ਅਤੇ ਸ਼ੋਧ ਸਿੱਟੇ ਇਸ਼ਾਰਾ ਕਰਦੇ ਹਨ ਕਿ ਅਤਿ ਸੂਖਮ ਪੱਧਰ ਦੀਆਂ ਸੁਧਾਰ ਪ੍ਰਕਿਰਿਆਵਾਂ ਸਕੂਲੀ ਗੁਣਵੱਤਾ ਵਿਚ ਇਕ ਹੱਦ ਤਕ ਹੀ ਸੁਧਾਰ ਕਰ ਸਕਦੀਆਂ ਹਨ। ਧਿਆਨ ਦਾ ਕੇਂਦਰ ਨਿੱਜੀ ਸਕੂਲ ਅਤੇ ਸਥਾਨਕ ਪੱਧਰ ਦਾ ਕਾਰਜ ਹੋਣਾ ਚਾਹੀਦਾ ਹੈ। ਹਾਲ ਹੀ ਵਿਚ ਜਾਰੀ 'ਸ਼ਾਲਾ ਸਿੱਧੀ' ਦੇ ਨਾਮ ਹੇਠ ਜਾਰੀ ਰਾਸ਼ਟਰੀ ਪ੍ਰੋਗਰਾਮ ਦਾ ਕੇਂਦਰ ਬਿੰਦੂ, ਇਕ ਵਿਆਪਕ ਰਾਸ਼ਟਰੀ ਨੀਤੀ ਬਣਾਉਣ ਦਾ ਰਸਤਾ ਪੱਧਰਾ ਕਰਦਾ ਹੈ। ਇਸ ਅਧੀਨ 'ਸਕੂਲ ਸੁਧਾਰ ਯੋਜਨਾਬੰਦੀ' ਨੂੰ, ਸੰਸਥਾਗਤ ਵਿਕਾਸ ਅਤੇ ਸਕੂਲ ਦੇ ਕੰਮਕਾਜ ਬਾਰੇ ਆਪਣੇਪਨ ਅਤੇ ਜਵਾਬਦੇਹੀ ਦੀ ਭਾਵਨਾ ਦਾ ਸੰਚਾਰ ਕਰਨ ਲਈ ਸਥਾਨਕ ਸਮਰੱਥਾ ਦੇ ਨਿਰਮਾਣ ਹਿਤ ਇਕ ਪ੍ਰਮੁੱਖ ਰਣਨੀਤੀ ਵਜੋਂ ਅਪਣਾਇਆ ਜਾਵੇਗਾ। ਇਸ ਸੰਬੰਧ ਵਿਚ ਅਪਣਾਈ ਗਈ ਇਕ ਹੋਰ ਰਣਨੀਤੀ ਅਰਥਭਰਪੂਰ ਬਦਲਾਅ ਨੂੰ ਸੰਭਵ ਬਣਾਉਣ ਲਈ ਸਕੂਲ ਦੇ ਅੰਦਰੋਂ ਹੀ ਅਗਵਾਈ ਦੀ ਸਮਰੱਥਾ ਵਿਕਸਤ ਕਰਨ ਦੀ ਹੈ। ਸਕੂਲ ਸ਼ਾਸਨ ਦੀਆਂ ਨੀਤੀਆਂ ਨੂੰ ਸਕੂਲਾਂ ਵਾਸਤੇ ਭਵਿੱਖੀ ਆਗੂਆਂ ਦਾ ਨਿਰਮਾਣ ਕਰਨ ਲਈ ਕੰਮ ਕਰਨਾ ਹੋਵੇਗਾ ਜਿਸ ਵਿਚ ਨਵੀਂ ਜਾਣਕਾਰੀ ਅਤੇ ਹੁਨਰ ਸ਼ਾਮਿਲ ਹੋਣ, ਜੋ ਨਿਰੰਤਰ ਵਿਕਾਸ ਲਈ ਜ਼ਰੂਰੀ ਹਨ।

## ਪਾਠਕ੍ਰਮ ਚਰਚਾ ਉਤੇ ਮੁੜ ਧਿਆਨ ਕੇਂਦਰਿਤ ਕਰਨਾ

ਸਿੱਖਿਆ ਦੀ ਗੁਣਵੱਤਾ ਨਿਰਧਾਰਤ ਕਰਨ ਲਈ ਪਾਠਕ੍ਰਮ ਬਹੁਤ ਅਹਿਮ ਹੈ। ਪਿਛਲੇ ਸਾਲਾਂ ਵਿਚ ਸਕੂਲੀ ਪਾਠਕ੍ਰਮ ਨੂੰ ਨਵਾਂ ਰੂਪ ਦੇਣ ਵੱਲ ਕਾਫ਼ੀ ਧਿਆਨ ਦਿੱਤਾ ਗਿਆ ਹੈ। ਪਰ ਇਹ ਚਰਚਾ ਥੋੜ੍ਹੀ-ਬਹੁਤ ਹੀ ਰਹੀ ਹੈ ਕਿਉਂਕਿ ਜ਼ਿਆਦਾ ਜੋਰ ਸਮਾਜਕ ਵਿਗਿਆਨ ਅਤੇ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚ ਘਟਨਾਵਾਂ ਅਤੇ ਵਿਅਕਤਿਤਵਾਂ ਨੂੰ ਪੇਸ਼ ਕਰਨ ਉਤੇ ਹੀ ਦਿੱਤਾ ਗਿਆ ਹੈ। ਇਸ ਤੰਗ ਸੋਚ ਨੂੰ ਜ਼ਿਆਦਾ ਵਿਆਪਕ ਨੀਤੀ ਸੰਵਾਦ ਵਿਚ ਬਦਲਣਾ ਪਵੇਗਾ ਜੋ ਸਕੂਲੀ ਪਾਠਕ੍ਰਮ ਦੇ ਖ਼ਾਕੇ ਅਤੇ ਸਮੱਗਰੀ ਦਾ ਨਿਰਧਾਰਨ ਕਰੇਗਾ। ਖ਼ਾਸ ਕਰਕੇ ਵਿਗਿਆਨ ਦੀ ਸਿੱਖਿਆ ਉੱਤੇ ਵਧੇਰੇ ਧਿਆਨ ਦੇਣਾ ਪਵੇਗਾ ਕਿਉਂਕਿ ਕੋਈ ਵੀ ਦੇਸ਼ ਵਿਗਿਆਨ ਅਤੇ ਇੰਜਨੀਅਰਿੰਗ ਵਿਚ ਪੜ੍ਹੇ ਲਿਖੇ ਪੇਸ਼ੇਵਰਾਂ ਤੋਂ ਬਿਨਾਂ ਵਿਕਸਤ ਨਹੀਂ ਹੋ ਸਕਦਾ। ਅਸਲ ਵਿਚ, ਦੁਨੀਆਂ ਭਰ ਵਿਚ ਹੁਸ਼ਿਆਰ ਅਤੇ ਦਿਲਚਸਪੀ ਰੱਖਣ ਵਾਲੇ ਬੱਚਿਆਂ ਲਈ ਵਿਸ਼ੇਸ਼ ਤੌਰ ਤੇ ਸਥਾਪਤ ਸੰਸਥਾਨਾਂ ਵਿਚ ਵਿਗਿਆਨ ਤੇ ਅੰਕ ਗਣਿਤ ਦੀ ਪੜ੍ਹਾਈ ਲਈ ਵਿਸ਼ੇਸ਼ ਉਪਰਾਲੇ ਕਰਨ ਦਾ ਰੁਝਾਨ ਦੇਖਿਆ ਜਾ ਰਿਹਾ ਹੈ, ਜਿਨ੍ਹਾਂ ਨੂੰ 'ਸਟੈਮ' (ਸਾਇੰਸ, ਤਕਨਲੋਜੀ, ਇੰਜਨੀਅਰਿੰਗ ਅਤੇ ਮੈਥੇਮੈਟਿਕਸ) ਸਕੂਲ ਕਿਹਾ ਜਾਂਦਾ ਹੈ। ਬਦਕਿਸਮਤੀ ਨੂੰ, ਸਾਇੰਸ ਸਿੱਖਿਆ ਨੂੰ ਪਿਛਲੇ ਸਾਲਾਂ ਦੌਰਾਨ ਬਹੁਤ ਢੁੱਕਵਾਂ ਧਿਆਨ ਨਹੀਂ ਮਿਲਿਆ; ਅਕਸਰ ਸਾਡੇ ਸਾਹਮਣੇ ਅਜਿਹੇ

ਵਾਕਿਆ ਆਉਂਦੇ ਹਨ ਜਦੋਂ ਵਿਗਿਆਨ ਤੇ ਅੰਕ ਗਣਿਤ ਦੇ ਅਧਿਆਪਕਾਂ ਕੋਲ ਵਿਗਿਆਨ ਦੀ ਪੇਸ਼ੇਵਰ ਯੋਗਤਾ ਹੀ ਨਹੀਂ ਸੀ।

ਸਿੱਖਿਆ ਦਾ ਅਧਿਕਾਰ ਐਕਟ ਉੱਚ ਪ੍ਰਾਇਮਰੀ ਜਮਾਤਾਂ ਲਈ ਵਿਸ਼ੇਸ਼ ਅਧਿਆਪਕਾਂ ਦੀ ਨਿਯੁਕਤੀ ਜ਼ਰੂਰੀ ਕਰਾਰ ਦਿੰਦਾ ਹੈ। ਪਰ, ਇਹ ਅਧੂਰਾ ਸੁਪਨਾ ਹੀ ਰਹਿ ਜਾਵੇਗਾ ਜੇ ਨੀਤੀਆਂ ਰਾਹੀਂ ਸੁਧਾਰਾਤਮਕ ਕਦਮ ਨਹੀਂ ਉਠਾਏ ਜਾਂਦੇ, ਜੇ ਸਾਰੇ ਪੱਧਰਾਂ ਉਤੇ ਵਿਗਿਆਨ ਦੀ ਸਿਖਲਾਈ ਨੂੰ ਦਿਲਚਸਪ ਨਹੀਂ ਬਣਾਇਆ ਜਾਂਦਾ ਅਤੇ ਛੋਟੀ ਉਮਰ ਤੋਂ ਹੀ ਵਿਸ਼ੇਸ਼ ਸਕੂਲੀ ਵਿਵਸਥਾਵਾਂ ਸਹਿਤ ਬੱਚਿਆਂ ਦੀ ਰੁਚੀ ਵਿਗਿਆਨ ਦੇ ਵਿਸ਼ੇ ਵੱਲ ਨਹੀਂ ਕੀਤੀ ਜਾਂਦੀ।

**ਦੇਸ਼ ਦੇ ਸਾਇੰਸ ਨਾਲ ਸੰਬੰਧਿਤ ਸਰਵੋਤਮ ਵਿਅਕਤੀਆਂ ਦਾ ਉੱਭਰ ਰਹੇ ਵਿਗਿਆਨ ਦੇ ਵਿਦਿਆਰਥੀਆਂ ਨਾਲ ਸੰਵਾਦ ਕਰਵਾਉਣਾ ਬਹੁਤ ਮਹੱਤਵਪੂਰਨ ਹੈ ਜਿਸ ਨਾਲ ਉਨ੍ਹਾਂ ਦੀ ਪਹੁੰਚ ਜਾਣਕਾਰੀ ਅਤੇ ਸ਼ੋਧ ਦੇ ਅਗਲੇਰੇ ਖੇਤਰਾਂ ਤਕ ਹੋ ਜਾਵੇਗੀ। ਅਜਿਹਾ ਸੰਭਵ ਤੌਰ ਤੇ ਉੱਚ ਵਿਗਿਆਨ ਅਤੇ ਤਕਨੀਕ ਦੇ ਸੰਸਥਾਨਾਂ ਜਿਵੇਂ ਆਈ ਆਈ ਟੀ ਅਤੇ ਆਈ ਆਈ ਐੱਸ ਈ ਆਰ ਅਤੇ ਵਿਗਿਆਨਕ ਸ਼ੋਧ ਪ੍ਰਯੋਗਸ਼ਾਲਾਵਾਂ ਨੂੰ ਇਸ ਵਿਚ ਸ਼ਾਮਿਲ ਕਰਕੇ ਸ਼ੁਰੂ ਕੀਤਾ ਜਾ ਸਕਦਾ ਹੈ ਜਿਸ ਤਹਿਤ ਇਨ੍ਹਾਂ ਸੰਸਥਾਨਾਂ ਨਾਲ ਜੁੜੇ ਜਾਂ ਇਨ੍ਹਾਂ ਦੇ ਆਸ-ਪਾਸ ਵਿਸ਼ੇਸ਼ ਸਕੂਲ ਸਥਾਪਤ ਕੀਤੇ ਜਾ ਸਕਦੇ ਹਨ ਤਾਂ ਕਿ ਇਨ੍ਹਾਂ ਸੰਸਥਾਨਾਂ ਦੇ ਸੀਨੀਅਰ ਪੇਸ਼ੇਵਰ ਸਕੂਲ ਪੱਧਰ ਉਤੇ ਵਿਗਿਆਨ ਦੀ ਪੜ੍ਹਾਈ ਵਿਚ ਸ਼ਾਮਲ ਹੋ ਸਕਣ**

## ਸਮਾਜ ਅਤੇ ਨਿੱਜੀ ਖੇਤਰ ਨੂੰ ਨਾਲ ਲਗਾਉਣ ਲਈ ਨਵਾਂ ਢਾਂਚਾ

ਪਿਛਲੇ ਦਹਾਕਿਆਂ ਵਿਚ ਬਹੁਤ ਸਾਰੀਆਂ ਗ਼ੈਰ-ਸਰਕਾਰੀ ਸਭਾਵਾਂ ਸਾਹਮਣੇ ਆਈਆਂ ਹਨ ਜੋ ਸਕੂਲੀ ਸਿੱਖਿਆ ਵਿਚ ਲੱਗੀਆਂ ਹੋਈਆਂ ਹਨ। ਆਮ ਤੌਰ ਤੇ ਇਹ ਸਭਾਵਾਂ ਸਮਾਜ ਨਾਲ ਮਿਲ ਕੇ ਕੰਮ ਕਰਦੀਆਂ ਹਨ ਅਤੇ ਜ਼ਮੀਨੀ ਹਕੀਕਤ ਨੂੰ ਧਿਆਨ ਵਿਚ ਰੱਖ ਕੇ ਕੰਮ ਕਰਦੀਆਂ ਹਨ। ਉਹ ਹਾਸ਼ੀਏ ਉਤੇ ਗਏ ਵਰਗਾਂ ਦੀ ਸਿੱਖਿਆ ਦੇ ਹੱਕ ਵਿਚ ਮਜਬੂਤ ਆਵਾਜ਼ ਬਣ ਕੇ ਉੱਭਰੀਆਂ ਹਨ। ਇਸੇ ਸਮੇਂ ਦੌਰਾਨ ਹੀ, ਕਾਰਪੋਰੇਟ ਜਗਤ ਵਲੋਂ ਵੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵੱਲ ਵਿਸ਼ੇਸ਼ ਦਿਲਚਸਪੀ ਦਿਖਾਈ ਜਾ ਰਹੀ ਹੈ। ਇਹ ਰਵਾਇਤੀ ਪਹੁੰਚ ਤੋਂ ਬਿਲਕੁਲ ਉਲਟ ਹੈ ਜਿਸ ਵਿਚ ਗਰੀਬਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਸਰਕਾਰੀ ਸਕੂਲ ਸਿਰਫ਼ ਸਰਕਾਰ ਦੀ ਹੀ ਜ਼ਿੰਮੇਵਾਰੀ ਹੁੰਦੇ ਹਨ। ਆਮ ਤੌਰ ਤੇ ਤਿੰਨ ਧਿਰਾਂ – ਸਰਕਾਰ, ਗ਼ੈਰ ਸਰਕਾਰੀ ਸੰਗਠਨ ਅਤੇ ਨਿੱਜੀ ਵਿਅਕਤੀਆਂ ਨੂੰ ਤਿੰਨ ਵੱਖ-ਵੱਖ ਤੌਰ ਤੇ ਵੇਖਿਆ ਗਿਆ ਹੈ। ਸਮਾਂ ਆ ਗਿਆ ਹੈ ਇਕ ਵਿਆਪਕ ਨੀਤੀ ਦੇ ਨਿਰਮਾਣ ਦਾ ਤਾਂ ਕਿ ਸਾਂਝੀ ਧਰਾਤਲ ਲੱਭ ਕੇ ਅਜਿਹੀ ਸਮੁੱਚੀ ਨੀਤੀ ਬਣਾਈ ਜਾਵੇ ਜਿਸ ਵਿਚ ਸਰਕਾਰ, ਗ਼ੈਰ ਸਰਕਾਰੀ ਸੰਗਠਨ ਅਤੇ ਨਿੱਜੀ ਸਕੂਲ, ਆਪਸੀ ਮਦਦ ਵਾਲੇ ਤਰੀਕੇ ਨਾਲ, ਸਿੱਖਿਆ ਦੇ ਖੇਤਰ ਵਿਚ ਸਾਂਝੇਦਾਰੀ ਦਾ ਸਬੂਤ ਦੇਣ ਨਾ ਕਿ ਵੱਖ-ਵੱਖ ਡਫਲੀਆਂ ਵਜਾਉਣ। ਨਿਸ਼ਚੇ ਹੀ, ਸਰਕਾਰ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣੀ ਪਵੇਗੀ ਕਿਉਂਕਿ ਬਾਜ਼ਾਰ ਦੀਆਂ ਤਾਕਤਾਂ ਭਿੰਨਤਾ ਅਤੇ ਬਰਾਬਰੀ ਪ੍ਰਤਿ ਸੰਵੇਦਨਸ਼ੀਲ ਨਹੀਂ ਹੋਣਗੀਆਂ ਨਾ ਹੀ ਉਨ੍ਹਾਂ ਨੂੰ ਸਥਿਰਤਾ ਦੀਆਂ ਚਿੰਤਾਵਾਂ ਨਾਲ ਕੋਈ ਸਰੋਕਾਰ ਹੋਵੇਗਾ।

## ਸਿੱਟਾ

ਭਾਰਤ ਵਰਗੇ ਦੇਸ਼ ਲਈ ਇਕ ਨਵੀਂ ਨੀਤੀ ਦਾ ਨਿਰਮਾਣ ਕਰਨਾ ਵਾਕਈ ਇਕ ਮੁਸ਼ਕਿਲ ਕੰਮ ਹੈ। ਸਿੱਖਿਆ ਦਾ ਅਧਿਕਾਰ ਐਕਟ ਵਿਚ ਦਿੱਤੇ 'ਹੱਕਾਂ ਦੇ ਦ੍ਰਿਸ਼ਟੀਕੋਣ' ਨੇ ਇਸ ਮੁਸ਼ਕਿਲ ਕਾਰਜ ਵਿਚ ਅੱਗੇ ਵਧਣ ਦੀ ਸ਼ੁਰੂਆਤ ਕਰ ਦਿੱਤੀ ਹੈ। ਬਰਾਬਰੀ ਦੇ ਹੱਕਾਂ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਅਨੁਭਵ ਸਾਂਝੇ ਕਰਨ ਅਤੇ ਗ਼ੈਰ ਬਰਾਬਰੀ ਦੀ ਦਰ ਨੂੰ ਘੱਟ ਕਰਨ ਦੀ ਲੋੜ ਹੈ। ਅਜਿਹੇ ਸੰਸਥਾਨਾਂ ਬਾਰੇ ਸੋਚਣਾ ਜ਼ਰੂਰੀ ਹੈ ਜੋ ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਵਿਚ ਮਦਦ ਕਰਦੇ ਹਨ ਜਾਂ ਰੁਕਾਵਟ ਬਣਦੇ ਹਨ। ਗ਼ੈਰ ਬਰਾਬਰੀ ਉਤੇ ਲਗਾਤਾਰ ਕਾਬੂ ਨਾ ਪਾਉਣ ਦੀ ਅਸਮਰਥਾ ਨਾਲ ਸਮਾਜ ਵਿਚ ਸਮਝ ਤੋਂ ਬਾਹਰ ਅਨੁਭਵਾਂ ਦੀ ਵੱਡੀ ਗਿਣਤੀ ਪੈਦਾ ਹੋ ਜਾਵੇਗੀ। ਇਕ ਅਜਿਹਾ ਸਮਾਜ, ਜਿਸ ਵਿਚ ਗ਼ੈਰ ਬਰਾਬਰੀ ਬਹੁਤ ਜ਼ਿਆਦਾ ਹੈ, ਅਜਿਹਾ ਹੁੰਦਾ ਹੈ ਜਿਸ ਦੇ ਮੈਂਬਰ ਆਪਸ ਵਿਚ ਬਹੁਤ ਘੱਟ ਗੱਲਾਂ ਸਾਂਝੀਆਂ ਕਰਦੇ ਹਨ। ਉਹ ਇਕ ਦੂਜੇ ਦੇ ਦਾਅਵਿਆਂ ਅਤੇ ਸ਼ਿਕਾਇਤਾਂ ਨੂੰ ਨਹੀਂ ਸਮਝ ਸਕਦੇ ਅਤੇ ਡਰਦੇ ਹਨ ਕਿ ਦੂਜਿਆਂ ਦੇ ਦਾਅਵਿਆਂ ਨੂੰ ਮੰਨਣਾ, ਜੋ ਬਹੁਤ ਅਲੱਗ ਹਨ, ਉਨ੍ਹਾਂ ਦੀ ਆਪਣੀ ਕੀਮਤ ਉਤੇ ਹੋਵੇਗਾ। ਨਵੀਂ ਸਿੱਖਿਆ ਨੀਤੀ ਵਿਚ ਕਦਰਾਂ-ਕੀਮਤਾਂ ਅਤੇ ਸਿੱਖਣ ਦੀ ਨੈਤਿਕਤਾ ਦੀ ਇਕ ਨਵੀਂ, ਦੁਨੀਆਂ ਦਾ ਸੁਪਨਾ ਸਿੱਖਿਆ ਪ੍ਰਾਪਤ ਕਰਨ ਅਤੇ ਇਕੱਠੇ ਰਹਿਣ ਲਈ ਦੇਖਣਾ ਪਵੇਗਾ। ਜੇ ਅਜਿਹੀ ਨੀਤੀ ਠੋਸ ਹੋਵੇ, ਨਾਂ ਕਿ ਸਿਰਫ਼ ਭਾਸ਼ਣਬਾਜ਼ੀ, ਤਾਂ ਇਹ ਸਾਂਝੀਆਂ ਕਦਰਾਂ-ਕੀਮਤਾਂ ਅਤੇ ਸੱਭਿਆਚਾਰਕ, ਭਾਸ਼ਾਈ ਅਤੇ ਆਰਥਿਕ ਸੰਦਰਭ ਦੀ ਵਿਸ਼ਾਲ ਦੁਨੀਆਂ ਵਿਚ ਰਹਿਣ ਵਾਲੇ ਲੋਕਾਂ ਦੇ ਅਨੁਭਵਾਂ ਉਤੇ ਅਧਾਰਤ ਹੋਣਾ ਚਾਹੀਦਾ ਹੈ। ਅਸਲ ਵਿਚ, ਦੇਸ਼ ਭਰ ਵਿਚ ਸਿੱਖਿਆ ਦੇ ਹੱਕ ਵਿਚ ਬੇਮਿਸਾਲ ਉਭਾਰ ਹੀ ਹੈ ਜੋ ਭਵਿੱਖ ਲਈ ਆਸ ਦੀ ਕਿਰਨ ਜਗਾਉਂਦਾ ਹੈ। ਭਵਿੱਖ ਦੀ ਨੀਤੀ ਇਸ ਆਸ ਅਤੇ ਇੱਛਾ ਉਤੇ ਉਸਾਰਨੀ ਹੋਵੇਗੀ।

*(ਲੇਖਕ ਉੱਘਾ ਪ੍ਰੋਫੈਸਰ ਅਤੇ ਕੌਂਸਲ ਫਾਰ ਸੋਸ਼ਲ ਡਿਵੈਲਪਮੈਂਟ ਵਿਖੇ ਆਈ ਸੀ ਐੱਸ ਐੱਸ ਆਰ ਰਾਸ਼ਟਰੀ ਫੈਲੋ ਹੈ।)*

*e-mail :aar.govinda@gmail.com*

ਵਿਚਾਰ

- ਸਿੱਖਿਆ ਰਾਸ਼ਟਰ ਦੀ ਸਹੀ ਸੁਰੱਖਿਆ ਹੈ।

  – ਬਰਕ
- ਨੌਜਵਾਨਾਂ ਦੀ ਸਿੱਖਿਆ ਉੱਤੇ ਹੀ ਰਾਜਾਂ ਦੀ ਤਕਦੀਰ ਨਿਰਭਰ ਹੈ।

  – ਅਰਸਤੂ
- ਜੀਵਨ ਨੂੰ ਸਫਲ ਬਣਾਉਣ ਲਈ ਸਿੱਖਿਆ ਦੀ ਲੋੜ ਹੈ, ਡਿਗਰੀ ਦੀ ਨਹੀਂ।

  – ਮੁ. ਪ੍ਰੇਮ ਚੰਦ
- ਸੰਸਾਰ ਵਿਚ ਜਿੰਨੀਆਂ ਵੀ ਪ੍ਰਾਪਤੀਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਡੀ ਪ੍ਰਾਪਤੀ ਸਿੱਖਿਆ ਹੈ। – ਨਿਰਾਲਾ

# ਸਿੱਖਿਆ ਦਾ ਵਿੱਤੀਕਰਨ

ਜੰਧਿਆਲਾ ਬੀ.ਜੀ. ਤਿਲਕ

ਸਿੱਖਿਆ ਬਾਰੇ ਪਹਿਲੀ ਰਾਸ਼ਟਰੀ ਨੀਤੀ, ਆਜ਼ਾਦ ਭਾਰਤ ਵਿਚ ਵਿਕਾਸ ਦੀ ਯੋਜਨਾਬੰਦੀ ਤੋਂ ਠੀਕ 18 ਸਾਲ ਬਾਅਦ, 1968 ਵਿਚ ਬਣਾਈ ਗਈ ਸੀ। ਇਸ ਤੋਂ ਠੀਕ 18 ਸਾਲ ਉਪਰੰਤ 1986 ਵਿਚ ਦੂਜੀ ਰਾਸ਼ਟਰੀ ਸਿੱਖਿਆ ਨੀਤੀ ਬਣਾਈ ਗਈ ਜਿਸ ਵਿਚ 1992 ਦੇ ਵਰ੍ਹੇ ਅੰਦਰ ਮਾਮੂਲੀ ਬਦਲਾਅ ਕੀਤਾ ਗਿਆ। ਪਿਛਲੇ ਕੁਝ ਸਾਲਾਂ ਦੌਰਾਨ ਸਿੱਖਿਆ ਬਾਰੇ ਨਵੀਂ ਰਾਸ਼ਟਰੀ ਨੀਤੀ ਦੀ ਲੋੜ, ਵਿਕਾਸ ਦੇ ਸਾਰੇ ਪਹਿਲੂਆਂ ਵਿਚ ਆਮ ਕਰਕੇ ਅਤੇ ਸਿੱਖਿਆ ਖੇਤਰ ਵਿਚ ਖ਼ਾਸ ਕਰਕੇ ਵੱਡੇ ਬਦਲਾਵਾਂ ਦੇ ਮੱਦੇ ਨਜ਼ਰ, ਲਗਾਤਾਰ ਮਹਿਸੂਸ ਕੀਤੀ ਜਾ ਰਹੀ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ, ਨਵੀਂ ਨੀਤੀ ਦੀ ਅਣਹੋਂਦ ਵਿਚ, ਸਿੱਖਿਆ ਖੇਤਰ ਵਿਚ ਬਦਲਾਅ ਕਾਰਜਕਾਰੀ ਹੁਕਮਾਂ ਅਤੇ ਗ਼ੈਰ-ਤਾਲਮੇਲ ਵਾਲੀਆਂ ਪਹਿਲਕਦਮੀਆਂ ਦੁਆਰਾ ਅਮਲ ਵਿਚ ਲਿਆਂਦੇ ਗਏ। ਸ਼ਾਸਨ ਵਿਚ ਆਉਣ ਦੇ ਤੁਰੰਤ ਬਾਅਦ ਨਵੀਂ ਸਰਕਾਰ ਵਲੋਂ ਸੰਕੇਤ ਦਿੱਤਾ ਗਿਆ ਕਿ ਸਿੱਖਿਆ ਬਾਰੇ ਨਵੀਂ ਨੀਤੀ ਲਿਆਂਦੀ ਜਾਵੇਗੀ। ਇਸ ਸਾਰੇ ਕੁਝ ਦੇ ਸੰਦਰਭ ਵਿਚ, ਸਿੱਖਿਆ ਦੇ ਵਿੱਤੀਕਰਨ ਨਾਲ ਸੰਬੰਧਿਤ ਕੁਝ ਨੀਤੀਗਤ ਮਸਲਿਆਂ ਦਾ ਧਿਆਨ ਪੂਰਵਕ ਅਧਿਐਨ ਕਰਨ ਦੀ ਜ਼ਰੂਰਤ ਹੈ। ਕਿਉਂਕਿ ਇਹ ਵਿਆਪਕ ਤੌਰ ਤੇ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਖੇਤਰ ਲਈ ਵਿੱਤ ਨਾ ਕੇਵਲ ਅਹਿਮ ਭੂਮਿਕਾ ਨਿਭਾਉਂਦੇ ਹਨ ਸਗੋਂ ਇਹ ਸਰਕਾਰ ਦੀਆਂ ਪਹਿਲਾਂ ਵੱਲ ਵੀ ਇਸ਼ਾਰਾ ਕਰਦੇ ਹਨ।

ਸਿੱਖਿਆ ਨੂੰ ਇਕ ਅਹਿਮ ਜਨਤਕ ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਸਮਾਜ ਲਈ ਇਸ ਦੇ ਲਾਭ ਵੰਨ-ਸੁਵੰਨੇ, ਵਿਕਾਸ ਦੇ ਵਿਆਪਕ ਖੇਤਰਾਂ ਵਿਚ ਫ਼ੈਲੇ, ਲੰਬੇ ਸਮੇਂ ਦੇ ਹੁੰਦੇ ਹਨ ਜੋ ਪੀੜ੍ਹੀ ਦਰ ਪੀੜ੍ਹੀ ਜਾਰੀ ਰਹਿੰਦੇ ਹਨ। ਵਿਕਾਸ ਨਾਲ ਸਿੱਧੇ ਸੰਬੰਧਿਤ ਹੋਣ ਕਰਕੇ, ਸਭ ਤੋਂ ਜ਼ਿਆਦਾ ਅਹਿਮ ਇਸ ਵਲੋਂ ਪੈਦਾ ਕੀਤੇ ਆਕਾਰ ਦੇ ਚਲਦਿਆਂ, ਦੁਨੀਆਂ ਦੇ ਸਭ ਤੋਂ ਵੱਧ ਵਿਕਸਤ ਅਤੇ ਆਧੁਨਿਕ ਸਮਾਜ ਵਿਚ ਸਿੱਖਿਆ ਲਈ ਰਾਜਕੀ ਵਿੱਤੀਕਰਨ ਸਭ ਤੋਂ ਅਹਿਮ ਤਰੀਕਾ ਰਿਹਾ ਹੈ।

**ਇਤਿਹਾਸਕ ਸਬੂਤ ਅਤੇ ਸਮਕਾਲੀ ਤਜਰਬੇ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ। ਯੂਨੈਸਕੋ ਜਨਤਕ ਸੇਵਾ ਦੇ ਢਾਂਚੇ ਤੋਂ ਅਗਾਂਹ ਜਾ ਕੇ ਸਿੱਖਿਆ ਨੂੰ ਇਕ 'ਆਮ' ਵਸਤੂ ਦੇ ਤੌਰ ਤੇ ਵੇਖਣ ਦੀ ਵਕਾਲਤ ਕਰਦੀ ਹੈ। ਸਿੱਖਿਆ ਦਾ ਜਨਤਕ ਵਿੱਤੀਕਰਨ ਇਸ ਦੇ ਜਨਤਕ ਸੇਵਾ ਦੇ ਚਰਿੱਤਰ ਦੀ ਸੁਰੱਖਿਆ ਅਤੇ ਪਾਲਣ-ਪੋਸ਼ਣ, ਸਿੱਖਿਆ ਦਾ ਬਰਾਬਰੀ ਵਾਲਾ ਪਸਾਰ ਕਰਦਾ ਹੈ ਅਤੇ ਰਾਸ਼ਟਰੀ ਵਿਕਾਸ ਜ਼ਰੂਰਤਾਂ ਦੀ ਪੂਰਤੀ ਲਈ ਵਿਸ਼ਾਲ ਸੰਭਾਵਨਾਵਾਂ ਪੇਸ਼ ਕਰਦਾ ਹੈ ਜੋ ਸਾਰੇ ਨਾਗਰਿਕਾਂ ਦੇ ਆਮ ਹਿੱਤਾਂ ਨੂੰ, ਇਕ ਸਾਂਝੀ ਵਸਤੂ ਦੇ ਤੌਰ ਤੇ ਉਤਸ਼ਾਹਿਤ ਕਰਦਾ ਹੈ।**

ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਰਕਾਰ ਸਿੱਖਿਆ ਦੇ ਖੁੱਲ੍ਹੇ ਦਿੱਲ ਨਾਲ ਵਿੱਤੀਕਰਨ ਦੀ ਪੱਕੀ ਵਚਨਬਧਤਾ ਕਰੇ। ਇਹ ਬਾਰ-ਬਾਰ ਦੁਹਰਾਇਆ ਜਾਂਦਾ ਹੈ ਕਿ ਅਸੀਂ ਕੁੱਲ ਘਰੇਲੂ ਉਤਪਾਦ ਦਾ 6 ਪ੍ਰਤਿਸ਼ਤ ਸਿੱਖਿਆ 'ਤੇ ਖਰਚ ਕਰਦੇ ਹਾਂ, ਜਿਵੇਂ ਕਿ ਸਿੱਖਿਆ ਬਾਰੇ 1968 ਦੀ ਰਾਸ਼ਟਰੀ ਨੀਤੀ ਵਿਚ ਫ਼ੈਸਲਾ ਲਿਆ ਗਿਆ ਸੀ। ਜਦ ਕਿ ਇਸ ਟੀਚੇ 'ਤੇ ਦੁਬਾਰਾ ਧਿਆਨ ਦੇਣ ਦੀ ਲੋੜ ਹੈ, ਨਜ਼ਦੀਕੀ ਭਵਿੱਖ ਵਿਚ ਇਸ ਨੂੰ ਘੱਟੋ-ਘੱਟ ਉਦੇਸ਼ ਦੇ ਤੌਰ ਤੇ ਵੇਖਿਆ ਜਾਣਾ ਚਾਹੀਦਾ ਹੈ। ਵਸੀਲੇ, ਸਰਕਾਰ ਦੇ ਆਮ ਅਤੇ ਵਿਸ਼ੇਸ਼ ਕਰਾਂ (ਜਿਵੇਂ ਸਿੱਖਿਆ ਸੈੱਸ) ਅਤੇ ਗ਼ੈਰ ਕਰ ਮਾਲੀਏ (ਕੇਂਦਰ ਅਤੇ ਰਾਜ ਪੱਧਰ) ਤੋਂ ਆਉਣੇ ਚਾਹੀਦੇ ਹਨ। ਕੇਂਦਰ ਤੇ ਰਾਜ ਸਰਕਾਰਾਂ ਨੂੰ ਗੰਭੀਰਤਾ ਨਾਲ ਕੁੱਲ ਘਰੇਲੂ ਉਤਪਾਦ ਦਾ 6 ਪ੍ਰਤਿਸ਼ਤ ਸਿੱਖਿਆ 'ਤੇ ਖਰਚ ਕਰਨ ਬਾਰੇ ਜ਼ਿੰਮੇਵਾਰੀ ਚੁੱਕਣੀ ਚਾਹੀਦੀ ਹੈ।

ਜ਼ਿੰਮੇਵਾਰੀਆਂ ਸਾਂਝੀਆਂ ਕਰਨ ਦੀ ਇਕ ਢੁੱਕਵਾਂ ਅਤੇ ਸਪੱਸ਼ਟ ਤਰੀਕਾ ਹੋਣਾ ਚਾਹੀਦਾ ਹੈ, ਜੋ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਸਿੱਖਿਆ ਦੇ ਵਿੱਤੀਕਰਨ ਨਾਲ ਸੰਬੰਧਿਤ ਹੈ। ਭਾਵੇਂ ਕਿ ਪਿਛਲੇ ਸਾਲਾਂ ਵਿਚ ਕੇਂਦਰ ਸਰਕਾਰ ਨੇ ਸਿੱਖਿਆ ਲਈ ਫੰਡ ਵਿਚ ਵਾਧਾ ਕੀਤਾ ਹੈ, ਪਰ ਬਹੁਤ ਸਾਰੀਆਂ ਰਾਜ ਸਰਕਾਰਾਂ ਸਿੱਖਿਆ ਬਾਰੇ ਹਿੱਸੇਦਾਰੀ ਵਧਾਉਣ ਤੋਂ ਅਸਮਰੱਥ ਰਹੀਆਂ ਹਨ। ਪਸਾਰ (ਗੁਣਵੱਤਾ ਦੇ ਟੀਚੇ ਜਿਵੇਂ ਸਭ ਲਈ ਪ੍ਰਾਇਮਰੀ ਤੇ ਸੈਕੰਡਰੀ ਸਿੱਖਿਆ, ਉੱਚ ਸਿੱਖਿਆ ਵਿਚ 30 ਪ੍ਰਤਿਸ਼ਤ ਕੁੱਲ ਦਾਖ਼ਲਾ ਅਨੁਪਾਤੀ, ਤਕਨੀਕੀ, ਕਿੱਤਾਮੁਖੀ, ਅਤੇ ਨੌਜਵਾਨਾਂ ਵਿਚ ਦੂਜੇ ਹੁਨਰਾਂ ਦਾ ਵਿਕਾਸ, ਕਮਜ਼ੋਰ ਵਰਗਾਂ ਦੀ ਸਿੱਖਿਆ ਤਕ ਪਹੁੰਚ ਵਿਚ ਸੁਧਾਰ, ਸਕੂਲ ਪੱਧਰ 'ਤੇ ਸਵੀਕ੍ਰਿਤ ਪੱਧਰ ਤਕ ਸਿੱਖਣ ਦੇ ਪੱਧਰ ਵਿਚ ਸੁਧਾਰ, ਸਕੂਲ ਪੱਧਰ 'ਤੇ ਸਵੀਕ੍ਰਿਤ ਪੱਧਰ ਤਕ ਸਿੱਖਣ ਦੇ ਪੱਧਰ ਵਿਚ ਸੁਧਾਰ ਅਤੇ ਉੱਚ ਸਿੱਖਿਆ ਵਿਚ ਉੱਚੇ ਪੱਧਰ ਨੂੰ ਉਤਸ਼ਾਹਿਤ ਕਰਨ ਜਿਹੇ ਟੀਚਿਆਂ ਨੂੰ ਧਿਆਨ ਵਿਚ ਰੱਖਦਿਆਂ ਸਿੱਖਿਆ ਖੇਤਰਾਂ ਲਈ ਢੁੱਕਵੇਂ ਵਿੱਤੀਕਰਨ ਦੀ ਲੋੜ ਹੈ। ਨਵੇਂ ਸਕੂਲ, ਯੂਨੀਵਰਸਿਟੀਆਂ ਅਤੇ ਕਾਲਜਾਂ ਨਾਲ ਸੈਕੰਡਰੀ ਅਤੇ ਉੱਚ ਸਿੱਚਿਆ ਦਾ ਹੋਰ ਪਸਾਰ ਕਰਨ ਤੋਂ

ਪਹਿਲਾਂ, ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਮੌਜੂਦਾ ਸੰਸਥਾਨਾਂ ਨੂੰ ਚੰਗੇ ਤਰੀਕੇ ਨਾਲ ਵਿਕਸਤ ਕੀਤਾ ਜਾਵੇ ਅਤੇ ਨਾ ਕੇਵਲ ਵਿੱਤੀ ਸਾਧਨਾਂ ਸਗੋਂ ਭੌਤਿਕ ਅਤੇ ਮਨੁੱਖੀ ਸਾਧਨਾਂ ਦੇ ਮਾਮਲੇ ਵਿਚ ਵੀ ਇਨ੍ਹਾਂ ਨੂੰ ਪੱਕਾ ਕੀਤਾ ਜਾਵੇ।

**ਸਿੱਖਿਆ ਦੀ ਗੁਣਵੱਤਾ ਨੂੰ ਉਤਸ਼ਾਹਿਤ ਕਰਨ ਲਈ ਅਧਿਆਪਕ ਸਿਖਲਾਈ, ਉਨ੍ਹਾਂ ਦੇ ਸਿੱਖਣ ਲਈ ਸਮੱਗਰੀ ਜਿਸ ਵਿਚ ਰਵਾਇਤੀ ਅਤੇ ਆਧੁਨਿਕ ਤਕਨੀਕ ਆਧਾਰਤ ਸਾਜ਼-ਸਮਾਨ, ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਵਿਸ਼ਵ-ਵਿਦਿਆਲਿਆਂ ਅਤੇ ਦੂਜੇ ਉੱਚ ਸਿੱਖਿਆ ਸੰਸਥਾਨਾਂ ਵਿਚ ਉੱਚ ਪੱਧਰ ਦੀਆਂ ਸ਼ੋਧ ਸਹੂਲਤਾਂ ਸ਼ਾਮਿਲ ਹਨ, ਲਈ ਵੱਡੀ ਮਾਤਰਾ ਵਿਚ ਵਸੀਲਿਆਂ ਦੀ ਵੰਡ ਬਹੁਤ ਜ਼ਰੂਰੀ ਹੈ। ਉੱਚ ਸਿੱਖਿਆ ਲਈ ਬਜਟ ਵਿਵਸਥਾਵਾਂ ਦਾ ਵਾਜਬ ਅਨੁਪਾਤ ਖੋਜ ਤੇ ਵਜ਼ੀਫਿਆਂ ਲਈ ਰਾਖਵਾਂ ਕਰਨ ਦੀ ਲੋੜ ਹੈ ਤਾਂ ਕਿ ਬਰਾਬਰੀ ਅਤੇ ਯੋਗਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਸਿੱਖਿਆ ਸੰਸਥਾਨਾਂ ਲਈ ਪੈਸੇ ਦੀ ਆਮਦ ਵੱਖ-ਵੱਖ ਸੰਸਥਾਨਾਂ ਦੀਆਂ ਭਿੰਨ ਜ਼ਰੂਰਤਾਂ ਦੇ ਹਿਸਾਬ ਨਾਲ ਕਰਨ ਦੀ ਲੋੜ ਹੈ ਤਾਂ ਕਿ ਜੋ ਇਕ ਪਾਸੇ ਉਨ੍ਹਾਂ ਦੀਆਂ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਕੀਤੀ ਜਾ ਸਕੇ ਅਤੇ ਦੂਜੇ ਪਾਸੇ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾਵੇ।**

ਕਿਉਂਕਿ ਸਿੱਖਿਆ, ਜਿਸ ਵਿਚ ਸਮਾਜ ਦੇ ਅਮੀਰ ਵਰਗਾਂ ਦੀ ਉੱਚ ਸਿੱਖਿਆ ਸ਼ਾਮਿਲ ਹੈ ਸਾਰੇ ਸਮਾਜ ਲਈ ਵੱਖ-ਵੱਖ ਸਮਾਜਿਕ ਲਾਭ ਪੈਦਾ ਕਰਦੀ ਹੈ, ਤਾਂ ਮੋਟੇ ਤੌਰ ਤੇ ਵਿਦਿਆਰਥੀਆਂ ਦੀ ਫੀਸ ਜਾਂ ਕਰਜ਼ੇ ਦੇ ਹੱਕ ਵਿਚ ਦਲੀਲ ਦੇਣ ਦੀ ਕੋਈ ਲੋੜ ਨਹੀਂ, ਖ਼ਾਸ ਕਰਕੇ ਉੱਚ ਸਿੱਖਿਆ ਦੇ ਵਿਚ। ਵਿਸ਼ਵਵਿਦਿਆਲਾ ਅਨੁਦਾਨ ਆਯੋਗ (ਯੂ ਜੀ ਸੀ) ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਵਲੋਂ ਪਹਿਲਾਂ ਗਠਿਤ ਕਮੇਟੀਆਂ ਵਲੋਂ ਇਨ੍ਹਾਂ ਸੰਸਥਾਨਾਂ ਵਲੋਂ ਬਜਟ ਲੋੜ ਦਾ 20 ਪ੍ਰਤਿਸ਼ਤ ਵਿਦਿਆਰਥੀਆਂ ਦੀਆਂ ਫੀਸਾਂ ਅਤੇ ਦੂਜੇ ਸਰੋਤਾਂ ਤੋਂ ਜੁਟਾਉਣ ਦੀ ਆਗਿਆ ਦੇਣ ਦਾ ਸੁਝਾਅ ਦਿੱਤਾ ਗਿਆ ਸੀ। ਸਿੱਖਿਆ ਬਾਰੇ ਕੇਂਦਰੀ ਸਲਾਹਕਾਰ ਬੋਰਡ (2005) ਨੇ ਸੁਝਾਅ ਦਿੱਤਾ ਹੈ ਕਿ ਇਸ 20 ਪ੍ਰਤਿਸ਼ਤ ਨੂੰ ਉੱਚ ਸੀਮਾ ਵਜੋਂ ਵੇਖਿਆ ਜਾਵੇ ਤਾਂ ਕਿ ਉੱਚ ਸਿੱਖਿਆ ਦੀ ਬਰਾਬਰੀ ਵਾਲੀ ਧਾਰਨਾਂ ਨਾਲ ਕੋਈ ਸਮਝੌਤਾ ਨਾ ਹੋਵੇ। ਸਕੂਲੀ ਸਿੱਖਿਆ ਦੇ ਮਾਮਲੇ ਵਿਚ ਸਿੱਖਿਆ ਦੇ ਅਧਿਕਾਰ ਐਕਟ ਦੀ ਜ਼ਰੂਰਤ ਹੈ ਕਿ ਮੁਢਲੀ ਸਿੱਖਿਆ ਅਸਲ ਵਿਚ ਸਭ ਨੂੰ ਮੁਫਤ ਪ੍ਰਦਾਨ ਕੀਤੀ ਜਾਵੇ ਅਤੇ ਪਬਲਿਕ ਸਕੂਲਾਂ ਵਿਚ ਵੀ ਫੀਸ ਵਸੂਲ ਨਾ ਕੀਤੀ ਜਾਵੇ। ਇਸੇ ਤਰ੍ਹਾਂ ਹੀ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਪੱਧਰ ਤਕ ਸਿੱਖਿਆ ਦਾ ਅਧਿਕਾਰ ਲਾਗੂ ਕਰਨ ਲਈ ਅਨੁਕੂਲ ਦਲੀਲਾਂ ਮੌਜੂਦ ਹਨ। ਦੁਨੀਆਂ ਦੇ ਆਧੁਨਿਕ ਖਿੱਤਿਆਂ ਵਿਚ ਸਭ ਲਈ ਸਿੱਖਿਆ ਅਤੇ ਉੱਚ ਗੁਣਵੱਤਾ ਵਾਲੀਆਂ ਸਿੱਖਿਆ ਪ੍ਰਣਾਲੀਆਂ ਵਿਕਸਤ ਕੀਤੀਆਂ ਗਈਆਂ ਹਨ ਜਿਥੇ ਸਕੂਲੀ ਸਿੱਖਿਆ ਲਈ ਵਿੱਤੀਕਰਨ ਵਿਸ਼ੇਸ਼ ਤੌਰ ਤੇ ਸਰਕਾਰ ਵਲੋਂ ਮੁਹੱਈਆ ਕਰਵਾਇਆ ਜਾਂਦਾ ਹੈ। ਉੱਚ ਸਿੱਖਿਆ ਦੇ ਮਾਮਲੇ ਵਿਚ ਪੈਸਾ, ਭਾਰੀ ਜਨਤਕ ਵਿੱਤੀਕਰਨ ਤੋਂ ਜੁਟਾਇਆ ਜਾਂਦਾ ਹੈ ਜਿਸ ਵਿਚ ਵੱਡੇ ਪੱਧਰ 'ਤੇ ਸਮਾਜ ਵਲੋਂ ਪੈਸਾ ਮੁਹੱਈਆ ਕਰਵਾਇਆ ਜਾਂਦਾ ਹੈ, ਖ਼ਾਸ ਕਰਕੇ ਪਰਉਪਕਾਰੀ ਦਾਨ ਅਤੇ ਸਹਿਕਾਰੀ ਖੇਤਰ ਅਤੇ ਨਿੱਜੀ ਦਾਨ ਦੇ ਰੂਪ ਵਿਚ, ਜਿਸ ਵਿਚ ਪੁਰਾਣੇ ਵਿਦਿਆਰਥੀ ਵੀ ਸ਼ਾਮਿਲ ਹੁੰਦੇ ਹਨ। ਉੱਚ ਸਿੱਖਿਆ ਖੇਤਰ ਵਿਚ ਵਿਦਿਆਰਥੀਆਂ ਕੋਲੋਂ ਵਸੂਲੀ ਜਾਣ ਵਾਲੀ ਫੀਸ ਪੈਸੇ ਦਾ ਇਕ ਬਹੁਤ ਛੋਟਾ ਜਿਹਾ ਸਰੋਤ ਹੁੰਦਾ ਹੈ। ਭਾਰਤ ਵਿਚ ਇਕ ਅਜਿਹਾ ਢਾਂਚਾ ਵਿਕਸਤ ਕਰਨ ਦੀ ਲੋੜ ਹੈ ਜੋ ਪੈਸੇ ਦੇ ਲਾਪਤਾ ਸਰੋਤਾਂ ਨੂੰ ਉਤਸ਼ਾਹਿਤ ਕਰੇ – ਗ਼ੈਰ ਸਰਕਾਰੀ ਅਤੇ ਗ਼ੈਰ ਵਿਦਿਆਰਥੀ ਖੇਤਰ, ਮਤਲਬ ਪਰਉਪਕਾਰੀ ਖੇਤਰ। ਇਸ ਦੇ ਨਾਲ ਹੀ ਸਹਿਕਾਰੀ ਸਮਾਜਿਕ ਜ਼ਿੰਮੇਵਾਰੀ ਐਕਟ ਕੁਝ ਵਿਵਸਥਾਵਾਂ ਨੂੰ ਸਿੱਖਿਆ ਖੇਤਰ ਨਾਲ ਜੋੜਨ, ਸਿੱਖਿਆ ਲਈ ਨਿੱਜੀ ਅਤੇ ਕਾਰਪੋਰੇਟ ਦਾਨ ਨੂੰ ਉਤਸ਼ਾਹਿਤ ਕਰਨ ਲਈ ਨਵੀਨਤਮ ਤਰੀਕੇ ਖੋਜਣ ਦੀ ਲੋੜ ਹੈ। ਇਹ ਵੇਖਣਾ ਵੀ ਜ਼ਰੂਰੀ ਹੈ ਕਿ ਗ਼ੈਰ ਪਰਉਪਕਾਰੀ ਅਤੇ ਮੁਨਾਫ਼ੇ ਦੀ ਝਾਕ ਰੱਖਣ ਵਾਲੇ ਨਿੱਜੀ ਖੇਤਰ ਨੂੰ ਸਰਕਾਰ ਵਲੋਂ ਅਜਿਹੇ ਸੰਸਥਾਨਾਂ ਵਿਚ ਸਿੱਖਿਆ ਭਾਵੇਂ ਗੁਣਵੱਤਾ ਪੱਖੋਂ ਵਧੀਆ ਵੀ ਹੋਵੇ, ਪਰ ਇਹ ਕਦਰਾਂ ਕੀਮਤਾਂ ਵਾਲੇ ਰਾਸ਼ਟਰ ਨਿਰਮਾਣ ਵਿਚ ਮਦਦਗਾਰ ਨਹੀਂ ਹੋਵੇਗੀ। ਇਸੇ ਤਰ੍ਹਾਂ ਹੀ, ਸਿੱਖਿਆ ਦੇ ਖੇਤਰ ਵਿਚ ਜਨਤਕ-ਨਿੱਜੀ ਭਾਈਵਾਲੀ ਦਾ ਮਾਡਲ ਲਾਗੂ ਕਰਨ ਬਾਰੇ ਵੀ ਬਹੁਤ ਹੀ ਸਾਵਧਾਨ ਰਹਿਣ ਦੀ ਲੋੜ ਹੈ। ਅਜਿਹੇ ਮਾਡਲ ਬੁਨਿਆਦੀ ਢਾਂਚੇ ਅਤੇ ਦੂਜੇ ਖੇਤਰਾਂ ਲਈ ਤਾਂ ਭਾਵੇਂ ਲਾਹੇਵੰਦ ਹੋਣ, ਪਰ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਸਿੱਖਿਆ ਕਾਰਜਾਂ ਨੂੰ ਵੇਖਦਿਆਂ ਜ਼ਰੂਰੀ ਨਹੀਂ ਇਹ ਸਿੱਖਿਆ ਦੇ ਮਾਮਲੇ ਵਿਚ ਵੀ ਤਸੱਲੀਬਖ਼ਸ਼ ਹੋਣ। ਸੰਖੇਪ ਵਿਚ, ਬਹੁਤ ਸਾਰੇ ਵਿਕਸਤ ਦੇਸ਼ਾਂ ਦੇ ਇਤਿਹਾਸਕ ਅਤੇ ਸਮਕਾਲੀ ਤਜਰਬਿਆਂ ਨੂੰ ਵੇਖਦਿਆਂ ਇਹ ਗ਼ੌਰ ਕਰਨਾ ਬਣਦਾ ਹੈ ਕਿ ਸਰਕਾਰ ਨੂੰ ਸਾਰੇ ਪੱਧਰਾਂ 'ਤੇ ਸਿੱਖਿਆ ਦੇ ਵਿੱਤੀਕਰਨ ਲਈ ਪ੍ਰਮੁੱਖ ਭੂਮਿਕਾ ਨਿਭਾਉਣੀ ਪਵੇਗੀ, ਅਤੇ ਦੂਜੇ ਸਰੋਤਾਂ ਤੋਂ ਸਾਧਨ ਜੁਟਾਉਣ ਦੀ ਵੀ ਕੁਝ ਗੁੰਜਾਇਸ਼ ਹੈ, ਜਿਵੇਂ ਕਿ ਪੁਰਾਣੇ ਵਿਦਿਆਰਥੀ, ਅੰਦਰੂਨੀ ਸਰੋਤ, ਪਰਉਪਕਾਰ ਆਦਿ, ਪਰ ਗ਼ੈਰ ਸਰਕਾਰੀ ਸਰੋਤਾਂ ਤੋਂ ਵਿੱਤ ਜੁਟਾਉਣ ਦੀ ਸੀਮਾ ਅਤੇ ਨਿਰਭਰਤਾ ਅਤੇ ਇਹ ਕਿ ਉਹ ਪੂਰਕ ਹੀ ਹੋਵੇਗਾ, ਇਸ ਨੂੰ ਪਛਾਣਨ ਦੀ ਲੋੜ ਹੈ।

ਅੰਤ ਵਿਚ, ਸਿੱਖਿਆ ਦੇ ਵਿੱਤੀਕਰਨ ਲਈ 10-20 ਸਾਲ ਦੀ ਰਾਸ਼ਟਰੀ ਯੋਜਨਾ ਬਣਾਉਣ ਦੀ ਲੋੜ ਹੈ ਜੋ ਦੇਸ਼ ਵਿਚ ਸਿੱਖਿਆ ਦੇ ਵਿਕਾਸ ਲਈ ਲੰਬੇ ਸਮੇਂ ਦੀ ਯੋਜਨਾ ਹੋਵੇ। ਇਹ ਸਿੱਖਿਆ ਦੇ ਵਿੱਤੀਕਰਨ, ਜਿਵੇਂ ਪੂਰਨਤਾ, ਬਰਾਬਰੀ ਅਤੇ ਕੁਸ਼ਲਤਾ ਦੇ ਠੋਸ ਅਸੂਲਾਂ ਉਤੇ ਆਧਾਰਤ ਹੋਵੇ। ਇਕ ਅਜਿਹੀ ਯੋਜਨਾ, ਜਿਹੜੀ ਇਨਾਮ ਅਤੇ ਦੰਡਾਤਮਕ ਕਿਰਿਆਵਾਂ ਦੀਆਂ ਸਾਰੀਆਂ ਵਿਵਸਥਾਵਾਂ ਸਮੇਤ ਸਿੱਖਿਆ ਪ੍ਰਣਾਲੀ ਨੂੰ 10-20 ਸਾਲਾਂ ਦੇ ਸਮੇਂ ਲਈ ਪੈਸੇ ਦੀ ਨਿਰੰਤਰ ਆਮਦ ਯਕੀਨੀ ਬਣਾਵੇ।

*(ਲੇਖਕ ਨੈਸ਼ਨਲ ਯੂਨੀਵਰਸਟੀ ਆਫ ਐਜੂਕੇਸ਼ਨਲ ਪਲਾਨਿੰਗ ਐਂਡ ਐਡਮਨਿਸਟ੍ਰੇਸ਼ਨ, ਨਵੀਂ ਦਿੱਲੀ ਵਿਖੇ ਪ੍ਰੋਫੈਸਰ ਹੈ।)*

*e-mail :jtilak@nuepa.org*

# ਸਿੱਖਿਆ ਵਿਚ ਤਕਨਾਲੋਜੀ
# ਇਕ ਅਸ਼ਾਂਤ ਪੀੜ੍ਹੀ ਦੀਆਂ ਉਮੀਦਾਂ ਅਤੇ ਅਭਿਲਾਸ਼ਾਵਾਂ

ਰਾਜਾਰਾਮ ਐੱਸ ਸ਼ਰਮਾ

ਨਵੀਆਂ ਤਕਨਾਲੋਜੀਆਂ ਨਾਲ ਸਬੰਧਤ ਇੱਛਾਵਾਂ ਵਿਚ ਅਚਾਨਕ ਆਈ ਤੇਜ਼ੀ ਵੱਲ ਧਿਆਨ ਦੇਣਾ ਬਣਦਾ ਹੈ। ਇਹ ਉਦੋਂ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਇਹ ਸਾਰੀਆਂ ਤਕਨਾਲੋਜੀਆਂ ਕੁਝ ਹੀ ਦਹਾਕੇ ਪੁਰਾਣੀਆਂ ਹਨ। ਅਜਿਹਾ ਕੀ ਹੈ ਜੋ ਇਨ੍ਹਾਂ ਤਕਨਾਲੋਜੀਆਂ ਨੂੰ ਇੰਨਾ ਇੱਛਾਪੂਰਨ, ਮਨਭਾਉਂਦਾ ਅਤੇ ਵੱਧ-ਚੜ੍ਹ ਕੇ ਚਰਚਾ ਕੀਤੇ ਜਾਣ ਵਾਲਾ ਬਣਾਉਂਦਾ ਹੈ?

ਇਕ ਬਹੁਤ ਮਹੱਤਵਪੂਰਨ ਕਾਰਨ ਰੰਗਦਾਰ ਸਕ੍ਰੀਨ ਹੈ। ਉਹ ਦਿਨ ਗਏ ਜਦ ਛਪੀ ਹੋਈ ਇਬਾਰਤ ਹੀ ਸੂਚਨਾ ਦਾ ਇਕਲੌਤਾ ਸ੍ਰੋਤ ਸੀ ਅਤੇ ਜੋ ਬੇਰੰਗ ਸੀ। ਦਲੀਲ ਦਿੱਤੀ ਜਾ ਸਕਦੀ ਹੈ ਕਿ ਸਾਡੇ ਕੋਲ ਰੰਗੀਨ ਰਸਾਲੇ ਜਾਂ ਸਿਨੇਮਾ ਸਕ੍ਰੀਨਾਂ ਸਨ। ਪਰ ਹੁਣ ਕੋਈ ਵੀ ਵਿਅਕਤੀ ਆਪਣਾ ਪ੍ਰਕਾਸ਼ਨ ਸ਼ੁਰੂ ਕਰ ਸਕਦਾ ਹੈ ਅਤੇ ਆਪਣੀ ਚੋਣ ਵਾਲੇ ਮਰਜ਼ੀ ਦੇ ਰੰਗਾਂ ਦੀ ਵਰਤੋਂ ਕਰ ਸਕਦਾ ਹੈ। ਅਚਾਨਕ ਹੀ ਇਹ ਖ਼ੁਸ਼ੀ ਭਰਿਆ ਬਦਲਾਓ ਹੈ।

ਦੂਜਾ ਮਹੱਤਵਪੂਰਨ ਕਾਰਨ ਇਸ ਵਸੀਲੇ ਦਾ ਨਿੱਜੀ ਹੋ ਜਾਣਾ ਹੈ। ਅਸੀਂ ਜਦ ਛਪਾਈ ਬਾਰੇ ਸੋਚਦੇ ਸੀ ਤਾਂ ਸਾਡੇ ਸਾਹਮਣੇ ਪੇਸ਼ੇਵਰ ਪ੍ਰਿੰਟਿੰਗ ਪ੍ਰੈੱਸਾਂ ਅਤੇ ਉਥੇ ਕੰਮ ਕਰਦੇ ਲੋਕਾਂ ਦਾ ਵਿਚਾਰ ਆਉਂਦਾ ਸੀ। ਅੱਜ ਅਸੀਂ ਭਾਂਤ-ਭਾਂਤ ਦੇ ਫੌਂਟਾਂ, ਰੂਪਰੇਖਾ ਅਤੇ ਖ਼ਾਕਿਆਂ ਨਾਲ ਸਜਾਏ ਦਸਤਾਵੇਜ਼ ਨੂੰ ਬਿਨਾਂ ਤਾਰ ਦੇ ਸਭ ਤੋਂ ਨੇੜਲੇ ਲੇਜ਼ਰ ਪ੍ਰਿੰਟਰ 'ਤੇ ਆਪਣੇ ਸਮਾਰਟ ਫ਼ੋਨ ਦੀ ਮਦਦ ਨਾਲ ਵੀ ਪਹੁੰਚਾ ਸਕਦੇ ਹਾਂ। ਫੋਟੋਗ੍ਰਾਫ਼ੀ ਵੀ ਪਹਿਲਾਂ ਬਹੁਤ ਖ਼ਾਸ ਅਤੇ ਕੁਝ ਇਕ ਤਕ ਸੀਮਤ ਕਲਾ ਸੀ ਪਰ ਅੱਜ ਪਹਾੜ ਦੀ ਚੋਟੀ ਤੋਂ ਲਈ ਸੈਲਫ਼ੀ ਨੂੰ ਪਲਾਂ ਵਿਚ ਹਜ਼ਾਰਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਜਿਸ ਨੂੰ ਉਹ ਅੱਗੋਂ ਪਲਾਂ ਵਿਚ ਹੀ ਕਰੋੜਾਂ ਹੋਰ ਲੋਕਾਂ ਤਕ ਪ੍ਰਸਾਰਤ ਕਰ ਸਕਦੇ ਹਾਂ ਅਤੇ ਚਮਕਦਾਰ ਤੋਂ ਚਮਕਦਾਰ ਰਸਾਲਿਆਂ ਵਿਚ ਉਸ ਨੂੰ ਛਾਪ ਸਕਦੇ ਹਾਂ।

ਤੀਜਾ ਕਾਰਨ ਬਿਨਾਂ ਸ਼ੱਕ ਇਸ ਵਸੀਲੇ ਦਾ ਅਕਾਰ ਹੈ। ਜਿੰਨਾ ਇਹ ਛੋਟਾ ਹੁੰਦਾ ਹੈ ਉਨਾ ਹੀ ਵਧੇਰੇ ਸ਼ਕਤੀਸ਼ਾਲੀ ਬਣ ਜਾਂਦਾ ਹੈ ਜਿਸ ਨੂੰ ਆਪਣੇ ਕਬਜ਼ੇ ਵਿਚ ਲੈਣ ਦੀਆਂ ਇੱਛਾਵਾਂ ਉੱਠਦੀਆਂ ਹਨ। ਇਸ ਨੂੰ ਕਿਤੇ ਵੀ ਲੈ ਜਾ ਸਕਣ ਦੀ ਸਹੂਲਤ ਅਤੇ ਇਸ ਤੋਂ ਕਈ ਉਦੇਸ਼ਾਂ ਦੀ ਪੂਰਤੀ ਇਸ ਦੀ ਕਸ਼ਿਸ਼ ਵਿਚ ਵਾਧਾ ਕਰਦੀ ਹੈ।

ਨਵੀਂ ਤਕਨਾਲੋਜੀ ਦੀ ਮਕਬੂਲੀਅਤ ਦਾ ਚੌਥਾ ਕਾਰਨ ਮੇਰੀ ਰਾਏ ਵਿਚ ਸੌਖੇ ਢੰਗ ਨਾਲ ਇਸ ਦੀ ਵਰਤੋਂ ਹੈ। ਇਨ੍ਹਾਂ ਆਧੁਨਿਕ ਗੈਜਟਾਂ ਦੇ ਵਰਤੋਂਕਾਰਾਂ ਨੂੰ ਅਸੀਂ ਇਨ੍ਹਾਂ ਦੀ ਵਰਤੋਂ ਲਈ ਕੋਈ ਉੱਚੇਚੀ ਸਿਖਲਾਈ ਲੈਂਦਿਆਂ ਨਹੀਂ ਵੇਖਿਆ। ਜਿੰਨੇ ਵੀ ਇਹ ਆਧੁਨਿਕ ਹੋ ਗਏ ਹਨ ਉਨਾ ਹੀ ਇਨ੍ਹਾਂ ਨੂੰ ਵਰਤਨਾ ਸੌਖਾ ਹੁੰਦਾ ਜਾ ਰਿਹਾ ਹੈ। ਉਮਰ ਇਥੇ ਚਿੰਤਾ ਦਾ ਸਬੱਬ ਇੰਝ ਬਣਦੀ ਹੈ ਕਿ ਜਿੰਨਾ ਵੀ ਕੋਈ ਵਿਅਕਤੀ ਘੱਟ ਉਮਰ ਦਾ ਹੈ ਉਨੀ ਹੀ ਤੇਜ਼ੀ ਨਾਲ ਉਹ ਗੈਜਟ ਦੀਆਂ ਵਾਧੂ ਸਮਰੱਥਾਵਾਂ ਦਾ ਪਤਾ ਲਾਉਣ ਵਿਚ ਸਮਰੱਥ ਹੋ ਰਿਹਾ ਹੈ। ਗੋਰਿਲਾ ਗਲਾਸ ਦੇ ਤਿੰਨ ਸਲੈਬ ਦੇ ਪਤਲੇ ਸ਼ੀਸ਼ੇ ਪਿੱਛੇ ਇਕ ਟੱਚ ਦੀ ਮਾਰ 'ਤੇ ਸਾਫਟਵੇਅਰ ਐਪ ਦੀ ਸੀਮਿਤ ਤਾਕਤ ਦਾ ਜਾਦੂ ਹੈ। ਦੇਸ਼ਾਂ, ਮਹਾਂਦੀਪਾਂ ਦਰਮਿਆਨ ਇਕ ਫ਼ੋਨ ਕਾਲ ਹੋਵੇ, ਨਕਸ਼ਾ ਹੋਵੇ, ਫੋਟੋ, ਗੀਤ ਜਾਂ ਵੀਡੀਓ ਹੋਵੇ, ਕੰਪਾਸ, ਦੂਰੀ ਮਾਪਕ ਜੰਤਰ ਜਾਂ ਖ਼ੂਨ ਦਾ ਦਬਾਅ ਮਾਪਣ ਵਾਲਾ ਜੰਤਰ ਹੋਵੇ ਸਭਨਾਂ ਵਿਚ ਆਧੁਨਿਕ ਤਕਨਾਲੋਜੀ ਸਰਗਰਮੀ ਨਾਲ ਕੰਮ ਕਰ ਰਹੀ ਹੈ।

**ਇਸ ਲਈ, ਇਹ ਸਾਰੀਆਂ ਵਿਸ਼ੇਸ਼ਤਾਵਾਂ ਸਾਨੂੰ ਉਕਸਾਉਂਦੀਆਂ ਹਨ ਕਿ ਅਸੀਂ ਆਪਣੇ ਸਕੂਲਾਂ 'ਚ ਇਹ ਉਪਕਰਨ ਅਪਣਾਈਏ, ਜਿਸ ਨਾਲ ਪੜ੍ਹਾਈ ਵਿਚ ਨਵਾਂ ਜੋਸ਼ ਆ ਜਾਵੇਗਾ। ਬੱਚੇ ਪੜ੍ਹਨ ਦੇ ਸ਼ੁਕੀਨ ਹੋ ਜਾਣਗੇ ਅਤੇ ਵਿਦਿਆਰਥੀਆਂ, ਅਧਿਆਪਕਾਂ ਤੇ ਸਕੂਲਾਂ ਦੀ ਕਾਰਗੁਜ਼ਾਰੀ ਆਕਾਸ਼ ਛੋਹੇਗੀ। ਇਨ੍ਹਾਂ ਗੱਲਾਂ ਦਾ ਅਸੀਂ ਵਿਸ਼ਲੇਸ਼ਣ ਕਰਾਂਗੇ ਅਤੇ ਇਹ ਸਿਆਣਪ ਵਾਲੀ ਗੱਲ ਹੋਵੇਗੀ ਕਿ ਆਪਣੀਆਂ ਇੱਛਾਵਾਂ ਨੂੰ ਇਸ ਮੁੱਦੇ ਮੁਤਾਬਕ ਚਲਾਈਏ ਕਿ ਅਸੀਂ ਆਪਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲਾਂ ਵਲੋਂ ਕਿਹੋ ਜਿਹੀਆਂ ਪ੍ਰਾਪਤੀਆਂ ਹਾਸਲ ਕਰਨ ਦੀ ਆਸ ਰੱਖਦੇ ਹਨ।**

ਬੱਚੇ ਦੀ ਸਕੂਲੀ ਸਿੱਖਿਆ ਉਸ ਦੇ ਸਿੱਖਣ ਦੀ ਸਮਰੱਥਾ ਵਿਚ ਨਿਵੇਸ਼ ਹੈ। ਸਕੂਲ ਦੀ ਪੜ੍ਹਾਈ ਦੌਰਾਨ ਵਿਦਿਆਰਥੀ ਨੇ ਸਿੱਖਣ ਦੀ ਤਾਂਘ ਰੱਖਣੀ ਅਤੇ ਆਲੇ-ਦੁਆਲੇ ਖਿੱਲਰੇ ਗਿਆਨ ਤੇ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਉਸ ਦਾ ਪਰੀਖਣ ਕਰਕੇ ਲੋੜੀਂਦੇ ਤੱਤਾਂ ਨੂੰ ਆਪਣੀ ਬੁੱਧੀ ਵਿਚ ਜਜ਼ਬ ਕਰਨਾ ਹੁੰਦਾ ਹੈ। ਬੱਚੇ ਨੂੰ ਇਸ

ਸਮੇਂ ਦੌਰਾਨ ਭਾਸ਼ਾ ਦੇ ਅੱਖਰ ਅਤੇ ਗਣਿਤ ਦੇ ਮੂਲ ਸਿਧਾਂਤ ਸਿੱਖਣੇ ਤੇ ਵਰਤਣੇ ਹੁੰਦੇ ਹਨ, ਉਪਲਬਧ ਜਾਣਕਾਰੀ ਦੇ ਸਬੰਧਾਂ ਅਤੇ ਉਸ ਸਾਰੇ ਵਰਤਾਰੇ ਦਾ ਕੋਈ ਅਰਥਪੂਰਨ ਨਤੀਜਾ ਕੱਢਣਾ ਹੁੰਦਾ ਹੈ ਜੋ ਸਾਡੇ ਜੀਵਨ ਅਤੇ ਪੂਰੀ ਦੁਨੀਆਂ ਨੂੰ ਪ੍ਰਭਾਵਤ ਕਰਦਾ ਹੈ। ਬੱਚਾ ਜਾਣਕਾਰੀ, ਗਿਆਨ ਅਤੇ ਭੌਤਿਕ, ਠੋਸ ਦੁਨੀਆਂ ਦੀ ਆਪਣੀਆਂ ਅੰਦਰੂਨੀ ਸਮਰੱਥਾਵਾਂ ਰਾਹੀਂ ਮੁੜ ਸਿਰਜਣਾ ਕਰਨ ਅਤੇ ਕਲਾਤਮਿਕ ਢੰਗਾਂ ਨਾਲ ਉਨ੍ਹਾਂ ਨੂੰ ਜ਼ਾਹਿਰ ਕਰਨਾ ਸਿੱਖਦਾ ਹੈ। ਇਸ ਦ੍ਰਿਸ਼ਟੀਕੋਨ ਤੋਂ ਵੇਖਦਿਆਂ ਸਕੂਲੀ ਪੜ੍ਹਾਈ ਜੀਵਨ ਦੇ ਮਿਆਰ ਵਿਚ ਸੁਧਾਰ ਲਈ ਮਨੁੱਖ ਪ੍ਰਾਪਤੀਆਂ ਰਾਹੀਂ ਬੱਚੇ ਨੂੰ ਸ਼ਖ਼ਸੀਅਤ ਦੇ ਪਸਾਰ ਲਈ ਨਿਵੇਸ਼ ਹੈ। ਇਸ ਲਈ ਤਕਨਾਲੋਜੀਕਲ ਪੂੰਜੀਕਾਰੀ ਨੂੰ ਅਜਿਹੇ ਟੀਚਿਆਂ ਦੀ ਪ੍ਰਾਪਤੀ ਲਈ ਸਾਡੀਆਂ ਸਮਰੱਥਾਵਾਂ ਵਧਾਉਣ ਵਿਚ ਮਦਦ ਕਰਨੀ ਹੈ।

ਵਿਕਾਸਸ਼ੀਲ ਦੁਨੀਆਂ ਦੇ ਸਮਾਜਾਂ ਨੇ ਬੌਧਿਕ ਅਤੇ ਭੌਤਿਕ ਸਮਰੱਥਾਵਾਂ ਤੋਂ ਊਣੇ ਹੋਣ ਦੇ ਬਾਵਜੂਦ ਆਪਣੀ ਆਧੁਨਿਕਤਾ ਦੀ ਯਾਤਰਾ ਅਰੰਭ ਕਰ ਦਿੱਤੀ ਹੈ। ਇਤਿਹਾਸਕ ਕਾਰਨਾਂ ਕਰਕੇ ਕਈ ਬੇਵਸੀਆਂ ਰੱਖਦਿਆਂ ਹੋਇਆਂ ਵੀ ਕੀਤੇ ਗਏ ਇਸ ਅਰੰਭ ਤੋਂ ਬਾਅਦ ਹੌਲੀ-ਹੌਲੀ ਉਨ੍ਹਾਂ ਨੂੰ ਆਧੁਨਿਕ ਤਕਨਾਲੋਜੀਆਂ ਦਾ ਲਾਹਾ ਲੈਣ ਪੱਖੋਂ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨਾ ਹੋਵੇਗਾ। ਵਿੱਦਿਆ ਤਕ ਪਹੁੰਚ ਸਾਡੇ ਸਮਾਜ ਵਿਚ ਅਜੇਵੀ ਵੱਡੀ ਵਸੋਂ ਤਕ ਨਹੀਂ ਹੈ। ਤਕਨਾਲੋਜੀਕਲ ਢੰਗ-ਤਰੀਕਿਆਂ ਨੂੰ ਲਾਗੂ ਕਰ ਲਾਗਤਾਂ ਵਿਚ ਕਟੌਤੀ ਕਰਨੀ ਹੋਵੇਗੀ, ਕਾਰਜ-ਕੁਸ਼ਲਤਾ ਵਧਾਉਣੀ ਹੋਵੇਗੀ ਅਤੇ ਆਮ ਤੌਰ ਤੇ ਸਿੱਖਿਆ ਦੀ ਪਹੁੰਚ ਦਾ ਪਸਾਰ ਕਰਦਿਆਂ, ਨਾਲ ਦੀ ਨਾਲ ਇਸ ਨੂੰ ਆਮ ਜਨਤਾ ਦੀ ਆਰਥਿਕ ਪਹੁੰਚ ਵਿਚ ਕਰਨਾ ਹੋਵੇਗਾ। ਇਹ ਟੀਚਾ ਬਹੁਤ ਮੁਸ਼ਕਿਲ ਹੋਣ ਦੇ ਬਾਵਜੂਦ ਹਾਸਲ ਕੀਤਾ ਜਾ ਸਕਦਾ ਹੈ। ਪੜ੍ਹਾਈ ਵਿਚਾਲੇ ਛੱਡਣ ਦੇ ਮਾਮਲਿਆਂ ਵਿਚ ਵੱਡੀ ਕਮੀ ਆਉਣੀ ਦਰਕਾਰ ਹੈ ਤਾਂ ਜੋ ਇਸ ਨਿਵੇਸ਼ ਨੂੰ ਤਰਕਸੰਗਤ ਠਹਿਰਾਇਆ ਜਾ ਸਕੇ।

ਵਿਸ਼ਵ ਦੇ ਉੱਤਰ ਵਾਲੇ ਵਿਕਸਤ ਹਿੱਸੇ ਪਿੱਛੇ ਪਾਗਲਾਂ ਵਾਂਗ ਨੱਸਦਿਆਂ ਅਤੇ ਭਰਮ ਦੇ ਸ਼ਿਕਾਰ ਹੁੰਦਿਆਂ ਅਸੀਂ ਉੱਚੇਰੀ ਸਿੱਖਿਆ ਅਤੇ ਉਹ ਵੀ ਅੰਗਰੇਜ਼ੀ ਭਾਸ਼ਾ ਵਿਚ ਦਿੱਤੀ ਜਾਣ ਵਾਲੀ ਸਿੱਖਿਆ ਵਿਚ ਮੁਕਾਬਲਤਨ ਬਹੁਤ ਵੱਧ ਨਿਵੇਸ਼ ਕੀਤਾ ਹੈ। ਭਾਵੇਂ ਉਂਗਲਾਂ 'ਤੇ ਗਿਣੇ ਜਾ ਸਕਣ ਵਾਲੇ ਕੁਝ ਇਕ ਵਿਅਕਤੀਆਂ ਨੂੰ ਇਸ ਦੇ ਪਹੁੰਚੇ ਫ਼ਾਇਦਿਆਂ ਦਾ ਹਵਾਲਾ ਦੇ ਕੇ ਇਸ ਨੂੰ ਜਾਇਜ਼ ਕਰਾਰ ਦਿੱਤਾ ਜਾਂਦਾ ਹੈ, ਬਾਕੀ ਦੀ ਬਹੁਗਿਣਤੀ ਵਿਚ ਇਸ ਕਾਰਨ ਮਚੀ ਤਬਾਹੀ ਨੂੰ ਬਰਦਾਸ਼ਤ ਕੀਤਾ ਜਾਣਾ ਬੜਾ ਮੁਸ਼ਕਲ ਹੈ। ਹੱਥੀਂ ਮਿਹਨਤ, ਨਵੀਨਤਾ ਅਤੇ ਸਿਰਜਣਾਤਮਕਤਾ ਨੂੰ ਹਿਕਾਰਤ ਨਾਲ ਵੇਖਣਾ, ਆਪਣੀਆਂ ਜੜ੍ਹਾਂ, ਭਾਸ਼ਾ ਅਤੇ ਸਭਿਆਚਾਰ ਪ੍ਰਤਿ ਅਨਾਦਰ ਦਾ ਭਾਵ ਸਿੱਖਿਆ ਲਈ ਨੌਜਵਾਨਾਂ ਨੂੰ ਉਤਸਾਹਿਤ ਕਰਨ ਅਤੇ ਵਧੇਰੇ ਸ਼ਮੂਲੀਅਤ ਦਾ ਆਧਾਰ ਨਹੀਂ ਹੋ ਸਕਦੇ।

**ਭਾਸ਼ਾਵਾਂ ਦਾ ਅਲੋਪ ਹੋਣਾ ਕਿਸੇ ਸਭਿਆਚਾਰਕ ਵਜੂਦ ਦਾ ਖਾਤਮਾ ਹੈ ਜਿਸ ਨਾਲ ਉਸ ਸਾਰੇ ਤਾਣੇ-ਬਾਣੇ ਦੀ ਹੋਂਦ ਨੂੰ ਖ਼ਤਰਾ ਉਠ ਖੜ੍ਹਾ ਹੁੰਦਾ ਹੈ ਜਿਸ ਨਾਲ ਸਾਡਾ ਸਮਾਜ ਉਸਰਿਆ ਸੀ। ਆਧੁਨਿਕ ਤਕਨਾਲੋਜੀਆਂ ਨੇ ਜਿਥੇ ਹਰ ਵਿਅਕਤੀ ਦੀ ਸ਼ਮੂਲੀਅਤ ਸੌਖੀ ਕੀਤੀ ਹੈ ਉਥੇ ਉਕਤ ਆਧੁਨਿਕ ਰੁਕਾਵਟਾਂ ਉਸ ਲਈ ਅਜਿਹਾ ਕਰਨਾ ਮੁਸ਼ਕਿਲ ਵੀ ਕਰ ਦਿੰਦੀਆਂ ਹਨ। ਇਸ ਲਈ ਸਾਨੂੰ ਮੁੜ-ਵਿਚਾਰ ਕਰਦਿਆਂ ਸਿੱਖਿਆ ਵਿਚ ਨਿਵੇਸ਼ ਕਰਨਾ ਚਾਹੀਦਾ ਹੈ ਤਾਂ ਜੋ ਤਕਨਾਲੋਜੀਕਲ ਨਿਵੇਸ਼ ਦਾ ਫ਼ਾਇਦਾ ਪਹੁੰਚ ਸਕੇ।**

ਤਕਨਾਲੋਜੀਕਲ ਉਪਾਵਾਂ ਦੀ ਦਿਸ਼ਾ ਅਤੇ ਪੂੰਜੀਕਾਰੀ ਦੇ ਪਸਾਰ ਬਾਰੇ ਫ਼ੈਸਲਾ ਕਰਨ ਲਈ ਪਹਿਲਾਂ ਸਾਨੂੰ ਭਾਰਤੀ ਸਿੱਖਿਆ ਦੀਆਂ ਸਮੱਸਿਆਵਾਂ ਦੀ ਡੂੰਘੀ ਸਮਝ ਵਿਕਸਤ ਕਰਨੀ ਹੋਵੇਗੀ। ਤਕਨਾਲੋਜੀਕਲ ਸਫਲਤਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਅਸੀਂ ਪੱਛਮ ਦੀ ਤਰਜ ਉਤੇ ਕੁਝ ਇਕ ਸਫਲਤਾਵਾਂ ਦੇ ਹਵਾਲੇ ਦੇ ਕੇ ਲਾਂਭੇ ਨਹੀਂ ਹੋ ਸਕਦੇ। ਆਰਥਿਕ ਸਮਰੱਥਾ ਦੇ ਬਾਵਜੂਦ ਤਕਨਾਲੋਜੀਆਂ ਦੀ ਗ਼ੈਰ-ਵਾਜਬ ਵਰਤੋਂ ਨਾਲ ਪੱਛਮ ਵਿਚ ਵੀ ਇਹ ਸਾਬਤ ਹੋਇਆ ਹੈ ਕਿ ਤਕਨਾਲੋਜੀਕਲ ਇਨਕਲਾਬ ਆਪਣੇ ਆਪ ਵਿਚ ਵਿੱਦਿਅਕ ਟੀਚਿਆਂ ਦੀ ਪ੍ਰਾਪਤੀ ਵੱਲ ਨਹੀਂ ਲਿਜਾ ਸਕਦਾ। ਇਹ ਵੀ ਕਹਿਣ ਦਾ ਹੌਸਲਾ ਕੀਤਾ ਜਾਣਾ ਚਾਹੀਦਾ ਹੈ ਕਿ ਇਸ ਤੱਥ ਦੀਆਂ ਕਈ ਸ਼ਾਨਦਾਰ ਮਿਸਾਲਾਂ ਵੀ ਹਨ ਕਿ ਕਿਵੇਂ ਤਕਨਾਲੋਜੀ ਇਸ ਪ੍ਰਸੰਗ ਵਿਚ ਬਿਹਤਰ ਅਤੇ ਮਨੋ-ਇੱਛਤ ਨਤੀਜੇ ਦੇਣ ਦੇ ਵੀ ਸਮਰੱਥ ਹੈ ਭਾਵੇਂ ਖੋਜਕਾਰਾਂ ਨੂੰ ਦੁੱਖ ਨਾਲ ਇਹ ਸਿੱਟਾ ਕੱਢਣਾ ਪਿਆ ਕਿ ਤਕਨਾਲੋਜੀ ਉਸਾਰੂ ਨਤੀਜੇ ਦੇਣ ਵਿਚ ਅਸਫਲ ਰਹੀ ਹੈ।

ਇਸ ਨਤੀਜੇ ਦੇ ਪ੍ਰਸੰਗ ਵਿਚ ਜਿਥੇ ਅਸੀਂ 'ਆਓ ਸਾਰੇ ਬੱਚਿਆਂ ਨੂੰ 'ਟੈਬਲੇਟਸ' ਨਾਲ ਲੈਸ ਕਰ ਦਈਏ' ਜਿਹੇ ਜੋਸ਼ੀਲੇ ਉਪਾਵਾਂ ਤੋਂ ਗੁਰੇਜ਼ ਕਰਨ ਬਾਰੇ ਸੋਚਾਂਗੇ ਉਥੇ ਨਾਲ ਦੀ ਨਾਲ ਸਿੱਖਿਆ ਵਿਚ ਵਰਤਣ ਲਈ ਵਧੇਰੇ ਅਲੋਚਨਾਤਮਕ ਢੰਗ ਨਾਲ ਵਿਚਾਰੇ ਅਤੇ ਯੋਜਨਾਬਧ ਕੀਤੇ ਵਿਹਾਰਕ ਉਪਾਵਾਂ ਨੂੰ ਲਾਗੂ ਕਰਨਾ ਢੁਕਵੀਂ ਗੱਲ ਹੋਵੇਗੀ। ਭਾਰਤੀ ਵਿੱਦਿਅਕ ਸਿਲਸਿਲੇ ਦੀਆਂ ਆਪਣੀਆਂ ਵਿਸ਼ੇਸ਼ ਤਰ੍ਹਾਂ ਦੀਆਂ ਸਮੱਸਿਆਵਾਂ ਸੱਚਮੁਚ ਹੋ ਸਕਦੀਆਂ ਹਨ, ਜਿਨ੍ਹਾਂ ਦਾ ਹੱਲ ਤਕਨਾਲੋਜੀ ਰਾਹੀਂ ਹੀ ਮਿਲ ਸਕਦਾ ਹੈ। ਕਈ ਵੱਡੀਆਂ ਤਕਨਾਲੋਜੀਆਂ ਸੰਭਾਵਨਾਵਾਂ ਨੇ ਇਸ ਦੇ ਕੱਟੜ ਅਲੋਚਕਾਂ ਨੂੰ ਵੀ ਇਸ ਦੀ ਪ੍ਰੋੜਤਾ ਕਰਨ ਲਈ ਮਜਬੂਰ ਕੀਤਾ ਹੈ। ਆਓ, ਇਨ੍ਹਾਂ ਵਿਚੋਂ ਕੁਝ ਇਕ 'ਤੇ ਝਾਤ ਮਾਰੀਏ :

ਭਾਰਤ ਨੇ ਦੁਨੀਆਂ ਦੇ ਸਭ ਤੋਂ ਵਿਸ਼ਾਲ ਸਕੂਲੀ ਸਿਲਸਿਲੇ ਵਿਚ ਨਿਵੇਸ਼ ਕੀਤਾ ਤੇ ਇਸ ਨੂੰ ਵਿਕਸਤ ਕੀਤਾ ਹੈ। ਅਮਲੀ ਰੂਪ ਵਿਚ ਪੂਰੇ ਦੇਸ਼ ਵਿਚ ਹਰ ਆਬਾਦੀ ਵਾਲੇ ਇਲਾਕੇ ਨੇੜੇ ਕੋਈ ਸਕੂਲ ਪੈਂਦਾ ਹੈ। ਸਿੱਖਿਆ ਵੰਡ ਦੀ ਇੰਨੀ ਵਿਸ਼ਾਲ ਪ੍ਰਣਾਲੀ ਕਾਰਨ ਸੌਖੇ ਸਾਧਨ ਉਪਲਬਧ ਕਰਾਉਣ, ਜਿਵੇਂ ਕਿ ਲਾਈਬ੍ਰੇਰੀ ਸਹੂਲਤਾਂ ਆਦਿ ਵਿਚ ਮੁਸ਼ਕਲ ਪੇਸ਼ ਆਈ ਹੈ।

ਸਭ ਤੋਂ ਵੱਧ ਮਕਬੂਲ ਤਕਨਾਲੋਜੀਕਲ ਉਪਾਅ ਡਿਜੀਟਲ ਅਤੇ ਡਿਜੀਟਲਕ੍ਰਿਤ ਵਸੀਲੇ ਰਹੇ ਹਨ। ਵੈੱਬ ਪੋਰਟਲਾਂ ਅਤੇ ਵਿਕੀਪੀਡੀਆ ਜਿਹੇ ਤਕਨੀਕੀ ਉਪਾਅ ਹਰਮਨ ਪਿਆਰੇ ਹੋ ਚੁੱਕੇ ਹਨ ਅਤੇ ਭਾਰਤੀ ਤਕਨਾਲੋਜੀਕਲ ਉਪਾਅ ਵੀ ਤੇਜ਼ੀ ਨਾਲ ਹੋਂਦ ਵਿਚ ਆ ਰਹੇ ਹਨ। ਇਹ

*ਬਾਕੀ ਸਫ਼ਾ 18 ਉੱਤੇ*

# ਰਾਸ਼ਟਰੀ ਡਿਜੀਟਲ ਲਾਇਬ੍ਰੇਰੀ - ਇੱਕ ਰਾਸ਼ਟਰੀ ਅਸਾਸਾ ਬਨਾਉਣਾ

✍ ਪਲਬਨ ਭੌਮਿਕ, ਪਾਰਥ ਪ੍ਰਤੀਮ ਦਾਸ, ਸੁਦੇਸ਼ਨਾ ਸਰਕਾਰ, ਅਰੋਬਿੰਦਾ ਗੁਪਤਾ, ਸੰਦੀਪ ਚੱਕਰਵਰਤੀ, ਬੀ ਸੂਤਰਧਾਰ, ਸੁਬਰਾਤਾ ਚਟੋਪਾਧਿਆਇ, ਮੈਨਕ ਘੋਸ਼, ਅਨੁਪਮ ਬਾਸੂ, ਨੰਦ ਗੋਪਾਲ ਚਟੋਪਾਧਿਆਇ, ਪਾਰਥ ਪ੍ਰਤੀਮ ਚੱਕਰਵਰਤੀ

**ਮੁੱਖਬੰਧ**

ਜਿਵੇਂ-ਜਿਵੇਂ ਵੱਧ ਤੋਂ ਵੱਧ ਪ੍ਰਕਾਸ਼ਨ ਇਲੈਕਟ੍ਰਾਨਿਕ ਸ਼ਕਲ ਵਿਚ ਉਪਲਬਧ ਹੋ ਰਹੇ ਹਨ ਅਤੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਮਾਧਿਅਮਾਂ ਅਤੇ ਸੇਵਾਵਾਂ ਨੇ ਲਾਇਬ੍ਰੇਰੀ ਸ੍ਰੋਤਾਂ ਦੀ ਖੋਜ ਅਤੇ ਉਨ੍ਹਾਂ ਤਕ ਪਹੁੰਚ ਅਸਾਨ ਬਣਾ ਦਿੱਤੀ ਹੈ, ਲਾਇਬ੍ਰੇਰੀ ਦੀ ਧਾਰਨਾ ਵਿਚ ਮੁੱਢਲਾ ਬਦਲਾਅ ਹੋ ਰਿਹਾ ਹੈ। ਭਾਰਤ ਵਿਚ, ਲਾਇਬ੍ਰੇਰੀ ਪਹਿਲਾਂ ਕਈ ਮੰਤਰਾਲਿਆਂ ਨੇ, ਮੁੱਖ ਤੌਰ ਤੇ ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ ਅਧੀਨ ਸੂਚਨਾ ਅਤੇ ਤਕਨਾਲੋਜੀ ਰਾਹੀਂ ਸਿੱਖਿਆ ਦੇ ਰਾਸ਼ਟਰੀ ਮਿਸ਼ਨ ਵਿਚ ਕੀਤੀਆਂ ਹਨ। ਦੇਸ਼ ਵਿਚ ਅਜਿਹੀਆਂ ਕਈ ਪਹਿਲਾਂ ਦੇ ਬਾਵਜੂਦ, ਡਿਜੀਟਲ ਪ੍ਰਕਾਸ਼ਨਾਂ ਦੀ ਵਰਤੋਂ ਵਿਚ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਵਰਤੋਂਕਾਰਾਂ ਸਾਹਮਣੇ ਆਉਣ ਵਾਲੀਆਂ ਚੁਨੌਤੀਆਂ ਕਾਫੀ ਹੱਦ ਤਕ ਬਿਨਾਂ ਹੱਲ ਲੱਭੇ ਰਹਿ ਰਹੀਆਂ ਹਨ। ਵਰਤੋਂਕਾਰਾਂ ਨੂੰ ਹਾਲੇ ਵੀ ਈ ਸ੍ਰੋਤਾਂ ਤਕ ਪਹੁੰਚ ਲਈ ਵੱਖ-ਵੱਖ ਵੈੱਬਸਾਈਟਾਂ ਲੱਭਣੀਆਂ ਪੈਂਦੀਆਂ ਹਨ, ਅਲਗ ਤਰੀਕੇ ਸੂਚਨਾ ਜਾਨਣ/ਖੋਜ ਤਕਨੀਕਾਂ ਸਿੱਖਣ ਦੀ ਲੋੜ ਹੁੰਦੀ ਹੈ, ਵੱਖ-ਵੱਖ ਭਾਸ਼ਾਵਾਂ ਵਿਚ ਘੱਟ ਉਪਲਬਧਤਾ ਅਤੇ ਸੀਮਤ ਪ੍ਰਕਾਸ਼ਨ ਹੋਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਸਿੱਖਣ ਦੇ ਵਾਤਾਵਰਨ ਵਿਚ ਬਹੁਤ ਘੱਟ ਸਿੱਖਣਕਾਰ-ਸਿੱਖਣਕਾਰ ਅਧਿਆਪਕ-ਅਧਿਆਪਕ ਅਤੇ ਅਧਿਆਪਕ-ਸਿੱਖਣਕਾਰ ਤਾਲਮੇਲ ਹੈ।

ਇਸ ਪਛੋਕੜ ਵਿਚ, ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ ਨੇ ਸੂਚਨਾ ਅਤੇ ਤਕਨਾਲੋਜੀ ਰਾਹੀਂ ਸਿੱਖਿਆ ਦੇ ਰਾਸ਼ਟਰੀ ਮਿਸ਼ਨ ਅਧੀਨ ਅਪ੍ਰੈਲ 2015 ਵਿਚ ਉਪਰ ਦਿੱਤੇ ਮੁੱਦਿਆਂ ਦਾ ਹੱਲ ਲੱਭਣ ਅਤੇ ਸਾਖਰਤਾ ਅਤੇ ਉੱਨਤ ਗਿਆਨ ਖੋਜ ਅਤੇ ਗਿਆਨ ਦੇ ਵਿਕਾਸ ਵਿਚ ਚੌੜੀ ਖਾਈ ਘਾਉਟਣ ਲਈ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ।

**ਇਹ ਪ੍ਰੋਗਰਾਮ ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਵਿਸ਼ਿਆਂ, ਆਰਥਿਕ ਤਕਨੀਕੀ, ਅਤਿ ਮਹੱਤਵਪੂਰਨ ਅਤੇ ਸਮਾਜਕ ਖੇਤਰਾਂ ਸਮੇਤ, ਜਾਣਕਾਰੀ ਹਾਸਲ ਕਰਨ ਵਿਚ ਮਦਦ ਕਰੇਗਾ ਅਤੇ ਹਰ ਪੱਧਰ ਉਤੇ ਵਿਅਕਤੀ ਵਿਸ਼ੇਸ਼ ਅਤੇ ਖ਼ੁਦ ਚਾਲੂ ਰੱਖੀ ਆਧੁਨਿਕ ਮਲਟੀ ਮੀਡੀਆ ਸਿੱਖਿਆ ਹਾਸਲ ਕਰਨ ਵਿਚ ਵੀ ਸਹਾਈ ਹੋਵੇਗੀ। ਨਕਲ ਹੋਣ ਤੋਂ ਬਚਣ ਲਈ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਕੋਈ ਨਵੀਂ ਲਾਇਬ੍ਰੇਰੀ ਨਹੀ ਹੋਵੇਗੀ ਸਗੋਂ ਮੌਜੂਦਾ ਲਾਇਬ੍ਰੇਰੀ ਵਿਚ ਹੀ, ਹੁਸ਼ਿਆਰੀ ਨਾਲ ਤਿਆਰ ਕੀਤਾ ਇਕ ਸਮੁੱਚਾ ਪ੍ਰੋਗਰਾਮ ਹੋਵੇਗਾ।**

ਸਮੁੱਚੇ ਭਾਰਤ ਵਿਚ ਗਿਆਨ ਦਾ ਇਕ ਬਹੁਤ ਵੱਡਾ ਭੰਡਾਰ ਹੋਣ ਤੋਂ ਇਲਾਵਾ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨੂੰ ਇਕ ਅਜਿਹੇ ਪਲੇਟਫਾਰਮ ਦੇ ਤੌਰ ਤੇ ਦੇਖਿਆ ਜਾ ਰਿਹਾ ਹੈ ਜੋ ਸਿੱਖਿਆ ਦੇ ਨਮੂਨੇ ਅਤੇ ਖੋਜ ਵਿਚ ਬੁਨਿਆਦੀ ਬਦਲਾਅ ਲਿਆ ਦੇਵੇਗਾ। ਇਹ ਵਿਦਿਆਰਥੀਆਂ ਨੂੰ ਦਾਖ਼ਲੇ ਲਈ ਅਤੇ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਕਰਨ ਵਿਚ ਮਦਦ ਕਰੇਗੀ। ਇਹ ਲੋਕਾਂ ਨੂੰ ਦੁਨੀਆਂ ਭਰ ਵਿਚੋਂ ਵਧੀਆ ਅਮਲ ਤਰੀਕੇ ਸਿੱਖਣ ਅਤੇ ਉਨ੍ਹਾਂ ਦੀ ਵਰਤੋਂ ਵਿਚ ਮਦਦ ਕਰੇਗੀ। ਇਹ ਖੋਜਕਾਰਾਂ ਨੂੰ ਇਕ ਤੋਂ ਵਧੇਰੇ ਸਰੋਤਾਂ ਤੋਂ ਅੰਤਰ ਜੋੜ ਵਾਲੀ ਖੋਜ ਕਰਨ ਅਤੇ ਕਿਤਾਬਾਂ, ਆਡਿਓ, ਚਿੱਤਰ ਅਤੇ ਵੀਡੀਓ ਡਾਟਾ ਦੀ ਨਵੀਂ ਪੜਚੋਲ ਕਰਨ ਅਤੇ ਨਵਾਂ ਗਿਆਨ ਤਿਆਰ ਕਰਨ ਵਿਚ ਮਦਦ ਕਰੇਗੀ। ਇਹ ਗਿਆਨ ਦੇ ਨਵੇਂ ਅਧਿਆਪਨ ਸ਼ਾਸਤਰ ਅਤੇ ਸੂਚਨਾ ਤੇ ਸੰਚਾਰ ਤਕਨਾਲੋਜੀ ਦੀ ਸਿੱਖਿਆ ਦੇ ਖੇਤਰ ਵਿਚ ਵਰਤੋਂ ਦੇ ਨਵੇਂ ਮੌਕਿਆਂ ਦੀ ਲਗਾਤਾਰ ਖੋਜ ਵਿਚ ਵੀ ਮਦਦ ਕਰੇਗੀ।


ਇਸ ਪਾਇਲਟ ਪ੍ਰਾਜੈਕਟ ਦੇ ਚਲਦੇ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਅਜਿਹਾ ਢਾਂਚਾ ਤਿਆਰ ਕਰੇਗੀ ਜੋ ਪ੍ਰਕਾਸ਼ਨਾਂ ਦੀ ਭਿੰਨਤਾ ਨੂੰ ਭਵਿੱਖ ਵਿਚ, ਸਮਾਂ ਪਾ ਕੇ ਪੂਰੀ ਤਰ੍ਹਾਂ ਭਾਰਤ ਦੀ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਬਣ ਜਾਣ ਦੇ ਯੋਗ ਹੋਵੇ। ਇਹ ਆਈ ਆਈ ਟੀ ਖੜਗਪੁਰ ਵਿਚ ਇਕ 24×7 ਤਿਆਰ ਆਧਾਰਕ ਢਾਂਚਾ ਖੜ੍ਹਾ ਕਰ ਕੇ ਵਿਕਸਤ ਕੀਤੀ ਜਾ ਰਹੀ ਹੈ ਜਿਸ ਵਿਚ ਹਾਰਡਵੇਅਰ ਪ੍ਰਣਾਲੀਆਂ, ਨੈੱਟਵਰਕ, ਸਾਫਟਵੇਅਰ ਟੂਲ ਅਤੇ ਉਨ੍ਹਾਂ ਦੀ ਵਰਤੋਂ ਵਾਲੀ ਸਿੰਗਲ ਵਿੰਡੋ ਖੋਜ ਸਹੂਲਤ ਮੌਜੂਦ ਹੋਵੇਗੀ। ਇਹ ਸਕੂਲਾਂ, ਕਾਲਜਾਂ ਅਤੇ ਉੱਚ ਸਿੱਖਿਆ ਦੇ ਵਿਦਿਆਰਥੀਆਂ ਲਈ ਦੇਸ਼ ਭਰ ਵਿਚੋਂ ਸੰਸਥਾਗਤ ਡਿਜੀਟਲ ਭੰਡਾਰਾਂ, ਵਿਸ਼ਵਵਿਆਪੀ ਸਿੱਖਿਆ ਦੀਆਂ

ਪੋਰਟਲਾਂ ਤੋਂ ਖੋਜ ਕਰਕੇ, ਵੱਖ-ਵੱਖ ਰਾਸ਼ਟਰੀ ਪਹਿਲਾਂ ਤੋਂ ਪੈਦਾ ਹੋਈਆਂ ਈ-ਵਿਸ਼ੇ ਵਸਤੂਆਂ ਦੀ ਆਧਾਰ ਸਮੱਗਰੀ ਨੂੰ ਇਕੱਠੀ ਕਰ ਕੇ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਕਾਸ਼ਕਾਂ ਵਲੋਂ ਮੁਹੱਈਆ ਕੀਤੀ ਆਧਾਰ ਸਮੱਗਰੀ ਦੇ ਈ. ਵਿਸ਼ਾ ਵਸਤੂ ਦਾ ਮੇਲ ਕਰੇਗੀ। ਇਹ ਪ੍ਰਾਜੈਕਟ ਸੰਸਥਾਨਾਂ ਵਲੋਂ ਮੌਜੂਦਾ ਈ-ਵਿਸ਼ੇ ਵਸਤੂ ਨੂੰ ਸੰਸਥਾਗਤ ਡਿਜੀਟਲ ਭੰਡਾਰ ਸਥਾਪਤ ਕਰਕੇ ਫੈਲਾਉਣ ਵਿਚ ਮਦਦ ਕਰੇਗੀ। ਇਹ ਸਭ ਅਕਾਦਮਿਕ ਪੱਧਰਾਂ, ਸਭ ਵਿਸ਼ਿਆਂ ਅਤੇ ਸਭ ਭਾਸ਼ਾਵਾਂ ਦੀਆਂ ਬਹੁ-ਪਰਤਾਂ ਵਿਚ ਲੀਨ ਹੋ ਜਾਣ ਵਾਲਾ ਸਿੱਖਿਆ ਦਾ ਵਾਤਾਵਰਨ ਤਿਆਰ ਕਰਨ ਵਿਚ ਮਦਦ ਕਰੇਗੀ ਅਤੇ ਵੱਖ-ਵੱਖ ਬੋਲੀਆਂ ਅਤੇ ਅੰਗਹੀਣਾਂ ਲਈ ਅੰਤਰ ਸਬੰਧ ਵਿਚ ਮਦਦ ਕਰੇਗੀ। ਆਪਣੇ ਆਖਰੀ ਪੜਾਅ ਵਿਚ ਇਹ ਪ੍ਰਣਾਲੀ ਸਮੁੱਚੇ ਭਾਰਤ ਵਿਚ ਇਕ ਅਸਲ ਪੜ੍ਹਾਉਣ-ਸਿੱਖਣ-ਮੁੱਲੰਕਣ-ਗਿਆਨ ਖੋਜਣ ਅਤੇ ਨਵੀਆਂ ਕਾਢਾਂ ਦੇ ਪਲੇਟਫਾਰਮ ਦੇ ਤੌਰ ਤੇ ਇਕ ਬਹੁਤ ਲਾਭਕਾਰੀ ਰਾਸ਼ਟਰੀ ਅਸਾਸੇ ਦੇ ਤੌਰ ਤੇ ਕੰਮ ਕਰੇਗੀ। ਇਹ ਇਸ ਪਲੇਟਫਾਰਮ ਦੇ ਦੁਆਲੇ ਉੱਦਮੀਆਂ ਵਲੋਂ ਕੰਮ ਦੇ ਸੰਦ ਵਿਕਸਤ ਕਰਨ ਨੂੰ ਵੀ ਉਤਸਾਹਤ ਕਰੇਗੀ।

## ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦਾ ਮਾਡਲ

ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇ ਸਮੁੱਚੇ ਮਾਡਲ ਦਾ ਨਿਰਮਾਣ, ਇਕ ਤਿੰਨ-ਪੱਧਰੀ ਡਿਜੀਟਲ ਭੰਡਾਰ ਪ੍ਰਣਾਲੀ ਦੇ ਤੌਰ ਤੇ ਕੀਤਾ ਗਿਆ ਹੈ ਜਿਸ ਵਿਚ ਹਰ ਪੱਧਰ ਤੇ ਸੇਵਾਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਸਭ ਤੋਂ ਥੱਲੇ ਦੀ ਪੱਧਰ (ਡਿਜੀਟਲ ਭੰਡਾਰ) ਵਿਸ਼ੇ ਵਸਤੂ ਦੀ ਖੋਜ ਅਤੇ ਉਸ ਤਕ ਪਹੁੰਚ ਰਾਹੀਂ ਲੇਖਕਾਂ ਸੰਬੰਧੀ ਅਤੇ ਪ੍ਰਾਪਤੀ ਸੇਵਾਵਾਂ ਮੁਹੱਈਆ ਕਰੇਗੀ। ਸਭ ਤੋਂ ਉਪਰਲੀ ਪੱਧਰ (ਰਾਸ਼ਟਰੀ ਡਿਜੀਟਲ ਲਾਇਬ੍ਰੇਰੀ) ਕਈ ਵਾਧੂ ਮੁੱਲ ਸੇਵਾਵਾਂ ਜਿਵੇਂ ਕਿ ਸਿੱਖਣ, ਮਨੁੱਖੀਕਰਨ ਅਤੇ ਸਥਾਨੀਕਰਨ ਜਿਨ੍ਹਾਂ ਦਾ ਸੁਮੇਲ ਵਰਤੋਂਕਾਰਾਂ ਲਈ ਇਕ ਬਹੁਮੁੱਲਾ ਤਜਰਬਾ ਦੇਵੇਗਾ, ਲਈ ਮਦਦ ਕਰੇਗੀ। ਇਨ੍ਹਾਂ ਵਿਚ ਸ਼ਾਮਿਲ ਹੋਵੇਗਾ ਤਜਰਬੇ ਆਧਾਰਤ ਗਿਆਨ, ਬਹੁ-ਭਾਸ਼ਾ ਵਿਸ਼ੇ ਵਸਤੂ ਨੂੰ ਬਰਾਊਜ਼ ਕਰਨਾ ਅਤੇ ਖੋਜਣਾ ਅਤੇ ਬਹੁ-ਮੁਖੀ ਅੰਤਰ ਮੁਹਾਰ। ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਖੁੱਲ੍ਹੀਆਂ ਸੇਵਾਵਾਂ ਵਿਕਸਤ ਕਰਨ ਵਿਚ ਵੀ ਮਦਦ ਕਰੇਗੀ ਜਿਨ੍ਹਾਂ ਰਾਹੀਂ ਹੋਰ ਲੋਕ ਭਵਿੱਖ ਵਿਚ ਇਸ ਦੀਆਂ ਨਵੀਆਂ ਪਹੁੰਚਾਂ ਸਥਾਪਤ ਕਰ ਸਕਣਗੇ - ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਲਈ ਇਕ ਚਲੰਤ ਐਪ ਬਣਨ ਦੀ ਤੁਰੰਤ ਸੰਭਾਵਨਾ ਹੈ।

ਢਾਂਚਾਗਤ ਤਰੀਕੇ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ, ਵੱਡੀ ਵੰਡ ਪ੍ਰਣਾਲੀ ਵਾਲੀ ਹੋਵੇਗੀ। ਇਸ ਦੀ ਸਭ ਤੋਂ ਥੱਲੇ ਦੀ ਪੱਧਰ (ਡਿਜੀਟਲ ਭੰਡਾਰ), ਜੋ ਅਸਲ ਵਿਚ ਵਿਸ਼ੇ ਵਸਤੂ ਭਰਪੂਰ





ਚਿੱਤਰ-1 : ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦਾ ਮਾਡਲ

ਹੋਵੇਗੀ, ਆਈ ਆਈ ਟੀ ਖੜਗਪੁਰ ਵਿਚ ਕੇਂਦਰਤ ਨਹੀਂ ਹੋਵੇਗੀ। ਇਸ ਦੇ ਬਜਾਇ, ਵਿਸ਼ੇ ਵਸਤੂ ਦਾ ਹਰ ਮਾਲਕ/ਮੁਹੱਈਆ ਕਰਨ ਵਾਲਾ ਆਪਣੇ ਡਿਜੀਟਲ ਭੰਡਾਰ ਵਿਚ ਇਸ ਨੂੰ ਰਖੇਗਾ (ਇਕ ਡਿਜੀਟਲ ਭੰਡਾਰ, ਡਿਜੀਟਲ ਸਪੇਸ ਜਾਂ ਈ-ਪ੍ਰਿੰਟ ਜਾਂ ਈ ਵੈੱਬਸਾਈਟ ਜਾਂ ਅਜਿਹਾ ਹੀ ਕੁਝ ਹੋਰ ਹੋਵੇਗਾ) ਅਤੇ ਇਹ ਅੰਤਰ ਡਿਜੀਟਲ ਭੰਡਾਰ ਵਿਚ ਮਦਦਗਾਰ ਹੋਵੇਗਾ ਜਿਸ ਤਕ ਇਕ ਯੂ ਆਰ ਐੱਲ ਰਾਹੀਂ ਪਹੁੰਚ ਕੀਤੀ ਜਾ ਸਕੇਗੀ। ਡਿਜੀਟਲ ਭੰਡਾਰ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਸਰਵਰ ਨਾਲ ਇਕ ਅਲਗ (ਸੰਭਵ ਤੌਰ ਤੇ) ਜੋੜਮੇਲ ਰੱਖਣਗੇ ਜਿਸ ਰਾਹੀਂ ਡਿਜੀਟਲ ਭੰਡਾਰ ਹਰ ਵਿਸ਼ੇ ਵਸਤੂ ਦੀ ਆਧਾਰ ਸਮੱਗਰੀ ਇੰਡੈਕਸਿੰਗ ਅਤੇ ਖੋਜ ਲਈ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨੂੰ ਮੁਹੱਈਆ ਕਰੇਗਾ। ਡਿਜੀਟਲ ਲਾਇਬ੍ਰੇਰੀ ਦੇ ਪੱਧਰ ਉਤੇ ਇਸ ਦਾ ਪ੍ਰਬੰਧਨ ਕੀਤਾ ਜਾਵੇਗਾ। ਜਦੋਂ ਕੋਈ ਵਰਤੋਂਕਾਰ ਕਿਸੇ ਵਿਸ਼ੇ ਵਸਤੂ ਬਾਰੇ ਖੋਜ ਕਰੇਗਾ ਤਾਂ ਉਸ ਲਈ ਉਹ ਅਧਾਰ ਸਮੱਗਰੀ ਵਿਚੋਂ ਖੋਜੀ ਜਵੇਗੀ ਅਤੇ ਇਕ ਸੂਚੀ ਦੇ ਤੌਰ ਤੇ ਵਰਤੋਂਕਾਰ ਸਾਹਮਣੇ ਰੱਖੀ ਜਾਵੇਗੀ। ਜਦੋਂ ਵਰਤੋਂਕਾਰ ਅਜਿਹੀ ਸੂਚੀਬਧ ਕੀਤੀ ਵਿਸ਼ੇ ਵਸਤੂ ਬਾਰੇ ਪੂਰੇ ਐਕਟ ਦੀ ਜਾਣਕਾਰੀ ਹਾਸਲ ਕਰਨਾ ਚਾਹੁੰਦਾ ਹੋਵੇ ਤਾਂ ਉਸ ਨੂੰ ਪਹੁੰਚ ਸਥਾਪਤ ਕਰਨ ਲਈ ਢੁੱਕਵੇਂ ਡਿਜੀਟਲ ਭੰਡਾਰ ਨਾਲ ਯੂ ਆਰ ਐੱਲ ਰਾਹੀਂ ਜੋੜ ਦਿੱਤਾ ਜਾਵੇਗਾ। ਸਿੱਟੇ ਵਜੋਂ, ਵਿਸ਼ੇ ਵਸਤੂ ਦੇ ਪੂਰੇ ਟੈਕਸਟ ਤਕ ਪਹੁੰਚ ਲਈ ਸ਼ਰਤਾਂ ਮਾਲਕ/ਮੁਹੱਈਆ ਕਰਨ ਵਾਲੇ ਉਪਰ, ਵਰਤੋਂਕਾਰ ਉਪਰ ਅਤੇ ਉਨ੍ਹਾਂ ਦੇ ਆਪਸੀ ਰਿਸ਼ਤੇ ਅਨੁਸਾਰ ਨਿਰਭਰ ਕਰਨਗੀਆਂ। ਕਾਪੀਰਾਈਟ ਦਾ ਮੁੱਦਾ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨੂੰ ਬਾਹਰ ਰੱਖ ਕੇ ਵਿਸ਼ੇ ਸਮੱਗਰੀ ਮੁਹੱਈਆ ਕਰਨ ਵਾਲੇ ਅਤੇ ਵਰਤੋਂਕਾਰ ਵਿਚਕਾਰ ਰਹਿ ਜਾਵੇਗਾ। ਅੰਤ ਵਿਚ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇ ਪੱਧਰ ਉਤੇ, ਵਿਸ਼ੇ ਸਮੱਗਰੀ ਇੰਡੈਕਸ ਸੈੱਟਾਂ, ਸਮਝਦਾਰੀ ਨਾਲ ਬਣੇ ਗ੍ਰਾਫਿਕ ਅੰਤਰ ਮੁਹਾਰ, ਵਰਤੋਂ ਦੀ ਪੜਚੋਲ, ਆਦਿ ਦਾ ਵਾਧੂ ਮੁੱਲ ਸੇਵਾਵਾਂ ਵਾਲਾ ਇਕ ਸੈੱਟ ਵਿਕਸਤ ਕੀਤਾ ਜਾਵੇਗਾ।


## ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇ ਡਿਜ਼ਾਈਨ ਟੀਚੇ

ਉਪਰ ਦਿੱਤੇ ਉਦੇਸ਼ਾਂ ਅਤੇ ਮਾਡਲ ਤੋਂ

ਚਿੱਤਰ-2 : ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਲਈ ਵਰਤੋਂ ਕੇਸ




ਚਿੱਤਰ-3 : ਰੇਂਜ ਆਫ ਕੰਨਟੈਂਟ ਇਨ ਐੱਨ ਡੀ ਐੱਲ




ਸੇਧ ਲੈ ਕੇ ਅਸੀਂ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇ ਡਿਜ਼ਾਈਨ ਲਈ ਟੀਚਿਆਂ ਦੇ ਇਕ ਸੈੱਟ ਦੀ ਪਛਾਣ ਕੀਤੀ। ਇਹ ਟੀਚੇ ਇਸ ਪਾਇਲਟ ਪ੍ਰਜੈਕਟ ਦੀ ਸਫਲਤਾ ਅਤੇ ਇਨ੍ਹਾਂ ਨੂੰ ਪੂਰਾ ਡਿਜ਼ਾਈਨ ਬਣਾਉਣ ਵਿਚ ਲਗਾਏ ਜਾ ਸਕਣ ਦੇ ਆਧਾਰ ਉਤੇ ਮਿਥੇ ਗਏ ਹਨ। ਇਹ ਟੀਚੇ ਥੋੜ੍ਹੇ ਵਿਚ ਹੇਠਾਂ ਦਿੱਤੇ ਗਏ ਹਨ।

## ਸੰਬੰਧਿਤ ਧਿਰਾਂ

ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੀਆਂ ਸੰਬੰਧਿਤ ਧਿਰਾਂ ਵਿਚ ਸ਼ਾਮਲ ਹਨ - ਵਿਦਿਆਰਥੀ, ਅਧਿਆਪਕ, ਆਮ ਵਰਤੋਂਕਾਰ, ਲੇਖਕ, ਪਬਲੀਸ਼ਰ, ਕੈਟਾਲੋਗ ਸੇਵਾਵਾਂ ਮੁਹੱਈਆਕਾਰ, ਸਮੱਗਰੀ ਦੇਣ ਵਾਲੇ ਸੰਸਥਾਨ (ਉਹ ਜੋ ਡਿਜੀਟਲ ਭੰਡਾਰ ਰੱਖਦੇ ਹਨ ਅਤੇ ਉਸ ਦਾ ਜੋੜਮੇਲ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨਾਲ ਕਰਨ ਦੀ ਮਨਜ਼ੂਰੀ ਦਿੰਦੇ ਹਨ) ਉਪਭੋਗਤਾ ਸੰਸਥਾਨ (ਜੋ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੀ ਵਰਤੋਂ ਕਰਦੇ ਹਨ), ਮੰਤਰਾਲਾ ਅਤੇ ਸਰਕਾਰ। ਇਹ ਹਰ ਪੱਧਰ ਉਤੇ, ਕਿੰਡਰਗਾਰਟਨ ਤੋਂ ਲੈ ਕੇ ਜ਼ਿੰਦਗੀ ਭਰ ਗਿਆਨ ਪ੍ਰਾਪਤ ਕਰਨ ਵਾਲਿਆਂ ਲਈ ਉੱਚ ਕੋਟੀ ਦੀ ਖੋਜ ਕਰਨ ਦੀ ਸੇਵਾ ਮੁਹੱਈਆ ਕਰੇਗੀ।

## ਵਰਤੋਂ ਲਈ ਵੰਡ


ਇਸ ਭੰਡਾਰ ਦੇ ਦੋ ਵੱਡੇ ਹਿੱਸੇ ਹਨ - ਵਿਸ਼ੇ ਵਸਤੂ ਭੰਡਾਰ ਅਤੇ ਕੋਰਸ ਭੰਡਾਰ। ਭੰਡਾਰ ਵਿਚੋਂ ਵਿਸ਼ੇ ਵਸਤੂ ਨੂੰ ਖੋਜਣ (ਵੈੱਬਸਾਈਟ ਉਪਰ ਖੋਜਣ ਵਾਸਤੇ) ਜਾਂ ਦਸਤੀ ਤਰੀਕੇ ਨਾਲ ਹਾਸਲ ਕੀਤਾ ਜਾ ਸਕਦਾ ਹੈ। ਕੋਰਸ ਭੰਡਾਰ ਵਿਚ, ਕੋਰਸ ਵਿਕਸਤ ਕਰਨ ਵਾਲਿਆਂ ਵਲੋਂ ਪ੍ਰਬੰਧਕੀ ਪ੍ਰਣਾਲੀ ਦੇ ਗਿਆਨ ਦੇ ਹਿੱਸੇ ਵਜੋਂ, ਕੋਰਸ ਤਿਆਰ ਕੀਤੇ ਜਾਂਦੇ ਹਨ ਅਤੇ ਪੇਸ਼ ਕੀਤੇ ਜਾਂਦੇ ਹਨ। ਉਪਭੋਗਤਾ, ਜਿਵੇਂ ਕਿ ਆਮ ਵਰਤੋਂਕਾਰ ਅਤੇ ਵਿਦਿਆਰਥੀ ਇਸ ਦੀ ਵਰਤੋਂ ਕਰਦੇ ਹਨ ਅਤੇ ਇਨ੍ਹਾਂ ਭੰਡਾਰਾਂ ਤਕ ਪਹੁੰਚ ਬਣਾਉਂਦੇ ਹਨ।

## ਵਿਸ਼ਾ ਵਸਤੂ, ਆਧਾਰ ਸਮੱਗਰੀ ਅਤੇ ਮਿਆਰ


ਹਰ ਪ੍ਰਕਾਰ ਦੇ ਗਿਆਨ ਪ੍ਰਾਪਤ ਕਰਨ ਵਾਲਿਆਂ ਲਈ ਲਾਭਕਾਰੀ ਸਿੱਧ ਹੋਣ ਲਈ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦਾ ਨਿਰਮਾਣ, ਗਿਆਨ ਦੇ ਹਰ ਖੇਤਰ ਅਤੇ ਹਰ ਕਿਸਮ ਦੇ ਵਿਸ਼ੇ ਵਸਤੂ - ਨਾ ਸਿਰਫ ਕਿਤਾਬਾਂ ਅਤੇ ਰਸਾਲੇ ਸਗੋਂ ਵੀਡੀਓ/ਆਡੀਓ ਸਮੱਗਰੀ, ਸਾਫਟਵੇਅਰ, ਜੀਵੰਤ ਵਿਅੰਗ ਚਿੱਤਰ, ਨਕਲ, ਵੈੱਬਕੋਰਸ, ਹੱਥੀ ਸਿਖਲਾਈ, ਲੈੱਬ ਸਮੱਗਰੀ, ਸਵਾਲ ਬੈਂਕ, ਮਾਡਲ ਜਵਾਬ ਆਦਿ ਲਈ ਲਾਭਕਾਰੀ ਹੋਣ ਲਈ ਕੀਤਾ ਜਾ ਰਿਹਾ ਹੈ। ਚਿੱਤਰ-3 ਵਿਚ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦਾ ਸੂਚੀ ਘੇਰਾ ਪਸਾਰ ਦਿਖਾਇਆ ਗਿਆ ਹੈ।

ਇਸ ਦੇ ਖੇਤਰ ਵਿਚ ਵਿਗਿਆਨ ਅਤੇ ਇੰਜਨੀਅਰਿੰਗ, ਮੈਡੀਕਲ, ਕਾਨੂੰਨ, ਸਭਿਆਚਾਰ ਅਤੇ ਵਿਰਾਸਤ, ਮਾਨਵਿਕੀ, ਕਲਾ ਅਤੇ ਖੇਡਾਂ ਦੇ ਵਿਸ਼ਿਆਂ ਉਪਰ ਜਾਣਕਾਰੀ ਹੋਵੇਗੀ। ਇਹ ਹਰ ਕਿਸੇ ਦੀ ਪਹੁੰਚ ਲਈ ਖੁੱਲ੍ਹੀ ਹੋਵੇਗੀ ਅਤੇ

ਚਿੱਤਰ-4 : ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਮੇਟਾਡੇਟਾ ਮਿਆਰ




ਚਿੱਤਰ-5 : ਫੰਕਸ਼ਨਲ ਆਰਕੀਟੈਕਚਰ ਫਾਰ ਐੱਨ ਡੀ ਐੱਲ




ਢੁਕਵੀਂ ਵਿਸ਼ਾ ਸੂਚੀ ਸਭ ਹਿੱਸਾ ਪਾਉਣ ਵਾਲਿਆਂ ਕੋਲੋਂ, ਭਾਵੇਂ ਉਹ ਜਨਤਕ ਖੇਤਰ ਵਿਚ ਹੋਣ ਜਾਂ ਨਿੱਜੀ, ਹਾਸਲ ਕਰੇਗੀ।

ਆਧਾਰ ਸਮੱਗਰੀ ਉਹ ਡਾਟਾ ਹੈ ਜੋ ਵਿਸ਼ੇ ਸੂਚੀ ਦਰਸਾਉਂਦੀ ਹੈ। ਇਸ ਆਧਾਰ ਸਮੱਗਰੀ ਵਿਚ ਕੀ ਡਾਟਾ ਰੱਖਿਆ ਜਾਵੇਗਾ, ਉਹ ਵਿਸ਼ੇ ਸੂਚੀ ਦੀ ਕਿਸਮ ਅਤੇ ਉਹ ਵੱਡੀ ਚੁਨੌਤੀ ਵਰਤੋਂਕਾਰਾਂ ਵਲੋਂ ਕਿੰਨੀ ਆਸਾਨੀ ਨਾਲ ਲੱਭਿਆ ਜਾ ਸਕਦਾ ਹੈ, ਉਸ ਉਪਰ ਨਿਰਭਰ ਕਰੇਗਾ। ਕਿਸੇ ਵੀ ਡਿਜੀਟਲ ਲਾਇਬ੍ਰੇਰੀ ਦੀ ਆਧਾਰ ਸਮੱਗਰੀ ਉਸ ਦਾ ਕੇਂਦਰ ਹੁੰਦੀ ਹੈ ਅਤੇ ਇਸ ਤਰ੍ਹਾਂ ਆਧਾਰ ਸਮੱਗਰੀ ਦਾ ਇਕ ਵਿਵੇਕਪੂਰਨ ਡਿਜ਼ਾਈਨ ਇਕ ਡਿਜੀਟਲ ਲਾਇਬ੍ਰੇਰੀ ਕਾਇਮ ਕਰਨ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਕਈ ਮਿਆਰੀ ਅਧਾਰ ਸਮੱਗਰੀਆਂ ਹੋਂਦ ਵਿਚ ਹਨ, ਜਿਵੇਂ ਕਿ ਡਬਲਿਨ ਕੋਰ, ਆਈ ਈ ਈ ਈ - ਐੱਲ ਓ ਐੱਮ, ਮਾਰਕ, ਸ਼ੋਧਗੀਗਾ, ਆਦਿ। ਪਰ ਇਨ੍ਹਾਂ ਵਿਚੋਂ ਕੋਈ ਵੀ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੀਆਂ ਜ਼ਰੂਰਤਾਂ ਪੂਰੀ ਤਰ੍ਹਾਂ ਪੂਰੀਆਂ ਨਹੀਂ ਕਰ ਸਕਦਾ। ਕੋਈ ਹੋਰ ਮਿਆਰ ਖੜ੍ਹਾ ਕਰਨ ਦੀ ਬਜਾਇ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨੇ, ਇਸ ਖੇਤਰ ਵਿਚ ਮਾਹਰਾਂ ਨੇ ਬਹੁਤ ਸੋਚ ਵਿਚਾਰ ਬਾਅਦ ਇਹ ਫ਼ੈਸਲਾ ਕੀਤਾ ਹੈ ਕਿ ਇਕ ਖੁੱਲ੍ਹਾ ਵਾਸਤਵਿਕ ਮਿਆਰ ਅਪਣਾਇਆ ਜਾਵੇ ਜਿਵੇਂ ਕਿ ਚਿੱਤਰ-4 ਵਿਚ ਦਿੱਤਾ ਗਿਆ ਹੈ।

ਇਸ ਪਹੁੰਚ ਵਿਚ, ਅਪਣਾਏ ਮਿਆਰ ਦੇ ਡੋਮੇਨ ਨਾਮ ਨੂੰ ਰੱਖ ਕੇ ਆਧਾਰ ਸਮੱਗਰੀ ਦੇ ਹਰ ਪੱਖ ਦੀ ਪਛਾਣ ਕਾਇਮ ਰੱਖੀ ਗਈ ਹੈ (ਜਿਵੇਂ ਕਿ 'ਡੀ ਸੀ' ਡਬਲਿਨ ਕੋਰ ਜਾਤੀਗਤ ਆਧਾਰ ਸਮੱਗਰੀ ਪੱਖ ਲਈ, ਸਿੱਖਿਆ ਦੇ ਆਧਾਰ ਸਮੱਗਰੀ ਪੱਖ ਲਈ ਸਰੋਤ ਆਧਾਰ ਸਮੱਗਰੀ ਪਹਿਲ ਸਿੱਖਣਾ 'ਇਰਮੀ')। ਇਸ ਮਿਆਰ ਨੂੰ ਲਚਕੀਲਾ ਵੀ ਰੱਖਿਆ ਗਿਆ ਹੈ ਤਾਂ ਕਿ ਭਵਿੱਖ ਵਿਚ ਲੋੜਾਂ ਅਨੁਸਾਰ ਵਿਸ਼ੇ ਸੂਚੀ ਦੀ ਕਿਸਮ ਮੁਤਾਬਕ ਜੋ ਅੱਜ ਦੇ ਪੱਧਰ 'ਤੇ ਪਛਾਣੀਆਂ ਨਹੀਂ ਜਾ ਸਕਦੀਆਂ ਹਨ, ਮਿਆਰ ਆਧਾਰ ਦੇ ਪੱਖਾਂ ਵਿਚ ਸੋਧ ਕੀਤੀ ਜਾ ਸਕੇ।


## ਕਿਰਿਆਸ਼ੀਲ ਅਤੇ ਹਾਰਡਵੇਅਰ ਉਸਾਰੀ ਢਾਂਚਾ

ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੀ ਕਿਰਿਆਸ਼ੀਲਤਾ ਵਿਚ ਵਿਸ਼ੇ ਸੂਚੀ ਨੂੰ ਹਾਰਵੈਸਟਿੰਗ ਸਰਵਰ ਰਾਹੀਂ ਇਕੱਠਾ ਕੀਤਾ ਜਾਂਦਾ ਹੈ, ਵਿਸ਼ੇਸ਼ ਸੂਚੀ ਭੰਡਾਰ ਵਿਚ ਭੰਡਾਰਨ ਕੀਤਾ ਜਾਂਦਾ ਹੈ ਅਤੇ ਇੰਡੈਕਸ ਸਰਵਰ ਵਿਚ ਇੰਡੈਕਸ ਕੀਤਾ ਜਾਂਦਾ ਹੈ। ਇਹ ਵਰਤੋਂਕਾਰਾਂ ਲਈ ਵਿਸ਼ੇ ਸੂਚੀ ਸਰਵਰ ਅਤੇ ਐੱਲ ਐੱਮ ਐੱਸ ਸਰਵਰ ਰਾਹੀਂ ਉਪਲਬਧ ਕੀਤਾ ਜਾਂਦਾ ਹੈ। ਇਸ ਸਭ ਕੁੱਝ ਉਪਰ ਵਿਸ਼ੇ ਸੂਚੀ ਪ੍ਰਬੰਧਨ ਸਰਵਰ ਰਾਹੀਂ ਨਿਯੰਤ੍ਰਿਤ ਕੀਤਾ ਜਾਂਦਾ ਹੈ। ਵੱਖ-ਵੱਖ ਉਪਕਰਨਾਂ ਜਿਵੇਂ ਕਿ ਮੋਬਾਈਲ, ਟੈਬਲਟ ਅਤੇ ਮੁੱਲ ਵਰਧਕ ਸੇਵਾ ਦੇਣ ਵਾਲਿਆਂ ਲਈ ਐਪਲੀਕੇਸ਼ਨ ਪ੍ਰੋਗਰਾਮਿੰਗ ਇੰਟਰਫੇਸ (ਏ ਪੀ ਆਈ) ਰਾਹੀਂ ਸੇਵਾ ਦੀਆਂ ਆਖਰੀ ਇਕਾਈਆਂ ਮੁਹੱਈਆ ਕੀਤੀਆਂ ਜਾਂਦੀਆਂ ਹਨ।

ਚਿੱਤਰ-5 ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੀ ਉਸਾਰੀ ਸ਼ੈਲੀ ਕਿਰਿਆਸ਼ੀਲ ਉਸਾਰੀ ਸ਼ੈਲੀ ਦੇ ਆਧਾਰ ਉਤੇ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇ ਵੱਖ-ਵੱਖ ਸਰਵਰ, ਭੰਡਾਰਨ ਅਤੇ ਨੈੱਟਵਰਕ ਚਿੱਤਰ-6 ਵਿਚ ਦਿਖਾਏ ਗਏ ਹਨ :

## ਸਵੈਚਾਲਕਤ ਅਤੇ ਤਕਨਾਲੋਜੀ

ਆਧੁਨਿਕ ਤਕਨਾਲੋਜੀ ਦੀ ਵਿਆਪਕ ਵਰਤੋਂ ਸਿਰਫ਼ ਵਰਤੋਂਕਾਰ ਲਈ ਸੁਖਾਵੀਂ, ਲੋੜਾਂ ਪੂਰੀਆਂ ਕਰਨ ਵਾਲੀ, ਕਾਬਲ ਅਤੇ ਹਰ ਵੇਲੇ ਪਸਾਰ




ਹੋਣ ਵਾਲੀ ਡਿਜੀਟਲ ਲਾਇਬ੍ਰੇਰੀ ਨਿਸ਼ਚਿਤ ਕਰ ਸਕਦੀ ਹੈ ਜੋ ਵੱਧ ਤੋਂ ਵੱਧ ਅਨੁਕੂਲ ਸਮੇਂ ਬਣਾਈ ਗਈ ਹੋਵੇ ਅਤੇ ਉਸ ਦਾ ਢੰਗ ਨਾਲ ਰੱਖ-ਰਖਾਅ ਕੀਤਾ ਜਾ ਸਕੇ। ਇਕੱਠਾ ਕਰਨ/ਖਿੱਚਣ, ਬਹੁ-ਭਾਸ਼ੀ ਮਦਦ, ਭੰਡਾਰਨਾਂ ਦਾ ਜੋੜਮੇਲ ਸੰਘੀਖੋਰ, ਅੰਗਹੀਣਾਂ ਦੀ ਵਰਤੋਂ ਲਈ ਸੁਯੋਗਤਾ ਦਾ ਹਰ ਖੇਤਰ ਜੋ ਡਿਜੀਟਲ ਲਾਇਬ੍ਰੇਰੀ ਵਿਕਸਤ ਕਰਨ ਲਈ ਜ਼ਰੂਰੀ ਹੋਵੇ ਅਤੇ ਆਫ਼ਤਾਂ ਤੋਂ ਬਚਾਅ ਲਈ ਇਸ ਨੂੰ ਸੂਚਨਾ ਤਕਨਾਲੋਜੀ ਤਕ ਵਧਾਇਆ ਜਾਵੇ, ਤਕਨਾਲੋਜੀ ਦੀ ਵਰਤੋਂ ਦਾ ਪਾਤਰ ਹੈ। ਆਧਾਰ ਸਮੱਗਰੀ ਵਿਆਖਿਆ/ਸੁਧਾਰ ਸਹਾਈ ਹੋਣਾ ਡਿਜੀਟਲ ਲਾਇਬ੍ਰੇਰੀਆਂ/ਸੁਧਾਰ ਸਹਾਈ ਹੋਣਾ ਨਾਮੁਮਕਿਨ ਹੈ। ਇਸ ਸੰਬੰਧ ਵਿਚ ਸਮਾਰਟ ਸੂਚਨਾ ਖੋਜਣ ਲਈ ਮਸ਼ੀਨ ਗਿਆਨ, ਕੁਦਰਤੀ ਭਾਸ਼ਾ ਪ੍ਰੋਸੈਸਿੰਗ ਅਤੇ ਚਿੱਤਰ ਪ੍ਰੋਸੈਸਿੰਗ ਪ੍ਰਣਾਲੀ ਵਰਤੋਂ ਵਿਚ ਲਿਆਂਦੇ ਜਾ ਰਹੇ ਹਨ।

## ਕਾਪੀਰਾਈਟ ਸੁਰੱਖਿਆ

ਕਿਸੇ ਵੀ ਅਜਿਹੀ ਰਾਸ਼ਟਰੀ ਪਹਿਲ ਲਈ ਕਾਪੀਰਾਈਟ ਸੁਰੱਖਿਆ ਸਭ ਤੋਂ ਪਹਿਲਾਂ ਲੋੜੀਂਦਾ ਬਿੰਦੂ ਹੈ। ਕਿਉਂਕਿ ਇਹ ਇਕ ਪੇਚੀਦਾ ਅਤੇ ਸੰਵੇਦਨਸ਼ੀਲ ਮੁੱਦਾ ਹੈ, ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨੇ ਸਿਰਫ ਉਸ ਆਧਾਰ ਸਮੱਗਰੀ ਨੂੰ ਹਾਸਲ ਕਰਨ ਅਤੇ ਭੰਡਾਰਨ ਦੀ ਨੀਤੀ ਅਪਣਾਈ ਹੈ ਜੋ ਕਾਪੀਰਾਈਟ ਮੁਕਤ ਹੈ ਪਰ ਉਸ ਦਾ ਟੈਕਸਟ ਵਿਸ਼ੇ ਸੂਚੀ ਮੁਕਤ ਨਹੀਂ ਹੈ ਜਦੋਂ ਤਕ ਕਿ ਉਹ ਕਿਸੇ ਰਚਨਾਕਾਰ ਵਲੋਂ ਸਵੈ-ਇੱਛਾ ਨਾਲ ਨਾ ਦਿੱਤੀ ਗਈ ਹੋਵੇ।

**ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਵਿਚ ਖੋਜ ਦੇ ਹਿੱਸੇ ਵਜੋਂ, ਵਰਤੋਂਕਾਰ ਕਲਿੱਕ ਕਰ ਕੇ ਵਿਸ਼ੇ ਸੂਚੀ ਦੇ ਸ੍ਰੋਤ ਨਾਲ ਜੁੜ ਸਕਦਾ ਹੈ ਅਤੇ ਸ੍ਰੋਤ ਸੰਸਥਾਨ ਦੀ ਨੀਤੀ ਅਨੁਸਾਰ ਵਰਤੋਂਕਾਰ ਨੂੰ ਪੂਰੇ ਟੈਕਸਟ ਤਕ ਪਹੁੰਚ ਵੀ ਮਿਲ ਸਕਦੀ ਹੈ। ਇਸ ਪਹੁੰਚ ਰਾਹੀਂ ਵਰਤੋਂਕਾਰ ਰਾਖਵੀਂ ਜਾਂ ਪੈਸੇ ਅਦਾ ਕਰਕੇ ਖਰੀਦੀ ਜਾਣ ਵਾਲੀ ਸਮੁੱਚੀ ਸਮੱਗਰੀ ਤਕ ਉਸ ਦੇ ਅਤੇ ਸਰੋਤ ਸੰਸਥਾਨ ਵਿਚਕਾਰ ਬਣੀ ਸਮਝਦਾਰੀ ਅਨੁਸਾਰ ਪਹੁੰਚ ਕਰ ਸਕਦਾ ਹੈ।**

ਪਰ ਸਕੂਲ ਸੈਕਸ਼ਨ ਅਤੇ ਘੋਖ ਪੱਧਰ ਦੀ ਬਹੁਤੀ ਸਮੱਗਰੀਤਕ ਭਾਸ਼ਾਈ ਸਮੱਗਰੀ ਸਮੇਤ, ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ, ਯੂ ਜੀ ਸੀ, ਸਕੂਲ ਬੋਰਡ ਅਤੇ ਹੋਰ ਏਜੰਸੀਆਂ ਰਾਹੀਂ ਮੁਫ਼ਤ ਪਹੁੰਚ ਦਿੱਤੀ ਜਾਵੇ, ਉਸ ਲਈ ਕੋਸ਼ਿਸ਼ਾਂ ਜਾਰੀ ਹਨ।

## ਸਮੁੱਚਾਪਨ ਅਤੇ ਖੁੱਲ੍ਹਾਪਨ

ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦਾ ਫਲਸਫਾ ਸਮੁੱਚਾ ਅਤੇ ਖੁੱਲ੍ਹਾ ਹੈ – ਹਰ ਪੱਧਰ ਅਤੇ ਸਭ ਕਿਸਮਾਂ ਦੇ ਵਰਤੋਂਕਾਰਾਂ ਲਈ, ਹਰ ਖੇਤਰ ਵਿਚ, ਹਰ ਭਾਗ ਵਿਚ, ਹਰ ਡੋਮੇਨ 'ਤੇ, ਹਰ ਸਰੋਤ ਰਾਹੀਂ ਅਤੇ ਹਰ ਤਰ੍ਹਾਂ ਦੇ ਵਿਸ਼ੇ ਸਮੁੱਚੇ ਹਨ। ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੀ ਆਧਾਰਕ ਸਮੱਗਰੀ ਹਰ ਕਿਸਮ ਦੀ ਖੋਜ, ਵਿਕਾਸ ਅਤੇ ਐਕਸਟੈਂਸ਼ਨ ਲਈ, ਸਿਵਾਏ ਉਸ ਦੇ ਜਿਸ ਦੇ ਪੂਰੇ ਟੈਕਸਟ ਉਪਰ ਕਾਪੀਰਾਈਟ ਦੀਆਂ ਬੰਦਸ਼ਾਂ ਲੱਗੀਆਂ ਹੋਣ, ਖੁੱਲ੍ਹੀ ਹੈ।

## ਜਾਗਰੂਕਤਾ ਅਤੇ ਪ੍ਰਸਾਰ

ਚੇਤਨਤਾ ਜਗਾਉਣ ਅਤੇ ਹੱਥੀ ਸਿਖਲਾਈ

ਦੇਣ ਲਈ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਵਰਕਸ਼ਾਪਾਂ ਅਤੇ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ। ਜਾਣਕਾਰੀ ਦੇ ਪ੍ਰਸਾਰ ਲਈ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇ ਦਲ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਇਸ ਲਾਇਬ੍ਰੇਰੀ ਨੂੰ ਪੇਸ਼ ਕਰ ਰਹੇ ਹਨ। ਇਕ ਵੈੱਬਸਾਈਟ ਵੀ ਬਣਾਈ ਗਈ ਹੈ ਜਿਸ ਵਿਚ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਬਾਰੇ ਜਾਣਕਾਰੀ ਮੁਫ਼ਤ ਉਪਲਬਧ ਹੈ।

## ਸਿੱਟਾ

ਪੂਰੀ ਤਰ੍ਹਾਂ ਵਿਕਸਤ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਦੇਸ਼ ਵਿਚ ਸਿੱਖਿਆ ਦੇ ਖੇਤਰ ਵਿਚ ਇਕ ਵੱਡੀ ਤਬਦੀਲੀ ਲਿਆ ਦੇਵੇਗੀ ਜਿਸ ਵਿਚ ਹਰ ਪੱਧਰ, ਕਿੰਡਰਗਾਰਟਨ ਤੋਂ ਲੈ ਕੇ ਜ਼ਿੰਦਗੀ ਭਰ ਗਿਆਨ ਪ੍ਰਾਪਤ ਕਰਨ ਵਾਲਿਆਂ ਲਈ ਉੱਚ ਕੋਟੀ ਦੀ ਖੋਜ ਕਰਨ ਦੀ ਸੇਵਾ ਮੁਹੱਈਆ ਕਰੇਗੀ।

**ਰਾਸ਼ਟਰੀ ਡਿਜ਼ੀਟਲ ਲਾਇਬ੍ਰੇਰੀ ਨਾ ਸਿਰਫ਼ ਇਸ ਲੇਖ ਵਿਚ ਵਿਚਾਰੀ ਗਈ ਵੱਡੀ ਪੱਧਰ 'ਤੇ ਵਿਸ਼ੇ ਸੂਚੀ ਮੁਹੱਈਆ ਕਰੇਗੀ ਸਗੋਂ ਸਿੱਖਿਆ ਦੇ ਖੇਤਰ ਵਿਚ ਨਵੀਨਤਮ ਤਕਨੀਕਾਂ ਦੇ ਕਈ ਮੌਕੇ ਖੋਲ੍ਹੇਗੀ, ਸਿੱਖਿਆ ਅਤੇ ਖੋਜ ਵਿਚ ਲੰਬੇ ਸਮੇਂ ਤੋਂ ਚਲੀਆਂ ਆ ਰਹੀਆਂ ਰੁਕਾਵਟਾਂ ਦਾ ਹੱਲ ਲੱਭੇਗੀ, ਸਿੱਖਿਆ ਵਿਚ ਸਿਲਸਿਲੇ ਵਾਰ ਸ੍ਰੋਤ ਇਕੱਠੇ ਕਰਨ ਦੀ ਸਹੂਲਤ ਪੈਦਾ ਕਰੇਗੀ ਅਤੇ ਇਕ ਅਸਲੀ ਰਾਸ਼ਟਰੀ ਅਸਾਸਾ ਬਣੇਗੀ।**

ਪਰ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਨੂੰ ਆਤਮ ਪੂਰਨ ਪਾਇਦਾਰ ਬਣਨ ਲਈ ਸਾਹਮਣੇ ਕੁੱਝ ਚੁਨੌਤੀਆਂ ਹਨ। ਉਨ੍ਹਾਂ ਵਿਚੋਂ ਕੁੱਝ ਵਿਸ਼ੇ ਸੂਚੀ ਨੂੰ ਸਰੋਤ ਇਕੱਠੇ ਕਰਨ ਦੀ ਅਸਰਦਾਰ ਮਸ਼ੀਨਰੀ, ਰਾਸ਼ਟਰੀ ਲਾਇਸੰਸ, ਸਾਫ਼ ਸੁਥਰੀਆਂ ਕਾਪੀਰਾਈਟ ਨੀਤੀਆਂ, ਉੱਚ ਕੋਟੀ ਦੇ ਸੁਝਾਅ ਪੈਦਾ ਕਰਨ, ਖ਼ੁਦ ਮਦਦਗਾਰ ਮਾਲੀ ਮਾਡਲ ਅਤੇ ਵਿਆਪਕ ਤੌਰ ਤੇ ਖੁੱਲ੍ਹੇ ਸਭਿਆਚਾਰ ਦੀ ਸ਼ਮੂਲੀਅਤ ਆਦਿ ਹਨ।

ਉਮੀਦ ਕੀਤੀ ਜਾ ਸਕਦੀ ਹੈ ਕਿ ਜਾਗਰੂਕਤਾ ਪੈਦਾ ਹੋਣ ਨਾਲ ਅਤੇ ਵੱਖ-ਵੱਖ ਮੰਤਰਾਲਿਆਂ ਅਤੇ ਦੇਸ਼ ਦੇ ਨਾਗਰਿਕਾਂ ਦੀ ਅਸਰਦਾਰ ਮਦਦ ਨਾਲ ਦੇਰ ਸਵੇਰ ਇਨ੍ਹਾਂ ਨਾਲ ਜੂਝਣਾ ਸੰਭਵ ਹੋ ਜਾਵੇਗਾ ਅਤੇ ਇਸ ਤਰ੍ਹਾਂ ਭਾਰਤ ਵਿਚ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ ਗਿਆਨ ਦਾ ਰਾਸ਼ਟਰੀ ਪਲੇਟਫਾਰਮ ਬਣ ਜਾਵੇਗੀ।

*(ਸਾਰੇ ਲੇਖਕ ਆਈ ਆਈ ਟੀ ਖੜਗਪੁਰ ਨਾਲ ਸੰਬੰਧਿਤ ਹਨ।)*

*e-mail :ppd@cse.iitkgp.ernet.in*

*ਸਫ਼ਾ 12 ਦੀ ਬਾਕੀ*

ਪ੍ਰਸੰਗ ਵਿਸ਼ੇਸ਼, ਸਥਾਨ ਵਿਸ਼ੇਸ਼ ਅਤੇ ਸੱਭਿਆਚਾਰ ਵਿਸ਼ੇਸ਼ ਦੇ ਪ੍ਰਸੰਗ ਵਿਚ ਵਿਕਸਤ ਹੁੰਦੇ ਹਨ।

ਓਪਨ ਵਿਦਿਅਕ ਸਰੋਤਾਂ ਬਾਰੇ ਰਾਸ਼ਟਰੀ ਭੰਡਾਰ (http://nroer.gov.in) ਸਕੂਲੀ ਪੱਧਰ 'ਤੇ ਮਕਬੂਲ ਹੈ। ਵੱਖ-ਵੱਖ ਭਾਰਤੀ ਭਾਸ਼ਾਵਾਂ ਦੀ ਨੁਮਾਇੰਦਗੀ ਕਰਨ ਅਤੇ ਅਧਿਆਪਕਾਂ ਅਤੇ ਹੋਰ ਸੰਬੰਧਿਤ ਧਿਰਾਂ ਨੂੰ ਸ੍ਰੋਤਾਂ ਦੀ ਸੰਭਾਲ ਲਈ ਮਦਦ ਕਰਨ ਵਾਲਾ ਇਹ ਪ੍ਰੋਗਰਾਮ ਸਭਨਾਂ ਦੀ ਸਾਂਝੀ ਸ਼ਮੂਲੀਅਤ ਸਦਕਾ ਅੱਗੇ ਵਧ ਰਿਹਾ ਹੈ। ਉਚੇਰੀ ਸਿੱਖਿਆ ਦੇ ਖੇਤਰ ਵਿਚ ਵੀ ਅਜਿਹੇ ਉੱਦਮ ਹੋਏ ਹਨ ਜਿਨ੍ਹਾਂ ਵਿਚ ਰਾਸ਼ਟਰੀ ਡਿਜੀਟਲ ਲਾਇਬ੍ਰੇਰੀ, ਆਈ ਆਈ ਟੀ ਖੜਗਪੁਰ ਵਲੋਂ ਉਲੀਕਿਆ ਇਕ ਪ੍ਰਾਜੈਕਟ ਅਤੇ ਅਕਾਦਮਿਕ ਭੰਡਾਰ ਵਜੋਂ ਤਿਆਰ ਕੀਤਾ ਗਿਆ ਈ-ਗਿਆਨ ਕੋਸ਼ ਸ਼ਾਮਿਲ ਹਨ।

ਦੂਜਾ ਮਕਬੂਲ ਤਕਨਾਲੋਜੀਕਲ ਉਪਾਅ ਆਨਲਾਈਨ ਕੋਰਸ ਮੁਹੱਈਆ ਕਰਾਉਣਾ ਹੈ। ਐੱਮ ਓ ਓ ਸੀ ਦੇ ਨਾਲ ਮਸ਼ਹੂਰ ਵੱਡੇ ਪੱਧਰ 'ਤੇ ਚੱਲ ਰਹੇ ਇਹ ਆਨ ਲਾਈਨ ਕੋਰਸ ਆਪਣੇ ਪਸਾਰ ਅਤੇ ਪਹੁੰਚ ਵਿਚ ਵੱਡੀ ਦਿਲਚਸਪੀ ਦਾ ਕਾਰਨ ਬਣੇ ਹਨ। ਆਈ ਸੀ ਟੀ ਰਾਹੀਂ ਸਿੱਖਿਆ ਬਾਰੇ ਰਾਸ਼ਟਰੀ ਮਿਸ਼ਨ (ਐੱਨ ਐੱਮ ਈ ਆਈ ਸੀ ਟੀ) ਹੇਠ ਪਹਿਲਕਦਮੀ ਐੱਨ ਪੀ ਟੀ ਈ ਐੱਲ ਕੋਰਸ ਹਨ (https://online courses.nptel.ac.in/)। ਮੁਢਲੇ ਤੌਰ ਤੇ ਇੰਜਨੀਅਰਿੰਗ ਅਤੇ ਤਕਨਾਲੋਜੀ ਨੂੰ ਸਮਰਪਿਤ ਇਹ ਮੰਚ ਕਈ ਕੋਰਸ ਚਲਾ ਰਿਹਾ ਹੈ ਅਤੇ ਕਾਫੀ ਹਰਮਨਪਿਆਰਾ ਹੈ। ਯੂਨੀਰਵਸਟੀ ਗ੍ਰਾਂਟਸ ਕਮਿਸ਼ਨ ਵਲੋਂ ਸ਼ੁਰੂ ਕੀਤੀ ਅਜਿਹੀ ਪਹਿਲਕਦਮੀ ਯੂ ਜੀ ਸੀ ਪਾਠਸ਼ਾਲਾ ਵਿਚ ਵੱਡੀ ਗਿਣਤੀ ਵਿਚ ਵਿਸ਼ਿਆਂ ਉਪਰ ਪੋਸਟ ਗ੍ਰੈਜੂਏਟ ਪੱਧਰ 'ਤੇ ਆਨ ਲਾਈਨ ਕੋਰਸ ਵਿਕਸਤ ਕੀਤੇ ਗਏ ਹਨ।

ਆਨ ਲਾਈਨ ਕੋਰਸ (ਐੱਮ ਓ ਓ ਸੀ) ਅਧਿਆਪਕਾਂ ਦੀ ਵੱਡੀ ਕਮੀ ਨਾਲ ਨਜਿੱਠਣ ਵਿਚ ਮਦਦਗਾਰ ਹੋ ਸਕਦੇ ਹਨ। ਇਹ ਸਕੂਲੀ ਪੱਧਰ 'ਤੇ ਸਿੱਖਿਆ ਦੀ ਨੀਵੇਂ ਮਿਆਰ ਦੀ ਸਮੱਸਿਆ ਨਾਲ ਨਜਿੱਠਣ ਵਿਚ ਵੀ ਮਦਦ ਕਰ ਸਕਦੇ ਹਨ। ਅਧਿਆਪਕਾਂ ਦੀ ਸਿਖਲਾਈ ਪ੍ਰਣਾਲੀ ਵਿਚਲੀਆਂ ਖਾਮੀਆਂ ਇਸ ਨੀਵੇਂ ਪੱਧਰ ਲਈ ਜ਼ਿੰਮੇਵਾਰ ਹਨ। ਆਨ ਲਾਈਨ ਜਾਂ ਡਿਜੀਟਲ ਪੱਧਰ 'ਤੇ ਉਪਲਬਧ ਕੋਰਸ ਇਨ੍ਹਾਂ ਸਮੱਸਿਆਵਾਂ ਉਪਰ ਕਾਬੂ ਪਾਉਣ ਵਿਚ ਸਹਾਇਤਾ ਕਰ ਸਕਦੇ ਹਨ। ਓਪਨ ਵਿਦਿਅਕ ਸਾਧਨਾਂ ਦੀ ਵਧ ਰਹੀ ਜਾਗਰੂਕਤਾ ਦੇ ਨਾਲ ਇਸ ਦੇ ਕਾਨੂੰਨੀ ਪੱਖ ਨਾਲ ਵੀ ਨਜਿੱਠਿਆ ਗਿਆ ਹੈ। 'ਓਪਨ' ਦੀ ਧਾਰਨਾ ਅਜਿਹੇ ਢੰਗ ਨਾਲ ਵਸੀਲੇ ਦਾ ਲਾਇਸੰਸ ਦਿੰਦੀ ਹੈ ਜਿਸ ਵਿਚ ਜਾਣਕਾਰੀ ਲੈਣ ਵਾਲੇ ਜਾਣਕਾਰੀ ਮੁਫ਼ਤ ਲੈ ਸਕਣ, ਅੱਗੇ ਇਸ ਨੂੰ ਵੰਡ ਸਕਣ ਅਤੇ ਇਸ ਨੂੰ ਲੋੜ ਅਨੁਕੂਲ ਕਰ ਸਕਣ, ਭਾਵ ਇਹ ਕਿ ਇਸ ਤਕ ਮੁਫਤ ਪਹੁੰਚ ਦਾ ਪ੍ਰਬੰਧ ਹੈ। ਇਹ ਭਾਰਤੀ ਭਾਸ਼ਾਵਾਂ ਵਿਚ ਗਿਆਨ ਦੇ ਅਨੁਵਾਦ ਦੇ ਪ੍ਰਸੰਗ ਵਿਚ ਬਹੁਤ ਮਹੱਤਵਪੂਰਨ ਹੈ ਜੋ ਬਹੁਤਾ ਕਰਕੇ ਲਾਗਤ ਅਤੇ ਮਹਾਰਤ ਦੀ ਘਾਟ ਕਾਰਨ ਪੱਛੜ ਜਾਂਦੀਆਂ ਹਨ। ਵੈੱਬ ਉਪਰ ਭਾਰਤੀ ਭਾਸ਼ਾਵਾਂ ਵਿਚ ਵਿਸ਼ੇ ਸਮੱਗਰੀ ਅਤੇ ਅਨੁਵਾਦ ਵਿਚ ਦਿਲਚਸਪੀ ਵਧ ਰਹੀ ਹੈ। ਇਲੈਕ੍ਰਟਾਨਿਕਸ ਅਤੇ ਸੂਚਨਾ ਤਕਨਾਲੋਜੀ ਵਿਭਾਗ ਦੇ ਡਿਜੀਟਲ ਪ੍ਰੋਗਰਾਮ ਭਾਰਤੀ ਭਾਸ਼ਾ ਪਹਿਲ-ਕਦਮੀਆਂ (http://www.tdil-dc.in/) ਰਾਹੀਂ ਭਾਰਤੀ ਭਾਸ਼ਾ ਸਮੱਗਰੀ ਦਾ ਦਸਤਾਵੇਜ਼ੀਕਰਨ ਅਤੇ ਡਿਜੀਟਲ ਢੰਗ ਨਾਲ ਪਸਾਰ ਕੀਤਾ ਗਿਆ ਹੈ। ਉਕਤ ਪਹਿਲਕਦਮੀਆਂ ਡਿਜੀਟਲ ਖਪਿਆਂ ਨੂੰ ਪੂਰ ਕਰਨ ਅਤੇ ਪਾਬੰਦੀਆਂ ਵਾਲੀ ਡਿਜੀਟਲ ਪਹੁੰਚ ਦੇ ਮੂਲ ਮੁੱਦਿਆਂ ਨਲ ਨਜਿੱਠਣ ਵਾਲਾ ਉਸਾਰੂ ਮਹੌਲ ਕਾਇਮ ਕਰਨਗੀਆਂ। ਸਾਡਾ ਟੀਚਾ, ਸਮਾਜ ਦੀ ਹਰ ਸ਼੍ਰੇਣੀ ਦੀ ਜਾਗਰੂਕਤਾ ਇਨ੍ਹਾਂ ਮੁਸ਼ਕਲਾਂ ਵੱਲ ਵਧਾਉਣ ਦਾ ਹੋਣਾ ਚਾਹੀਦਾ ਹੈ ਜਿਨ੍ਹਾਂ ਕਾਰਨ ਦੇਸ਼ ਦੀ ਵਿਆਪਕ ਵੱਸੋਂ ਦੀ ਗਿਆਨ, ਜਾਣਕਾਰੀ ਤਕ ਪਹੁੰਚ ਅਤੇ ਸ਼ਮੂਲੀਅਤ ਉਪਰ ਰੋਕ ਲਗਦੀ ਹੈ ਅਤੇ ਰਾਸ਼ਟਰ ਦੀ ਤਰੱਕੀ ਰੁਕਦੀ ਹੈ।

*(ਲੇਖਕ ਸੈਂਟਰਲ ਇੰਸਟੀਚਿਊਟ ਆਫ ਐਜੂਕੇਸ਼ਨ ਤਕਨਾਲੋਜੀ, ਐੱਨ ਸੀ ਈ ਆਰ ਟੀ ਦਾ ਮੁਖੀ ਹੈ)*

*e-mail :rajaramsharma@gmail.com*

# ਕਦਰਾਂ-ਕੀਮਤਾਂ ਵਾਲੇ ਸਮਾਜ ਵੱਲ : ਇਕੱਠੇ ਰਹਿਣਾ ਸਿੱਖਣਾ

ਜੇ.ਐੱਸ. ਰਾਜਪੂਤ

*"ਆਦਮੀ ਕੋਲ ਬਚਣ ਦਾ ਕੋਈ ਮੌਕਾ ਨਹੀਂ ਜੇ ਜਾਣਕਾਰੀ ਸਿਰਫ਼ ਜਾਣਕਾਰੀ ਹੀ ਰਹੇ ਪਰ ਜੇ ਅਸੀਂ ਜਾਣਕਾਰੀ ਨੂੰ ਸਿਆਣਪ ਵਿਚ ਬਦਲ ਸਕੀਏ ਤਾਂ ਨਾ ਸਿਰਫ਼ ਅਸੀਂ ਜਿਊਂਦੇ ਰਹਿ ਸਕਾਂਗੇ ਸਗੋਂ ਪ੍ਰਾਪਤੀਆਂ ਦੀਆਂ ਉਚੇਰੀਆਂ ਬੁਲੰਦੀਆਂ ਹਾਸਲ ਕਰ ਸਕਾਂਗੇ।"*

*– ਜੀ.ਬੀ. ਸ਼ਾਅ*

ਸਾਰੇ ਜਿਉਂਦੇ ਜੀਵਾਂ ਵਿਚੋਂ ਮਨੁੱਖ ਹੀ ਖੋਜ, ਕਲਪਨਾ ਕਰਨ, ਠੋਸ ਰੂਪ ਦੇਣ, ਵਿਕਸਤ ਕਰਨ, ਨਿਰਮਾਣ ਕਰਨ, ਸ਼ੁੱਧ ਕਰਨ, ਵਰਤੋਂ ਕਰਨ ਅਤੇ ਬੇਹਤਰ ਜ਼ਿੰਦਗੀ ਅਤੇ ਜ਼ਿਆਦਾ ਗਿਆਨ ਅਤੇ ਸਿਆਣਪ ਹਾਸਲ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰਨ ਜਿਹੀਆਂ ਵਿਲੱਖਣ, ਕੁਦਰਤੀ ਅਤੇ ਜੀਵਨ ਭਰ ਦੀ ਤੀਬਰ ਇੱਛਾ ਨਾਲ ਬਖਸ਼ਿਆ ਹੋਇਆ ਹੈ। ਜਿਵੇਂ-ਜਿਵੇਂ ਮਨੁੱਖੀ ਸੱਭਿਅਤਾ ਵਿਚ ਵਾਧਾ ਹੋਇਆ, ਪ੍ਰਾਪਤ ਕੀਤੇ ਗਏ ਤਜਰਬੇ ਅਤੇ ਪ੍ਰਾਪਤ ਕੀਤੀ ਗਈ ਜਾਣਕਾਰੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਤਬਦੀਲ ਕਰਨ ਦੀ ਲੋੜ ਸੁਭਾਵਕ ਜ਼ਿੰਮੇਵਾਰੀ ਬਣ ਗਈ। ਇਸੇ ਅਨੁਸਾਰ ਹੀ ਨੌਜਵਾਨਾਂ ਨੂੰ ਸਿੱਖਿਅਤ ਕਰਨ ਲਈ ਹਰੇਕ ਸਭਿਅਤਾ ਵਿਚ ਢੰਗ ਤਰੀਕੇ ਲੱਭੇ ਗਏ। ਇਹ ਕਲਪਨਾ ਕਰਨਾ ਥੋੜ੍ਹਾ ਮੁਸ਼ਕਲ ਲੱਗੇਗਾ ਕਿ ਕਿਵੇਂ ਮਹਾਨ ਗ੍ਰੰਥ ਪਹਿਲਾਂ ਹੀ ਹਾਸਲ ਕੀਤੀ ਸਰਵੋਤਮਤਾ ਨਾਲ ਇਕ ਤੋਂ ਦੂਜੇ ਤਕ ਪੁੱਜਦੇ ਕੀਤੇ ਗਏ : ਉਹ ਵੀ ਸਿਰਫ਼ ਜ਼ੁਬਾਨੀ ਸਿੱਖਣ ਦੀਆਂ ਰਵਾਇਤਾਂ ਰਾਹੀਂ, ਬਿਨਾਂ ਕਿਸੇ ਕਾਗ਼ਜ਼ ਜਾਂ ਪੈਨਸਿਲ ਦੀ ਮਦਦ ਤੋਂ ! ਇਤਿਹਾਸ ਦੇ ਮੌਜੂਦਾ ਪੜਾਅ ਉਤੇ, ਪ੍ਰਚਾਰ, ਨਿਰਮਾਣ, ਉਤਪਾਦਨ, ਵਾਧੇ ਅਤੇ ਜਾਣਕਾਰੀ ਦੀ ਵਰਤੋਂ ਸਿੱਖਿਆ ਅਤੇ ਖੋਜ ਵਿਚ ਸਮਾਈ ਹੋਈ ਹੈ। ਇਹ ਆਪਸੀ ਮੇਲ-ਮਿਲਾਪ, ਵਟਾਂਦਰੇ, ਤਕਨੀਕੀ ਸਹਾਇਤਾ ਅਤੇ ਜਾਣਕਾਰੀ ਦੀ ਸੁਧਾਈ ਨਾਲ ਹੋਰ ਮਜਬੂਤ ਹੋਈ ਹੈ ਜੋ ਫਿਰ ਮਨੁੱਖੀ ਚਤੁਰਾਈ ਅਤੇ ਪਹਿਲਕਦਮੀਆਂ ਦਾ ਨਤੀਜਾ ਹੈ। ਪੰਜਾਹ ਸਾਲ ਪਹਿਲਾਂ ਵੀ ਆਈ ਪੈਡ ਜਾਂ ਲੈਪਟਾਪ ਕੰਪਿਊਟਰ ਦੀ ਵਰਤਮਾਨ ਸ਼ਕਲ ਜ਼ਿਆਦਾਤਰ ਲੋਕਾਂ ਨੂੰ ਕਾਲਪਨਿਕ ਸੁਪਨਾ ਜਾਪਦਾ ਸੀ। ਇਕੱਤਰ ਜਾਣਕਾਰੀ, ਸਮਝ ਅਤੇ ਸਿਆਣਪ ਤੋਂ ਜੋ ਵੀ ਫ਼ਾਇਦੇ ਅਤੇ ਲਾਭ ਜੋ ਵਰਤਮਾਨ ਸਮੇਂ ਵਿਚ ਮਨੁੱਖ ਨੂੰ ਪ੍ਰਾਪਤ ਹਨ, ਸਮਰਪਿਤ ਮਨੁੱਖੀ ਜੀਵਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਨਤੀਜਾ ਹੈ ਜਿਨ੍ਹਾਂ ਦੀ ਜ਼ਿੰਦਗੀ ਦਾ ਸਿਖਰਲਾ ਟੀਚਾ ਮਾਨਵ ਭਲਾਈ ਸੀ। ਜਿਵੇਂ-ਜਿਵੇਂ ਵੱਖ-ਵੱਖ ਸਥਾਨਾਂ ਅਤੇ ਹਲਾਤਾਂ ਵਿਚ ਜਾਣਕਾਰੀ ਦਾ ਅਧਾਰ ਹੌਲੀ-ਹੌਲੀ ਵਧਿਆ ਅਤੇ ਇਨਸਾਨਾਂ ਦਾ ਤੋਰਾ-ਫੇਰਾ ਵਧਿਆ, ਪ੍ਰਾਪਤ ਜਾਣਕਾਰੀ ਦੀ ਸਰਵ-ਵਿਆਪਕਤਾ ਨੂੰ ਮਹਿਸੂਸ ਅਤੇ ਸਵੀਕਾਰ ਕੀਤਾ ਗਿਆ, ਇਸ ਦਾ ਇਸਤੇਮਾਲ, ਇਸ ਦੀ ਮਜਬੂਤੀ ਦੀ ਰਫ਼ਤਾਰ ਹੋਰ ਮਜਬੂਤ ਕਰਨ ਲਈ ਕੀਤਾ ਗਿਆ। ਅੱਜ ਮਨੁੱਖੀ ਜੀਵ ਕੁਦਰਤ ਦੀ ਤਾਕਤ ਨੂੰ ਸਮਝਦੇ ਹਨ; ਉਹ ਜਾਣਦੇ ਹਨ ਕਿ ਧਰਤੀ ਮਾਂ ਦੀ ਕੁੱਖ ਵਿਚ ਛੁਪੇ ਖਜ਼ਾਨੇ ਨੂੰ ਮਨੁੱਖੀ ਜੀਵਨ ਦੀ ਬਿਹਤਰੀ ਲਈ ਕਿਵੇਂ ਇਸਤੇਮਾਲ ਕਰਨਾ ਹੈ। ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਸਾਰੇ ਮਨੁੱਖੀ ਜੀਵਾਂ ਦਾ ਇੱਕੋ ਤੇ ਸਾਂਝਾ ਭਵਿੱਖ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਨੂੰ ਬਣਾਈ ਰੱਖਣ ਤੇ ਹੋਰ ਬਿਹਤਰ ਬਣਾਉਣ ਲਈ ਉਹ ਸਾਂਝਾ ਕਰਨ ਅਤੇ ਸਾਂਭ-ਸੰਭਾਲ ਦੀ ਕੀਮਤ ਨੂੰ ਵੀ ਮਹਿਸੂਸ ਕਰਦੇ ਹਨ ਜੋ ਕੁਦਰਤੀ ਤੌਰ ਤੇ ਮਨੁੱਖੀ ਜੀਵਾਂ ਦੀ ਅਨੰਤ ਏਕਤਾ ਤੋਂ ਉਪਜਦੀ ਹੈ : ਸਾਰਾ ਸੰਸਾਰ ਇਕ ਪਰਿਵਾਰ ਹੈ !

ਇਤਿਹਾਸ ਇਹ ਵੀ ਪ੍ਰਗਟਾਵਾ ਕਰਦਾ ਹੈ ਕਿ ਪ੍ਰਾਪਤ ਜਾਣਕਾਰੀ ਦੀ ਵਰਤੋਂ ਨਕਾਰਾਤਮਕਤਾ ਵਿਚ ਵਾਧਾ ਕਰਨ ਲਈ ਵੀ ਕੀਤੀ ਗਈ ਹੈ। ਜਿਵੇਂ-ਜਿਵੇਂ ਮਨੁੱਖ ਮਹਾਂਦੀਪਾਂ ਵਿਚ ਗਿਆ, ਇਸ ਦਾ ਨਤੀਜਾ ਬਸਤੀਵਾਦ, ਗੁਲਾਮੀ, ਨਸਲ-ਭੇਦ ਅਤੇ ਅਜਿਹੇ ਦੂਸਰੇ ਅਣਮਨੁੱਖੀ ਰੁਝਾਨਾਂ ਦੇ ਰੂਪ ਵਿਚ ਨਿਕਲਿਆ। ਜਦੋਂ ਮਨੁੱਖ ਨੇ ਪ੍ਰਮਾਣੂ ਤਾਕਤ ਦੀ ਜਾਣਕਾਰੀ ਹਾਸਲ ਕਰ ਲਈ ਤਾਂ ਉਸ ਵਲੋਂ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਦੁਖਾਂਤ ਵੀ ਸਿਰਜੇ ਗਏ। ਅੱਜ ਉਹ ਕੱਟੜਵਾਦ, ਅੱਤਵਾਦ ਅਤੇ ਸਾਈਬਰ ਹਮਲਿਆਂ ਦੇ ਡਰ ਤੋਂ ਪੀੜਤ ਹੈ। ਮਨੁੱਖੀ ਜੀਵਾਂ ਵਲੋਂ ਵਿਸ਼ਵ ਦੇ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਸ਼ੋਸ਼ਣ ਕੀਤਾ ਜਾ ਰਿਹਾ ਹੈ, ਇਹ ਜਾਣਦਿਆਂ ਵੀ ਕਿ ਕੁਦਰਤੀ ਸ੍ਰੋਤ ਸੀਮਤ ਹਨ ਅਤੇ ਧਰਤੀ ਤੋਂ ਇਲਾਵਾ ਕੋਈ ਦੂਸਰਾ ਗ੍ਰਹਿ ਨਹੀਂ ਜਿਥੇ ਮਨੁੱਖ ਜਿਉਂਦਾ ਰਹਿ ਸਕੇ। ਜਦੋਂ ਮਨੁੱਖ ਦੀ ਆਤਮਾ ਉਤੇ ਲਾਲਚ ਭਾਰੀ ਹੋ ਜਾਵੇ ਤਾਂ ਹਿੰਸਾ ਨੂੰ ਵਧਣ-ਫੁੱਲਣ ਲਈ ਸਭ ਤੋਂ ਉਪਜਾਊ ਵਾਤਾਵਰਨ ਅਤੇ ਸਥਾਨ ਮਿਲ ਜਾਂਦਾ ਹੈ, ਲੜਾਈਆਂ ਹੁੰਦੀਆਂ ਹਨ, ਮਨੁੱਖੀ ਅਤੇ ਕੁਦਰਤੀ ਸ੍ਰੋਤਾਂ ਦੀ ਅੰਨ੍ਹੇਵਾਹ ਤਬਾਹੀ ਰੋਜ਼ ਦੀ ਗੱਲ ਹੋ ਜਾਂਦੀ ਹੈ। ਅੱਜ ਤੋਂ ਪਹਿਲਾਂ ਕਦੇ ਵੀ ਮਨੁੱਖੀ ਜੀਵਾਂ ਨੇ ਇੰਨੀ ਬੇਰਹਿਮੀ ਨਾਲ ਇਨਸਾਨ-ਕੁਦਰਤ ਦੇ ਸੰਵੇਦਨਸ਼ੀਲ ਰਿਸ਼ਤੇ ਵਿਚ ਵਿਘਨ ਨਹੀਂ ਸੀ ਪਾਇਆ ਜਿੰਨਾ ਵਰਤਮਾਨ ਸਮੇਂ ਵਿਚ ਹੋ ਰਿਹਾ ਹੈ। ਇਕ ਸਧਾਰਨ ਆਦਮੀ ਲਈ ਵੀ ਮਰ ਰਹੇ ਦਰਿਆ, ਪ੍ਰਦੂਸ਼ਿਤ ਹਵਾ ਅਤੇ ਅਸ਼ੁੱਧ ਪਾਣੀ ਸਾਰੀ ਕਹਾਣੀ ਬਿਆਨ ਕਰ ਰਹੇ ਹਨ। ਸਿਹਤ ਸੰਭਾਲ ਤੇ ਦਵਾਈਆਂ ਦੇ ਖੇਤਰ ਵਿਚ ਵੱਡੀਆਂ ਮੱਲਾਂ ਉਨ੍ਹਾਂ ਸਿਹਤ ਖ਼ਤਰਿਆਂ ਦੇ ਸਾਹਮਣੇ ਨਾਕਾਫ਼ੀ ਜਾਪਦੀਆਂ ਹਨ ਜੋ ਮਨੁੱਖਾਂ ਨੇ ਆਪਣੀ ਬੇਹੂਦਾ ਪਦਾਰਥਵਾਦੀ ਦੌੜ, ਅਤੇ ਇਸ ਦੇ ਹੋਣ ਵਾਲੇ ਭਿਆਨਕ ਸਿੱਟਿਆਂ ਨੂੰ ਨਜ਼ਰ-ਅੰਦਾਜ਼ ਕਰਕੇ ਆਪ ਸਹੇੜੇ ਹਨ। ਅੱਜ ਇਸ ਬਾਰੇ ਵਿਗਿਆਨਕ ਤੌਰ ਤੇ ਠੋਸ ਅੰਦਾਜ਼ੇ ਲਾਏ ਜਾ ਰਹੇ ਹਨ, 'ਜੇ ਸੁਧਾਰ ਦੇ ਕਦਮ ਤਨਦੇਹੀ ਤੋਂ

ਇਮਾਨਦਾਰੀ ਨਾਲ ਨਹੀਂ ਪੁੱਟੇ ਜਾਂਦੇ ਤਾਂ ਧਰਤੀ ਕਿੰਨਾ ਚਿਰ ਬਚੀ ਰਹਿ ਸਕੇਗੀ?' ਮਰਜ਼ ਦਾ ਵੀ ਪਤਾ ਹੈ ਅਤੇ ਦਵਾਈ ਦਾ ਵੀ, ਪਰ ਹੋਰ ਪ੍ਰਾਪਤੀ ਕਰਨ ਦੀ ਚਕਾਚੌਂਧ ਅਤੇ ਹੋਰ ਜ਼ਿਆਦਾ ਮਲਕੀਅਤ ਦੀ ਚਾਹਤ ਦੇਸ਼ਾਂ ਅਤੇ ਇਸ ਦੇ ਆਗੂਆਂ ਨੂੰ ਅਜਿਹੀਆਂ ਰਣਨੀਤੀਆਂ ਉਤੇ ਅਮਲ ਕਰਨੋ ਰੋਕ ਰਹੀ ਹੈ ਜੋ ਸਾਡੇ ਸਾਰਿਆਂ ਦੇ ਸਿਰ ਉਤੇ ਮੰਡਰਾ ਰਹੀਆਂ ਆਫ਼ਤਾਂ ਨੂੰ ਰੋਕ ਸਕਣਗੇ, ਜੋ ਧਰਤੀ ਗ੍ਰਹਿ ਦੀ ਹੋਂਦ ਨੂੰ ਹੀ ਖ਼ਤਰੇ ਵਿਚ ਪਾ ਰਹੀਆਂ ਹਨ। ਲੋਕ ਅਤੇ ਨੇਤਾ ਕਿਹੜੀ ਗੱਲ ਭੁੱਲ ਰਹੇ ਹਨ? ਕਿਉਂ ਮਨੁੱਖ ਆਪਣਾ ਘਰ-ਘਾਟ ਉਜਾੜਨ, ਆਪਣੇ ਭਰਾਵਾਂ ਨੂੰ ਮਾਰਨ, ਦੁਨੀਆਂ ਨੂੰ ਅਸੁਰੱਖਿਅਤ ਤੇ ਸਾਰੇ ਮਨੁੱਖਾਂ ਲਈ ਇਸ ਨੂੰ ਸ਼ਾਂਤੀ, ਸਤਿਕਾਰ ਤੇ ਵਧੀਆ ਵਾਲੀ ਜ਼ਿੰਦਗੀ ਤੋਂ ਵਿਰਵੀ ਕਰਨ 'ਤੇ ਤੁਲੇ ਹੋਏ ਹਨ? ਜਵਾਬ ਦੀ ਖੋਜ ਨੂੰ ਅਨੰਤ ਵੀ ਕਿਹਾ ਜਾ ਸਕਦਾ ਹੈ! ਵੇਦ ਇਹ ਬਹੁਤ ਪਹਿਲਾਂ ਕਰ ਚੁੱਕੇ ਹਨ। ਵੇਦਾਂਤ ਤੋਂ ਅਨਜਾਣ ਲੋਕਾਂ ਲਈ ਪਲੈਟੋ ਨੂੰ ਯਾਦ ਕਰਨਾ ਯੋਗ ਹੋਵੇਗਾ। ਆਪਣੇ ਰਾਜ ਵਿਚ ਪਲੈਟੋ ਚਾਹੁੰਦਾ ਹੈ ਕਿ ਉਸ ਦੇ ਲੋਕ ਸਮਝਣ ਕਿ ਚੰਗੀ ਜ਼ਿੰਦਗੀ ਇਕ ਖ਼ਾਸ ਕਿਸਮ ਦਾ ਇਨਸਾਨ ਬਣਨ ਵਿਚ ਹੈ ਨਾ ਕਿ ਕਿਸੇ ਖ਼ਾਸ ਕਿਸਮ ਦਾ ਕੰਮ ਕਰਨ ਵਿਚ। ਪਲੈਟੋ ਲਈ ਜਵਾਬ 'ਮੈਨੂੰ ਕੀ ਕਰਨਾ ਚਾਹੀਦਾ ਹੈ' ਤੋਂ ਹਟ ਕੇ 'ਮੈਂ ਕਿਸ ਤਰ੍ਹਾਂ ਦਾ ਵਿਅਕਤੀ ਹੋਵਾਂ' ਵਿਚ ਪਿਆ ਹੈ। ਇਥੇ ਹੀ ਅਧਿਆਪਕ ਅਤੇ ਸਿੱਖਿਆ ਦਾ ਦਾਖ਼ਲਾ ਹੁੰਦਾ ਹੈ। ਅਧਿਆਪਕ ਇਕ ਸਧਾਰਨ, ਮਾਸੂਮ ਇਨਸਾਨ ਨੂੰ ਇਕ ਸ਼ਖਸੀਅਤ ਵਿਚ ਬਦਲ ਦਿੰਦਾ ਹੈ। ਅਧਿਆਪਕ ਉਸ ਨੂੰ ਮਾਨਵਤਾ ਤੋਂ ਬ੍ਰਹਮ ਵੱਲ ਲੈ ਜਾਂਦਾ ਹੈ। ਜੇ ਉਹ ਉਦੇਸ਼ ਪ੍ਰਾਪਤ ਹੋ ਜਾਂਦਾ ਹੈ ਤਾਂ ਸੱਚ, ਅਹਿੰਸਾ ਤੇ ਸ਼ਾਂਤੀ ਦੀ ਕੀਮਤ ਸਾਰੇ ਪਾਸੇ ਦ੍ਰਿਸ਼ਟਮਾਨ ਹੋ ਜਾਵੇਗੀ! ਪਿਆਰ ਅਤੇ ਭਾਈਚਾਰਾ ਪੈਦਾ ਹੋਣਗੇ ਅਤੇ ਪਿਆਰ ਜ਼ਿਆਦਾ ਚਿਰ ਅਦ੍ਰਿਸ਼ ਚਾਹਤ ਨਹੀਂ ਰਹੇਗਾ। ਇਹ ਸਿੱਖਿਆ ਦੀ ਤਾਕਤ ਹੋਵੇਗੀ ਜੋ ਅਧਿਆਪਕ ਰਾਹੀਂ ਕਦਰਾਂ-ਕੀਮਤਾਂ ਦਾ ਸੰਚਾਰ ਕਰਦੀ ਹੈ ਜੋ ਰੋਲ ਮਾਡਲ ਦੇ ਤੌਰ ਤੇ ਇਕ ਪਾਸੇ ਆਪਣੀ ਭੂਮਿਕਾ ਬਾਰੇ ਜਾਣਦਾ ਹੈ ਅਤੇ ਦੂਜੇ ਪਾਸੇ ਰਾਸ਼ਟਰ ਦੇ ਨਿਰਮਾਣਕਰਤਾ ਵਜੋਂ। ਉਹ ਸਿਰਫ਼ ਪਾਠਕ੍ਰਮ ਪੜ੍ਹਾਉਣ ਨਾਲੋਂ ਕਿਤੇ ਅੱਗੇ ਚਲਾ ਜਾਂਦਾ ਹੈ।

ਪਦਾਰਥਵਾਦੀ ਸੰਸਾਰਕ ਰੁਝਾਨ ਵੱਖ-ਵੱਖ ਹੱਦ ਤਕ ਸਾਰਿਆਂ ਨੂੰ ਪ੍ਰਭਾਵਤ ਕਰਦੇ ਹਨ ਅਤੇ ਉਨ੍ਹਾਂ ਵਿਚ ਅਧਿਆਪਕ ਅਤੇ ਸਿੱਖਿਆ ਪ੍ਰਣਾਲੀ ਵੀ ਸ਼ਾਮਲ ਹੈ। ਸਿੱਖਿਆ ਹਮੇਸ਼ਾ ਮਾਨਵਤਾ ਵਾਸਤੇ ਆਸ ਦੀ ਕਿਰਨ ਰਹੇਗੀ। ਜਾਣਕਾਰੀ ਅਤੇ ਇਸ ਦੀ ਪ੍ਰਾਪਤੀ ਜ਼ਰੂਰੀ ਹਨ, ਪਰ ਇੰਨਾ ਹੀ ਕਾਫ਼ੀ ਨਹੀਂ। ਸਿਆਣਪ ਤੇ ਵਿਵੇਕ ਮਨੁੱਖੀ ਨਸਲ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਤੱਤ ਹਨ। ਅਜਿਹਾ ਨਹੀਂ ਕਿ ਇਸ ਬਾਰੇ ਚਿਤਾਵਨੀਆਂ ਨਹੀਂ ਦਿੱਤੀਆਂ ਗਈਆਂ; ਅਸੀਂ ਸਿੱਧੇ-ਸਿੱਧੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਦੇ ਹਾਂ। ਜਦੋਂ ਮਹਾਤਮਾ ਗਾਂਧੀ ਨੇ ਆਖਿਆ ਕਿ ਕੁਦਰਤ ਕੋਲ ਸਾਰਿਆਂ ਦੀ ਲੋੜ ਪੂਰਤੀ ਲਈ ਕਾਫ਼ੀ ਕੁੱਝ ਹੈ, ਪਰ ਹਰੇਕ ਦੀ ਲਾਲਸਾ ਪੂਰੀ ਕਰਨ ਲਈ ਨਹੀਂ, ਤਾਂ ਅਸਲ ਵਿਚ ਉਨ੍ਹਾਂ ਨੇ ਮਨੁੱਖੀ ਨਸਲ ਦਾ ਸਾਰਾ ਭਵਿੱਖ ਇਨ੍ਹਾਂ ਸ਼ਬਦਾਂ ਵਿਚ ਬੰਦ ਕਰ ਦਿੱਤਾ। ਇਹ ਮਾਨਵ-ਕੁਦਰਤ ਸੰਬੰਧਾਂ ਦੀ ਸੰਵੇਦਨਸ਼ੀਲਤਾ ਅਤੇ ਆਪਸਦਾਰੀ ਨੂੰ ਸਮਝਦੀ ਹੈ ਅਤੇ ਇਕ ਚਿਤਾਵਨੀ ਵੀ ਦਿੰਦੀ ਹੈ ਕਿ ਕੁਦਰਤੀ ਸ੍ਰੋਤਾਂ ਦਾ ਸ਼ੋਸ਼ਣ ਬੰਦ ਹੋਣਾ ਚਾਹੀਦਾ ਹੈ। ਜਦੋਂ ਭਾਰਤੀ ਫਲਸਫੇ ਵਿਚ ਆਪਰੀਗ੍ਰਹਿ: ਗ਼ੈਰ-ਸੰਗ੍ਰਹਿ ਵਧ ਗਿਆ ਤਾਂ ਇਹ ਇਕ ਚਿਤਾਵਨੀ ਵੀ ਸੀ ਅਤੇ ਕਦਰ ਵੀ ਜਿਸ ਨੂੰ ਸੁਣਨ ਤੇ ਸਮਝਣ ਦੀ ਲੋੜ ਸੀ। ਅੱਜ ਅਸੀਂ ਧਰਤੀ ਸਿਖਰ ਸੰਮੇਲਨ, ਵਾਤਾਵਰਨ ਸਿਖਰ ਸੰਮੇਲਨਾਂ ਵਿਚ ਅਤੇ ਦੂਜੇ ਸੰਮੇਲਨਾਂ ਦੀਆਂ ਬੈਠਕਾਂ ਵਿਚ ਪ੍ਰਗਟ ਕੀਤੀਆਂ ਜਾਂਦੀਆਂ ਦੁਨੀਆਂ ਪਰ ਦੀਆਂ ਚਿੰਤਾਵਾਂ ਬਾਰੇ ਸੁਣਦੇ ਹਾਂ। ਇਨ੍ਹਾਂ ਵਿਚੋਂ ਕੋਈ ਪ੍ਰਭਾਵੀ ਕਾਰਜ ਨਹੀਂ ਨਿਕਲਦਾ ਅਤੇ 'ਕਦਰਾਂ-ਕੀਮਤਾਂ ਦੇ ਨਿਘਾਰ' ਬਾਰੇ ਕੌਣ ਨਹੀਂ ਗੱਲ ਕਰ ਰਿਹਾ ਜੋ ਵਿਆਪਕ ਤੌਰ ਤੇ ਦਰਸਾਉਂਦਾ ਹੈ ਕਿ ਮਨੁੱਖੀ ਜੀਵਾਂ ਨੇ ਜਾਣਦਿਆਂ ਸਮਝਦਿਆਂ ਹੋਇਆਂ ਵੀ ਜਿਹੜੇ ਨੁਕਸਾਨ ਆਪਣੇ ਆਪ ਦੇ ਕੀਤੇ ਹਨ, ਮਨੁੱਖੀ ਚਤੁਰਾਈ ਨੂੰ ਇਸ ਦਾ ਰਸਤਾ ਤਲਾਸ਼ਣਾ ਪਵੇਗਾ। ਰਸਤਾ ਸਿਰਫ਼ ਇਕੋ ਹੈ – ਸਿੱਖਿਆ, ਸਕੂਲ, ਕਾਲਜ ਅਤੇ ਉੱਚ ਸਿੱਖਿਆ ਦੇ ਸੰਸਥਾਨ – ਅਤੇ ਕਦਰਾਂ-ਕੀਮਤਾਂ ਦਾ ਸੰਚਾਰ, ਪੋਸ਼ਣ ਅਤੇ ਵਿਕਾਸ ਵੱਲ ਮੁੱਖ ਧਿਆਨ ਦੇਣਾ। ਭਾਰਤੀ ਰਵਾਇਤ ਵਿਚ, ਦੂਜੀਆਂ ਸੱਭਿਆਤਾਵਾਂ ਦੇ ਇਸ ਖੇਤਰ ਵਿਚ ਦਾਖ਼ਲ ਹੋਣ ਤੋਂ ਬਹੁਤ ਪਹਿਲਾਂ, ਵਿਦਵਾਨਾਂ ਅਤੇ ਗਿਆਨਵਾਨਾਂ ਨੇ ਨਾ ਸਿਰਫ਼ ਇਸ ਗ੍ਰਹਿ ਉਤੇ ਜੀਵਨ ਨੂੰ ਸਮਝਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਕੋਈ ਇਸ ਗ੍ਰਹਿ ਤੋਂ ਤੁਰ ਜਾਂਦਾ ਹੈ, ਉਸ ਤੋਂ ਬਾਅਦ ਦੀ ਵੀ। ਇਸ ਤਲਾਸ਼ ਵਿਚ ਉਨ੍ਹਾਂ ਨੇ ਆਪਣੇ ਤਰੀਕੇ ਨਾਲ ਉਤਪਤੀ ਦੇ ਉਦੇਸ਼ਾਂ ਦੀ ਹੀ ਖੋਜ ਸ਼ੁਰੂ ਕੀਤੀ। ਇਸ ਨਾਲ ਫਲਸਫੇ ਅਤੇ ਅਧਿਆਤਮਕਤਾ ਦੀ ਪ੍ਰਥਾ ਦਾ ਵਿਕਾਸ ਹੋਇਆ। ਸਾਰੀ ਦੁਨੀਆਂ ਨੇ ਇਸ ਨੂੰ ਮੰਨਿਆ। ਅਧਿਆਤਮਕ ਖੋਜ ਨਾਲ ਦੁਨਿਆਵੀ ਜੀਵਨ ਦੀ ਵੀ ਬੇਹਤਰ ਸਮਝ ਹਾਸਲ ਹੋਈ। ਚੰਗੇ ਆਚਰਣ, ਦੂਜਿਆਂ ਦੀ ਚਿੰਤਾ, ਅਨੰਤ ਮਨੁੱਖੀ ਏਕਤਾ, ਜੀਵਨ ਅਤੇ ਦੂਜਿਆਂ ਨਾਲ ਸ਼ਾਂਤੀ ਆਦਿ ਕਦਰਾਂ-ਕੀਮਤਾਂ ਪ੍ਰਗਟ ਹੋਈਆਂ ਅਤੇ ਉਨ੍ਹਾਂ ਦੇ ਮਹੱਤਵ ਨੂੰ ਢੁੱਕਵੇਂ ਤੌਰ ਤੇ ਮਹਿਸੂਸ ਕੀਤਾ ਗਿਆ। ਭਾਰਤੀ ਗ੍ਰੰਥ ਸਪੱਸ਼ਟ ਕਰਦੇ ਹਨ ਕਿ ਮਾਨਵ-ਕੁਦਰਤ ਸੰਬੰਧਾਂ ਨੂੰ ਕਿਉਂ ਤੇ ਕਿਵੇਂ ਇਸ ਦੀ ਸਾਰੀ ਸੰਵੇਦਨਸ਼ੀਲਤਾ ਵਿਚ ਬਣਾਈ ਰੱਖਣਾ ਚਾਹੀਦਾ ਹੈ। ਉਹ ਇਹ ਜ਼ਿੰਮੇਵਾਰੀ ਮਨੁੱਖੀ ਜੀਵਾਂ ਦੀ ਵੀ ਲਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਸੋਚਣ, ਕਲਪਨਾ ਕਰਨ, ਯੋਜਨਾਬੰਦੀ ਅਤੇ ਜਦੋਂ ਜ਼ਰੂਰੀ ਹੋਵੇ, ਸੁਧਾਰ ਕਦਮਾਂ ਵਜੋਂ ਨਵੀਆਂ ਰਣਨੀਤੀਆਂ ਘੜਨ ਦੀ ਸਮਰੱਥਾ ਦੀ ਬਖ਼ਸ਼ੀਸ਼ ਹੈ। ਜਾਣੀ-ਪਛਾਣੀ ਡਿਲੋਰਸ ਆਯੋਗ ਰਿਪੋਰਟ (ਯੂਨੈਸਕੋ 1996) ਜਿਸ ਨੇ 21ਵੀਂ ਸਦੀ ਵਿਚ ਸਿੱਖਿਆ ਦਾ ਦ੍ਰਿਸ਼ਟੀਕੋਣ ਪੇਸ਼ ਕੀਤਾ, ਵਲੋਂ ਸੱਤ ਤਨਾਵਾਂ ਨੂੰ ਪਛਾਣਿਆ ਗਿਆ ਜਿਸ ਦਾ ਮਨੁੱਖੀ ਜੀਵ ਵਰਤਮਾਨ ਸਮੇਂ ਸਾਹਮਣਾ ਕਰ ਰਹੇ ਹਨ :

• ਸੰਸਾਰਕ ਅਤੇ ਸਥਾਨਕ, • ਸਰਵ ਵਿਆਪਕ ਅਤੇ ਨਿੱਜੀ, • ਰਵਾਇਤੀ ਅਤੇ ਆਧੁਨਿਕਤਾ, • ਲੰਬੇ ਅਤੇ ਥੋੜ੍ਹੇ ਸਮੇਂ ਦੀ ਸੋਚ, • ਮੁਕਾਬਲੇਬਾਜ਼ੀ ਅਤੇ ਮੌਕੇ ਦੀ ਬਰਾਬਰੀ, • ਜਾਣਕਾਰੀ ਦਾ ਵਿਸਫੋਟ ਅਤੇ ਇਸ ਨੂੰ ਸਾਂਭਣ ਦੀ ਸਮਰੱਥਾ, • ਅਧਿਆਤਮਕ ਅਤੇ ਪਦਾਰਥਕ।

ਇਨ੍ਹਾਂ ਤਨਾਵਾਂ ਦੇ ਸਿੱਟੇ ਨਾ ਸਿਰਫ਼ ਸੁਭਾਵਕ ਤੌਰ ਉਤੇ ਹੁਣ ਧਰਤੀ 'ਤੇ ਸਾਰਿਆਂ ਦੇ ਸਾਹਮਣੇ ਹਨ ਸਗੋਂ ਇਹ ਅਨੇਕ ਖੇਤਰਾਂ ਵਿਚ ਸੁਧਾਰਵਾਦੀ ਪਹਿਲਕਦਮੀਆਂ ਦੀ ਵੀ ਮੰਗ ਕਰਦੇ ਹਨ। ਇਕ ਪਾਸੇ ਵਿਸ਼ਵੀ ਤਪਸ਼ ਦਾ ਮੁੱਦਾ ਹੈ ਅਤੇ ਦੂਜੇ ਪਾਸੇ ਵਰਤਮਾਨ ਪੀੜ੍ਹੀ ਨੂੰ ਵਧਦੀ ਹੋਈ ਹਿੰਸਾ, ਕੱਟੜਵਾਦ ਅਤੇ ਅੱਤਵਾਦ ਨਾਲ ਵੀ ਨਜਿੱਠਣਾ ਪੈ ਰਿਹਾ ਹੈ। ਇਹ ਮਨੁੱਖੀ ਤਰੱਕੀ ਅਤੇ ਵਿਕਾਸ ਦੇ ਨਾਲ ਬਿਲਕੁਲ ਨਹੀਂ ਚੱਲ ਸਕਦੇ। ਵਿਕਾਸਸ਼ੀਲ ਦੇਸ਼ ਆਰਥਿਕ ਸਹਾਇਤਾ, ਤਕਨੀਕੀ ਮਦਦ ਅਤੇ ਵੱਖ-ਵੱਖ ਖੇਤਰਾਂ ਵਿਚ ਤਕਨੀਕੀ ਤਰੱਕੀ ਲਈ ਵਿਕਸਤ ਦੇਸ਼ਾਂ ਵੱਲ

ਦੇਖਦੇ ਹਨ। ਅਜਿਹੀ ਮਦਦ ਮੁਫਤ ਵਿਚ ਨਹੀਂ ਮਿਲਦੀ ਅਤੇ ਅਕਸਰ ਹੀ ਵਿਚਾਰਧਾਰਕ ਤਰੱਕੀ ਦਾ ਕਈ ਵਾਰ ਸੰਕਟ ਪੈਦਾ ਹੋ ਜਾਂਦਾ ਹੈ ਜੋ ਇਕ ਵਿਸ਼ੇਸ਼ ਦੇਸ਼ ਨੂੰ ਤਾਂ ਭਾਵੇਂ ਵਾਰਾ ਖਾਂਦਾ ਹੋਵੇ ਪਰ ਦੂਜੇ ਨੂੰ ਨਹੀਂ। ਇਸ ਨਾਲ ਕੁਦਰਤੀ ਤੌਰ ਤੇ ਇਕ ਤਰ੍ਹਾਂ ਦਾ 'ਨੈਤਿਕ ਸੰਕਟ' ਖੜ੍ਹਾ ਹੋ ਜਾਂਦਾ ਹੈ ਜਿਸ ਦਾ ਮੌਜੂਦਾ ਸਮੇਂ ਸਾਰੇ ਦੇਸ਼ ਸਾਹਮਣਾ ਕਰ ਰਹੇ ਹਨ।

## ਇਕ 'ਮਨੁੱਖਤਾ' ਵਾਲਾ ਇਨਸਾਨ ਤਿਆਰ ਕਰਨਾ

ਸਾਰੀਆਂ ਹੀ ਸੱਭਿਆਤਾਵਾਂ ਅਤੇ ਧਰਮਾਂ ਨੇ ਆਪਣੀਆਂ ਰਵਾਇਤਾਂ, ਨੇਮ, ਤਰੀਕੇ ਵਿਕਸਤ ਕੀਤੀਆਂ ਹਨ ਜੋ ਲੋਕਾਂ ਨੂੰ ਉਨ੍ਹਾਂ ਦੀਆਂ ਜ਼ਿੰਦਗੀ ਅਤੇ ਜੀਵਨ ਵਿਚ ਇਕ ਦੂਜੇ ਨਾਲ ਜੋੜਦੀਆਂ ਹਨ; ਵਿਵਹਾਰ ਅਤੇ ਮਾਨਵੀ ਸਮਾਜੀਕਰਨ ਦੇ ਨਿਯਮ ਵੀ ਸਿਰਜੇ ਗਏ ਹਨ। ਹਰ ਥਾਂ 'ਤੇ ਇਹ ਯਕੀਨ ਨਾਲ ਬਿਆਨ ਕੀਤਾ ਜਾ ਸਕਦਾ ਹੈ ਕਿ ਲੋਕ ਇਕ ਜਾਂ ਦੂਜੇ ਧਰਮ ਨੂੰ ਮੰਨਣ ਵਾਲੇ ਹਨ। ਵਧੀ ਹੋਈ ਗਤੀਸ਼ੀਲਤਾ ਦੇ ਚਲਦਿਆਂ ਭਾਈਚਾਰੇ ਤੇਜ਼ੀ ਨਾਲ ਵਿਕਸਤ ਹੋ ਰਹੇ ਹਨ ਜਿਸ ਵਿਚ ਵੱਖ-ਵੱਖ ਧਰਮਾਂ ਤੇ ਸੱਭਿਆਚਾਰਾਂ ਨੂੰ ਮੰਨਣ ਵਾਲਿਆਂ ਨੂੰ ਇਕੱਠੇ ਰਹਿਣਾ ਤੇ ਕੰਮ ਕਰਨਾ ਹੁੰਦਾ ਹੈ। 2001 ਦੇ ਜੌੜੇ ਟਾਵਰਾਂ ਦੇ ਦੁਖਾਂਤ ਵਿਚ ਇਹ ਪ੍ਰਗਟਾਵਾ ਹੋਇਆ ਕਿ 60 ਰਾਸ਼ਟਰਾਂ ਦੇ ਨੌਜਵਾਨ ਲੜਕੇ-ਲੜਕੀਆਂ ਇਨ੍ਹਾਂ ਦੋ ਇਮਾਰਤਾਂ ਵਿਚ ਕੰਮ ਕਰ ਰਹੇ ਸਨ। ਉਨ੍ਹਾਂ ਦਾ ਨਸਲੀ, ਸੱਭਿਆਚਾਰਕ, ਭਾਸ਼ਾਈ ਅਤੇ ਸਮਾਜਿਕ ਪਾਲਣ-ਪੋਸ਼ਣ ਬਹੁਤ ਹੀ ਭਿੰਨ ਸੀ, ਪਰ ਉਹ ਸਿੱਖ ਗਏ ਸਨ ਕਿ ਆਉਣ ਵਾਲੀ ਕੱਲ੍ਹ ਦੀ ਦੁਨੀਆਂ ਦਾ ਅਕਾਰ ਕੀ ਹੋਵੇਗਾ ਅਤੇ ਤਰੱਕੀ ਤੇ ਵਿਕਾਸ ਦੇ ਰਾਹ ਉਤੇ ਤੁਰਦਿਆਂ ਲੋਕਾਂ ਨੇ ਇਕੱਠੇ ਹੋ ਕੇ ਤੁਰਨਾ ਕਿਵੇਂ ਸਿੱਖਣਾ ਹੈ। ਧਰਮ, ਸੱਭਿਆਚਾਰ ਅਤੇ ਭਾਸ਼ਾਈ ਜਾਂ ਕੌਮੀਅਤ ਦਾ ਵਖਰੇਵਾਂ ਮਨੁੱਖੀ ਤਰੱਕੀ ਦੇ ਰਾਹ ਦਾ ਰੋੜਾ ਨਹੀਂ ਬਣ ਸਕਦਾ ਜੇ ਮਾਨਵਤਾ ਦੀ ਏਕਤਾ ਅਤੇ ਬਰਾਬਰੀ ਬਣੀ ਰਹੇ। ਅਜਿਹਾ ਜ਼ਿਆਦਾਤਰ ਬੱਚੇ ਦੇ ਵਧਣ-ਫੁੱਲਣ, ਸਿੱਖਿਆ ਪ੍ਰਾਪਤੀ ਅਤੇ ਨੌਜਵਾਨਾਂ ਦੀ ਸਿੱਖਣ ਦੀ ਪ੍ਰਕਿਰਿਆ ਦੌਰਾਨ ਵਾਪਰਦਾ ਹੈ।

ਕੋਈ ਦੇਸ਼ ਇਸ ਵਲੋਂ ਲਾਗੂ ਕੀਤੇ ਜਾਣ ਵਾਲੇ ਸਿੱਖਿਆ ਦੇ ਮਾਡਲ ਸੰਬੰਧੀ ਕਿਵੇਂ ਫੈਸਲਾ ਲੈਂਦਾ ਹੈ? ਇਹ ਹੁਣ ਆਮ ਮੰਨਿਆ ਜਾਂਦਾ ਹੈ ਕਿ ਹਰੇਕ ਦੇਸ਼ ਦੀ ਸਿੱਖਿਆ ਦੀਆਂ ਜੜ੍ਹਾਂ ਇਸ ਦੇ ਸੱਭਿਆਚਾਰ ਵਿਚ ਹੋਣੀਆਂ ਜ਼ਰੂਰੀ ਹਨ ਅਤੇ ਇਹ ਤਰੱਕੀ ਲਈ ਵਚਨਬੱਧ ਹੋਣੀ ਚਾਹੀਦੀ ਹੈ। ਇਹ ਭਾਰਤ ਦਾ ਆਪਣਾ ਅਨੁਭਵ ਹੈ ਕਿ ਸਿੱਖਿਆ ਦੇ ਬਾਹਰੋਂ ਲਏ ਗਏ ਢਾਂਚੇ ਪਰਦੇਸੀ ਧਰਤੀ ਵਿਚ ਵਧ-ਫੁੱਲ ਨਹੀਂ ਸਕਦੇ। ਆਜ਼ਾਦੀ ਤੋਂ ਬਾਅਦ ਭਾਰਤ ਨੇ ਸਿੱਖਿਆ ਦੇ ਉਸ ਮਾਡਲ ਨੂੰ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਜਿਸ ਦਾ ਉਦੇਸ਼ ਬੇਗਾਨੇ ਸ਼ਾਸਕਾਂ ਦੀ ਮਦਦ ਵਾਸਤੇ ਸ਼ਾਸਨ ਪ੍ਰਣਾਲੀ ਦੇ ਹੇਠਲੇ ਪੱਧਰ ਲਈ ਮਨੁੱਖੀ ਸ਼ਕਤੀ ਤਿਆਰ ਕਰਨਾ ਸੀ। ਇਹ ਸਾਰਿਆਂ ਵਾਸਤੇ ਨਹੀਂ ਸੀ, ਇਸ ਦਾ ਸੱਭਿਆਚਾਰ, ਇਤਿਹਾਸ ਅਤੇ ਜਾਣਕਾਰੀ ਹਾਸਲ ਕਰਨ ਲਈ ਭਾਰਤੀ ਰਵਾਇਤ ਨਾਲ ਦੂਰ ਦਾ ਵਾਸਤਾ ਵੀ ਨਹੀਂ ਸੀ। ਭਾਵੇਂ ਕਿ ਅਨੰਤ ਮਨੁੱਖੀ ਕਦਰਾਂ-ਕੀਮਤਾਂ ਹਨ, ਸੱਭਿਆਚਾਰਾਂ ਅਤੇ ਰਵਾਇਤਾਂ ਦੇ ਆਪਣੇ ਵਿਸ਼ੇਸ਼ ਅਰਥ ਹਨ ਜੋ ਲੋਕਾਂ ਨੂੰ ਤਾਕਤ ਅਤੇ ਪ੍ਰੇਰਨਾ ਪ੍ਰਦਾਨ ਕਰਦੇ ਹਨ। ਇਹ ਸੁੰਦਰਤਾ ਦੀ ਭਾਵਨਾ ਦਾ ਪਸਾਰ ਕਰਦੇ ਹਨ ਜੋ ਭਿੰਨਤਾ ਵਲੋਂ ਸਾਰੇ ਮਹਾਂਦੀਪਾਂ, ਧਰਮਾਂ ਅਤੇ ਖੇਤਰਾਂ ਨੂੰ ਪੇਸ਼ ਕੀਤੀ ਜਾਂਦੀ ਹੈ। ਇਸ ਲਈ ਇਨ੍ਹਾਂ ਨੂੰ ਆਪਸੀ ਮੇਲ-ਮਿਲਾਪ, ਪਸਾਰ, ਮਜ਼ਬੂਤੀ ਅਤੇ ਸੁਧਾਈ ਦੀ ਪ੍ਰਕਿਰਿਆ ਰਾਹੀਂ ਸੰਭਾਲ ਕੇ ਤਾਕਤ ਦੇਣੀ ਹੋਵੇਗੀ। ਇਸ ਸਭ ਕੁਝ ਲਈ ਅਤੇ ਬੇਹਤਰ ਤੇ ਅਰਥਭਰਪੂਰ ਮਨੁੱਖੀ ਜੀਵਨ ਲਈ, ਵਰਤਮਾਨ ਸਮੇਂ ਵਿਚ ਧਿਆਨ ਦਾ ਮੁੱਖ ਕੇਂਦਰ ਸਿੱਖਿਆ ਦੀ ਪ੍ਰਕਿਰਿਆ ਹੋਣਾ ਚਾਹੀਦਾ ਹੈ। ਸਿੱਖਿਆ ਦੇ ਉਦੇਸ਼, ਜਿਸ ਨੂੰ ਜਿਹੜੇ ਵੀ ਮਰਜ਼ੀ ਤਰੀਕੇ ਨਾਲ ਸਪੱਸ਼ਟ ਕੀਤਾ ਜਾਵੇ, ਅਖੀਰ ਵਿਚ ਇਕ ਵਿਆਪਕ ਬਿਆਨ ਵੱਲ ਲੈ ਕੇ ਜਾਂਦਾ ਹੈ; ਇਹ ਆਦਮੀ ਦੇ ਚਰਿੱਤਰ ਨਿਰਮਾਣ ਵਾਲੀ ਸਿੱਖਿਆ ਹੋਣੀ ਚਾਹੀਦੀ ਹੈ। ਜਦੋਂ ਸਵਾਮੀ ਵਿਵੇਕਾਨੰਦ ਆਖਦੇ ਹਨ ਕਿ 'ਸਿੱਖਿਆ ਆਦਮੀ ਵਿਚ ਪਹਿਲਾਂ ਹੀ ਪੂਰਨਤਾ ਦਾ ਪ੍ਰਗਟਾਵਾ ਹੈ' ਤਾਂ ਉਹ ਮਨੁੱਖੀ ਜੀਵਨ ਦੀ ਪੂਰਨਤਾ, ਇਸ ਦੇ ਟੀਚੇ, ਉਦੇਸ਼, ਪ੍ਰਕਿਰਿਆ ਅਤੇ ਉਤਪਾਦ ਦੀ ਕੁੱਝ ਲਫ਼ਜ਼ਾਂ ਵਿਚ ਹੀ ਗੱਲ ਕਰਦੇ ਹਨ ਜੋ ਮਹਾਨ ਤੋਂ ਮਹਾਨ ਲੇਖਾਂ ਵਿਚ ਵੀ ਨਹੀਂ ਦੱਸਿਆ ਜਾ ਸਕਦਾ। ਰਬਿੰਦਰਨਾਥ ਟੈਗੋਰ ਆਪਣੀ ਸਿੱਖਿਆ ਦੀ ਸਮਝ ਬੂਝ ਨੂੰ ਆਦਮੀ ਅਤੇ ਕੁਦਰਤ ਦੇ ਸਬੰਧਾਂ ਵਜੋਂ ਪੇਸ਼ ਕਰਦੇ ਹਨ: ''ਸਰਵੋਤਮ ਸਿੱਖਿਆ ਉਹ ਹੈ ਜੋ ਸਾਨੂੰ ਸਿਰਫ਼ ਜਾਣਕਾਰੀ ਹੀ ਨਾ ਦੇਵੇ ਪਰ ਸਾਰੇ ਜੀਵ ਜੰਤੂਆਂ ਨਾਲ ਸਾਡੀ ਜ਼ਿੰਦਗੀ ਨੂੰ ਇਕਸੁਰ ਕਰ ਦੇਵੇ।" 1909 ਵਿਚ ਮਹਾਤਮਾ ਗਾਂਧੀ ਨੇ 'ਹਿੰਦ ਸਵਰਾਜ' ਲਿਖਿਆ ਅਤੇ ਉਸ ਵਿਚ ਉਨ੍ਹਾਂ ਨੇ ਸਿੱਖਿਆ ਦੀ ਪਰਿਭਾਸ਼ਾ ਦਾ ਵਰਨਣ ਕੀਤਾ ਕਿ ਇਹ ਮਾਨਵ ਨਿਰਮਾਣ ਲਈ ਜ਼ਰੂਰੀ ਹੈ : ''ਉਸ ਆਦਮੀ ਨੂੰ ਮੇਰੇ ਵਿਚਾਰ ਵਿਚ ਉਦਾਰਵਾਦੀ ਸਿੱਖਿਆ ਮਿਲੀ ਹੈ ਜਿਸ ਨੂੰ ਉਸਦੇ ਜਵਾਨੀ ਦੇ ਦਿਨਾਂ ਵਿਚ ਅਜਿਹੀ ਸਿਖਲਾਈ ਦਿੱਤੀ ਗਈ ਕਿ ਉਸ ਦਾ ਸਰੀਰ ਸਦਾ ਉਸ ਦੀ ਇੱਛਾ ਦਾ ਗੁਲਾਮ ਹੋਵੇ ਅਤੇ ਆਪਣੀ ਸਮਰੱਥਾ ਮਤਾਬਕ ਸਾਰਾ ਕੰਮ ਸਰਲਤਾ ਤੇ ਖ਼ੁਸ਼ੀ ਨਾਲ ਕਰੇ; ਜਿਸ ਦੀ ਸਿਆਣਪ ਸਪੱਸ਼ਟ ਤੇ ਠੰਡਾ ਹੋਵੇ, ਤਰਕ ਦੇ ਇੰਜਨ ਦੇ ਸਾਰੇ ਪੁਰਜ਼ੇ ਬਰਾਬਰ ਤਾਕਤ ਵਾਲੇ ਹੋਣ ਅਤੇ ਚੰਗੀ ਤਰ੍ਹਾਂ ਕੰਮ ਕਰਦੇ ਹੋਣ ... ਜਿਸ ਦਾ ਦਿਮਾਗ ਕੁਦਰਤ ਦੀਆਂ ਬੁਨਿਆਦੀ ਸਚਾਈਆਂ ਦੀ ਜਾਣਕਾਰੀ ਨਾਲ ਭਰਪੂਰ ਹੋਵੇ, ਜਿਸ ਦੀਆਂ ਭਾਵਨਾਵਾਂ ਜ਼ੋਰਦਾਰ ਇੱਛਾ ਨਾਲ ਕਾਬੂ ਕਰਨ ਦੀ ਸਿਖਲਾਈ ਦਿੰਦੀਆਂ ਹੋਣ, ਕੋਮਲ ਜਮੀਰ ਦਾ ਨੌਕਰ ... ਜਿਸ ਨੇ ਸਾਰੇ ਨਿਕੰਮੇਪਨ ਨੂੰ ਨਫ਼ਰਤ ਕਰਨਾ ਅਤੇ ਦੂਜਿਆਂ ਦੀ ਆਪਣੇ ਵਾਂਗ ਇੱਜ਼ਤ ਕਰਨਾ ਸਿੱਖ ਲਿਆ ਹੈ। ਅਜਿਹਾ ਇਕੋ-ਇਕ, ਕਈ ਹੋਰ ਨਹੀਂ, ਮੇਰਾ ਮੰਨਣਾ ਹੈ ਕਿ ਉਦਾਰ ਸਿੱਖਿਆ ਪ੍ਰਾਪਤ ਹੋਈ ਕਿਉਂਕਿ ਉਹ ਕੁਦਰਤ ਨਾਲ ਇਕਮਿਕ ਹੋ ਗਿਆ ਹੈ। ਉਹ, ਆਪਣੇ ਆਪ ਦਾ ਭਰਪੂਰ ਫ਼ਾਇਦਾ ਉਠਾਉਣਗੇ।" ਅਜਿਹੀ ਸਿੱਖਿਆ ਦੀ ਖੋਜ ਪੂਰੀ ਦੁਨੀਆਂ ਵਿਚ ਜਾਰੀ ਹੈ ਅਤੇ ਇਹ ਆਪਣੇ-ਆਪ ਵਿਚ ਸੱਭਿਅਤਾ ਦੇ ਵਿਕਾਸ ਅਤੇ ਉਤਪਤੀ ਦਾ ਹੌਸਲਾ ਵਧਾਊ ਚਿੰਨ੍ਹ ਹੈ। ਹਕਸਲੇ ਇਸ਼ਾਰਾ ਕਰਦਾ ਹੈ ਕਿ ਸਿੱਖਿਆ ਵਿਚ ਸਰਵੋਤਮ ਦਾ ਨਤੀਜਾ ਕੀ ਹੋ ਸਕਦਾ ਹੈ : ''ਚੰਗੀ ਤਰ੍ਹਾਂ ਵਿਕਸਤ ਅਤੇ ਏਕੀਕ੍ਰਿਤ ਸ਼ਖ਼ਸੀਅਤ ਉਤਪਤੀ ਦਾ ਸਰਵੋਤਮ ਉਤਪਾਦ ਹੈ, ਪੂਰੀ ਪ੍ਰਾਪਤੀ, ਜਿਸ ਨੂੰ ਅਸੀਂ ਇਸ ਦੁਨੀਆਂ ਵਿਚ ਜਾਣਦੇ ਹਾਂ।" ਉਹ ਅੱਗੇ ਜੋਰ ਦੇ ਕੇ ਕਹਿੰਦੇ ਹਨ; ''ਮਨੁੱਖੀ ਸੁਭਾਅ ਦੀ ਖੋਜ ਅਤੇ ਇਸ ਦੀਆਂ ਸੰਭਾਵਨਾਵਾਂ ਮੁਸ਼ਕਲ ਨਾਲ ਸ਼ੁਰੂ ਹੋਈਆਂ ਹਨ। ਅਗਿਆਤ ਸੰਭਾਵਨਾਵਾਂ ਦੀ ਇਕ ਵਿਸ਼ਾਲ ਦੁਨੀਆਂ ਆਪਣੇ ਕੋਲੰਬਸ ਦਾ ਇੰਤਜ਼ਾਰ ਕਰ ਰਹੀ ਹੈ।" ਡਾ. ਰਾਧਾਕ੍ਰਿਸ਼ਨਨ ਨੇ ਇਸ ਨੂੰ ਸ਼ਬਦਾਂ ਦਾ ਜਾਮਾ ਪੁਆਇਆ ਜੋ ਸਿੱਖਿਆ ਨੂੰ ਇਸ ਦੀ ਪੂਰਨਤਾ ਵਿਚ ਸਮਝਦੇ ਹਨ, ''ਸਿੱਖਿਆ ਦਾ ਆਖਰੀ

ਉਤਪਾਦ ਇਕ ਮੁਕਤ ਤੇ ਉਸਾਰੂ ਮਨੁੱਖ ਹੋਣਾ ਚਾਹੀਦਾ ਹੈ ਜੋ ਇਤਿਹਾਸਕ ਹਾਲਤਾਂ ਅਤੇ ਕੁਦਰਤੀ ਮੁਸ਼ਕਲਾਂ ਨਾਲ ਲੜ ਸਕੇ।" ਮੌਜੂਦਾ ਸ਼ਬਦਾਵਲੀ, ਜੋ ਵਿਸ਼ਵੀਕਰਨ, ਵੱਧ ਸੰਚਾਰ, ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਆਰਥਿਕ ਆਜ਼ਾਦੀ ਤੋਂ ਉਪਜ ਰਹੀ ਹੈ, ਅਸੀਂ ਕਹਿ ਸਕਦੇ ਹਾਂ ਕਿ ਜੋ ਆਪਣੀ ਬੌਧਿਕ ਪੂੰਜੀ ਵਿਚ ਵਾਧਾ ਕਰਨਗੇ, ਉਹ ਹੀ ਉਸ ਦੁਨੀਆਂ ਵਿਚ ਅੱਗੇ ਵਧ ਸਕਣਗੇ ਜੋ ਵਰਤਮਾਨ ਸਮੇਂ 'ਬੌਧਿਕ ਪੂੰਜੀ' ਦੇ ਮਹੱਤਵ ਪ੍ਰਤਿ ਸੁਚੇਤ ਨਹੀਂ ਅਤੇ ਕੇਵਲ ਵਿੱਤੀ ਸ੍ਰੋਤ ਜੁਟਾਉਣ ਵਿਚ ਮਸਤ ਹੈ, ਅਤੇ ਕੁਦਰਤ ਦੀਆਂ ਦਾਤਾਂ ਦਾ ਨਜਾਇਜ਼ ਫ਼ਾਇਦਾ ਚੁੱਕਣ ਵਿਚ ਲਗੇ ਹੋਏ ਹਨ। ਇਹ ਅੰਨ੍ਹੀ ਦੌੜ ਅਤੇ ਸ਼ੋਸ਼ਣ ਹੀ ਹੈ ਜਿਸ ਦਾ ਨਤੀਜਾ ਉਤਰਾਖੰਡ ਵਿਚ ਕੁਦਰਤੀ ਆਫ਼ਤਾਂ ਦੇ ਰੂਪ ਵਿਚ ਸਾਹਮਣੇ ਆਇਆ ਹੈ ਅਤੇ ਜਿਸ ਨੇ ਮੁੰਬਈ ਅਤੇ ਚੇਨੱਈ ਨੂੰ ਮੁਸੀਬਤ ਵਿਚ ਪਾਇਆ ਹੈ। ਦਿੱਲੀ ਦੇ ਵਾਸੀਆਂ ਅਤੇ ਯਾਤਰੀਆਂ ਵਲੋਂ ਜਿਸ ਹਵਾ ਵਿਚ ਸਾਹ ਲਿਆ ਜਾਂਦਾ ਹੈ, ਉਹ ਖ਼ਤਰਨਾਕ ਹੈ ਅਤੇ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ ਪਰ ਪ੍ਰਦੂਸ਼ਨ ਵਿਚ ਬੇਰੋਕ-ਟੋਕ ਵਾਧਾ ਲਗਾਤਾਰ ਜਾਰੀ ਹੈ। ਇਹ ਕਦਰਾਂ-ਕੀਮਤਾਂ ਤੋਂ ਰਹਿਤ ਵਿਕਾਸ ਹੀ ਹੈ ਜਿਸ ਨੇ ਕੁਦਰਤੀ ਪਾਣੀ ਦੇ ਭੰਡਾਰਾਂ, ਦਰਿਆਵਾਂ ਨੂੰ ਅਮਲੀ ਰੂਪ ਵਿਚ ਮਾਰ ਦਿੱਤਾ ਹੈ ਅਤੇ ਧਰਤੀ ਉਤੇ ਸਭ ਤੋਂ ਪਵਿੱਤਰ ਮੰਨੀ ਜਾਣ ਵਾਲੀ ਗੰਗਾ ਮਾਤਾ ਨੂੰ ਵੀ ਨਹੀਂ ਬਖਸ਼ਿਆ। ਕੀ ਇਹ ਕਦਰਾਂ-ਕੀਮਤਾਂ ਦੇ ਘਾਣ ਦੀ ਗੱਲ ਨਹੀਂ ਕਰਦੇ ਜੋ ਹੁਣ ਮਨੁੱਖੀ ਨਸਲ ਦੇ ਜਿਉਂਦੇ ਰਹਿਣ ਲਈ ਹੀ ਖ਼ਤਰਾ ਬਣ ਗਈ ਹੈ? ਦੁਖਾਂਤ ਇਹ ਹੈ ਕਿ ਇਹ ਸੱਭ ਉਦੋਂ ਵਾਪਰ ਰਿਹਾ ਹੈ ਜਦੋਂ ਦੁਨੀਆਂ ਅਤੇ ਭਾਰਤ ਵੀ, ਵਧੀ ਹੋਈ ਸਾਖਰਤਾ ਦਰ ਅਤੇ ਮੁਢਲੀ ਸਿੱਖਿਆ ਦੇ ਵਿਆਪੀਕਰਨ ਨਾਲ ਹਨ। ਹਾਲਾਤ ਤੁਰੰਤ ਸੁਧਾਰਵਾਦੀ ਕਦਮਾਂ ਦੀ ਮੰਗ ਕਰਦੇ ਹਨ ਤਾਂ ਜੋ ਸਿੱਖਿਆ ਪੂਰਨ ਰੂਪ ਵਿਚ ਆਪਣੇ ਉਦੇਸ਼ ਹਾਸਲ ਕਰ ਸਕੇ। ਨੈਲਸਨ ਮੰਡੇਲਾ ਨੇ ਬਹੁਤ ਸਪੱਸ਼ਟ ਰੂਪ ਵਿਚ ਕਿਹਾ ਸੀ, "ਸਿੱਖਿਆ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ ਜਿਸ ਨਾਲ ਤੁਸੀਂ ਦੁਨੀਆਂ ਨੂੰ ਬਦਲ ਸਕਦੇ ਹੋ" ਇਸ ਦੇ ਲਈ ਸਿੱਖਿਆ ਨੂੰ 'ਸਰੀਰ, ਦਿਮਾਗ਼ ਅਤੇ ਭਾਵਨਾ' ਦਾ ਬਿਹਤਰੀਨ ਬਾਹਰ ਲਿਆਉਣਾ ਪਵੇਗਾ। ਪੂਰਨ ਸ਼ਖ਼ਸੀਅਤ ਦੇ ਵਿਕਾਸ ਲਈ ਪਰਿਵਾਰ, ਭਾਈਚਾਰੇ ਅਤੇ ਸਿੱਖਿਆ ਦੇ ਪੱਧਰ 'ਤੇ ਪਹਿਲਕਦਮੀਆਂ ਕਰਨ ਦੀ ਲੋੜ ਹੈ ਤਾਂ ਜੋ ਸੋਚ, ਕਾਰਜ ਅਤੇ ਕਰਮ ਰਾਹੀਂ ਵਧਣ-ਫੁੱਲਣ ਦਾ ਰਾਹ ਸੁਖਾਲਾ ਕੀਤਾ ਜਾ ਸਕੇ।

## ਕੀ ਕੀਤਾ ਜਾ ਸਕਦਾ ਹੈ?

ਭਾਰਤ ਦਾ ਆਜ਼ਾਦੀ ਸੰਗਰਾਮ ਕਈ ਅਰਥਾਂ ਵਿਚ ਵਿਖਲੱਣ ਸੀ, ਜਿਸ ਵਿਚ ਸਭ ਤੋਂ ਵੱਧ ਮਹੱਤਵਪੂਰਨ ਮਹਾਤਮਾ ਗਾਂਧੀ ਦੀ ਮੌਜੂਦਗੀ ਅਤੇ ਕਿਸੇ ਵੀ ਹਾਲਤ ਵਿਚ ਉਨ੍ਹਾਂ ਦਾ ਸੱਚ ਦੇ ਰਾਹ 'ਤੇ ਚੱਲਣ ਦਾ ਦ੍ਰਿੜ੍ਹ ਸੁਨੇਹਾ ਹੈ।" ਆਪਣੀ ਮਿਸਾਲ ਦੇ ਕਾਰਜਾਂ ਦੁਆਰਾ ਉਨ੍ਹਾਂ ਨੇ ਕਰੋੜਾਂ ਭਾਰਤੀਆਂ ਨੂੰ ਕਦਰਾਂ-ਕੀਮਤਾਂ ਵਾਲਾ ਜੀਵਨ ਜਿਉਣ ਲਈ, ਲੋੜਵੰਦਾਂ ਦੀ ਸੇਵਾ ਕਰਨ ਅਤੇ ਅਖੀਰ ਵਿਚ ਦੇਸ਼ ਦੇ ਦੇਸ਼ਵਾਸੀਆਂ ਲਈ ਸਭ ਕੁਝ ਵਾਰ ਦੇਣ ਲਈ ਪ੍ਰੇਰਿਤ ਕੀਤਾ। ਘੱਟ ਸਾਖਰਤਾ ਦਰ, ਸੰਚਾਰ ਦੇ ਨਾਂਮਾਤਰ ਸਾਧਨ ਅਤੇ ਪ੍ਰਿੰਟ ਮੀਡੀਆ ਦੀ ਨਾਂ ਦੇ ਬਰਾਬਰ ਮੌਜੂਦਗੀ ਦੇ ਦਿਨਾਂ ਵਿਚ ਸਭ ਨੂੰ ਇਹ ਜਾਣਨ ਵਿਚ ਦਿਲਚਸਪੀ ਰਹਿੰਦੀ ਸੀ ਕਿ ਮਹਾਤਮਾਂ ਗਾਂਧੀ ਦੇ ਵਿਚਾਰ ਅਤੇ ਕਦਰਾਂ-ਕੀਮਤਾਂ ਦੇਸ਼ ਦੇ ਹਰ ਕੋਨੇ ਤਕ ਕਿਵੇਂ ਫੈਲ ਸਕਦੇ ਹਨ। ਜਿਹੜੇ ਲੋਕਾਂ ਨੂੰ ਗਾਂਧੀ ਜੀ ਨਾਲ ਆਜ਼ਾਦੀ ਦੀ ਜੰਗ ਵਿਚ ਭਾਗ ਲੈਣ ਦਾ ਮਾਣ ਹਾਸਲ ਹੋਇਆ, ਉਨ੍ਹਾਂ ਨਾਲ ਨਿੱਜੀ ਗੱਲਬਾਤ ਵਿਚੋਂ ਇਹ ਪ੍ਰਗਟਾਵਾ ਹੋਇਆ ਕਿ ਗਾਂਧੀਵਾਦੀ ਵਿਚਾਰਾਂ ਦੇ ਪਸਾਰ ਵਿਚ ਸਭ ਤੋਂ ਮਹੱਤਵਪੂਰਨ ਭੂਮਿਕਾ ਸਕੂਲ ਅਧਿਆਪਕਾਂ ਦੀ ਸੀ। ਉਨ੍ਹਾਂ ਨੇ ਖਾਦੀ ਦੀ ਵਰਤੋਂ ਉਤੇ ਜੋਰ ਦਿੱਤਾ, ਜਿਸ ਦਾ ਮਲਤਬ ਸੀ ਅਪਾਰੀਗ੍ਰਹਿ-ਗ਼ੈਰ ਇਕੱਤਰੀਕਰਨ ਦੀਆਂ ਕਦਰਾਂ-ਕੀਮਤਾਂ ਹਾਸਲ ਕਰਨੀਆਂ – ਕੋਈ ਵੀ ਵਿਅਕਤੀ ਜੋ ਆਪਣੀਆਂ ਲੋੜਾਂ ਤੇ ਜ਼ਰੂਰਤਾਂ ਨੂੰ ਸੀਮਤ ਕਰ ਲੈਂਦਾ ਹੈ, ਉਹ ਭ੍ਰਿਸ਼ਟਾਚਾਰ ਦੇ ਤਰੀਕੇ ਤੋਂ ਪ੍ਰਭਾਵਤ ਨਹੀਂ ਹੋਵੇਗਾ, ਜੋ ਸਿਰਫ਼ ਉਨ੍ਹਾਂ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ ਜੋ ਜ਼ਿਆਦਾ, ਹੋਰ ਜ਼ਿਆਦਾ ਹਾਸਲ ਕਰਨ ਵਿਚ ਲੱਗੇ ਰਹਿੰਦੇ ਹਨ। ਇਕ ਮਹਾਨ ਦਾਰਸ਼ਨਿਕ ਵਜੋਂ ਮਹਾਤਮਾ ਗਾਂਧੀ ਭਲੀਭਾਂਤ ਵੇਖ ਸਕਦੇ ਸਨ ਕਿ ਜੇ ਸ਼ਾਸਨ ਪ੍ਰਣਾਲੀ ਅਤੇ ਲੋਕਾਂ ਵਲੋਂ ਜ਼ਰੂਰੀ ਸਾਵਧਾਨੀ ਨਾ ਵਰਤੀ ਗਈ ਤਾਂ ਕਦਰਾਂ-ਕੀਮਤਾਂ ਦੇ ਘਾਣ ਦਾ ਕੀ ਸਿੱਟਾ ਹੋ ਸਕਦਾ ਹੈ। 1925 ਵਿਚ ਉਨ੍ਹਾਂ ਯੰਗ ਇੰਡੀਆ ਵਿਚ 7 ਸਮਾਜਕ ਬੁਰਾਈਆਂ ਪ੍ਰਕਾਸ਼ਿਤ ਕੀਤੀਆਂ :

• ਬਿਨਾਂ ਨੈਤਿਕਤਾ ਤੋਂ ਵਪਾਰ, • ਬਿਨਾਂ ਚਰਿੱਤਰ ਤੋਂ ਸਿੱਖਿਆ, • ਬਿਨਾਂ ਜ਼ਮੀਰ ਤੋਂ ਖ਼ੁਸ਼ੀ, • ਬਿਨਾਂ ਸਿਧਾਂਤਾਂ ਤੋਂ ਵਿਗਿਆਨ, • ਬਿਨਾਂ ਕੰਮ ਤੋਂ ਦੌਲਤ, • ਬਿਨਾਂ ਸੇਵਾ ਤੋਂ ਪੂਜਾ।

ਇਹ ਸੱਤ ਹਰੇਕ ਦੇਸ਼ ਦੇ ਯੋਜਨਾਕਾਰਾਂ ਤੇ ਅਮਲਕਾਰਾਂ ਲਈ ਵਿਆਪਕ ਦਿਸ਼ਾ ਨਿਰਦੇਸ਼ ਪੇਸ਼ ਕਰਦੇ ਹਨ। ਭਾਰਤ ਨੂੰ ਮੰਨਣਾ ਪਵੇਗਾ ਕਿ ਜਦੋਂ ਤਕ ਸਰਗਰਮ ਰੂਪ ਵਿਚ ਇਹ ਕਦਰਾਂ-ਕੀਮਤਾਂ ਵਾਲੇ ਸਮਾਜ ਦਾ ਮਾਡਲ ਪੇਸ਼ ਨਹੀਂ ਕਰਦਾ ਤਾਂ ਅਧਿਆਤਮਕ ਖੇਤਰ ਵਿਚ ਇਸ ਦਾ ਦੁਨੀਆਂ ਦੀ ਅਗਵਾਈ ਕਰਨ ਦਾ ਸੁਪਨਾ, ਸੁਪਨਾ ਹੀ ਰਹਿ ਜਾਵੇਗਾ। ਉਪਰੋਕਤ ਸੱਤ ਬੁਰਾਈਆਂ ਨੂੰ 'ਸੱਤ ਨਿੱਜੀ ਕਾਰਜ ਬਿੰਦੂਆਂ ਵਿਚ ਬਦਲ ਦਿਉ, ਬਿਨਾਂ ਦੀ ਥਾਂ ਉਤੇ ਨਾਲ ਜੋੜ ਦਿਓ, ਫਿਰ ਚਮਤਕਾਰ ਵੇਖੋ। ਇਕ ਵਾਰੀ ਸਹੀ ਪਹਿਲਕਦਮੀਆਂ ਤੇ ਕੋਸ਼ਿਸ਼ਾਂ ਦੁਆਰਾ ਲੋਕਾਂ ਨੂੰ ਸਿੱਖਿਅਤ ਕਰ ਦਿੱਤਾ ਜਾਵੇ ਅਤੇ ਉਪਰੋਕਤ ਸੂਚਕਾਂ ਅਨੁਸਾਰ ਜ਼ਿੰਦਗੀ ਜਿਉਣ ਲਈ ਮਨਾ ਲਿਆ ਤਾਂ ਕੰਮ ਦੇ ਸਾਧਨ ਤੇ ਕੰਮ ਸੱਭਿਆਚਾਰ, ਅਤੇ ਵਿੱਦਿਅਕ ਸੰਸਥਾਨਾਂ ਦਾ ਵਾਤਾਵਰਨ ਬਿਲਕੁਲ ਤਬਦੀਲ ਹੋ ਜਾਵੇਗਾ। ਹਰੇਕ ਇਨਸਾਨ, ਹਰੇਕ ਪੇਸ਼ੇਵਰ, ਹਰੇਕ ਮਾਤਾ-ਪਿਤਾ ਭਾਰਤ ਨੂੰ ਬਦਲਣ ਵਿਚ ਆਪਣੀ ਭੂਮਿਕਾ ਨੂੰ ਮਹਿਸੂਸ ਕਰੇ। ਹਰੇਕ ਨੂੰ ਰੋਜ਼ਾਨਾ ਇਹ ਜਤਾਉਣ ਦੀ ਲੋੜ ਹੈ; ਅੱਜ ਮੈਂ ਦੂਜਿਆਂ ਲਈ ਕੀ ਕੀਤਾ; ਅੱਜ ਮੈਂ ਸਮਾਜ ਤੇ ਦੇਸ਼ ਲਈ ਕੀ ਕੀਤਾ; ਅੱਜ ਮੈਂ ਕਿਹੜੀਆਂ ਗਲਤੀਆਂ ਕੀਤੀਆਂ ਜੋ ਸੱਚ ਦੇ ਰਾਹ ਦੀ ਉਲੰਘਣਾ ਕਰਦੀਆਂ ਹਨ? ਇਸ ਵਿਚ ਲੋਕਾਂ ਦੇ ਅੰਦਰਲੀਆਂ ਯੋਗਤਾਵਾਂ ਹਾਸਲ ਕਰਨ ਅਤੇ ਆਗੂ ਵਾਲੀ ਭੂਮਿਕਾ ਨਿਭਾਉਣ ਦੀਆਂ ਸੰਭਾਵਨਾਵਾਂ ਹਨ। ਹਾਂ, ਹਰ ਕੋਈ ਇਕ ਦੂਜੇ ਲਈ ਪ੍ਰੇਰਣਾ ਸ੍ਰੋਤ ਬਣ ਸਕਦਾ ਹੈ। ਇਸ ਨਾਲ ਘਰ ਤੋਂ ਲੈ ਕੇ ਕੰਮ ਵਾਲੀ ਥਾਂ ਤਕ ਪੂਰਨਤਾ, ਉਸਾਰੂ ਅਤੇ ਯੋਗਦਾਨ ਵਾਲੀ ਜ਼ਿੰਦਗੀ ਦਾ ਵਾਤਾਵਰਨ ਬਣ ਜਾਵੇਗਾ। ਸਿੱਖਿਆ ਨਿੱਜੀ ਕਾਰਜ ਯੋਜਨਾ ਲਈ ਵਾਤਾਵਰਨ ਬਣਾਉਣ ਦੀ ਚੁਨੌਤੀ ਪਰਵਾਨ ਕਰੇ ਜੋ ਹਰੇਕ ਇਨਸਾਨ ਨੂੰ ਇਕ ਸ਼ਖ਼ਸੀਅਤ ਵਿਚ ਬਦਲ ਦੇਵੇ।

(ਲੇਖਕ ਪਦਮਸ਼੍ਰੀ ਅਵਾਰਡ ਜੇਤੂ ਹੈ ਅਤੇ ਐੱਨ ਸੀ ਟੀ ਈ ਦੇ ਚੇਅਰਮੈਨ ਅਤੇ ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਰਹਿ ਚੁੱਕੇ ਹਨ।)
e-mail :rajput_is@yahoo.co.in

# ਉੱਤਮ ਸਿੱਖਿਆ ਲਈ ਦੂਰਅੰਦੇਸ਼ੀ

ਕਿਰਨ ਭੱਟੀ

## ਮੁੱਖਬੰਧ

ਹਾਲ ਦੇ ਸਾਲਾਂ ਵਿਚ, ਸਕੂਲਾਂ ਵਿਚ ਦਿੱਤੀ ਜਾਣ ਵਾਲੀ ਸਿੱਖਿਆ ਵਿਚ, ਖ਼ਾਸ ਤੌਰ ਤੇ ਸਰਕਾਰੀ ਸਕੂਲਾਂ ਵਿਚ, ਆਈ ਗਿਰਾਵਟ ਉਤੇ ਚਿੰਤਾ ਵਧੀ ਹੈ। ਹਰ ਸਰਵੇਖਣ ਵਿਚ, ਭਾਵੇਂ ਇਹ ਸਿੱਖਿਆ ਦੀ ਸਾਲਾਨਾ ਦਰ ਜਾਂ 'ਏਸਰ' (ਏ ਐੱਸ ਈ ਆਰ) ਦੀ ਰਿਪੋਰਟ ਹੋਵੇ ਜਾਂ ਐੱਨ ਸੀ ਈ ਆਰ ਟੀ ਦਾ ਰਾਸ਼ਟਰੀ ਪ੍ਰਾਪਤੀਆਂ ਸਰਵੇਖਣ ਹੋਵੇ ਜਾਂ ਵਿਦਿਆਰਥੀਆਂ ਦੇ ਅੰਤਰਰਾਸ਼ਟਰੀ ਅੰਕਣ ਪ੍ਰੋਗਰਾਮ (ਪਿਸਾ) ਦਾ ਅੰਤਰਰਾਸ਼ਟਰੀ ਟੈਸਟ ਹੋਵੇ, ਤੋਂ ਪਤਾ ਲਗਦਾ ਹੈ ਕਿ ਗਿਆਨ ਪ੍ਰਾਪਤੀ ਦੇ ਪੱਧਰ ਵਿਚ, ਇਥੋਂ ਤਕ ਕਿ ਪੜ੍ਹਾਈ ਅਤੇ ਹਿਸਾਬ ਵਿਚ ਬੁਨਿਆਦੀ ਲਿਆਕਤ ਵੀ ਜਿਸ ਪੱਧਰ ਦੀ ਹੋਣੀ ਚਾਹੀਦੀ ਹੈ, ਉਸ ਤੋਂ ਬਹੁਤ ਘੱਟ ਹੈ। ਇਨ੍ਹਾਂ ਚਿੰਤਾਜਨਕ ਨਤੀਜਿਆਂ ਨੇ ਇਸ ਗਿਰਾਵਟ ਦੇ ਕਾਰਨਾਂ ਅਤੇ ਉਨ੍ਹਾਂ ਸਮੱਸਿਆਵਾਂ ਦੇ ਸੰਭਾਵਤ ਹੱਲਾਂ ਉਪਰ ਤਿੱਖੀ ਬਹਿਸ ਨੂੰ ਜਨਮ ਦਿੱਤਾ ਹੈ। ਸਿੱਖਿਆ ਵਿਚ ਜੋ ਕੁੱਝ ਹੋਣਾ ਚਾਹੀਦਾ ਹੈ, ਉਨ੍ਹਾਂ ਮੁੱਦਿਆਂ ਦੇ ਨਾਲ-ਨਾਲ ਸਕੂਲਾਂ ਅਤੇ ਸਿੱਖਿਆ ਵਿਚ ਗਿਰਾਵਟ ਦਾ ਕਾਰਨ ਪ੍ਰਬੰਧਨ ਨੂੰ ਵੀ ਮੰਨਿਆ ਜਾਂਦਾ ਹੈ ਅਤੇ ਉਸ ਵੱਲ ਚਿੰਤਾ ਜਤਾਈ ਜਾ ਰਹੀ ਹੈ। ਇਥੋਂ ਤਕ ਕਿ ਟੈਸਟ ਕਰਨ ਦੇ ਤਰੀਕਿਆਂ ਦਾ ਵਿਸ਼ਵਾਸਯੋਗਤਾ, ਮਿਕਦਾਰੀ ਸਿੱਖਿਆ ਪ੍ਰਮਾਣਕਤਾ, ਵਰਤੇ ਜਾ ਰਹੇ ਅੰਕਣ ਸੰਕੇਤਕਾਂ ਦੀ ਕਿਸਮ ਅਤੇ ਹੋਰ ਵੀ ਕਈ ਕੁੱਝ ਉਪਰ ਸਵਾਲੀਆ ਨਿਸ਼ਾਨ ਉਠਾਏ ਜਾ ਰਹੇ ਹਨ। ਪਰ ਕਿਸੇ ਵੀ ਸ਼ੋਧ ਅਧਾਰਤ ਸਬੂਤ ਨਾ ਹੋਣ ਦੀ ਸੂਰਤ ਵਿਚ, ਵੱਖ-ਵੱਖ ਵਿਚਾਰਾਂ ਦੇ ਪੇਸ਼ ਕਰਨ ਵਾਲਿਆਂ ਵਿਚ ਤਿੱਖਾਂ ਵਾਦਵਿਵਾਦ ਉੱਠ ਖੜ੍ਹਾ ਹੋਇਆ ਹੈ ਅਤੇ ਸਹਿਮਤੀ ਬਣਨ ਦੇ ਕੋਈ ਆਸਾਰ ਨਜ਼ਰ ਨਹੀਂ ਆਉਂਦੇ।

ਇਸ ਤਿੱਖੀ ਬਹਿਸ ਦੇ ਚਲਦੇ, ਸਿੱਖਿਆ ਲਈ ਬੁਨਿਆਦੀ ਦੂਰਅੰਦੇਸ਼ੀ ਤੋਂ ਧਿਆਨ ਪਰੇ ਹਟ ਜਾਣ ਦਾ ਅਸਲੀ ਖ਼ਤਰਾ ਹੈ ਜਿਸ ਨਾਲ ਸਿੱਖਿਆ, ਬੱਚੇ ਅਤੇ ਦੇਸ਼, ਸਭ ਦਾ ਨੁਕਸਾਨ ਹੋ ਸਕਦਾ ਹੈ। ਕੀ ਅਸੀਂ ਹੱਲ ਲੱਭਣ ਦੀ ਕਾਹਲੀ ਵਿਚ, ਵਿਸਤ੍ਰਿਤ ਦੂਰਅੰਦੇਸ਼ੀ ਤੋਂ ਦੂਰ ਹਟ ਰਹੇ ਹਾਂ? ਕੀ ਅਸੀਂ ਸੰਸਥਾਗਤ ਮੁੱਦਿਆਂ ਨਾਲ ਜੂਝਣ ਤੋਂ ਬਚ ਰਹੇ ਹਾਂ? ਪ੍ਰਾਪਤੀਆਂ ਵਿਚ ਤੇਜ਼ੀ ਲਿਆਉਣ ਦੀ ਬਜਾਇ, ਬਿਨਾਂ ਉਨ੍ਹਾਂ ਦੀ ਪ੍ਰਸੰਗਤਾ ਅਤੇ ਮਜਬੂਤੀ ਜਾਣੇ, ਉਨ੍ਹਾਂ ਤੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਾਂ? ਕੀ ਅਸੀਂ ਸਿੱਖਿਆ ਦੇ ਉਦੇਸ਼ ਨੂੰ ਅਣਗੌਲਿਆ ਕਰ ਰਹੇ ਹਾਂ ਅਤੇ ਇਸ ਦੀ ਬਜਾਇ ਇਸ ਨੂੰ ਆਰਥਿਕ ਚਿੰਤਾਵਾਂ ਨਾਲ ਜੋੜ ਕੇ ਦੇਖ ਰਹੇ ਹਾਂ? ਨਵੀਂ ਸਿੱਖਿਆ ਨੀਤੀ ਆਉਣ ਦੇ ਮੁਹਾਣੇ ਉਤੇ ਖੜ੍ਹੇ, ਇਹ ਇਕ ਮੌਕਾ ਹੈ ਕਿ ਅਸੀਂ ਇਨ੍ਹਾਂ ਵਿਵਾਦਤ ਮੁੱਦਿਆਂ ਤੋਂ ਦੂਰ ਰਹੀਏ ਅਤੇ ਸਿੱਖਿਆ ਲਈ ਸਹੀ ਦੂਰਅੰਦੇਸ਼ੀ ਵੱਲ ਧਿਆਨ ਦੇਈਏ। ਵਰਤਮਾਨ ਵਾਦ-ਵਿਵਾਦ ਵਿਚ ਤਿੰਨ ਤਲਖੀਆਂ ਹਨ, ਜੋ ਲਗਦਾ ਹੈ ਵਡੇਰੇ ਟੀਚਿਆਂ ਅਤੇ ਦੂਰਅੰਦੇਸ਼ੀ ਨੂੰ ਖ਼ਤਰਾ ਪੈਦਾ ਕਰ ਰਹੀਆਂ ਹਨ, ਨੂੰ ਇਥੇ ਵਿਚਾਰਿਆ ਗਿਆ ਹੈ।

## ਹੁਨਰ ਜਾਂ ਸਿੱਖਿਆ

ਸ਼ਾਇਦ ਇਸ ਦਾ ਸਭ ਤੋਂ ਬੁਨਿਆਦੀ ਮੁੱਦਾ ਕਿ ਅਸੀਂ ਸਿੱਖਿਆ ਬਾਰੇ ਕਿਵੇਂ ਸੋਚਦੇ ਹਾਂ, ਉਹ ਭਿੰਨਤਾ ਹੈ ਜੋ ਅਕਾਦਮਿਕ ਅਤੇ ਨੀਤੀ ਵਿਚਾਰ-ਵਟਾਂਦਰੇ ਵਿਚ ਸਿੱਖਿਆ ਦੇ ਸਾਧਨ ਰੂਪੀ ਅਤੇ 'ਸੁਭਾਵਕ' ਮਹੱਤਵ ਵਿਚ ਹੈ (ਡਰੀਜ਼ ਅਤੇ ਸੇਨ 1996)। ਪਹਿਲੇ ਵਿਚ ਸਿੱਖਿਆ ਨੂੰ ਸਮਾਜਕ ਅਤੇ ਆਰਥਿਕ ਗਤੀਸ਼ੀਲਤਾ ਦੇ ਮੌਕਿਆਂ ਵਿਚ ਸੁਧਾਰ ਦੇ ਤਰੀਕਿਆਂ ਦੇ ਤੌਰ ਤੇ ਦੇਖਿਆ ਜਾਂਦਾ ਹੈ ਜੋ ਜਿਨ੍ਹਾਂ ਦਾ ਮਿਆਰੀਕਰਨ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਕਰਕੇ ਜਾਣਿਆ ਜਾਂਦਾ ਹੈ ਜਿਥੇ ਕਿ ਦੂਸਰੇ ਦਾ ਮਤਲਬ ਕਿਸੇ ਇਨਸਾਨ ਦੇ ਜੀਵਨ ਸੁਧਾਰ ਨਾਲ ਸਬੰਧਤ ਹੈ ਜੋ ਸਿੱਖਿਆ ਦੇ ਮਿਆਰੀਕਰਨ ਹੋਣ ਵਾਲੇ ਲਾਭਾਂ ਤੋਂ ਕਿਤੇ ਅੱਗੇ ਜਾਂਦਾ ਹੈ। ਜਿਥੇ ਇਸ ਵਿਚ ਕੋਈ ਵਿਵਾਦ ਨਹੀਂ ਹੈ ਕਿ ਦੋਵੇਂ ਮਹੱਤਵਪੂਰਨ ਹਨ, ਹਾਲ ਹੀ ਦੇ ਸਾਲਾਂ ਵਿਚ ਸਾਧਨ ਰੂਪੀ ਕਦਰਾਂ-ਕੀਮਤਾਂ ਵੱਲ ਵਧੇਰੇ ਧਿਆਨ ਦਿੱਤਾ ਗਿਆ ਹੈ, ਖ਼ਾਸ ਤੌਰ ਤੇ ਗਰੀਬਾਂ ਵੱਲ, ਜਿਨ੍ਹਾਂ ਨੇ ਸਰਕਾਰੀ ਸਕੂਲਾਂ ਵਿਚ ਗਿਣਤੀ ਵਿਚ ਬਹੁਤ ਵਾਧਾ ਕੀਤਾ ਹੈ ਅਤੇ ਸੁਭਵਾਕ ਹੀ ਕਦਰਾਂ-ਕੀਮਤਾਂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਅੱਜ ਦੇ ਸੰਦਰਭ ਵਿਚ, ਇਸ ਰੁਝਾਨ ਨੇ ਮਹਾਰਤ ਵਿਕਾਸ ਨੂੰ ਸਕੂਲੀ ਸਿੱਖਿਆ ਵਿਚ ਵਾਧਾ ਕਰਨ ਦੇ ਤੌਰ ਤੇ ਜ਼ੋਰ ਦੇਣ ਦੀ ਸ਼ਕਲ ਅਖਤਿਆਰ ਕਰ ਲਈ ਹੈ। ਬਦਕਿਸਮਤੀ ਨਾਲ ਇਹ ਰੁਝਾਨ ਨੌਜਵਾਨਾਂ ਨੂੰ ਕਿਰਤੀਆਂ ਦੀ ਸ਼੍ਰੇਣੀ ਵਿਚ ਛੇਤੀ ਤੋਂ ਛੇਤੀ ਤਿਆਰ ਕਰਨ ਦੇ ਉਦੇਸ਼ ਨਾਲ ਹੋ ਰਿਹਾ ਹੈ ਨਾ ਕਿ ਇਸ ਮਕਸਦ ਨਾਲ ਕਿ ਉਹ ਇਲਸਾਨ ਦੇ ਤੌਰ ਤੇ ਆਪਣੀ ਪੂਰੀ ਸਮਰੱਥਾ ਦੀ ਯੋਗ ਵਰਤੋਂ ਕਰ ਸਕਣ। ਸਿੱਖਿਆ ਜੀਵਨ ਵਿਚ ਜ਼ਰੂਰੀ ਮਹਾਰਤ ਛੋਟੀ ਉਮਰ ਵਿਚ ਹਾਸਲ ਕਰ ਲੈਣ, ਜਿਵੇਂ ਕਿ ਤਜਵੀਜ ਕੀਤੀ ਜਾ ਰਹੀ ਹੈ, ਨਾ ਸਿਰਫ਼ ਸਿੱਖਣ ਅਤੇ ਵਿਕਾਸ ਕਰਨ ਦੇ ਮੌਕੇ ਖੋਹ ਲੈਂਦਾ ਹੈ ਸਗੋਂ ਇਹ ਉਨ੍ਹਾਂ ਨੂੰ ਘੱਟ ਉਜਰਤ ਰੁਜ਼ਗਾਰ ਦੀ ਜ਼ਿੰਦਗੀ ਵੱਲ ਧੱਕ ਦਿੰਦਾ ਹੈ ਜੋ ਮਹਾਰਤ ਵਿਕਾਸ ਉਪਰ ਅਧਾਰਤ ਹੁੰਦੀ ਹੈ ਨਾ ਕਿ ਸਿੱਖਿਆ ਪ੍ਰਾਪਤੀ ਉਪਰ। ਇਸ ਤਰ੍ਹਾਂ ਰੁਜ਼ਗਾਰ ਦੀ ਮੰਡੀ ਵਿਚ ਸ਼ਾਮਲ ਹੋਣ ਲਈ ਮਹਾਰਤ ਹਾਸਲ ਕਰਨਾ ਸਿੱਖਿਆ ਦਾ ਇਕ ਤੰਗ ਅਤੇ ਛੋਟਾ ਨਜ਼ਰੀਆ ਹੈ ਜੋ ਕੁੱਝ ਲੋਕਾਂ ਦੇ ਛੋਟੀ ਮਿਆਦ ਦੇ ਹਿਤਾਂ ਦੀ ਪੂਰਤੀ ਕਰਦਾ ਹੈ। ਇਸ

ਦੇ ਨਾਲ-ਨਾਲ ਇਹ ਇਸ ਤੱਥ ਨੂੰ ਵੀ ਅੱਖੋਂ ਪਰੋਖੇ ਕਰਦਾ ਹੈ ਕਿ ਮਹਾਰਤ ਹਾਸਲ ਕਰਨ ਲਈ ਵੀ ਸਿੱਖਿਆ ਦਾ ਇਕ ਬੁਨਿਆਦੀ ਪੱਧਰ ਪ੍ਰਾਪਤ ਹੋਣਾ ਜ਼ਰੂਰੀ ਹੈ। ਜਿਥੇ ਬੁਨਿਆਦੀ ਸਿੱਖਿਆ ਖੇਤਰ ਹਾਲੇ ਸਿੱਖਿਆ ਦੇ ਸਰਵਵਿਆਪੀ ਹੋਣ ਦੇ ਟੀਚੇ ਤੋਂ ਕੋਹਾਂ ਦੂਰ ਹੈ, ਮਹਾਰਤ ਉਪਰ ਜ਼ੋਰ, ਇਸ ਨੂੰ ਸਭ ਲਈ ਉੱਤਮ ਕਿਸਮ ਦੀ ਸਿੱਖਿਆ ਦੇ ਬੁਨਿਆਦੀ ਟੀਚੇ ਤੋਂ ਪਰ੍ਹਾਂ ਹਟਾ ਸਕਦਾ ਹੈ।

ਪਰ ਇਸ ਤੋਂ ਵੀ ਮੁਕਰਿਆ ਨਹੀਂ ਜਾ ਸਕਦਾ ਕਿ ਬੱਚੇ ਦੇ ਜੀਵਨ ਜਾਂ ਸਕੂਲ ਪਾਠਕ੍ਰਮ ਵਿਚ ਮਹਾਰਤ ਵਿਕਾਸ ਦਾ ਮਹੱਤਵਪੂਰਨ ਸਥਾਨ ਹੈ। ਇਹ ਹੈ - ਪਰ ਇਹ ਅਲਗ ਕਿਸਮ ਦਾ ਹੈ ਅਤੇ ਅਲਗ ਕਿਸਮ ਦੀ ਭੂਮਿਕਾ ਨਿਭਾਉਂਦਾ ਹੈ। ''ਜੀਵਨ-ਹੁਨਰ'', ਉਦਾਹਰਣ ਦੇ ਤੌਰ ਤੇ, ਬੱਚੇ ਦੀ ਗਿਆਨ ਪ੍ਰਾਪਤੀ ਦਾ ਇਕ ਅਭਿੰਨ ਅੰਗ ਹੈ। ਦੂਸਰੀਆਂ ਗ਼ੈਰ ਅਕਾਦਮਿਕ ਜਾਂ ਗ਼ੈਰ ਸੰਗਿਆਨਕ ਮਹਾਰਤਾਂ ਵੀ ਬੱਚੇ ਦੇ ਸਿੱਖਿਆ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ ਜਦੋਂ ਨੀਤੀ ਸਕੂਲ ਸਿੱਖਿਆ ਦੇ ਪੱਧਰ ਉਤੇ ਕੁੱਝ ਲਈ ਜੀਵਨ ਮਹਾਰਤਾਂ ਅਤੇ ਦੂਸਰਿਆਂ ਲਈ ਕਿੱਤਾਮੁਖੀ ਮਹਾਰਤਾਂ ਦੀ ਵਕਾਲਤ ਕਰਦੀ ਹੈ। ਅਜਿਹਾ ਕਰਨ ਵਿਚ, ਇਹ ਨਾ ਸਿਰਫ਼ ਸੰਵਿਧਾਨ ਦੇ ਸਭ ਲਈ ਬਰਾਬਰ ਦੇ ਮੌਕੇ ਦੇ ਸਿਧਾਂਤ ਦੀ ਉਲੰਘਣਾ ਕਰਦੀ ਹੈ, ਜੋ ਸਿੱਖਿਆ ਦੇ ਖੇਤਰ ਵਿਚ ਵੱਡੇ ਪੈਮਾਨੇ ਉਤੇ ਜਾਣੇ ਜਾਂਦੇ ਹਨ, ਸਗੋਂ ਅਰਥਤੰਤਰ ਦੇ ਲੰਬੀ ਮਿਆਦ ਦੇ ਉਦੇਸ਼ਾਂ ਦੀ ਪੂਰਤੀ ਵੀ ਨਹੀਂ ਕਰਦੀ।

## ਵਿਗਿਆਨਕ ਮਨੋਦਸ਼ਾ ਜਾਂ ਸਮਾਜਕ ਵਿਗਿਆਨ ਦਾ ਪਰਿਪੇਖ

ਇਹ ਦੁਨੀਆਂ ਭਰ ਵਿਚ ਆਮ ਧਾਰਨਾ ਹੈ ਕਿ ਸਿੱਖਿਆ ਦੇਸ਼ ਉਸਾਰੀ ਵਿਚ ਸਹਾਈ ਹੁੰਦੀ ਹੈ। ਇਹ ਬੱਚਿਆਂ ਨੂੰ ਉਨ੍ਹਾਂ ਭੂਮਿਕਾਵਾਂ ਲਈ ਤਿਆਰ ਕਰਦੀ ਹੈ ਜੋ ਉਨ੍ਹਾਂ ਨੇ ਭਵਿੱਖ ਵਿਚ ਦੇਸ਼ ਦੇ ਵਿਕਾਸ ਲਈ ਨਿਭਾਉਣੀਆਂ ਹੁੰਦੀਆਂ ਹਨ। ਇਹ ਭੂਮਿਕਾਵਾਂ ਬਿਨਾਂ ਸ਼ੱਕ ਰੁਝੇਵਿਆਂ ਦੇ ਕਈ ਖੇਤਰਾਂ ਨੂੰ ਪਾਰ ਕਰ ਜਾਣਗੀਆਂ। ਇਥੋਂ ਤਕ ਕਿ ਵਰਤਮਾਨ ਗਿਆਨ ਦੇ ਵਿਕਾਸ, ਨਾਗਰਿਕਤਾ ਦੀਆਂ ਕਦਰਾਂ-ਕੀਮਤਾਂ, ਖ਼ਾਸ ਤੌਰ ਤੇ ਉਹ ਜੋ ਸੰਵਿਧਾਨ ਵਿਚ ਉਲੀਕੀਆਂ ਗਈਆਂ ਹਨ ਅਤੇ ਕਿਸੇ ਵੀ ਵਿਅਕਤੀ ਦੀ ਸਿੱਖਿਆ ਪ੍ਰਾਪਤੀ ਵਿਚ ਨੀਂਹ ਦਾ ਕੰਮ ਕਰਦੀਆਂ ਹਨ। ਲੋਕਤੰਤਰ, ਸਮਾਜਕ ਨਿਆਂ ਅਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ, ਜੋ ਨਿੱਜੀ ਅਤੇ ਪੇਸ਼ੇਵਰ ਬਾਲਗ ਜੀਵਨ ਦੇ ਹਰ ਪਹਿਲੂ ਉਤੇ ਡੂੰਘਾ ਅਸਰ ਪਾਉਂਦੀਆਂ ਹਨ, ਸਮਾਜਕ ਵਿਗਿਆਨ ਦੇ ਪਾਠਕ੍ਰਮ ਵਿਚ ਛੋਟੀ ਉਮਰ ਵਿਚ ਹੀ ਪੜ੍ਹਾਈਆਂ ਜਾਂਦੀਆਂ ਹਨ। ਬਦਕਿਸਮਤੀ ਨਾਲ, ਅੱਜ ਦੇ ਪਾਠਕ੍ਰਮ ਵਿਚ, ਸਿੱਖਿਆ ਦਾ ਦਰਜਾ ਵਧਾਉਣ ਨੂੰ ਪ੍ਰਬੰਧਕੀ ਨਜ਼ਰੀਏ ਦੀ ਵਿਗਿਆਨਕ ਮਨੋਦਸ਼ਾ ਤਿਆਰ ਕਰਨ ਦੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ ਅਤੇ ਸਮਾਜਕ ਵਿਗਿਆਨ ਵਲੋਂ ਤਿਆਰ ਕੀਤੀਆਂ ਜਾ ਰਹੀਆਂ ਕਦਰਾਂ-ਕੀਮਤਾਂ ਵੱਲ ਬਿਲਕੁਲ ਹੀ ਨਹੀਂ ਜਾਂ ਬਹੁਤ ਥੋੜ੍ਹਾ ਵਿਚਾਰ ਕੀਤਾ ਜਾ ਰਿਹਾ ਹੈ ਜਿਥੇ ਵਿਗਿਆਨ ਅਤੇ ਹਿਸਾਬ ਉਪਰ ਜ਼ੋਰ ਦੇਣਾ ਜ਼ਰੂਰੀ ਹੈ ਉਥੇ ਸਮਾਜਕ ਵਿਗਿਆਨ ਦੀ ਪੜ੍ਹਾਈ ਦੇ ਚੰਗੇ ਤਰੀਕਿਆਂ ਉਪਰ ਵੀ ਪੂਰੇ ਤੌਰ ਤੇ ਜ਼ੋਰ ਦੇਣਾ ਜ਼ਰੂਰੀ ਹੈ। ਸਮਾਜਕ ਵਿਗਿਆਨ ਨੂੰ ਇਕ ਖੇਤਰ ਦੇ ਤੌਰ ਤੇ ਅਤੇ ਇਕ ਪਰਿਪੇਖ ਦੇ ਤੌਰ ਤੇ ਅਣਗੌਲਿਆ ਕਰਨਾ, ਬੁਨਿਆਦੀ ਸੋਚ ਦੀ ਇਕ ਮਹੱਤਵਪੂਰਨ ਕੜੀ ਗੁਆ ਬੈਠਣਾ ਹੁੰਦਾ ਹੈ ਜੋ ਅਲੋਚਨਾਤਮਕ ਪੜਚੋਲ, ਇਤਿਹਾਸਕ ਮੁੜ ਵਿਚਾਰ ਅਤੇ ਢਾਂਚਾਗਤ ਵਿਸ਼ਲੇਸ਼ਣ ਸਮਾਜਕ ਵਿਗਿਆਨ ਪੈਦਾ ਕਰਦਾ ਹੈ ਇਹ ਕਿਸੇ ਵੀ ਇਨਸਾਨ ਦੇ ਗਿਆਨ ਵਿਕਾਸ ਲਈ ਉਨੀਆਂ ਹੀ ਬੁਨਿਆਦੀ ਹੁੰਦੀਆਂ ਹਨ ਜਿੰਨਾ ਵਿਗਿਆਨ ਅਤੇ ਹਿਸਾਬ। ਇਸ ਤਰ੍ਹਾਂ, ਚੰਗੀ ਸਿੱਖਿਆ ਦੀ ਸੋਚ ਨਾਲ ਗਿਆਨ ਦੇ ਦੋਹਾਂ ਪਰਿਪੇਖਾਂ ਵਿਚ, ਦੋਹਾਂ ਨੂੰ ਨਵੀਂ ਨੀਤੀ ਦੇ ਢਾਂਚੇ ਵਿਚ ਬਰਾਬਰ ਦਾ ਜ਼ੋਰ ਦੇ ਕੇ ਇਕ ਸੰਤੁਲਨ ਹੋਣਾ ਚਾਹੀਦਾ ਹੈ।

## ਸੰਸਥਾਨ ਖੜ੍ਹਾ ਕਰਨਾ ਜਾਂ ਤੁਰੰਤ ਹੱਲ ਲੱਭਣੇ

ਸਿੱਖਿਆ ਦਾ ਮਿਆਰ ਬਣਾ ਕੇ ਰੱਖਣ ਜਾਂ ਉਸ ਵਿਚ ਸੁਧਾਰ ਕਰਨ ਵਿਚ ਨਾਕਾਮੀ, ਲਾਗੂਕਰਨ ਵਿਚ ਕਮੀਆਂ ਕਾਰਨ ਦੱਸੀ ਜਾ ਰਹੀ ਹੈ ਜੋ ਅਸਰ ਵਿਚ ਜਨਤਕ ਸੰਸਥਾਨਾਂ ਦੇ ਤਰੀਕੇ ਦੇ ਫੇਲ ਹੋ ਜਾਣ ਦੇ ਨਤੀਜੇ ਵਜੋਂ ਹੁੰਦੀ ਹੈ। ਇਹ ਜਨਤਕ ਸਿੱਖਿਆ ਖੇਤਰ ਦੇ ਸਭ ਮੁੱਦਿਆਂ ਦੇ ਸੰਸਥਾਗਤ ਚਲਣ ਦੇ ਘੇਰੇ ਹੇਠ ਆਉਂਦੇ ਹਨ - ਪ੍ਰਕਿਰਿਆ ਦੇ ਚਲਣ ਲਈ ਕਾਇਦੇ ਕਾਨੂੰਨਾਂ (ਭਰਤੀ, ਯੋਜਨਾਬੰਦੀ ਅਤੇ ਨਿਗਰਾਨੀ) ਤੋਂ ਲੈ ਕੇ ਅੰਦਰੂਨੀ ਢਾਂਚੇ ਦੀ ਅਸੰਗਤਤਾ (ਏਜੰਸੀ ਦਾ ਅੰਦਰੀ ਤਾਲਮੇਲ, ਸੰਚਾਰ ਪ੍ਰਵਾਹ ਅਤੇ ਅਥਾਰਟੀ ਦੇ ਢਾਂਚੇ) ਤਕ ਅਤੇ ਵਧੇਰੇ ਚੌੜੇ ਢਾਂਚਾਗਤ ਰਿਸ਼ਤਿਆਂ ਵਿਚ ਜੋ ਸਰਕਾਰੀ ਸੰਸਥਾਨਾਂ ਅਤੇ ਗ਼ੈਰ-ਸਰਕਾਰੀ ਸਬੰਧਤ ਧਿਰਾਂ ਉਪਰ ਅਸਰ ਪਾਉਂਦੇ ਹਨ ਅਤੇ ਸਾਜ ਨਾਲ ਜੋ ਗ਼ੈਰ ਜੋੜ-ਮੇਲ ਹੈ, ਉਨ੍ਹਾਂ ਤਕ। ਇਹ ਨਿਖੇੜ, ਸਕੂਲਾਂ ਤੋਂ ਲੈ ਕੇ ਪ੍ਰਬੰਧਨ ਦੇ ਸਭ ਤੋਂ ਉੱਚੇ ਪੱਧਰ ਤਕ ਸਭ ਸੰਸਥਾਨਾਂ ਅਤੇ ਇਸ ਨਾਲ ਜੁੜੇ ਵਿਚਕਾਰਲੇ ਸੰਸਥਾਨਾਂ ਉਪਰ ਅਸਰ ਪਾਉਂਦਾ ਹੈ ਜੋ ਅੱਜ ਦੇ ਸਿੱਖਿਆ ਦੇ ਖੇਤਰ ਵਿਚ ਸੰਕਟ ਲਈ ਜ਼ਿੰਮੇਵਾਰ ਹੈ। ਮੈਂ ਇਥੇ ਸੰਕਟ ਸ਼ਬਦ ਦੀ ਵਰਤੋਂ ਕਰ ਰਿਹਾ ਹਾਂ, ਇਹ ਸੋਚਦੇ ਹੋਏ ਕਿ ਸ਼ਾਇਦ ਇਸ ਨਾਲ ਚੇਤਾਵਨੀ ਦਾ ਮਾਹੌਲ ਬਣੇ, ਪਰ ਮੈਂ ਇਹ ਵੀ ਜਾਣਦਾ ਹਾਂ ਕਿ ਇਹ ਸੰਕਟ ਪਹਿਲਾਂ ਹੀ ਪੈਦਾ ਹੋ ਚੁੱਕਾ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਬਦਕਿਸਮਤੀ ਨਾਲ, ਇਸ ਨਿਖੇੜ ਨਾਲ ਜੂਝਣ ਅਤੇ ਮਜ਼ਬੂਤ ਅਤੇ ਲਾਹੇਵੰਦ ਸੰਸਥਾਨ ਸਥਾਪਤ ਕਰਨ ਦੀ ਬਜਾਇ, ਜੋ ਹੱਲ ਲੱਭੇ ਜਾ ਰਹੇ ਹਨ ਉਹ ਜਾਂ ਤਾਂ ਅਜਿਹੀਆਂ ਸੰਸਥਾਗਤ ਮਜਬੂਰੀਆਂ ਦਾ ਹਵਾਲਾ ਦਿੰਦੇ ਹਨ ਜੋ ਹੋਂਦ ਵਿਚ ਨਹੀਂ ਹਨ ਅਤੇ ਜਾਂ ਉਨ੍ਹਾਂ ਤੋਂ ਬਚਣ ਦੇ ਤਰੀਕੇ ਲੱਭਦੇ ਹਨ। ਬਾਅਦ ਵਾਲੇ ਲਈ ਪੂਰਬ ਕਲਪਨਾ ਆਮ ਤੌਰ ਤੇ ਸਰਕਾਰੀ ਢਾਂਚੇ ਨੂੰ ਨਾਕਾਬਲੀਅਤ ਅਤੇ ਰਿਸ਼ਵਤਖੋਰੀ ਦਾ ਦਰਜਾ ਦੇਣ ਦੇ ਪੱਕੇ ਵਿਚਾਰ ਦੁਆਲੇ ਘੁੰਮਦੀ ਹੈ। ਦੂਸਰੇ ਸ਼ਬਦਾਂ ਵਿਚ, ਸੰਸਥਾਗਤ ਜਾਂ ਪ੍ਰਬੰਧਕੀ ਸਮੱਸਿਆਵਾਂ, ਜੋ ਸੁਧਾਰ ਅਤੇ ਬਦਲਾਅ ਵਿਚ ਅਸਲੀ ਰੁਕਾਵਟਾਂ ਹਨ, ਨੂੰ ਦਿਲਚਸਪੀ ਨਾਲ ਪਛਾਨਣ ਲਈ ਕੋਈ ਖ਼ਾਸ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਇਸ ਦੇ ਬਦਲੇ, ਤੁਰੰਤ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਆਮ ਤੌਰ ਤੇ ਤਕਨਾਲੋਜੀ ਦੀ ਸੰਸਥਾਗਤ ਜਾਂ ਢਾਂਚਾਗਤ ਵਰਤੋਂ ਹੋ ਸਕਣ ਦੀ ਸੰਭਾਵਨਾ ਬਿਨਾਂ ਜਾਣੇ ਤਕਨਾਲੋਜੀ ਉਪਰ ਅਧਾਰਤ ਹੁੰਦੇ ਹਨ। ਉਦਾਹਰਣ ਦੇ ਤੌਰ ਤੇ, ਸੂਚਨਾ ਅਤੇ ਸੰਚਾਰ ਤਕਨਾਲੋਜੀ ਪੂਰੀ ਤਰ੍ਹਾਂ ਦੇਸ਼ ਦੇ ਵੱਡੇ ਹਿੱਸਿਆਂ ਵਿਚ ਗ਼ੈਰ ਮੁਨਾਸਬ ਹੈ ਜਿਥੇ ਕੰਪਿਊਟਰ ਸਿੱਖਿਆ ਨਹੀਂ ਹੈ ਜਾਂ ਉਨ੍ਹਾਂ ਵਿਚ ਕੰਪਿਊਟਰ ਸਹੂਲਤਾਂ ਦੀ ਪਹੁੰਚ ਨਹੀਂ ਹੈ। ਸਕੂਲਾਂ ਵਿਚ ਵੀ, ਜਿਥੇ ਕਿਤੇ ਕੰਪਿਊਟਰ ਮੁਹੱਈਆ ਕੀਤੇ ਗਏ ਹਨ ਉਹ ਜਾਂ

ਤਾਂ ਇਸ ਡਰ ਤੋਂ ਕਿ ਉਹ ਖਰਾਬ ਨਾ ਹੋ ਜਾਣ ਅਤੇ ਜਾਂ ਉਨ੍ਹਾਂ ਦੀ ਵਰਤੋਂ ਲਈ ਲੋੜੀਂਦੀ ਬਿਜਲੀ ਦੀ ਅਣਹੋਂਦ ਕਾਰਨ, ਠੱਪ ਪਏ ਹਨ। ਅਧਿਆਪਕਾਂ ਨੂੰ ਸੁਭਾਵਕ ਤੌਰ ਤੇ ਹੀ ਸਕੂਲ ਦੇ ਬਿਜਲੀ ਦੇ ਬਿਲ ਆਪਣੀ ਜੇਬ ਵਿਚੋਂ ਅਦਾ ਕਰਨੇ ਪੈਂਦੇ ਹਨ ਕਿਉਂਕਿ ਸਕੂਲ ਦੇ ਬਜਟ ਵਿਚ ਬਿਜਲੀ ਲਈ ਰਕਮ ਰੱਖੀ ਹੀ ਨਹੀਂ ਜਾਂਦੀ। ਇਸੇ ਤਰ੍ਹਾਂ ਅਧਿਆਪਕਾਂ ਲਈ ਨਿਸ਼ਚਤ ਪੜ੍ਹਾਈ ਪੱਧਰ ਨੂੰ ਭਰਤੀ ਨਿਯਮਾਂ ਜਾਂ ਉਨ੍ਹਾਂ ਦੇ ਕੰਮ ਦੇ ਖੇਤਰ ਨਾਲ ਜੋੜਮੇਲ ਨਾ ਹੋਣਾ ਅਧਿਆਪਕਾਂ ਦੇ ਘੱਟ ਉਤਸਾਹਤ ਹੋਣ ਦਾ ਇਕ ਕਾਰਨ ਹੈ ਜੋ ਸਿਰਫ਼ ਪੜ੍ਹਾਉਣ ਅਤੇ ਸਿੱਖਣ ਦੇ ਇਨਪੁਟ ਸ਼ਾਮਲ ਕਰ ਕੇ ਉਸ ਉਪਰ ਅਸਰ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਵੀ ਸਕੂਲ ਵਿਚ, ਅਧਿਆਪਕਾਂ ਦੇ ਕਿਸੇ ਗਰੁੱਪ ਦੇ ਪੜ੍ਹਾਉਣ ਦੇ ਤਰੀਕਿਆਂ ਨਾਲ ਬਿਨਾਂ ਅਧਿਆਪਕਾਂ ਦੀ ਸਿੱਖਿਆ ਅਤੇ ਉਨ੍ਹਾਂ ਦੀ ਸਿਖਲਾਈ ਪ੍ਰਕਿਰਿਆ ਜਾਂ ਅਧਿਆਪਕਾਂ ਦੀ ਨੌਕਰੀ ਦੇ ਸੰਸਥਾਗਤ ਹਲਾਤ ਨੂੰ ਬਿਨਾਂ ਜੋੜੇ, ਪੜ੍ਹਾਈ ਦੇ ਤਰੀਕਿਆਂ ਨਾਲ ਛੇੜ-ਛਾੜ ਕਰਨ ਨਾਲ ਲੰਬੀ ਮਿਆਦ ਦੇ ਸੁਖਾਵੇਂ ਨਤੀਜੇ ਪ੍ਰਾਪਤ ਨਹੀਂ ਕੀਤਾ ਜਾ ਸਕਦੇ। ਅਧਿਆਪਕਾਂ ਉਪਰ ਜ਼ਿੰਮੇਵਾਰੀ ਨਿਰਧਾਰਤ ਕਰਨ ਨੂੰ ਵੀ, ਸਮੁੱਚੀ ਪ੍ਰਣਾਲੀ ਜਾਂ ਏਜੰਸੀ ਸਕੂਲ ਪੱਧਰ 'ਤੇ ਖੁਦ ਮੁਖ਼ਤਿਆਰੀ ਦੇ ਮੁੱਦਿਆਂ ਤੋਂ ਅਲਗ ਕਰ ਕੇ ਨਹੀਂ ਦੇਖਿਆ ਜਾ ਸਕਦਾ। ਟੋਟੇ-ਟੋਟੇ ਹੱਲ, ਕਈ ਹਾਲਤਾਂ ਵਿਚ ਨਿਖੇੜਵੇਂ ਨੂੰ ਘੱਟ ਕਰਨ ਦੀ ਬਜਾਇ ਹੋਰ ਵਧਾ ਸਕਦੇ ਹਨ। ਸਿੱਖਿਆ ਬਾਰੇ ਹੋਰ ਸੰਸਥਾਗਤ ਮੁੱਦਿਆਂ ਜਿਵੇਂ ਕਿ ਨਿਗਰਾਨੀ, ਯੋਜਨਾਬੰਦੀ ਅਤੇ ਨੀਤੀ ਨਿਰਧਾਰਨ ਉਪਰ ਬਹੁਤ ਘੱਟ ਹੀ ਸੋਚ ਵਿਚਾਰ ਕੀਤੀ ਜਾਂਦੀ ਹੈ ਭਾਵੇਂ ਕਿ ਉਨ੍ਹਾਂ ਦਾ ਅਸਰ ਲਾਗੂ ਕਰਨ ਦੇ ਹਰ ਪਹਿਲੂ ਉਪਰ ਹੁੰਦਾ ਹੈ। ਵਿਕੇਂਦਰੀਕ੍ਰਿਤ ਯੋਜਨਾਬੰਦੀ ਭਾਵੇਂ ਇਕ ਮੰਨਿਆ ਹੋਇਆ ਉਦੇਸ਼ ਹੈ, ਅਸਲ 'ਚ ਵਿਕੇਂਦਰੀਕਰਨ ਨੂੰ ਲਾਗੂ ਕਰਨ ਅਤੇ ਜੋੜਨ ਲਈ ਪ੍ਰਣਾਲੀ ਸਥਾਪਤ ਨਹੀਂ ਕੀਤੀ ਗਈ ਹੈ। ਇਸ ਤਰ੍ਹਾਂ ਸਿਰਫ਼ ਸਕੂਲ ਸਿੱਖਿਆ ਵਿਕਾਸ ਕਿਸਮ ਨੂੰ ਸਕੂਲ ਵਿਕਾਸ ਯੋਜਨਾਵਾਂ ਦੇ ਸਥਾਨ ਉਤੇ ਆਮ ਕਰਕੇ ਭੇਜ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਉਪਰਲੀ ਪੱਧਰ ਉਤੇ ਰਾਜ ਪੱਧਰੀ ਯੋਜਨਾਵਾਂ ਬਣਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਸਥਾਨਕ ਪੱਧਰ ਤੋਂ ਕੋਈ ਇਨਪੁਟ ਨਹੀਂ ਹੁੰਦਾ। ਲੋੜਾਂ ਜਾਂ ਯੋਜਨਾਵਾਂ ਵੱਲ ਬਿਨਾਂ ਕੋਈ ਖ਼ਾਸ ਧਿਆਨ ਦਿੱਤੇ ਜ਼ਿਲ੍ਹਿਆਂ ਅਤੇ ਸਕੂਲਾਂ ਵਿਚ ਸਰੋਤਾਂ ਦਾ ਬਟਵਾਰਾ ਕੀਤਾ ਜਾਂਦਾ ਹੈ। ਨਿਗਰਾਨੀ ਪ੍ਰਣਾਲੀ ਤੋਂ ਵੀ ਯੋਜਨਾਬੰਦੀ ਜਾਂ ਨੀਤੀ ਨਿਰਧਾਰਨ ਲਈ ਜਾਣਕਾਰੀ ਨਹੀਂ ਲਈ ਜਾਂਦੀ ਕਿਉਂਕਿ ਨਿਗਰਾਨੀ ਕਰਨ ਵਾਲਿਆਂ ਵਲੋਂ ਇਕੱਠੀ ਕੀਤੀ ਜਾਣਕਾਰੀ ਯੋਜਨਾਕਾਰਾਂ ਅਤੇ ਨੀਤੀ ਨਿਰਧਾਰਕਾਂ ਵਲੋਂ ਵਰਤੋਂ ਵਿਚ ਨਹੀਂ ਲਿਆਂਦੀ ਜਾਂਦੀ। ਅੰਕੜਿਆਂ ਅਤੇ ਸੂਚਨਾ ਪ੍ਰਣਾਲੀ ਵਿਚ ਆਮ ਤੌਰ ਤੇ ਬਹੁਤ ਕਮੀਆਂ ਹਨ ਜੋ ਪਰਿਭਾਸ਼ਾ, ਅੰਦਾਜ਼ ਦਾ ਤਰੀਕਾ, ਸੂਚਨਾ ਹਾਸਲ ਕਰਨ ਦੀਆਂ ਪ੍ਰਕਿਰਿਆਵਾਂ, ਸੂਚਨਾ ਦੇਣ ਅਤੇ ਉਸ ਦੇ ਪ੍ਰਬੰਧਨ ਵਿਚ ਹਨ। ਸਿੱਟਾ ਇਹ ਹੁੰਦਾ ਹੈ ਕਿ ਬਹੁਤ ਜ਼ਿਆਦਾ ਅੰਕੜੇ ਪ੍ਰਾਪਤ ਹੋ ਜਾਂਦੇ ਹਨ, ਪਰ ਕੋਈ ਅਸਲ ਵਰਤੋਂ ਵਿਚ ਆਉਣ ਵਾਲੇ ਅੰਕੜੇ ਪ੍ਰਾਪਤ ਨਹੀਂ ਹੁੰਦੇ ਅਤੇ ਜੋ ਅੰਕੜੇ ਇਕੱਠੇ ਕੀਤੇ ਜਾਂਦੇ ਹਨ, ਉਹ ਜਿਥੇ ਵਰਤੋਂ ਵਿਚ ਆਉਣੇ ਚਾਹੀਦੇ ਹਨ, ਵਰਤੋਂ ਲਈ ਉਪਲਬਧ ਨਹੀਂ ਹੁੰਦੇ।

**ਅੰਕੜਿਆਂ ਨੂੰ ਇਕੱਠਾ ਕਰਨ ਨੂੰ ਪ੍ਰਕਿਰਿਆਵਾਂ ਅਤੇ ਸੂਚਨਾ ਦੇਣ ਦੇ ਤਰੀਕਿਆਂ ਨਾਲ ਜੋੜਨ ਨਾਲ ਚੰਗੇ ਨਤੀਜੇ ਨਿਕਲ ਸਕਦੇ ਹਨ। ਇਸ ਤੋਂ ਇਲਾਵਾ, ਸਥਾਨਕ ਤੌਰ ਤੇ ਇਕੱਠੇ ਕੀਤੇ ਅੰਕੜਿਆਂ ਦੀ ਵਰਤੋਂ ਲਈ ਤਿਆਰ ਕੀਤੇ ਨਮੂਨੇ ਵਿਕੇਂਦਰੀਕ੍ਰਿਤ ਨਿਗਰਾਨੀ, ਯੋਜਨਾਬੰਦੀ ਅਤੇ ਲਾਗੂਕਰਨ ਵਿਚ ਸਹਾਈ ਹੋਣਗੇ ਜਿਸ ਨਾਲ ਪ੍ਰਬੰਧਕਾਂ, ਅਧਿਆਪਕਾਂ ਅਤੇ ਸਮਾਜ ਵਿਚ ਸਕੂਲਾਂ ਅਤੇ ਸਿੱਖਿਆ ਪ੍ਰਣਾਲੀ ਵਿਚ ਵਰਤਮਾਨ ਨਾਲੋਂ ਵਧੇਰੇ ਆਪਣੇਪਨ ਦਾ ਅਹਿਸਾਸ ਹੋਵੇਗਾ।**

ਜਿਥੇ ਵਿਕੇਂਦਰੀਕਰਨ ਜਿਹਾ ਸਮਾਜਕ ਰੁਝੇਵਾਂ, ਸਿੱਖਿਆ ਦੀ ਦੂਰਦ੍ਰਿਸ਼ਟੀ ਦਾ ਇਕ ਮਹੱਤਵਪੂਰਨ ਅੰਗ ਰਿਹਾ ਹੈ, ਪਰ ਇਸ ਦਿਸ਼ਾ ਵਿਚ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਇਨ੍ਹਾਂ ਉਦੇਸ਼ਾਂ ਨੂੰ ਸੰਜੀਦਗੀ ਨਾਲ ਲੈਣ ਨੂੰ ਝੁਠਲਾਉਂਦੀਆਂ ਹਨ। ਸਿੱਟੇ ਵਜੋਂ ਜਾਂ ਤਾਂ ਉਨ੍ਹਾਂ ਨੂੰ ਵਿਕੇਂਦਰੀਕਰਨ ਦੀ ਤਰ੍ਹਾਂ ਭੁਲਾਇਆ ਜਾ ਚੁੱਕਾ ਹੈ ਅਤੇ ਜਾਂ ਸਮਾਜਕ ਸ਼ਕਤੀਕਰਨ ਦੇ ਸਮਾਂਨਾਂਤਰ ਢਾਂਚਿਆਂ ਉਪਰ ਤਜਰਬੇ ਕੀਤੇ ਗਏ ਹਨ ਜੋ ਬਿਨਾਂ ਪਹਿਲਾਂ ਤੋਂ ਚਲੇ ਆ ਰਹੇ ਢਾਂਚਿਆਂ ਵਿਚ ਆ ਰਹੀਆਂ ਬੁਨਿਆਦੀ ਢਾਂਚਾਗਤ ਰੁਕਾਵਟਾਂ ਦਾ ਹੱਲ ਲੱਭੇ ਬਿਨਾਂ, ਕੀਤੇ ਗਏ। ਇਸ ਤਰ੍ਹਾਂ ਮਾਪੇ ਅਧਿਆਪਕ ਐਸੋਸੀਏਸ਼ਨਾਂ, ਪੀ ਟੀ ਏ, ਪੇਸ਼ੇਵਰ ਸਿੱਖਿਅ ਕਮੇਟੀਆਂ, ਸਕੂੱਲ ਵਿਕਾਸ ਅਤੇ ਨਿਗਰਾਨ ਕਮੇਟੀਆਂ ਅਤੇ ਹੁਣ ਸਕੂਲ ਨਿਗਰਾਨ ਕਮੇਟੀਆਂ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੇ ਸ਼ਕਤੀਕਰਨ, ਰੁਝੇਵੇਂ ਜਾਂ ਉਨ੍ਹਾਂ ਦੇ ਅਸਰ ਵਿਚ ਘੱਟ ਹੀ ਬਦਲਾਅ ਕੀਤਾ ਗਿਆ ਹੈ। ਜਦੋਂ ਤਕ ਪ੍ਰਣਾਲੀ ਇਨ੍ਹਾਂ ਮੁੱਦਿਆਂ ਨਾਲ ਉਨੀ ਸੰਜੀਦਗੀ ਨਾਲ ਨਜਿੱਠਣ ਲਈ ਤਿਆਰ ਨਹੀਂ ਹੋ ਜਾਂਦੀ ਜਿੰਨੀ ਇਨ੍ਹਾਂ ਲਈ ਚਾਹੀਦੀ ਹੈ ਅਤੇ ਵਿੱਤੀ ਅਤੇ ਮਾਨਵੀ ਸ੍ਰੋਤ ਇਨ੍ਹਾਂ ਦੇ ਸ਼ਕਤੀਕਰਨ ਅਤੇ ਉਨ੍ਹਾਂ ਦੇ ਚੱਲਣ ਨੂੰ ਸੁਖਾਵਾਂ ਬਣਾਉਣ ਲਈ ਨਿਵੇਸ਼ ਨਹੀਂ ਕੀਤੇ ਜਾਂਦੇ, ਸਕੂਲ ਨਿਗਰਾਨ ਕਮੇਟੀਆਂ ਦਾ ਵੀ ਉਹੋ ਹਾਲ ਹੋਵੇਗਾ ਜੋ ਦੂਸਰੇ ਢਾਂਚਿਆਂ ਦਾ ਹੋਇਆ ਹੈ।

ਅੰਤ ਵਿਚ, ਸੰਸਥਾਨ ਵਿਕਾਸ ਇਕ ਲੰਬੀ ਪ੍ਰਕਿਰਿਆ ਹੈ ਜਿਸ ਲਈ ਇਕ ਸਪੱਸ਼ਟ ਦੂਰਅੰਦੇਸ਼ੀ ਅਤੇ ਉਸ ਨੂੰ ਵਿਕਸਤ ਕਰਨ ਦੀ ਲਗਾਤਾਰ ਕਾਬਲੀਅਤ ਦੀ ਲੋੜ ਹੁੰਦੀ ਹੈ। ਇਹ ਛੋਟੀ ਮਿਆਦ ਦੇ ਟੀਚਿਆਂ, ਤੁਰਤ ਫੁਰਤ ਅਤੇ ਤਕਨਾਲੋਜੀ ਨਾਲ ਛੇੜਛਾਣ ਕਰ ਕੇ ਹਾਸਲ ਨਹੀਂ ਕੀਤਾ ਜਾ ਸਕਦਾ। ਇਸ ਪ੍ਰਣਾਲੀ ਦੀਆਂ ਨੀਹਾਂ ਮਜ਼ਬੂਤ ਕਰਨ ਅਤੇ ਲਗਾਤਾਰ ਲੰਬੀ ਮਿਆਦ ਦੇ ਸੁਧਾਰ ਲਈ ਤਿਆਰ ਕਰਨ ਦੀ ਲੋੜ ਹੁੰਦੀ ਹੈ। ਜਦੋਂ ਤਕ ਅਸੀਂ ਇਹ ਨਿਵੇਸ਼ ਨਹੀਂ ਕਰ ਲੈਂਦੇ, ਸਾਨੂੰ ਸਾਡੀਆਂ ਹੋਰ ਪੀੜ੍ਹੀਆਂ ਸਿੱਖਿਆ ਦੇ ਮੌਕਿਆਂ ਅਤੇ ਵਿਕਾਸ ਦੇ ਮੁਹਾਣੇ 'ਤੇ ਖੜ੍ਹੀਆਂ ਨਜ਼ਰ ਆਉਣਗੀਆਂ।

ਹੁਣ ਜਦੋਂ ਨਵੀਂ ਸਿੱਖਿਆ ਨੀਤੀ ਬਣਨ ਵਾਲੀ ਹੈ, ਨੀਤੀ ਨਿਰਧਾਰਕਾਂ ਨੂੰ ਸਿੱਖਿਆ ਲਈ ਉਹ ਜੋ ਦੂਰਦ੍ਰਿਸ਼ਟੀ ਰਖਦੇ ਹਨ, ਅਤੇ ਨੀਤੀ ਦਾ ਢਾਂਚਾ ਕਿਸ ਤਰ੍ਹਾਂ ਉਸ ਦੂਰਅੰਦੇਸ਼ੀ ਦੇ ਸਿੱਖਿਆ ਸੰਸਥਾਨਾਂ ਨਾਲ ਜੋੜਮੇਲ ਨੂੰ ਮਜ਼ਬੂਤ ਕਰਨ ਲਈ, ਨਾ ਕਿ ਉਸ ਨੂੰ ਕਮਜ਼ੋਰ ਕਰਨ ਲਈ ਵਰਤਿਆ ਜਾ ਸਕਦਾ ਹੈ, ਤਾਜ਼ਾ ਕਰ ਲੈਣੀ ਚਾਹੀਦੀ ਹੈ।

*(ਲੇਖਕ ਸੈਂਟਰ ਫਾਰ ਪਾਲਿਸੀ ਰਿਸਰਚ ਵਿਖੇ ਸੀਨੀਅਰ ਫੈਲੋ ਹਨ।)*

*e-mail :kiranbhatty@gmail.com*

# ਭਾਰਤ ਵਿਚ ਔਰਤਾਂ ਤੇ ਲੜਕੀਆਂ ਦੀ ਸਿੱਖਿਆ ਨੂੰ ਤਹਿ ਕਰਦੇ ਮੁੱਦੇ

ਵਿਮਲਾ ਰਾਮਚੰਦਰਨ

ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਸਿੱਖਿਆ ਵਿਚ ਲਿੰਗ ਬਰਾਬਰੀ ਅਤੇ ਮੁੱਢਲੀ ਸਿੱਖਿਆ ਤਕ ਲੜਕੀਆਂ ਦੀ ਪਹੁੰਚ ਵਧਾਉਣੀ, ਤਿੰਨ ਆਪਸ ਵਿਚ ਜੁੜੇ ਮੁੱਦਿਆਂ ਤੋਂ ਪ੍ਰਭਾਵਤ ਹਨ – ਪ੍ਰਣਾਲੀਗਤ; ਸਮੱਗਰੀ ਅਤੇ ਸਿੱਖਿਆ ਤੇ ਆਰਥਿਕਤਾ ਦੀ ਪ੍ਰਕਿਰਿਆ, ਸਮਾਜ ਅਤੇ ਸੱਭਿਆਚਾਰ (ਜਿਵੇਂ ਹੇਠਲੇ ਗ੍ਰਿਡ ਵਿਚ ਵਿਖਾਇਆ ਗਿਆ ਹੈ)। ਇਸ ਮੁੱਦੇ ਨੂੰ ਹੁਣ ਦੁਹਰਾਉਣ ਦੀ ਲੋੜ ਨਹੀ ਕਿਉਂਕਿ ਇਹ ਪਹਿਲ ਹੁਣ ਮੁੱਖ-ਧਾਰਾ ਮੁੱਲੰਕਣ ਦਾ ਅਨਿਖੱੜਵਾਂ ਅੰਗ ਬਣ ਚੁੱਕੀ ਹੈ। ਇਸ ਤੱਥ ਬਾਰੇ ਲਗਭਗ ਆਮ ਸਹਿਮਤੀ ਬਣ ਚੁੱਕੀ ਹੈ ਕਿ ਲਿੰਗ ਨੂੰ ਇਕ ਵਰਗ ਵਜੋਂ ਵਡੇਰੇ ਸਮਾਜਿਕ, ਖੇਤਰੀ ਅਤੇ ਸਥਾਨਕ ਸੰਦਰਭ ਵਿਚ ਵੇਖਣ ਦੀ ਲੋੜ ਹੈ। ਭਾਰਤ ਅਮੀਰ ਭਿੰਨਤਾ ਵਾਲੀ ਧਰਤੀ ਅਤੇ ਵੱਡੇ ਫ਼ਰਕਾਂ ਵਾਲਾ ਦੇਸ਼ ਹੈ। ਸਮਾਜਿਕ-ਆਰਥਿਕ ਗ਼ੈਰ-ਬਰਾਬਰੀਆਂ ਅਤੇ ਲਿੰਗਕ ਸੰਬੰਧਾਂ ਦੀ ਆਪਸੀ ਖੇਡ ਇਕ ਜਟਿਲ ਤਾਣਾਬਾਣਾ ਬੁਣ ਦਿੰਦੀ ਹੈ ਜੋ ਲੜਕੀਆਂ ਦੀ ਸਕੂਲੀ ਪੜ੍ਹਾਈ ਦੀ ਯੋਗਤਾ ਨੂੰ ਜਾਂ ਤਾਂ ਉਤਸਾਹਿਤ ਕਰਦੀਆਂ ਹਨ ਜਾਂ ਰੋਕ ਲਾਉਂਦੀਆਂ ਹਨ। ਭਾਵੇਂ ਕਿ ਆਰਥਿਕ ਅਸਮਾਨਤਾਵਾਂ ਅਤੇ ਸਮਾਜਿਕ ਬਰਾਬਰੀਆਂ ਯਕੀਨੀ ਤੌਰ ਤੇ ਮਹੱਤਵਪੂਰਨ ਹਨ, ਬਹੁਤ ਸਾਰੇ ਸ਼ੋਧਕਰਤਾ ਦਲੀਲ ਦਿੰਦੇ ਹਨ ਕਿ ਸੱਭਿਆਚਾਰਕ ਵਿਸ਼ਵਾਸ ਅਤੇ ਤਰੀਕੇ ਅਤੇ ਖੇਤਰੀ ਵਿਸ਼ੇਸ਼ਤਾਵਾਂ ਇਕ ਅਹਿਮ ਭੂਮਿਕਾ ਨਿਭਾਉਂਦੀਆਂ ਹਨ (ਕਾਲਕਲੋ, 2000)।

ਇਸ ਕਰਕੇ ਭਾਰਤ ਵਿਚ ਗਰੀਬੀ, ਸਮਾਜਿਕ ਗ਼ੈਰ-ਬਰਾਬਰੀ ਅਤੇ ਲਿੰਗਕ ਸਬੰਧਾਂ ਦੇ ਆਪਸ ਵਿਚ ਮਿਲੇ ਹੋਏ ਹੋਣ ਨੂੰ ਸਮਝਣਾ ਅਹਿਮ ਹੈ। ਇਹ ਤਿੰਨੋ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਵੱਖ-ਵੱਖ ਤਰੀਕਿਆਂ ਨਾਲ ਇਕ ਦੂਜੇ ਨੂੰ ਕੱਟਦੇ ਹਨ – ਇਕ ਜਗ੍ਹਾ ਇਕ ਅਤੇ ਕਿਸੇ ਹੋਰ ਜਗ੍ਹਾ ਦੂਜਾ ਇਕ ਦੂਸਰੇ ਨੂੰ ਅਸਥਿਰ ਕਰਦੇ ਹਨ। ਮੌਜੂਦਾ ਸਮੇਂ ਵਿਚ ਇਨ੍ਹਾਂ ਨੂੰ ਸਮਝਣਾ ਅਤੇ ਸੁਲਝਾਉਣਾ ਸਭ ਤੋਂ ਵੱਡੀ ਚੁਨੌਤੀ ਹੈ। ਇਸ ਸੰਦਰਭ ਵਿਚ ਹੇਠ ਲਿਖਿਆਂ ਨੂੰ ਮੰਨਣ ਦੀ ਲੋੜ ਹੈ :

- ਪੁਰਸ਼-ਔਰਤ ਦੇ ਫ਼ਰਕ ਨਾਲੋਂ ਦਾਖ਼ਲੇ, ਹਾਜ਼ਰੀ ਅਤੇ ਸੰਪੂਰਨਤਾ ਵਿਚ ਪੇਂਡੂ-ਸ਼ਹਿਰੀ ਫ਼ਰਕ ਜ਼ਿਆਦਾ ਹਨ।
- ਪਛੜੇ-ਅਗਾਂਹਵਧੂ ਖੇਤਰ/ਖੇਤਰੀ ਫ਼ਰਕ ਲਿੰਗਕ ਅਤੇ ਸਮਾਜਿਕ ਸਮੂਹ ਫ਼ਰਕਾਂ ਨਾਲੋਂ ਜ਼ਿਆਦਾ ਹਨ।

ਬਹੁਤ ਗਰੀਬ ਪਰਿਵਾਰਾਂ (ਗਰੀਬੀ ਰੇਖਾ ਤੋਂ ਹੇਠਾਂ) ਅਤੇ ਸੰਪੰਨ ਵਰਗ ਦਰਮਿਆਨ ਗ਼ੈਰ-ਬਰਾਬਰੀ, ਲਿੰਗ, ਸਮਾਜਿਕ ਅਤੇ ਖੇਤਰੀ ਫ਼ਰਕਾਂ ਨਾਲੋਂ ਕਿਤੇ ਜ਼ਿਆਦਾ ਹੈ।

- ਸਮਾਜਿਕ ਸਮੂਹਾਂ, ਖ਼ਾਸ ਕਰਕੇ ਕਬਾਇਲੀ ਭਾਈਚਾਰਿਆਂ, ਮੁਸਲਮਾਨਾਂ ਅਤੇ ਅਨੁਸੂਚਿਤ ਜਾਤੀਆਂ ਦੇ ਖ਼ਾਸ ਸਮੂਹਾਂ ਅਤੇ ਦੂਜੇ ਪਾਸੇ ਉੱਚ ਜਾਤੀਆਂ/ ਇਸਾਈਆਂ ਅਤੇ ਦੂਜੇ ਧਰਮਾਂ ਦਰਮਿਆਨ ਮੱਤਭੇਦ ਬਹੁਤ ਜ਼ਿਆਦਾ ਹਨ।
- ਅੰਤਰ ਭਾਈਚਾਰਾ ਫ਼ਰਕ ਵੀ ਅਕਸਰ ਭਾਈਚਾਰਕ ਫ਼ਰਕ ਜਿੰਨੇ ਹੀ ਗੰਭੀਰ ਹੁੰਦੇ ਹਨ। ਉਦਾਹਰਣ ਵਜੋਂ, ਕਈ ਕਬਾਇਲੀਆਂ ਅਤੇ ਦਲਿਤ ਸਮੂਹਾਂ ਦੀ ਸਾਖ਼ਰਤਾ ਸਥਿਤੀ ਦੂਜਿਆਂ ਨਾਲੋਂ ਬੇਹਤਰ ਹੈ। 1990ਵਿਆਂ ਵਿਚ ਸਿੱਖਿਆ ਅੰਦਰ ਲਿੰਗ ਪਾੜੇ ਬਾਰੇ ਜ਼ਿਆਦਾਤਰ ਵਿਸ਼ਲੇਸ਼ਣ ਸਕੂਲ ਜਾਣ ਦੀ ਸਹੂਲਤ (ਪਹੁੰਚ/ਪੂਰਤੀ) ਅਤੇ 'ਮੰਗ' ਦੀ ਨਿਸ਼ਾਨਦੇਹੀ ਨਾਲ ਸ਼ੁਰੂ ਹੋਏ – ਮਤਲਬ ਪਰਿਵਾਰਾਂ ਦੀ ਬੱਚਿਆਂ ਖ਼ਾਸ ਕਰਕੇ ਲੜਕੀਆਂ ਨੂੰ ਸਕੂਲ ਭੇਜਣ ਦੀ ਪ੍ਰਵਾਨਗੀ। ਪਰ, ਸਾਲ ਦਰ ਸਾਲ ਇਹ ਮਹਿਸੂਸ ਕੀਤਾ ਗਿਆ ਕਿ ਅਸੀਂ ਸਿੱਖਿਆ ਲਈ ਪੂਰਤੀ ਅਤੇ ਮੰਗ ਨੂੰ ਵੱਖ ਨਹੀਂ ਕਰ ਸਕਦੇ – ਜਿਥੇ-ਜਿਥੇ ਸਕੂਲ ਪਹੁੰਚ ਵਿਚ ਹਨ ਅਤੇ ਜਿਥੇ-ਜਿਥੇ ਇਹ ਸਕੂਲ ਨਿਯਮਤ ਅਤੇ ਚੰਗੇ ਤਰੀਕੇ ਨਾਲ ਕੰਮ ਕਰ ਰਹੇ ਹਨ – ਮੰਗ ਵਧੀ ਹੈ (ਰੇਖਾ ਵਜੀਰ, 2000)। ਇਸ ਦੇ ਉਲਟ ਜਿਥੇ ਸਕੂਲ ਚੰਗੇ ਢੰਗ ਨਾਲ ਨਹੀਂ ਚੱਲ ਰਹੇ ਜਾਂ ਬੰਦ ਹਨ, ਜਿਥੇ ਜ਼ਿਆਦਾ ਪੜ੍ਹਾਈ ਨਹੀਂ ਕਰਵਾਈ ਜਾਂਦੀ ਅਤੇ ਜਿਥੇ ਭਾਈਚਾਰੇ ਸਕੂਲਾਂ ਨੂੰ ਆਪਣੀਆਂ ਬੱਚੀਆਂ ਵਾਸਤੇ ਸੁਰੱਖਿਅਤ ਨਹੀਂ ਸਮਝਦੇ – ਉਥੇ ਮੰਗ ਤੇਜ਼ੀ ਨਾਲ ਘਟੀ ਹੈ। ਇਹ ਜੱਗ ਜ਼ਾਹਿਰ ਹੈ ਕਿ ਵਧੀਆ ਢੰਗ ਨਾਲ ਚੱਲ ਰਹੇ ਸਕੂਲ ਅਸਲ ਵਿਚ ਅਹਿਮ ਕਾਰਕ ਹਨ ਜੋ ਪਰਿਵਾਰਾਂ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ (ਰਾਮਾਚੰਦਰਨ – ਸੱਪ ਅਤੇ ਪੌੜੀਆਂ 2004, ਸੁਬਰਾਮਨੀਅਨ, 2002, ਪਰੋਬ, 1999)। ਗ਼ੈਰ-ਸਰਕਾਰੀ ਸੰਗਠਨਾਂ, ਜਿਵੇਂ ਐੱਮ ਵੀ ਫਾਊਂਡੇਸ਼ਨ, ਦੇ ਅਨੁਭਵਾਂ ਵਿਚ ਸਕੂਲ ਛੱਡਣ ਦੇ ਤੱਤਾਂ ਨੂੰ ਉਜਾਗਰ ਕੀਤਾ ਗਿਆ ਅਤੇ ਸਾਲ ਦਰ ਸਾਲ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਗਈ ਕਿ ਜਮਾਤ ਦੇ ਕਮਰੇ ਦੀਆਂ ਪ੍ਰਕਿਰਿਆਵਾਂ ਅਧਿਅਪਾਕਾਂ/ ਪ੍ਰਬੰਧਕਾਂ ਦੇ ਰਵੱਈਏ ਅਤੇ ਪੱਖਪਾਤ ਅਤੇ ਪਾਠਕ੍ਰਮ ਦੀ ਪੜਚੋਲ ਕਰਨ ਦੀ ਲੋੜ ਹੈ ਜੋ ਸਮਾਜਿਕ ਭੇਦਭਾਵ/ਵਿਤਕਰੇ ਦੀਆਂ ਪ੍ਰਕਿਰਿਆਵਾਂ ਅਤੇ ਲਿੰਗ ਭੇਦ ਨੂੰ ਉਤਸਾਹਿਤ ਕਰਦੇ ਹਨ (ਐੱਨ ਸੀ ਐੱਫ ਪੋਜੀਸ਼ਨ ਪੇਪਰ 3.2, ਐਨ ਸੀ ਈ ਆਰ ਟੀ 2005, ਵਿਮਲਾ ਰਾਮਚੰਦਰਨ, 2004)।

ਜੋਮਟਾਈਨ (ਥਾਈਲੈਂਡ) ਵਿਖੇ 1990 ਵਿਚ ਹੋਈ ਈ ਐੱਫ ਏ ਕਾਨਫਰੰਸ ਤੋਂ 24 ਸਾਲ ਬਾਅਦ ਹੁਣ ਇਹ ਮੰਨਿਆ ਜਾਂਦਾ ਹੈ ਸਿੱਖਿਆ ਪ੍ਰਾਪਤੀਆਂ ਵਿਚ ਪ੍ਰਚਲਤ ਲਿੰਗ ਪਾੜਾ ਕਾਫ਼ੀ ਜ਼ਿਆਦਾ ਹੈ, ਜਿਵੇਂ ਕਿ ਸੂਚੀ-1 ਤੋਂ ਸਪੱਸ਼ਟ ਹੈ।

| ਸੂਚੀ-1 : ਸਾਖਰਤਾ ਦਰਾਂ ਵਿਚ ਸ਼੍ਰੇਣੀਬਧ ਗ਼ੈਰ-ਬਰਾਬਰੀਆਂ | | |
|---|---|---|
| | ਮਦਰਮਸ਼ੁਮਾਰੀ 2001 | ਮਰਦਮਸ਼ੁਮਾਰੀ 2011 |
| ਪੇਂਡੂ ਔਰਤਾਂ ਅਨੁਸੂਚਿਤ ਜਨਜਾਤੀ | 32.4 | 46.9 |
| ਪੇਂਡੂ ਔਰਤਾਂ ਅਨੁਸੂਚਿਤ ਜਾਤੀ | 37.6 | 52.6 |
| ਸਾਰੀਆਂ ਪੇਂਡੂ ਔਰਤਾਂ | 46.13 | 57.9 |
| ਪੇਂਡੂ ਔਰਤਾਂ ਗ਼ੈਰ ਅਨੁਸੂਚਿਤ ਜਾਤੀ/ਜਨਜਾਤੀ | 50.2 | 61.1 |
| ਪੇਂਡੂ ਪੁਰਸ਼ ਅਨੁਸੂਚਿਤ ਜਨਜਾਤੀ | 57.4 | 66.8 |
| ਸ਼ਹਿਰੀ ਔਰਤਾਂ ਅਨੁਸੂਚਿਤ ਜਾਤੀ | 57.5 | 68.6 |
| ਸ਼ਹਿਰੀ ਪੁਰਸ਼ ਅਨੁਸੂਚਿਤ ਜਨਜਾਤੀ | 59.9 | 70.3 |
| ਪੇਂਡੂ ਪੁਰਸ਼ ਅਨੁਸੂਚਿਤ ਜਨਜਾਤੀ | 53.7 | 72.6 |
| ਸਾਰੇ ਪੇਂਡੂ ਪੁਰਸ਼ | 70.7 | 77.1 |
| ਸਾਰੀਆਂ ਸ਼ਹਿਰੀ ਔਰਤਾਂ | 72.86 | 79.1 |
| ਸ਼ਹਿਰੀ ਔਰਤਾਂ ਗ਼ੈਰ ਅਨੁਸੂਚਿਤ ਜਾਤੀ/ਜਨਜਾਤੀ | 74.3 | 79.9 |
| ਸ਼ਹਿਰੀ ਪੁਰਸ਼ ਅਨੁਸੂਚਿਤ ਜਨਜਾਤੀ | 75.5 | 81.0 |
| ਸ਼ਹਿਰੀ ਪੁਰਸ਼ ਅਨੁਸੂਚਿਤ ਜਾਤੀ | 77.8 | 83.2 |
| ਸਾਰੇ ਸ਼ਹਿਰੀ ਪੁਰਸ਼ | 77.9 | 83.3 |
| ਸ਼ਹਿਰੀ ਪੁਰਸ਼ ਗ਼ੈਰ-ਅਨੁਸੂਚਿਤ ਜਾਤੀ/ਜਨਜਾਤੀ | 87.6 | 89.7 |

*ਸਰੋਤ : ਵਿਮਲਾ ਰਾਮਚੰਦਰਨ ਵਲੋਂ ਮੈਰੀ ਲਾਲ ਅਤੇ ਐਸ ਸ੍ਰੀਨਿਵਾਸਰਾਓ, 2011 ਤੋਂ ਲਏ ਗਏ*

| ਸੂਚੀ-2 : ਸਕੂਲ ਛੱਡਣ ਦੀਆਂ ਦਰਾਂ ਵਿਚ ਸ਼੍ਰੇਣੀਬਧ ਗ਼ੈਰ-ਬਰਾਬਰੀ, 2010-11 | | | | | |
|---|---|---|---|---|---|
| ਪ੍ਰਾਇਮਰੀ ਜਮਾਤਾਂ 1-5 | | ਐਲੀਮੈਂਟਰੀ ਜਮਾਤਾਂ 1-8 | | ਸੈਕੰਡਰੀ ਜਮਾਤਾਂ 1-10 | |
| ਅਨੁਸੂਚਿਤ ਜਨਜਾਤੀ ਲੜਕੇ | 37.2 | ਅਨੁਸੂਚਿਤ ਜਨਜਾਤੀ ਲੜਕੀਆਂ | 55.4 | ਅਨੁਸੂਚਿਤ ਜਨਜਾਤੀ ਲੜਕੀਆਂ | 71.3 |
| ਅਨੁਸੂਚਿਤ ਜਾਤੀ ਲੜਕੇ | 33.9 | ਅਨੁਸੂਚਿਤ ਜਨਜਾਤੀ ਲੜਕੇ | 54.7 | ਅਨੁਸੂਚਿਤ ਜਨਜਾਤੀ ਲੜਕੇ | 70.6 |
| ਅਨੁਸੂਚਿਤ ਜਾਤੀ ਲੜਕੇ | 29.8 | ਅਨੁਸੂਚਿਤ ਜਾਤੀ ਲੜਕੇ | 46.7 | ਅਨੁਸੂਚਿਤ ਜਾਤੀ ਲੜਕੇ | 57.4 |
| ਸਾਰੇ ਲੜਕੇ | 28.7 | ਸਾਰੀਆਂ ਲੜਕੀਆਂ | 41 | ਅਨੁਸੂਚਿਤ ਜਾਤੀ ਲੜਕੀਆਂ | 54.1 |
| ਸਾਰੀਆਂ | 25.1 | ਸਾਰੇ ਲੜਕੇ | 40.3 | ਸਾਰੇ ਲੜਕੇ | 50.4 |
| ਅਨੁਸੂਚਿਤ ਜਾਤੀ ਲੜਕੀਆਂ | 23.1 | ਅਨੁਸੂਚਿਤ ਜਾਤੀ ਲੜਕੀਆਂ | 39 | ਸਾਰੀਆਂ ਲੜਕੀਆਂ | 47.9 |

*ਸਰੋਤ : ਐਸ.ਈ.ਐਸ., ਭਾਰਤ ਸਰਕਾਰ 2012*

ਲਿੰਗ ਅਤੇ ਸਿੱਖਿਆ ਦੀ ਖੋਜ ਪੜਤਾਲ ਸੌਖੀ ਨਹੀਂ। ਗ਼ੈਰ-ਬਰਾਬਰੀ ਅਤੇ ਜਾਤੀ ਤੇ ਭਾਈਚਾਰਾ ਆਧਾਰਿਤ ਲਾਮਬੰਦੀ ਨੂੰ ਵੇਖਦਿਆਂ ਦਾਖ਼ਲੇ ਅਤੇ ਬਦਲਾਅ ਦੇ ਨੀਯਤ ਪੱਧਰਾਂ ਦੇ ਸੂਚਕਾਂ ਤੋਂ ਅਗਾਂਹ ਜਾ ਕੇ ਬੱਚਿਆਂ ਦੇ ਸਕੂਲੀ ਅਨੁਭਵ ਦਾ ਗਹਿਰਾਈ ਨਾਲ ਅਧਿਐਨ ਕਰਨ ਦੀ ਲੋੜ ਹੈ। ਜਿਹੜੇ ਸਾਧਨ ਲਿੰਗਕ ਪਾੜੇ/ ਸਿੱਖਿਆ ਵਿਚ ਲਿੰਗਕ ਬਰਾਬਰੀ ਬਾਰੇ ਤਰੱਕੀ ਮਾਪਣ ਲਈ ਵਰਤੇ ਜਾਂਦੇ ਹਨ, ਉਹ ਸਮਾਜ ਵਿਚ ਧਸ ਚੁੱਕੇ ਗ਼ੈਰ-ਬਰਾਬਰੀ ਦੇ ਰੂਪਾਂ ਅਤੇ ਮੌਜੂਦਾ ਸਿੱਖਿਆ ਪ੍ਰਣਾਲੀ ਵਲੋਂ ਮੁੜ ਤੋਂ ਲਾਗੂ ਕਰਨ ਬਾਰੇ ਬਹੁਤ ਘੱਟ ਪ੍ਰਗਟਾਵਾ ਕਰਦੇ ਹਨ। ਸਿੱਖਿਆ ਵਿਚ ਲਿੰਗਕ ਅਤੇ ਸਮਾਜਿਕ ਬਰਾਬਰੀ ਦੇ ਮੁੱਦਿਆਂ ਬਾਰੇ ਗੱਲ ਕਰਨ ਲਈ ਇਕ ਅਜਿਹੇ ਢਾਂਚੇ ਦੀ ਲੋੜ ਹੈ ਜੋ ਅਸਲ ਲਿੰਗਕ ਸੱਚਾਈਆਂ ਅਤੇ ਇਕ ਤੋਂ ਵੱਧ ਨੁਕਸਾਨਾਂ ਨੂੰ ਪਕੜ ਸਕੇ। ਭਾਰਤ ਵਿਚ ਲਿੰਗ ਜਟਿਲ ਸਮਾਜਿਕ ਅਤੇ ਸੰਸਥਾਗਤ ਢਾਂਚੇ ਵਿਚ ਵੜਿਆ ਹੋਇਆ ਹੈ। ਇਸ ਕਰਕੇ ਸਮਾਜਿਕ, ਆਰਥਿਕ ਅਤੇ ਸਥਾਨਿਕ ਗ਼ੈਰ-ਬਰਾਬਰੀਆਂ ਦੇ ਵਡੇਰੇ ਢਾਂਚੇ ਹੇਠ, ਸਿੱਖਿਆ ਵਿਚ ਲਿੰਗਕ ਗ਼ੈਰ-ਬਰਾਬਰੀ ਨੂੰ ਦੇਖਣ ਦੀ ਲੋੜ ਹੈ ਅਤੇ ਦੂਜੇ ਪਾਸੇ ਪ੍ਰਚਲਤ ਸਕੂਲੀ ਪ੍ਰਣਾਲੀ ਦੀ ਪੜਚੋਲ ਦੀ ਵੀ ਜ਼ਰੂਰਤ ਹੈ।

## ਭਾਰਤ 'ਚ ਅਸੀਂ ਕੀ ਕਰ ਸਕਦੇ ਹਾਂ?

***ਲਾਭਕਾਰੀ ਪਹੁੰਚ :*** ਭਾਵੇਂ ਇਸ ਗੱਲ 'ਤੇ ਸਾਰੇ ਸਹਿਮਤ ਹਨ ਕਿ ਹੋਰ ਸਕੂਲ, ਬਿਹਤਰ ਬੁਨਿਆਦੀ ਢਾਂਚਾ, ਇਕਸਾਰ ਦਾਖ਼ਲਾ ਅਤੇ ਬੇਹਤਰ ਮਾਪੇ-ਅਧਿਆਪਕ ਸੰਬੰਧਾਂ ਦੀ ਲੋੜ ਹੈ, ਜੋ ਅਸੀਂ ਛੱਡ ਰਹੇ ਹਾਂ, ਅਸਲ ਵਿਚ ਉਹ ਹੈ ਜਮਾਤ ਵਿਚ ਵਾਪਰ ਰਹੀ ਪੜ੍ਹਾਉਣ ਅਤੇ ਸਿੱਖਣ ਦੀ ਪ੍ਰਕਿਰਿਆ ਦੇ ਮੁੱਦੇ ਦੀ ਬਰੀਕੀ। ਲਾਭਕਾਰੀ ਪਹੁੰਚ ਨਾ ਸਿਰਫ਼ ਰਸਮੀ ਸਿੱਖਿਆ ਪ੍ਰਣਾਲੀ ਵਿਚ ਭਾਗੀਦਾਰੀ ਲਈ ਭੌਤਿਕ ਪਹੁੰਚ ਪ੍ਰਦਾਨ ਕਰ ਰਹੀ ਹੈ ਪਰ ਇਸ ਤੋਂ ਵੀ ਵੱਧ ਮਹੱਤਵਪੂਰਨ ਸਾਰੇ ਹੀ ਬੱਚਿਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਪ੍ਰਣਾਲੀ ਨਾਲ ਸੰਬੰਧਿਤ ਹੋਣ ਲਈ ਬਰਾਬਰੀ ਵਾਲਾ ਮੌਕਾ ਵੀ ਪ੍ਰਦਾਨ ਕਰ ਰਹੀ ਹੈ। ਲਾਭਕਾਰੀ ਪਹੁੰਚ ਸਿੱਖਿਆ ਪ੍ਰਦਾਨ ਕਰਨ ਦੀ ਪ੍ਰਣਾਲੀ ਦੇ ਹਰੇਕ ਪੜਾਅ 'ਤੇ ਵਾਪਰਨੀ ਚਾਹੀਦੀ ਹੈ, ਬੱਚੇ ਦੇ ਸਕੂਲ ਜਾਣਾ ਸ਼ੁਰੂ ਕਰਨ ਤੋਂ ਲੈ ਕੇ, ਕਿ ਕਿਸੇ ਵੀ ਸਮਾਜਿਕ ਸਮੂਹ ਦੇ ਬੱਚਿਆਂ ਲਈ ਸਕੂਲ ਉਪਲਬਧ ਹਨ, ਇਹ ਪੱਕਾ ਕਰਨ ਤਕ ਕਿ ਇਕ ਵਾਰੀ ਬੱਚਾ ਸਕੂਲ ਪਹੁੰਚ ਜਾਵੇ ਤਾਂ ਇਹ ਉਸ ਲਈ ਸਿੱਖਣ ਅਤੇ ਵਿਕਸਤ ਹੋਣ ਦੀ ਸੁਰੱਖਿਅਤ ਥਾਂ ਹੋਵੇ ਤਾਂ ਕਿ ਉਹ ਆਪਣੀ ਯੋਗਤਾ ਹਾਸਲ ਕਰ ਸਕੇ, ਨਾ ਕਿ ਕੁੱਝ ਹੁਨਰਾਂ ਦਾ ਖਿਲਾਰਾ ਪਾਇਆ ਜਾਵੇ। ਲਾਭਕਾਰੀ ਤੇ ਅਰਥ ਭਰਪੂਰ ਪਹੁੰਚ ਵਿਚ ਅਧਿਆਪਕਾਂ ਤਕ ਪਹੁੰਚ ਵੀ ਸ਼ਾਮਿਲ ਹੈ ਜੋ ਵੱਖ-ਵੱਖ ਸਿੱਖਣ ਤਰੀਕਿਆਂ ਲਈ ਵੱਖ-ਵੱਖ ਸਹਾਇਤਾ ਪ੍ਰਦਾਨ ਕਰਨਗੇ ਅਤੇ ਜੋ ਉਨ੍ਹਾਂ ਬੱਚਿਆਂ ਵੱਲ ਵਾਧੂ ਧਿਆਨ ਦੇਣਗੇ ਜਿਨ੍ਹਾਂ ਨੂੰ ਕਦਮ ਨਾਲ ਕਦਮ ਮਿਲਾਉਣ ਲਈ ਹਲੂਣੇ ਦੀ ਲੋੜ ਹੈ। ਸਭ ਤੋਂ ਜ਼ਿਆਦਾ ਮਹੱਤਵਪੂਰਨ, ਲਾਭਕਾਰੀ ਪਹੁੰਚ ਸੁਰੱਖਿਅਤ, ਲਿੰਗਕ ਸਥਾਨ ਕਮਰੇ ਦੇ ਨਾਲ ਮੁਹੱਈਆ ਕਰਵਾਉਣਾ ਅਤੇ ਆਪਣੀ ਪਛਾਣ ਦਾ ਪ੍ਰਗਟਾਵਾ ਕਰਨਾ ਹੈ ਜੋ ਕਿਸੇ ਵੀ ਸਮਾਜਿਕ ਸਮੂਹ ਦਾ ਮੈਂਬਰ ਬਣ ਕੇ, ਨਕਲ ਲਾਉਣ ਜਾਂ ਭੇਦਭਾਵ ਦੇ ਡਰ ਤੋਂ ਬਿਨਾਂ ਬਣਾਈ ਜਾਂਦੀ ਹੈ।

ਲਾਭਕਾਰੀ ਪਹੁੰਚ ਸਕੂਲ ਛੱਡਣ ਦੀ ਦਰ

ਘੱਟ ਕਰ ਸਕਦੀ ਹੈ, ਸਿੱਖਿਆ ਦੇ ਵੱਖ-ਵੱਖ ਪੱਧਰਾਂ ਵਿਚ ਰੁਕਾਵਟ ਰਹਿਤ ਤਬਦੀਲੀ, ਉੱਚ ਸਿੱਖਿਆ ਪੱਧਰ ਦੇ ਮੌਕੇ ਪ੍ਰਦਾਨ ਕਰ ਸਕਦੀ ਹੈ। ਸਭ ਤੋਂ ਵੱਧ ਅਹਿਮ ਗੱਲ, ਸਾਰੇ ਹੀ ਬੱਚਿਆਂ ਲਈ ਸਰਵੋਤਮ ਸਿੱਖਿਆ ਪ੍ਰਾਪਤ ਕਰਨ ਵਾਸਤੇ ਬਰਾਬਰੀ ਵਾਲਾ ਮੰਚ ਪ੍ਰਦਾਨ ਕਰ ਸਕਦੀ ਹੈ।

## ਅਧਿਆਪਕਾਂ ਤੇ ਵਿਦਿਆਰਥੀਆਂ ਲਈ ਸੁਰੱਖਿਆ ਤੇ ਵਿਤਕਰੇ ਰਹਿਤ ਵਾਤਾਵਰਨ

ਕਿਹਾ ਜਾਂਦਾ ਹੈ ਕਿ ਸਕੂਲ ਸਮਾਜ ਦਾ ਸੂਖ਼ਮ ਦਰਸ਼ਨ ਹੁੰਦਾ ਹੈ ਜਿਸ ਵਿਚ ਅਸੀਂ ਵਸਦੇ ਹਾਂ। ਅਕਸਰ ਹੀ ਸਕੂਲ ਵਿਚ ਅੰਤਰ-ਨਿੱਜੀ ਅਤੇ ਸਮਾਜ ਵਿਚ ਪ੍ਰਚਲਤ ਅੰਤਰ ਸਮੂਹ ਸੰਬੰਧਾਂ ਦਾ ਸਕੂਲ ਵਿਚ ਪ੍ਰਗਟਾਵਾ ਹੁੰਦਾ ਹੈ। ਜੇ ਅਧਿਆਪਕਾਂ ਨੂੰ ਚੰਗੀ ਤਰ੍ਹਾਂ ਸਿੱਖਿਅਤ ਨਾ ਕੀਤਾ ਜਾਵੇ ਤਾਂ ਉਹ ਸਿੱਧੇ-ਸਿੱਧੇ ਵਿਹਾਰ ਤਰੀਕਾ ਅਤੇ ਵਿਤਕਰਾ ਸਕੂਲ ਵਿਚ ਤਬਦੀਲ ਕਰ ਦੇਣਗੇ। ਸਿੱਖਿਆ ਪ੍ਰਬੰਧਕ ਅਤੇ ਰਾਜਨੀਤਕ ਇਸ ਨੂੰ ਸਕੂਲਾਂ ਵਿਚ ਲਗਾਤਾਰ ਹੋ ਰਹੇ ਵਿਤਕਰੇ ਦੇ ਬਹਾਨੇ ਵਜੋਂ ਪੇਸ਼ ਕਰਦੇ ਹਨ। ਇਥੇ ਹੀ ਸਾਨੂੰ ਉਨ੍ਹਾਂ ਦੇਸ਼ਾਂ ਤੋਂ ਬਹੁਤ ਕੁੱਝ ਸਿੱਖਣਾ ਹੋਵੇਗਾ ਜਿਨ੍ਹਾਂ ਨੇ ਇਸ ਰੁਝਾਨ ਨਾਲ ਸਫਲਤਾ ਪੂਰਬਕ ਨਜਿੱਠਿਆ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਸਕੂਲ ਅਤੇ ਜਨਤਕ ਧਨ ਨਾਲ ਚੱਲ ਰਹੇ ਦੂਸਰੇ ਅਦਾਰੇ ਸੰਵਿਧਾਨਕ ਹੱਕਾਂ ਅਤੇ ਫ਼ਰਜ਼ਾਂ ਦੀ ਪਾਲਣਾ ਕਰਨ। ਬਰਾਬਰੀ ਦਾ ਅਧਿਕਾਰ ਅਤੇ ਵਿਤਕਰੇ ਦੇ ਖ਼ਿਲਾਫ਼ ਹੱਕ ਜੋ ਭਾਰਤ ਦੇ ਸੰਵਿਧਾਨ ਵਿਚ ਦਰਜ ਹਨ, ਇਸ ਬਾਰੇ ਅਧਿਆਪਕ ਅਤੇ ਸਿੱਖਿਆ ਪ੍ਰਬੰਧਕ ਸਕੂਲ ਵਿਚ ਗ਼ੈਰ-ਵਿਤਕਰੇ ਵਾਲਾ ਮਾਹੌਲ ਯਕੀਨੀ ਬਣਾਉਣ ਲਈ ਪਾਬੰਦ ਹਨ। ਅਧਿਆਪਕਾਂ ਅਤੇ ਮੁੱਖ ਅਧਿਆਪਕਾਂ ਕੋਲ ਜਾਤ, ਧਰਮ, ਲਿੰਗ, ਯੋਗਤਾ ਜਾਂ ਆਰਥਿਕ ਰੁਤਬੇ ਨੂੰ ਆਧਾਰ ਬਣਾ ਕੇ ਵਿਤਕਰਾ ਕਰਨ ਦੀ ਆਜ਼ਾਦੀ ਨਹੀਂ ਹੈ।

ਭਾਰਤ ਦੇ ਸੰਵਿਧਾਨ ਨੂੰ ਅਗਵਾਈ ਦੀ ਭਾਵਨਾ ਦੇ ਤੌਰ ਤੇ ਲੈਂਦਿਆਂ, ਅਧਿਆਪਕਾਂ, ਪ੍ਰਬੰਧਕਾਂ ਅਤੇ ਸਮਾਜਿਕ ਆਗੂਆਂ ਨੂੰ ਸੁਚੇਤ ਕਰਨ ਦੀ ਲੋੜ ਹੈ ਕਿ ਬਰਾਬਰੀ ਦੇ ਹੱਕ ਅਤੇ ਵਿਤਕਰੇ ਖ਼ਿਲਾਫ਼ ਅਧਿਕਾਰ ਦੀ ਕੋਈ ਵੀ ਉਲੰਘਣਾ ਕਰਨ ਲਈ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਿਹਾਰ ਦੇ ਸਮਝੌਤਾ ਰਹਿਤ ਜ਼ਾਬਤੇ ਬਾਰੇ ਉਨ੍ਹਾਂ ਸਾਰਿਆਂ ਨੂੰ ਸੂਚਿਤ ਕਰਨ ਦੀ ਜ਼ਰੂਰਤ ਹੈ ਜੋ ਸਕੂਲੀ ਸਿੱਖਿਆ ਵਿਚ ਸ਼ਾਮਿਲ ਹਨ। ਨਾਲ ਦੀ ਨਾਲ, ਬੱਚਿਆਂ ਖ਼ਾਸ ਕਰਕੇ ਲੜਕਿਆਂ ਨੂੰ ਅਜਿਹੀਆਂ ਸਰਗਰਮੀਆਂ ਵਿਚ ਸ਼ਾਮਿਲ ਕਰਨ ਦੀ ਲੋੜ ਹੈ ਜਿਸ ਨਾਲ ਉਹ ਭਿੰਨਤਾ ਦੀ ਪ੍ਰਸ਼ੰਸਾ ਕਰਨ, ਫ਼ਰਕਾਂ ਦਾ ਸਤਿਕਾਰ ਕਰਨ ਅਤੇ ਦੂਜੇ ਬੱਚਿਆਂ ਅਤੇ ਲੜਕੀਆਂ ਪ੍ਰਤਿ ਸਕੂਲ ਪੱਧਰ ਦੇ ਵਿਹਾਰ ਕਰਨ ਦੇ ਨਿਯਮ ਬਣਾਉਣ। ਸਮਾਨਤਾ ਵਾਲਾ ਵਾਤਾਵਰਨ ਸਿਰਜਣ ਵਿਚ ਬੱਚਿਆਂ ਨੂੰ ਸ਼ਾਮਿਲ ਕਰਨ ਨਾਲ ਅਧਿਆਪਕਾਂ, ਪ੍ਰਬੰਧਕਾਂ ਅਤੇ ਸਥਾਨਕ ਆਗੂਆਂ ਤੇ ਭਿੰਨਭੇਦ ਜਾਂ ਵਿਤਕਰਾ ਨਾ ਕਰਨ ਲਈ ਨੈਤਿਕ ਦਬਾਅ ਪਵੇਗਾ (ਰਾਮਚੰਦਰਨ ਅਤੇ ਨਾਉਰੇਮ, 2014)

ਅੱਜ ਦੇ ਹਾਲਾਤ ਵਿਚ ਅਧਿਆਪਕਾਂ ਦੀ ਸਥਿਤੀ ਅਤੇ ਸਿਖਲਾਈ ਅਕਸਰ ਪ੍ਰਸ਼ਾਸਨਿਕ ਲੋੜਾਂ ਅਤੇ ਵਿਸ਼ੇ ਦੀ ਜਾਣਕਾਰੀ ਤਕ ਹੀ ਸੀਮਤ ਹੁੰਦੀ ਹੈ। ਅਧਿਆਪਕਾਂ ਵਿਚ ਸਿਖਲਾਈ ਦੀ ਥਕਾਨ ਦੇ ਚਿੰਨ੍ਹ ਵੀ ਲਗਾਤਾਰ ਵਧ ਰਹੇ ਹਨ। ਬਰਾਬਰ ਤੌਰ ਤੇ, ਅਲਪਕਾਲੀ ਸਿਖਲਾਈ ਪ੍ਰੋਗਰਾਮ ਵਿਸ਼ੇ ਦੀ ਮੁਢਲੀ ਜਾਣਕਾਰੀ ਅਤੇ ਸਿੱਖਿਆ ਸੰਬੰਧੀ ਮੁੱਦਿਆਂ ਨਾਲ ਨਿਆਂ ਨਹੀਂ ਕਰ ਸਕਦੇ। ਬਦਲਵੇਂ ਮੰਚ ਤਿਆਰ ਕਰਨਾ, ਜਿਥੇ ਆ ਕੇ ਅਧਿਆਪਕ ਅਤੇ ਸਮਾਜਿਕ ਆਗੂ ਇਕੱਠੇ ਹੋ ਕੇ ਇਹ ਸੁਨੇਹਾ ਦੇ ਸਕਣ ਕਿ ਸਕੂਲਾਂ ਨੂੰ ਵਿਤਕਰੇ ਰਹਿਤ ਬਣਾਉਣਾ ਜ਼ਰੂਰੀ ਹੈ, ਤਾਂ ਇਹ ਬਹੁਤ ਹੀ ਲਾਭਦਾਇਕ ਕਾਰਜ/ਕੋਸ਼ਿਸ਼ ਹੋਵੇਗੀ। ਜ਼ਰੂਰੀ ਤੌਰ ਤੇ, ਲੋੜ ਇਸ ਗੱਲ ਦੀ ਹੈ ਕਿ ਅਸੀਂ ਸਕੂਲਾਂ ਅੰਦਰ ਹੋ ਰਹੇ ਵਿਤਕਰੇ ਨੂੰ ਗੰਭੀਰਤਾ ਨਾਲ ਲਈਏ ਅਤੇ ਜ਼ਮੀਨੀ ਪੱਧਰ 'ਤੇ ਸਦੀਵੀ ਬਦਲਾਅ ਲਿਆਉਣ ਲਈ ਸਾਰੇ ਪੱਧਰਾਂ 'ਤੇ ਕੰਮ ਕਰੀਏ। ਕੋਈ ਛੋਟਾ ਤੇ ਸੌਖਾ ਰਸਤਾ ਨਹੀਂ, ਸਰਕਾਰ ਤੇ ਸਮਾਜਕ ਸੰਗਠਨਾਂ ਨੂੰ ਇਹ ਮੁੱਦਾ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਹਰੇਕ ਸੰਦਰਭ ਵਿਚ ਹੱਲ ਕਰਨਾ ਚਾਹੀਦਾ ਹੈ (ਰਾਮਚੰਦਰਨ ਅਤੇ ਨਿਉਰੇਮ, 2013, ਆਗਾਮੀ)।

ਇਕ ਪਾਠਕ੍ਰਮ, ਜੋ ਨਾ ਸਿਰਫ਼ ਪੱਖਪਾਤ ਤੋਂ ਮੁਕਤ ਹੀ ਨਹੀਂ, ਸਗੋਂ ਉਹ ਹੁੰਦਾ ਹੈ ਜੋ ਸਰਗਰਮੀ ਨਾਲ ਆਲੋਚਨਾਤਮਕ ਸੋਚ ਨੂੰ ਉਤਸਾਹਿਤ ਕਰਦਾ ਹੈ ਅਤੇ ਗਿਆਨ ਦੀ ਉਸਾਰੀ ਕਰਨ ਸਮੇਂ ਲਿੰਗ 'ਤੇ ਧਿਆਨ ਨਹੀਂ ਦਿੰਦਾ।

''ਮੇਰੀਆਂ ਪਾਠ ਪੁਸਤਕਾਂ ਵਿਚ ਮੈਂ ਸਿੱਖਿਆ ਕਿ ਸਿਰਫ਼ ਮਰਦ ਹੀ ਰਾਜੇ ਅਤੇ ਸਿਪਾਹੀ ਹੁਦੇ ਹਨ। ਜਦ ਤਕ ਮੈਂ ਉਹ ਕਿਤਾਬ ਨਹੀਂ ਪੜ੍ਹੀ ਜਿਸ ਵਿਚ ਪ੍ਰਸਿੱਧ ਮਹਾਰਾਣੀਆਂ ਨੇ ਰਾਜ ਕੀਤਾ ਅਤੇ ਵੈਰੀਆਂ ਦੇ ਖ਼ਿਲਾਫ਼ ਲੜੀਆਂ। ਆਪਣੀਆਂ ਪਾਠ ਪੁਸਤਕਾਂ ਵਿਚ ਮੈਂ ਪੜ੍ਹਿਆ ਕਿ ਸਰਫ਼ ਮਰਦ ਹੀ ਡਾਕਟਰ ਹਨ। ਜਦੋਂ ਮੈਂ ਇਕ ਡਾਕਟਰ ਕੋਲ ਗਿਆ ਤਾਂ ਵੇਖਿਆ ਕਿ ਉਹ ਇਕ ਔਰਤ ਸੀ। ਆਪਣੀਆਂ ਕਿਤਾਬਾਂ ਵਿਚ ਮੈਂ ਪੜ੍ਹਿਆ ਕਿ ਮੇਰੇ ਦੇਸ਼ ਵਿਚ ਕੇਵਲ ਮਰਦ ਹੀ ਖੇਤੀਬਾੜੀ ਕਰਦੇ ਹਨ, ਜਦ ਤਕ ਕਿ ਇਕ ਰੇਲ ਯਾਤਰਾ ਸਮੇਂ ਮੈਂ ਔਰਤਾਂ ਨੂੰ ਖੇਤਾਂ ਵਿਚ ਕੰਮ ਕਰਦੇ ਨਹੀਂ ਵੇਖ ਲਿਆ। ਮੈਂ ਸਮਝਿਆ ਕਿ ਮੇਰੇ ਵਿਚ ਦੇਖ ਕੇ ਸਿੱਖਣ ਦੀ ਯੋਗਤਾ ਹੈ।" (ਪੂਜਾ, ਰਾਮਿਆ, ਅਨੁਜ, ਉਤਕਰਸ਼, ਜਮਾਤ 6ਵੀਂ, ਬੜੌਦਾ ਦੇ ਵਿਦਿਆਰਥੀ, ਐੱਨ ਸੀ ਐੱਫ ਦੇ ਫੋਕਸ ਗਰੁੱਪ 2005 ਵਲੋਂ ਸਿੱਖਿਆ ਵਿਚ ਲਿੰਗਕ ਮੁੱਦਿਆਂ, ਐੱਨ ਸੀ ਈ ਆਰ ਟੀ, 2005 ਵਿਚ ਵਰਨਣ ਕੀਤਾ ਗਿਆ)।

ਲਗਭਗ ਦੋ ਦਹਾਕਿਆਂ ਤੋਂ ਵੱਧ ਸਾਡੀਆਂ ਪਾਠ ਪੁਸਤਕਾਂ ਵਿਚੋਂ ਵਿਤਕਰੇ ਤੇ ਰੂੜੀਵਾਦ ਨੂੰ ਕੱਢਣ ਦੇ ਰੌਲੇ ਦੇ ਬਾਵਜੂਦ ਵੀ, ਸਚਾਈ ਇਹ ਹੈ ਕਿ ਪਾਠ-ਪੁਸਤਕਾਂ ਲਿੰਗ ਗ਼ੈਰ-ਬਰਾਬਰੀ ਅਤੇ ਸਮਾਜਿਕ ਕ੍ਰਮ ਨੂੰ ਹੀ ਮਜਬੂਤ ਕਰਵਾਉਂਦੀਆਂ ਹਨ। ਰਵਾਇਤੀ ਧਾਰਨਾਵਾਂ, ਕਿ, ਮਰਦਾਨਾ ਕੀ ਹੈ ਅਤੇ ਜਨਾਨਾ ਕੀ ਅਤੇ ਜਾਤੀਗਤ ਕਿੱਤੇ ਹਾਲੇ ਵੀ ਮੌਜੂਦ ਹਨ ਅਤੇ ਚਿੱਤਰਾਂ, ਅਖਾਣਾਂ ਅਤੇ ਸਾਡੀਆਂ ਪਾਠ ਪੁਸਤਕਾਂ ਵਿਚਲੀਆਂ ਉਦਾਹਰਣਾਂ ਤੋਂ ਪ੍ਰਗਟ ਹੁੰਦੇ ਹਨ। ਪੇਂਡੂ-ਸ਼ਹਿਰੀ ਰੂੜੀਵਾਦ ਨੂੰ ਨਾ ਸਿਰਫ਼ ਉਤਸਾਹਿਤ ਕੀਤਾ ਜਾਂਦਾ ਹੈ ਸਗੋਂ ਸ਼ਹਿਰੀ ਨੂੰ ਪੇਂਡੂ ਅਤੇ ਗ਼ੈਰ ਕਬਾਇਲੀ ਨੂੰ ਕਬਾਇਲੀ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ। ਸਾਰੇ ਵਿਸ਼ਿਆਂ ਵਿਚ ਜ਼ਿਆਦਾਤਰ ਉਦਾਹਰਣਾਂ ਸ਼ਹਿਰ ਮੁਖੀ ਹਨ। ਅਭਿਨੇਤਾ ਤੇ ਨੇਤਾ ਆਮ ਤੌਰ ਤੇ ਮਰਦ ਹਨ ਅਤੇ ਸਾਂਭ ਸੰਭਾਲ ਤੇ ਘਰ ਚਲਾਉਣ ਵਾਲੀਆਂ ਔਰਤਾਂ ਹਨ। ਇਸ ਹਕੀਕਤ ਨੂੰ ਵੇਖਦਿਆਂ, ਐੱਨ ਸੀ ਐੱਫ ਫੋਕਸ ਸਮੂਹ 2005 ਨੇ ਦਲੀਲ ਦਿੱਤੀ ਕਿ, ''ਸਿੱਖਿਆ ਉਨ੍ਹਾਂ ਪ੍ਰਬੰਧਾਂ ਦਾ ਅਨਿੱਖੜਵਾਂ ਅੰਗ ਹੈ ਜੋ ਬੱਚਿਆਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ। ਇਸ ਕਰਕੇ, ਬਰਾਬਰੀ ਦੀ ਨਾਗਰਿਕਤਾ ਹਾਸਲ ਕਰਨ

*ਬਾਕੀ ਸਫ਼ਾ 35 ਉੱਤੇ*

# ਭਾਰਤ ਵਿਚ ਸਮੁੱਚੀ ਸਿੱਖਿਆ ਵਾਸਤੇ ਖ਼ਾਕਾ ਤਿਆਰ ਕਰਨਾ

ਅਨੁਪ੍ਰਿਆ ਚੱਢਾ

ਸ਼ਮੂਲੀਅਤ ਵਾਲੀ ਸਿੱਖਿਆ ਸਾਰੇ ਹੀ ਸਿੱਖਿਆ ਹਾਸਲ ਕਰਨ ਵਾਲਿਆਂ ਦੀਆਂ ਸਿੱਖਣ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਪਹੁੰਚ ਹੈ ਜਿਸ ਅਧੀਨ ਵਿਸ਼ੇਸ਼ ਲੋੜਾਂ ਵਾਲੇ ਲੋਕਾਂ ਨੂੰ ਪੇਸ਼ ਆਉਂਦੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿਚ ਜ਼ੋਰ ਦਿੱਤਾ ਜਾਂਦਾ ਹੈ ਕਿ ਸਾਰੇ ਹੀ ਸਿਖਿਆਰਥੀਆਂ ਚਾਹੇ ਉਹ ਨੌਜਵਾਨ, ਅਪੰਗ ਜਾਂ ਤੰਦਰੁਸਤ ਹੋਣ, ਸਾਰੇ ਹੀ ਪ੍ਰੀ ਸਕੂਲ ਦੀਆਂ ਵਿਵਸਥਾਵਾਂ, ਸਕੂਲਾਂ ਅਤੇ ਸਮਾਜਿਕ ਸਿੱਖਿਆ ਢਾਂਚੇ ਵਿਚ ਇਕੱਠੇ ਮਿਲ ਬੈਠ ਕੇ ਸਿੱਖਿਆ ਪ੍ਰਾਪਤ ਕਰਨ ਜਿਸ ਵਾਸਤੇ ਸਹਾਇਕ ਸੇਵਾਵਾਂ ਦਾ ਢੁੱਕਵਾਂ ਪ੍ਰਬੰਧ ਹੋਵੇ। ਇਹ ਲਚਕਦਾਰ ਸਿੱਖਿਆ ਪ੍ਰਣਾਲੀ ਵਿਚ ਹੀ ਸੰਭਵ ਹੈ ਜੋ ਵਿਭਿੰਨ ਸਿੱਖਿਆਰਥੀਆਂ ਦੀਆਂ ਲੋੜਾਂ ਨੂੰ ਵੱਖ-ਵੱਖ ਸਮਝਦੇ ਹੋਏ ਆਪਣੇ ਆਪ ਨੂੰ ਉਸ ਮੁਤਾਬਕ ਢਾਲ ਲੈਂਦੀ ਹੈ। ਇਸ ਪ੍ਰਕਾਰ ਸ਼ਮੂਲੀਅਤ ਵਾਲੀ ਸਿੱਖਿਆ ਸਭਨਾਂ ਦੇ ਬੁਨਿਆਦੀ ਮਨੁੱਖੀ ਅਤੇ ਸ਼ਹਿਰੀ ਹੱਕ ਪ੍ਰਾਪਤ ਕਰਨ ਨੂੰ ਕਿਹਾ ਜਾ ਸਕਦਾ ਹੈ, ਜਿਸ ਵਿਚ ਸਰੀਰਕ, ਸੰਵੇਦੀ, ਬੁੱਧੀਮਤੀ ਅਤੇ ਸਥਿਤੀ ਅਨੁਸਾਰ ਅਪੰਗਤਾ ਸ਼ਾਮਿਲ ਹੈ। ਅਜਿਹੀ ਸਿੱਖਿਆ ਪ੍ਰਣਾਲੀ ਦੇ ਸਾਰੇ ਪੱਧਰਾਂ ਤੇ ਸ਼ਮੂਲੀਅਤ ਵਾਲੀਆਂ ਨੀਤੀਆਂ ਦੇ ਪ੍ਰਭਾਵਾਂ ਉਨ੍ਹਾਂ ਦੀਆਂ ਕਦਰਾਂ ਕੀਮਤਾਂ, ਜਾਣਕਾਰੀ ਪ੍ਰਣਾਲੀ ਅਤੇ ਸੱਭਿਆਚਾਰ, ਪ੍ਰਕਿਰਿਆਵਾਂ ਅਤੇ ਢਾਂਚਿਆਂ ਦਾ ਨਿਰਮਾਣ ਕਰਕੇ ਕੀਤਾ ਜਾ ਸਕਦਾ ਹੈ। ਸਕੂਲੀ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਢਾਂਚਾ (ਐੱਨ ਸੀ ਈ ਆਰ ਟੀ) 2005 ਵਲੋਂ ਵਿਸ਼ੇਸ਼ ਸਿੱਖਿਆ ਲੋੜਾਂ ਵਾਲੇ ਸਿਖਿਆਰਥੀਆਂ ਲਈ ਸ਼ਮੂਲੀਅਤ ਵਾਲੇ ਸਕੂਲਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਵਾਸਤੇ ਸਮੱਗਰੀ, ਪੇਸ਼ਕਾਰੀ ਅਤੇ ਲਾਗੂ ਕਰਨ ਰਣਨੀਤੀਆਂ, ਅਧਿਆਪਕਾਂ ਦੀ ਤਿਆਰੀ ਅਤੇ ਸਿੱਖਣ ਵਿਚ ਮਦਦਗਾਰ ਮੁੱਲੰਕਣ ਪ੍ਰਕਿਰਿਆਵਾਂ ਵਿਚ ਢੁੱਕਵੀਆਂ ਸੋਧਾਂ ਕੀਤੀਆਂ ਜਾ ਸਕਦੀਆਂ ਹਨ।

## ਵਰਤਮਾਨ ਸਿੱਖਿਆ ਪ੍ਰਣਾਲੀ ਦੀ ਖੋਜ

ਇਸ ਰੋਸ਼ਨੀ ਵਿਚ ਉਨ੍ਹਾਂ ਪ੍ਰਥਾਵਾਂ ਤੇ ਵਿਚਾਰਧਾਰਾ ਦਾ ਅਧਿਐਨ ਮਹੱਤਵਪੂਰਨ ਹੋ ਜਾਂਦਾ ਹੈ ਜੋ ਹੋਰ ਜ਼ਿਆਦਾ ਸ਼ਮੂਲੀਅਤ ਵਾਲੀ ਸਿੱਖਿਆ ਪ੍ਰਣਾਲੀ ਦੇ ਰਾਹ ਵਿਚ ਰੁਕਾਵਟ ਬਣਦੀਆਂ ਹਨ ਜਾਂ ਉਸ ਨੂੰ ਉਤਸਾਹਿਤ ਕਰਦੀਆਂ ਹਨ। ਵਰਤਮਾਨ ਸਮੇਂ ਕੇਵਲ 3ਆਰ 'ਤੇ ਧਿਆਨ ਕੇਂਦਰਿਤ ਕਰਨ ਦੀ ਪਹੁੰਚ ਨਾਲ ਸਿੱਖਿਆ ਨੂੰ ਇਕ ਪ੍ਰਕਿਰਿਆ ਨਹੀਂ ਸਗੋਂ ਉਤਪਾਦ ਦੇ ਰੂਪ ਵਿਚ ਵੇਖਿਆ ਜਾ ਰਿਹਾ ਹੈ : ਜਿਸ ਦੇ ਹਕੀਕੀ ਇਨਾਮ ਵਿਚ ਇਕ ਰਿਪੋਰਟ, ਨੰਬਰਾਂ ਦਾ ਕਾਗ਼ਜ਼ ਜਾਂ ਅਕਾਦਮਿਕ ਸਾਲ ਦੇ ਅੰਤ ਵਿਚ ਇਕ ਡਿਗਰੀ ਹੁੰਦੀ ਹੈ। ਸਿੱਖਿਆ ਪ੍ਰਣਾਲੀ ਦੇ ਕੁੱਲ ਟੀਚਿਆਂ ਦੇ ਪੁਨਰਗਠਨ ਦੀ ਤੁਰੰਤ ਲੋੜ ਹੈ ਤਾਂ ਕਿ ਵਿਦਿਆਰਥੀਆਂ ਦੇ ਵਿਸ਼ਵ ਨਾਗਰਿਕ ਬਣਨ ਵਿਚ ਮਦਦ ਲੀਹੋਂ ਨਾ ਲਹਿ ਜਾਵੇ। ਜਦੋਂ ਬੱਚੇ ਸਕੂਲ ਵਿਚ ਸਿੱਖਣ ਤੋਂ ਅਸਮਰੱਥ ਹੁੰਦੇ ਹਨ ਤਾਂ ਕੁਦਰਤੀ ਹੈ ਅਸੀਂ ਉਨ੍ਹਾਂ ਅੰਦਰ ਗਲਤੀਆਂ ਲੱਭਣ ਲਗਦੇ ਹਾਂ। ਇਹ ਢੁੱਕਵਾਂ ਸਮਾਂ ਹੈ ਕਿ ਸਿੱਖਿਆ ਪ੍ਰਣਾਲੀ ਸਵੈ-ਪੜਚੋਲ ਕਰੇ।

"ਸ਼ਮੂਲੀਅਤ ਵਾਲੀ ਸਿੱਖਿਆ" ਦੀ ਵਿਆਖਿਆ ਦੇ ਚਲਦਿਆਂ ਸਾਡੇ ਸਾਹਮਣੇ ਚੁਣੌਤੀ ਇਹ ਹੈ ਕਿ ਸ਼ਮੂਲੀਅਤ ਵਾਲੇ ਸਕੂਲ ਖੋਲ੍ਹੇ ਜਾਣ, ਜਿਨ੍ਹਾਂ ਵਿਚ :

- ਸਭ ਨੂੰ ਪ੍ਰਵਾਨ ਕੀਤਾ ਜਾਵੇ ਅਤੇ ਹਰ ਕੋਈ ਇਕ ਦੂਜੇ ਦੀ ਹਮਾਇਤ ਕਰੇ
- ਸਾਥੀਆਂ ਤੇ ਸਕੂਲ ਦੇ ਦੂਸਰੇ ਮੈਂਬਰਾਂ ਵਲੋਂ ਵੀ ਸਭ ਦੀ ਮਦਦ ਕੀਤੀ ਜਾਵੇ ਅਤੇ
- ਸਭ ਦੀਆਂ ਸਿੱਖਿਆ ਲੋੜਾਂ ਪੂਰੀਆਂ ਕੀਤੀਆਂ ਜਾਣ।

ਇਕ ਰਵਾਇਤੀ ਜਮਾਤ ਦਾ ਕਮਰਾ ਉਹ ਹੁੰਦਾ ਹੈ ਜਿਸ ਵਿਚ ਵੱਡੇ ਪਾਠਕ੍ਰਮ ਬਾਰੇ ਸਾਰੇ ਫ਼ੈਸਲੇ ਲੈਂਦੇ ਹਨ, ਪੜ੍ਹਾਉਣ ਦੀਆਂ ਸਰਗਰਮੀਆਂ ਜਿਨ੍ਹਾਂ ਤੋਂ ਵਿਦਿਆਰਥੀਆਂ ਦੇ ਸਿੱਖਣ ਦੀ ਆਸ ਕੀਤੀ ਜਾਂਦੀ ਹੈ, ਸਮੀਖਿਆਵਾਂ ਜਿਨ੍ਹਾਂ ਦਾ ਕੇਂਦਰ ਬਿੰਦੂ ਆਮ ਤੌਰ ਤੇ ਕਾਗ਼ਜ਼ ਤੇ ਪੈਨਸਿਲ ਦੇ ਕੰਮ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਤੁਰੰਤ ਮੁੱਲੰਕਣ ਕਰਕੇ ਮੰਨਿਆ ਜਾ ਸਕਦਾ ਹੈ। ਅਕਸਰ ਤਰੀਕਾ ਇਹ ਹੁੰਦਾ ਹੈ : ਅਧਿਆਪਕ ਵਲੋਂ ਭਾਸ਼ਨ ਦੇਣਾ ਜਾਂ ਵਿਦਿਆਰਥੀਆਂ ਦੀਆਂ ਕਾਰਜ ਪੱਤਰੀਆਂ। ਇਸ ਪ੍ਰਕਾਰ ਦੀਆਂ ਜਮਾਤਾਂ ਦਾ ਆਮ ਲੱਛਣ ਇਹ ਹੈ ਕਿ ਵਿਦਿਆਰਥੀ ਭਾਂਡੇ ਹਨ ਜਿਨ੍ਹਾਂ ਨੂੰ



ਅਧਿਆਪਕਾਂ ਵਲੋਂ ਜ਼ਰੂਰੀ ਜਾਣਕਾਰੀ ਨਾਲ ਭਰਿਆ ਜਾਣਾ ਹੈ। ਦੂਜੇ ਪਾਸੇ ਸ਼ਮੂਲੀਅਤ ਵਾਲੀਆਂ ਜਮਾਤਾਂ ਇਕ ਅਜਿਹਾ ਵਾਤਾਵਰਨ ਹੁੰਦੀਆਂ ਹਨ ਜਿੱਥੇ ਅਧਿਆਪਕ ਤੇ ਵਿਦਿਆਰਥੀ ਸਿੱਖਣ ਵਾਲਿਆਂ ਨੂੰ ਸਹਾਇਤਾ ਤੇ ਅਗਵਾਈ ਦਿੰਦੇ ਹਨ, ਉਹ ਵੀ ਸਕੂਲ ਵਿਚ ਅਤੇ ਜਿੱਥੇ ਅਧਿਆਪਕ ਤੇ ਵਿਦਿਆਰਥੀ ਵੱਖ-ਵੱਖ ਯੋਗਤਾ ਵਾਲੇ ਸਾਥੀਆਂ ਦੇ ਯੋਗਦਾਨ ਦਾ ਲਾਹਾ ਲੈਂਦਿਆਂ ਪਾਠਕ੍ਰਮ ਦੀ ਖੋਜ ਪੜਤਾਲ ਕਰਦੇ ਹਨ। ਸ਼ਮੂਲੀਅਤ ਦੀ ਭਾਵਨਾ ਵਾਲੇ ਅਧਿਆਪਕ ਕਠੋਰ, ਕਿਤਾਬਾਂ ਅਤੇ ਬੁਨਿਆਦੀ ਪੜ੍ਹਾਈ ਤੋਂ ਲਗਾਤਾਰ ਹਟ ਕੇ ਸਹਿਯੋਗੀ ਅਧਿਆਪਨ, ਸਮਗਰੀ ਭਾਸ਼ਾ, ਵਿਸ਼ਾ ਆਧਾਰਤ ਪੜ੍ਹਾਈ, ਆਲੋਚਨਾਤਮਕ ਸੋਚ, ਸਮੱਸਿਆ ਦੇ ਹੱਲ ਤੇ ਅਸਲ ਸਮੀਖਿਆ ਵੱਲ ਮੋੜਾ ਪਾ ਰਹੇ ਹਨ।

ਵੱਖ-ਵੱਖ ਲੋੜਾਂ ਅਸਲ ਵਿਚ ਇਕ ਚੁਨੌਤੀ ਹਨ। ਪਰ ਇਹ ਸਿੱਖਿਆ ਨੂੰ ਅਮੀਰ ਬਣਾਉਣ ਅਤੇ ਸਮਾਜਿਕ ਸੰਬੰਧਾਂ ਲਈ ਇਕ ਮੌਕਾ ਵੀ ਹਨ; ਪ੍ਰਣਾਲੀ ਅਤੇ ਸੰਸਥਾਨ ਲਈ ਸਿੱਖਿਆ ਸੰਬੰਧੀ ਚੁਨੌਤੀ, ਬਜਾਇ ਕਿ ਇਕ ਨਿੱਜੀ ਸਮੱਸਿਆ। ਇਸ ਚੁਨੌਤੀ ਦਾ ਸਾਹਮਣਾ ਕਰਨ ਦਾ ਮਤਲਬ ਹੈ ਪ੍ਰਣਾਲੀ ਅਤੇ ਸਕੂਲਾਂ ਵਿਚ ਸੁਧਾਰ ਅਤੇ ਜਮਾਤ ਦੀਆਂ ਸਰਗਰਮੀਆਂ ਦਾ ਪੁਨਰਗਠਨ ਤਾਂ ਕਿ ਸਿਖਿਆਰਥੀ ਮੌਕਿਆਂ ਦਾ ਲਾਹਾ ਲੈ ਸਕਣ ਅਤੇ ਸਾਰੇ ਅਧਿਆਪਕ ਉਨ੍ਹਾਂ ਦੀ ਉਸਾਰੀ ਕਰ ਸਕਣ। ਜੇ ਸ਼ਮੂਲੀਅਤ ਵਾਲੀ ਸਿੱਖਿਆ ਨੇ ਅਸਲ ਵਿਚ ਸਭਨਾਂ ਲਈ ਸਿੱਖਿਆ ਵਾਸਤੇ ਯੋਗਦਾਨ ਪਾਉਣਾ ਹੈ ਤਾਂ ਇਹ ਅਹਿਮ ਹੋ ਜਾਂਦਾ ਹੈ ਕਿ ਨਵੀਆਂ ਮੰਗਾਂ, ਚੁਨੌਤੀਆਂ, ਮੁਸ਼ਕਲਾਂ, ਦੁਵਿਧਾ ਅਤੇ ਤਣਾਅ ਨੂੰ ਧਿਆਨ ਵਿਚ ਰੱਖਿਆ ਜਾਵੇ ਜੋ ਇਸ ਚੁਨੌਤੀ ਕਾਰਨ ਪੈਦਾ ਹੋਣਗੇ।

ਸਕੂਲਾਂ ਨੂੰ ਸਮਾਜਿਕ ਅਨੁਭਵਾਂ ਦੇ ਵਿਸ਼ਾਲ ਖੇਤਰ ਵਜੋਂ ਮਾਨਤਾ ਦੇਣ ਦੀ ਲੋੜ ਹੈ ਜੋ ਵਿਸ਼ਵ ਦੇ ਨੌਜਵਾਨ ਨਾਗਰਿਕਾਂ ਨੂੰ ਤਿਆਰ ਕਰਦੇ ਹਨ। ਇਸ ਸੰਦਰਭ ਵਿਚ, ਇਕ ਜ਼ਿਆਦਾ ਸਹਿਨਸ਼ੀਲ ਅਤੇ ਬਹੁਲਵਾਦੀ ਵਿਸ਼ਵ ਸਮਾਜ ਸਿਰਜਣ ਲਈ 'ਸ਼ਮੂਲੀਅਤ' ਹੀ ਇਕ ਮਾਤਰ ਹੱਲ ਦਿਖਾਈ ਦਿੰਦਾ ਹੈ। ਸਕੂਲਾਂ ਦੀਆਂ ਜ਼ਿੰਮੇਵਾਰੀਆਂ ਜਟਿਲ ਅਤੇ ਆਪਾ ਵਿਰੋਧੀ ਹਨ, ਜੋ ਸੱਭਿਆਚਾਰਕ ਬਦਲਾਅ ਲਈ ਉਨ੍ਹਾਂ ਦੀਆਂ ਸੱਭਿਅਤਾਵਾਂ ਅਤੇ ਮੁਕਾਬਲੇਬਾਜ਼ੀ ਦੀ ਉਪਜ ਹਨ। ਇਸੇ ਕਰਕੇ ਹੀ ਸ਼ਮੂਲੀਅਤ ਵਾਲੀ ਸਿੱਖਿਆ ਲਈ ਕਿਸੇ ਵੀ ਅੰਦੋਲਨ ਵਿਚ ਸਥਾਨਕ ਸਮਾਜ ਦਾ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਸਿਖਿਆਰਥੀਆਂ ਦੀ ਵਿਭਿੰਨਤਾ ਆਪਣੇ ਆਪ ਵਿਚ ਸਿੱਖਣ ਦਾ ਇਕ ਅਮੀਰ ਸਰੋਤ ਹੈ। ਸਾਥੀਆਂ ਵਲੋਂ ਪੜ੍ਹਾਈ ਅਤੇ ਸਹਿਯੋਗ ਬੱਚਿਆਂ ਨੂੰ ਸਿੱਖਣ ਵਾਲੇ ਸਮਾਜ ਦੇ ਸਰੋਤ ਵਜੋਂ ਵਿਚਰਨ ਲਈ ਤਿਆਰ ਕਰਦੇ ਹਨ। ਸਾਰੇ ਹੀ ਸਿਖਿਆਰਥੀ ਬੱਚਿਆਂ ਬਾਰੇ ਉਨ੍ਹਾਂ ਦੇ ਮਾਪਿਆਂ ਕੋਲ ਗਹਿਰੀ ਜਾਣਕਾਰੀ ਹੁੰਦੀ ਹੈ ਅਤੇ ਇਹ ਬੱਚਿਆਂ ਤੇ ਖ਼ਾਸ ਕਰਕੇ ਨੌਜਵਾਨਾਂ ਲਈ ਲਾਹੇਵੰਦ ਹੋ ਸਕਦੀ ਹੈ ਜਿਨ੍ਹਾਂ ਦੀ ਸਿੱਖਿਆ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ, ਜਿਵੇਂ ਕਿ ਕਿਸੇ ਅਪੰਗਤਾ ਵਾਲੇ ਸਿਖਿਆਰਥੀ। ਇਸ ਪ੍ਰਕਾਰ ਸਾਰੇ ਹੀ ਭਾਈਚਾਰਿਆਂ ਅੰਦਰ ਸਿੱਖਣ ਦੇ ਮੌਕੇ ਹੁੰਦੇ ਹਨ ਜਿਨ੍ਹਾਂ ਦਾ ਸਿੱਖਿਆ ਲਈ ਲਾਭ ਉਠਾਇਆ ਜਾ ਸਕਦਾ ਹੈ।

## ਭਵਿੱਖੀ ਰਾਹ

ਭਾਵੇਂ ਕਿ ਸ਼ਮੂਲੀਅਤ ਬਹੁਤ ਹੀ ਦਿਲਕਸ਼ ਦਰਸ਼ਨ ਹੈ, ਪਰ ਜਿਸ ਦੀ ਪੇਸ਼ੇਵਰ ਵਿਅਕਤੀ ਨਾਲ ਗੱਲ ਕੀਤੀ ਗਈ ਉਹ ਇਸ ਨਾਲ ਸਹਿਮਤ ਸਨ ਕਿ ਇਹ ਪ੍ਰਥਾ ਸਕੂਲ ਤੋਂ ਅਤੇ ਅਧਿਆਪਕ ਤੋਂ ਅਧਿਆਪਕ ਤਕ ਵੱਖ-ਵੱਖ ਹੈ। ਭਾਵੇਂ ਕਿ 'ਕੋਈ ਵੀ ਯੋਜਨਾ ਸਾਰਿਆਂ 'ਤੇ ਲਾਗੂ ਨਹੀਂ ਹੁੰਦੀ' ਦੀ ਧਾਰਨਾ ਮੌਜੂਦ ਹੈ, ਪਰ ਕੁੱਝ ਅਜਿਹੀਆਂ ਅਧਿਆਪਨ ਰਣਨੀਤੀਆਂ ਹਨ ਜੋ ਆਮ ਸਿੱਖਿਆ ਜਮਾਤਾਂ ਦੇ ਸਾਰੇ ਵਿਦਿਆਰਥੀਆਂ ਦੀਆਂ ਸਿੱਖਿਆ, ਸਮਾਜਿਕ ਅਤੇ ਪੜ੍ਹਾਈ ਸੰਬੰਧੀ ਲੋੜਾਂ ਪੂਰੀਆਂ ਕਰਦੀਆਂ ਹਨ। ਇਹ ਰਣਨੀਤੀਆਂ ਜ਼ਰੂਰੀ ਹਨ ਤਾਂ ਕਿ ਸ਼ਮੂਲੀਅਤ ਵਿਚਾਰਧਾਰਕ ਅਤੇ ਕਦਰਾਂ ਕੀਮਤਾਂ ਵਾਲੇ ਪਹਿਲੂ ਤੋਂ ਜਮਾਤ ਦੀਆਂ ਪ੍ਰਥਾਵਾਂ ਵੱਲ ਪੁਲਾਂਘ ਭਰ ਸਕੇ।

## ਸ਼ਮੂਲੀਅਤ ਵਿਚ ਭਿੰਨਤਾ ਦਾ ਪ੍ਰਬੰਧ

ਸ਼ਮੂਲੀਅਤ ਦੀ ਸਫਲਤਾ ਜਮਾਤ ਦੇ ਅਧਿਆਪਕ ਦੇ ਹੱਥਾਂ ਵਿਚ ਹੈ ਜੋ ਸਿੱਖਿਆ ਵਿਚ ਬਦਲਾਅ ਅਤੇ ਸਕੂਲ ਸੁਧਾਰ ਦੀ ਅੰਤਮ ਕੁੰਜੀ ਹੈ। ਉਹ ਨਿਰਮਿਤ ਸਿੱਖਿਆ ਹਕੀਕਤਾਂ ਨੂੰ ਲਾਗੂ ਕਰਨ ਵਿਚ ਮੋਹਰੀ ਹੁੰਦਾ ਹੈ। ਇਸ ਦੇ ਲਈ ਰਵੱਈਏ ਵਿਚ ਬਦਲਾਅ ਦੀ ਲੋੜ ਹੈ ਜਿਸ ਨਾਲ ਮੱਤਭੇਦਾਂ ਦੇ ਚਲਦਿਆਂ ਵੀ, ਸਮਾਜ ਦੇ ਸਾਰੇ ਮੈਂਬਰਾਂ ਦਾ ਮਾਣ ਸਤਿਕਾਰ ਹੋਣਾ ਚਾਹੀਦਾ ਹੈ। ਅਧਿਆਪਕਾਂ ਨੂੰ ਇਹ ਯਕੀਨ ਕਰਨਾ ਹੋਵੇਗਾ ਕਿ ਸਾਰੇ ਵਿਦਿਆਰਥੀ ਸਿੱਖ ਸਕਦੇ ਹਨ ਅਤੇ ਭਿੰਨਤਾ ਵਾਲੇ ਸਿਖਿਆਰਥੀਆਂ ਦੀ ਸਿੱਖਿਆ ਲਈ ਯੋਜਨਾਬੰਦੀ ਕਰਨੀ ਚਾਹੀਦੀ ਹੈ। ਇਹ ਜ਼ਰੂਰੀ ਹੈ ਕਿ ਅਧਿਆਪਕ, ਜਗਤ ਵਿਚ ਭਿੰਨਤਾ ਵਾਲੇ ਸਿਖਿਆਰਥੀਆਂ ਨੂੰ ਦਾਖ਼ਲ ਕਰਨ, ਮਾਨਤਾ ਦੇਣ ਅਤੇ ਉਨ੍ਹਾਂ ਨਾਲ ਘੁਲ-ਮਿਲ ਜਾਣ, ਮਤਲਬ ਉਨ੍ਹਾਂ ਨੂੰ ਮੱਤਭੇਦ ਸਵੀਕਾਰ ਕਰਕੇ ਬਰਾਬਰਤਾ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ।



ਇਸ ਕਰਕੇ ਕਿਸੇ ਵੀ ਜਮਾਤ ਵਿਚ ਪ੍ਰਭਾਵੀ ਅਧਿਆਪਨ ਰਣਨੀਤੀਆਂ ਦੀ ਮੰਗ ਕਰਦਾ ਹੈ ਜੋ ਵੱਖ-ਵੱਖ ਪਿੱਠ-ਭੂਮੀਆਂ, ਲੋੜਾਂ ਅਤੇ ਤਾਕਤਾਂ ਵਾਲੇ ਵੱਖ-ਵੱਖ ਸਿਖਿਆਰਥੀਆਂ ਨੂੰ ਆਪਣੀ ਬੁੱਕਲ ਵਿਚ ਲੈ ਸਕਣ। ਮੇਰੇ ਵਿਚਾਰ ਵਿਚ ਇਹ ਰਣਨੀਤੀਆਂ ਜਮਾਤ ਵਿਚ ਤਿੰਨ ਗੰਭੀਰ ਖੇਤਰਾਂ ਦੇ ਮਸਲੇ ਹੱਲ ਕਰਦੀਆਂ ਹਨ :

- ਸਿੱਖਣ ਦਾ ਸੰਦਰਭ
- ਸਿੱਖਣ ਦੀ ਸਮੱਗਰੀ
- ਅਧਿਆਪਨ, ਸਿੱਖਣ ਦੀਆਂ ਪ੍ਰਕਿਰਿਆਵਾਂ।

## ਸਿੱਖਣ ਦਾ ਸੰਦਰਭ

ਜੇ ਸ਼ਮੂਲੀਅਤ ਨੂੰ ਦੋਪਾਸੀ ਪ੍ਰਕਿਰਿਆ ਵਜੋਂ ਵੇਖਣਾ ਹੋਵੇ ਜੋ ਭਾਗੀਦਾਰੀ ਵਧਾਉਂਦੀ ਹੈ ਅਤੇ ਉਨ੍ਹਾਂ ਰੁਕਾਵਟਾਂ ਨੂੰ ਘੱਟ ਜਾਂ ਦੂਰ ਕਰਦੀ ਹੈ ਜੋ ਸਿਖਿਆਰਥੀਆਂ ਦੀ ਭਾਗੀਦਾਰੀ ਅਤੇ ਸਿਖਲਾਈ ਦੇ ਰਾਹ ਵਿਚ ਰੋੜਾ ਹਨ, ਤਾਂ ਸਿੱਖਣ ਦੇ ਸੰਦਰਭ ਦੀ ਯੋਜਨਾਬੰਦੀ ਇਕ ਅਹਿਮ ਪੱਖ ਹੈ। ਇਸ ਵਿਚ ਨਾ ਸਿਰਫ਼ ਵਾਤਾਵਰਨਕ ਸੁਧਾਰ ਹੀ ਸ਼ਾਮਿਲ ਹਨ, ਜਿਵੇਂ ਭੌਤਿਕ ਪ੍ਰਬੰਧ, ਕਮਰੇ ਵਿਚ ਤਬਦੀਲੀਆਂ ਜਿਵੇਂ ਕਿ ਖ਼ਾਸ ਥਾਵਾਂ 'ਤੇ ਜੰਗਲੇ ਲਾਉਣੇ, ਵ੍ਹੀਲ ਚੇਅਰ ਵਾਸਤੇ ਫਰਸ਼ ਦਾ ਪੁਨਰ ਪ੍ਰਬੰਧਨ ਆਦਿ, ਸਗੋਂ ਮੁੱਖ-ਧਾਰਾ ਦੇ ਸਕੂਲਾਂ ਵਿਚ ਪ੍ਰਚਲਤ ਕਠੋਰ ਅਕਾਦਮਿਕ ਪਹਿਲੂਆਂ ਤੋਂ ਹਟਣਾ ਵੀ ਸ਼ਾਮਿਲ ਹੈ ਜਿਥੇ ਅਕਾਦਮਿਕ ਕਾਰਗੁਜ਼ਾਰੀ ਦਾ ਪੈਮਾਨਾ ਅਹਿਮ ਤੱਤ ਹੁੰਦਾ ਹੈ। ਸ਼ਮੂਲੀਅਤ ਵਾਲੇ ਵਾਤਾਵਰਨ, ਜਿਥੇ ਭਾਈਚਾਰੇ ਅਤੇ ਵਿਸ਼ਵਾਸ ਦੀ ਮਹਾਨ ਧਾਰਨਾ ਮੌਜੂਦ ਹੁੰਦੀ ਹੈ ਕਿਉਂਕਿ ਵੱਖ-ਵੱਖ ਉਮਰ ਵਰਗ ਦੇ ਬੱਚੇ ਸਹਿਯੋਗ ਦੇ ਵਾਤਾਵਰਨ ਵਿਚ ਕੰਮ ਕਰਦੇ ਹਨ ਬਜਾਇ ਕਿ ਮੁਕਾਬਲੇਬਾਜ਼ੀ ਦੇ, ਇਸ ਤੋਂ ਇਹ ਸਬੂਤ ਮਿਲਦਾ ਹੈ ਕਿ ਸਾਵਧਾਨੀ ਨਾਲ ਯੋਜਨਾਬੱਧ ਵਾਤਾਵਰਨ ਜਿਸ ਵਿਚ ਪ੍ਰਸੰਗਿਕ ਸਮੱਗਰੀ ਅਤੇ ਸਿਖਿਆਰਥੀਆਂ ਲਈ ਅਨੁਭਵ ਹੋਣ, ਸਾਰੇ ਬੱਚਿਆਂ ਲਈ ਬਹੁਤ ਜ਼ਰੂਰੀ ਹਨ।

ਇਹ ਮਹੱਤਵਪੂਰਨ ਹੈ ਕਿ ਆਮ ਬੱਚੇ ਇਸ ਗੱਲ ਨੂੰ ਸਵੀਕਾਰ ਕਰਨ ਕਿ ਸਮਾਜਿਕ ਹੁਨਰ ਅਤੇ ਸਾਥੀਆਂ ਨਾਲ ਸੰਬੰਧ ਅਕਾਦਮਿਕ ਪ੍ਰਾਪਤੀਆਂ ਨਾਲੋਂ ਜੇ ਜ਼ਿਆਦਾ ਮਹੱਤਵਪੂਰਨ ਨਹੀਂ ਤਾਂ ਘੱਟੋ-ਘੱਟ ਬਰਾਬਰ ਜ਼ਰੂਰ ਹਨ। ਮੁੱਖ-ਧਾਰਾ ਦੇ ਸਕੂਲਾਂ ਵਿਚ ਸਹਿਯੋਗੀ ਸਿਖਲਾਈ ਸਮੂਹਾਂ ਦੁਆਰਾ ਵਿਸ਼ਵਾਸ ਅਤੇ ਪਰਸਪਰ ਸਾਥੀਆਂ ਦੇ ਸਹਿਯੋਗ ਦਾ ਵਾਤਾਵਰਨ ਵਧਾਉਣ ਲਈ ਅਧਿਆਪਨ ਰਣਨੀਤੀਆਂ ਬਹੁਤ ਸਫਲਤਾ ਨਾਲ ਕੰਮ ਕਰਦੀਆਂ ਹਨ। ਵਿਦਿਆਰਥੀ ਨਾ ਕੇਵਲ ਸਮੱਗਰੀ ਬਾਰੇ ਇਕ ਦੂਜੇ ਨੂੰ ਦੱਸਦੇ ਹਨ ਸਗੋਂ ਆਪਣੇ ਤਜ਼ਰਬੇ ਸਾਂਝੇ ਕਰਦੇ ਹਨ, ਵੱਖ-ਵੱਖ ਦ੍ਰਿਸ਼ਟੀਕੋਨ ਪੇਸ਼ ਕਰਦੇ ਹਨ ਅਤੇ ਪਰਸਪਰ ਸਹਾਇਤਾ ਕਰਦੇ ਹਨ। ਸਮੂਹਾਂ ਦੀ ਗਿਣਤੀ ਕੋਈ ਵੀ ਹੋ ਸਕਦੀ ਹੈ, ਮਤਲਬ ਵਿਦਿਆਰਥੀ ਮਿਸ਼ਰਤ ਯੋਗਤਾ ਵਲੇ ਦੋ ਜਾਂ ਵੱਧ ਗਿਣਤੀ ਵਾਲੇ ਸਮੂਹਾਂ ਵਿਚ ਕੰਮ ਕਰ ਸਕਦੇ ਹਨ ਜਿਸ ਵਿਚ ਹਰੇਕ ਮੈਂਬਰ ਨੂੰ ਇਕ ਖ਼ਾਸ ਭੂਮਿਕਾ ਦਿੱਤੀ ਜਾਂਦੀ ਹੈ, ਉਦਾਹਰਣ ਵਜੋਂ ਸਮੇਂ ਦਾ ਹਿਸਾਬ ਰੱਖਣ ਵਾਲਾ ਅਤੇ ਪੇਸ਼ਕਾਰ ਆਦਿ। ਇਸ ਪ੍ਰਕਾਰ, ਸਹਿਯੋਗੀ ਸਿਖਲਾਈ ਦਾ ਨਤੀਜਾ ਇਹ ਹੁੰਦਾ ਹੈ ਕਿ ਜਮਾਤਾਂ ਮੁਕਾਬਲੇਬਾਜ਼ੀ ਦੀਆਂ ਥਾਵਾਂ ਨਹੀਂ ਬਣਦੀਆਂ ਜਿਥੇ ਦੂਜਿਆਂ ਨੂੰ ਪਛਾੜ ਕੇ ਵਿਦਿਆਰਥੀ ਆਪਣੇ ਆਪ ਨੂੰ ਸਾਬਤ ਕਰਦੇ ਹਨ, ਪਰ ਇਕ ਅਜਿਹਾ ਵਾਤਾਵਰਨ ਬਣਦਾ ਹੈ ਜਿਸ ਵਿਚ ਵਿਦਿਆਰਥੀ ਇਕ ਦੂਜੇ ਦੀ ਮਦਦ ਕਰਦੇ ਹਨ ਅਤੇ ਇਕ ਦੂਜੇ ਨੂੰ ਨਿਖਾਰਦੇ ਹਨ।



## ਸਿੱਖਣ ਦੀ ਸਮੱਗਰੀ

ਗੁਣਵੱਤਾ ਦੀ ਪੜ੍ਹਾਈ ਦੇ ਟੀਚੇ ਨੂੰ ਪ੍ਰਾਪਤ ਕਰਨ ਦੀ ਬਜਾਇ ਅਕਸਰ ਆਦਰਸ਼ ਬਣਾਇਆ ਜਾਂਦਾ ਹੈ, ਕਿਉਂਕਿ ਅਧਿਆਪਕ ਪ੍ਰਭਾਵੀ ਸਿੱਖਿਆ ਦੇਣ ਲਈ ਸੰਘਰਸ਼ ਕਰਦੇ ਹਨ। ਹੁਣ ਤਕ ਅਧਿਆਪਕ ਔਸਤ ਦੇ ਚੱਕਰਾਂ 'ਤੇ ਹੀ ਆਧਾਰਤ ਰਿਹਾ ਹੈ ਜਿਸ ਦਾ ਮਤਲਬ ਇਹ ਹੈ ਕਿ ਕੁਝ ਵਿਦਿਆਰਥੀ ਪੜ੍ਹਾਈ ਵਿਚ ਨਹੀਂ ਚੱਲਦੇ, ਕਈਆਂ ਨੂੰ ਪੜ੍ਹਾਈ 'ਬਹੁਤ ਸੌਖੀ' ਅਤੇ ਨੀਰਸ ਲਗਦੀ ਹੈ। ਜਮਾਤ ਵਿਚ ਭਿੰਨ ਲੋੜਾਂ ਪੂਰੀਆਂ ਕਰਨ ਲਈ ਪੜ੍ਹਾਈ ਦੇ ਵੱਖ-ਵੱਖ ਤਰੀਕਿਆਂ ਦੀ ਯੋਜਨਾਬੰਦੀ ਕਰਨੀ ਚਾਹੀਦੀ ਹੈ ਜੋ ਨਿੱਜੀ ਵਿਦਿਆਰਥੀਆਂ ਦੀ ਸਿੱਖਣ ਸਮਰੱਥਾ 'ਤੇ ਆਧਾਰਤ ਹੋਵੇ। ਵੱਖ-ਵੱਖ ਜਮਾਤਾਂ ਸਿੱਖਣ ਦੇ ਬਹੁਤ ਸਾਰੇ ਵਿਕਲਪ ਪ੍ਰਦਾਨ ਕਰਦੀਆਂ ਹਨ ਜਿਨ੍ਹਾਂ ਦੁਆਰਾ ਹੇਠਾਂ ਦਿੱਤੇ ਬਿੰਦੂਆਂ ਰਾਹੀਂ ਅਮਲ ਕਰਕੇ ਵਿਦਿਆਰਥੀਆਂ ਦੀ ਯੋਗਤਾ ਨੂੰ ਨਿਖਾਰਿਆ ਜਾ ਸਕਦਾ ਹੈ :

- ਵਿਦਿਆਰਥੀਆਂ ਲਈ ਪਾਠਕ੍ਰਮ ਦੀ ਪੜਚੋਲ ਕਰਨ ਦੇ ਕਈ ਤਰੀਕੇ
- ਕਈ ਪ੍ਰਕਾਰ ਦੀਆਂ ਸਰਗਰਮੀਆਂ ਜਿਨ੍ਹਾਂ ਰਾਹੀਂ ਵਿਦਿਆਰਥੀ ਵੱਖ-ਵੱਖ ਪ੍ਰਕਾਰ ਦੀ ਜਾਣਕਾਰੀ ਅਤੇ ਵਿਚਾਰ ਸਮਝ ਕੇ ਗ੍ਰਹਿਣ ਕਰ ਸਕਦੇ ਹਨ
- ਉਹ ਵਿਕਲਪ ਜਿਨ੍ਹਾਂ ਦੁਆਰਾ ਵਿਦਿਆਰਥੀ ਉਹ ਪੇਸ਼ ਕਰ ਸਕਦੇ ਹਨ ਜੋ ਉਨ੍ਹਾਂ ਨੇ ਸਿੱਖਿਆ ਹੈ (ਮਤਲਬ, ਵਿਦਿਆਰਥੀਆਂ ਦੇ ਤਰਜੀਹੀ ਸਿਖਲਾਈ ਤਰੀਕੇ – ਲਿਖਤੀ/ਜ਼ੁਬਾਨੀ ਜਾਂ ਵਿਕਲਪਿਕ ਵਾਧੇ ਵਾਲੀਆਂ ਸੰਚਾਰ ਪ੍ਰਣਾਲੀਆਂ 'ਤੇ ਆਧਾਰਿਤ ਤਰਜੀਹੀ ਉਤਸਾਹਿਤ ਹੁੰਘਾਰੇ ਦੇ ਤਰੀਕੇ ਦਾ ਵਿਕਾਸ ਕਰਨਾ) ਇਕ ਜਮਾਤ ਵਿਚ ਵਿਦਿਆਰਥੀਆਂ ਦੀਆਂ ਭਿੰਨ ਸਿੱਖਿਆ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਤਰੀਕਿਆਂ, ਜੋ ਵੱਖ-ਵੱਖ ਪੜ੍ਹਾਈ 'ਤੇ ਕੇਂਦਰਿਤ ਹਨ, ਨੂੰ ਇਕਹਿਰੇ ਪਾਠ ਤੋਂ ਪਰੇ ਜਾਣਾ ਹੋਵੇਗਾ ਅਤੇ ਅਧਿਆਪਕਾਂ ਨੂੰ ਲਚਕ ਪ੍ਰਦਾਨ ਕਰਨੀ ਹੋਵੇਗੀ ਜਿਵੇਂ ਕਿ ਸਿੱਖਣ ਦੇ ਉਦੇਸ਼ ਅਤੇ ਪੜ੍ਹਾਈ ਦੀ ਰਫ਼ਤਾਰ। ਉਹ ਪੜ੍ਹਾਈ ਜੋ ਧਾਰਨਾ ਕੇਂਦਰਿਤ ਅਤੇ ਸਿਧਾਂਤ ਆਧਾਰਿਤ ਕੰਮ ਦੇ ਮੁੱਲੰਕਣ ਦਾ ਇਸਤੇਮਾਲ ਕਰਦੀ ਹੈ (ਹਰੇਕ ਪੜਾਅ ਜਾਂ ਹੁਨਰ ਦਾ ਨਿਖੇੜਾ, ਜਿਸ ਵਿਚ

ਜ਼ਰੂਰੀ ਅਨੁਕੂਲਨ ਹੋਵੇ), ਇਸ ਦਾ ਫ਼ਾਇਦਾ ਨਾ ਕੇਵਲ ਅਪੰਗਤਾ ਵਾਲੇ ਬੱਚਿਆਂ ਨੂੰ ਹੁੰਦਾ ਹੈ, ਸਗੋਂ ਜਮਾਤ ਦੇ ਦੂਜੇ ਵਿਦਿਆਰਥੀਆਂ ਲਈ ਮਿੱਥੇ ਟੀਚੇ ਪ੍ਰਾਪਤ ਕਰਨ ਵਿਚ ਵੀ ਸਹਾਈ ਹੁੰਦਾ ਹੈ।

## ਪੜ੍ਹਾਉਣ ਤੇ ਸਿੱਖਣ ਦੀਆਂ ਪ੍ਰਕਿਰਿਆਵਾਂ

ਸ਼ਮੂਲੀਅਤ ਦਾ ਮਤਲਬ ਇਹ ਨਹੀਂ ਕਿ ਸਾਰੇ ਬੱਚਿਆਂ ਨੂੰ ਆਮ ਜਮਾਤਾਂ ਦੇ ਕਮਰੇ ਵਿਚ ਬਿਠਾ ਦਿੱਤਾ ਜਾਵੇ ਜਿਥੇ ਉਨ੍ਹਾਂ ਦੇ ਦਿਮਾਗ਼ ਵਿਚ ਪਹਿਲਾਂ ਸੋਚੀ ਗਈ ਜਾਣਕਾਰੀ ਭਰੀ ਜਾਵੇ। ਜਾਣਕਾਰੀ ਹਾਸਲ ਕਰਨਾ ਸਰਗਰਮੀ ਹੈ ਨਾ ਕਿ ਗ਼ੈਰ ਸਰਗਰਮੀ। ਇਸ ਵਿਚ ਬਦਲਾਅ ਆਉਣਾ ਜ਼ਰੂਰੀ ਹੈ ਜਿਸ ਵਾਸਤੇ ਸਿਖਿਆਰਥੀ ਦੀ ਭਾਈਵਾਲੀ ਦੀ ਲੋੜ ਹੈ। ਇਕ ਸ਼ਮੂਲੀਅਤ ਵਾਲੇ ਜਮਾਤ ਦੇ ਕਮਰੇ ਵਿਚ ਨਾਲੋ-ਨਾਲ ਕਈ ਸਰਗਰਮੀਆਂ ਵਾਪਰਨਗੀਆਂ। ਇਸ ਲਈ ਪੜ੍ਹਾਉਣ ਦੀ ਪ੍ਰਕਿਰਿਆ ਅਧਿਆਪਕ ਮੁਖੀ ਨਾ ਹੋ ਕੇ ਸਿਖਆਰਥੀ ਮੁਖੀ ਹੋਣੀਆਂ ਜ਼ਰੂਰੀ ਹਨ। ਵਿਦਿਆਰਥੀਆਂ ਨੂੰ 'ਸਰਗਰਮ ਖੋਜਕਾਰ' ਬਣਨਾ ਹੋਵੇਗਾ ਅਤੇ ਇਸ ਦੇ ਲਈ ਪ੍ਰੇਰਣਾਦਾਇਕ ਸੋਚ ਦੀ ਰਣਨੀਤੀ ਨੂੰ ਉਤਸਾਹਿਤ ਕਰਨਾ ਪੜ੍ਹਾਉਣ ਦਾ ਬਹੁਤ ਹੀ ਮਹੱਤਵਪੂਰਨ ਢੰਗ ਹੈ।

ਇਸ ਰਣਨੀਤੀ ਦੀ ਵਰਤੋਂ ਲਈ ਅਧਿਆਪਕ ਨੂੰ ਸਾਰੇ ਵਿਦਿਆਰਥੀਆਂ ਨੂੰ ਪ੍ਰਸੰਗਿਕ ਤਜ਼ਰਬਿਆਂ, ਨਿਯਮਾਂ ਅਤੇ ਸਿਧਾਂਤਾਂ ਦੇ ਮੁੱਲੰਕਣ ਦੀ ਖੋਜਕਾਰੀ ਸਿਖਲਾਈ ਦੁਆਰਾ ਸਿਖਲਾਈ ਪ੍ਰਦਾਨ ਕਰਨ ਦੀ ਲੋੜ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਿੱਖਿਆ, ਖੋਜ ਅਤੇ ਸਿਖਲਾਈ ਬਾਰੇ ਰਾਸ਼ਟਰੀ ਕੌਂਸਲ ਵਲੋਂ ਹਾਲ ਹੀ ਵਿਚ ਪਾਠਕ੍ਰਮ ਅਨੁਕੂਲਨ, ਸ਼ਮੂਲੀਅਤ ਵਾਲੇ ਅਧਿਆਪਨ ਅਤੇ ਅਪੰਗਤਾ ਵਾਲੇ ਬੱਚਿਆਂ ਲਈ ਸ਼ਮੂਲੀਅਤ ਵਾਲੀਆਂ ਜਮਾਤਾਂ ਵਿਚ ਮੁੱਲੰਕਣ ਦੀ ਲਚਕ ਨੂੰ ਕਿਵੇਂ ਅਪਣਾਇਆ ਜਾਵੇ, ਇਸ ਬਾਰੇ ਮਿਸਾਲੀ ਸਮੱਗਰੀ ਵਿਕਸਤ ਕੀਤੀ ਗਈ ਹੈ। ਇਹ ਸਮੱਗਰੀ ਇਕ ਅਜਿਹੀ ਪਹਿਲ 'ਤੇ ਆਧਾਰਿਤ ਹੈ ਜਿਸ ਵਿਚ ਅਧਿਆਪਕ ਜਮਾਤ ਦੇ ਸਾਰੇ ਬੱਚਿਆਂ ਨੂੰ ਅਰਥ ਭਰਪੂਰ ਸਿੱਖਣ ਦੇ ਤਜਰਬੇ ਪ੍ਰਦਾਨ ਕਰਦਾ ਹੈ ਅਤੇ ਸਾਦਾ ਭਾਸ਼ਾ ਅਤੇ ਹਾਵ-ਭਾਵ ਦੀ ਵਰਤੋਂ ਕਰਦਾ ਹੈ ਜੋ ਸਾਰੇ ਬੱਚਿਆਂ ਦੀ ਸਮਝ ਵਿਚ ਆਉਂਦੇ ਹਨ। ਇਸ ਸਮੱਗਰੀ ਵਿਚ ਬਹੁਤ ਸਾਰੀਆਂ ਉਦਾਹਰਣਾਂ ਸ਼ਾਮਿਲ ਹਨ ਜੋ ਦਰਸਾਉਂਦੀਆਂ ਹਨ ਕਿ ਸ਼ਮੂਲੀਅਤ ਵਾਲੀਆਂ ਜਮਾਤਾਂ ਵਿਚ ਮੌਜੂਦਾ ਪੜ੍ਹਾਈ ਦੇ ਤਰੀਕਿਆਂ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ ਤੇ ਸਿੱਖਣ ਦੀਆਂ ਪ੍ਰਕਿਰਿਆਵਾਂ ਵਿਚ ਸਰਗਰਮ ਸ਼ਿਰਕੱਤ ਲਈ ਕਿਵੇਂ ਮਦਦ ਕੀਤੀ ਜਾ ਸਕਦੀ ਹੈ। ਸਰਬ ਸਿੱਖਿਆ ਅਭਿਆਨ ਤਹਿਤ 1.5 ਲੱਖ ਮੁੱਖ-ਧਾਰਾ ਦੇ ਅਧਿਆਪਕਾਂ ਨੂੰ ਪਹਿਲਾਂ ਹੀ ਇਸ ਮਿਸਾਲੀ ਸਮੱਗਰੀ ਬਾਰੇ ਸਿਖਲਾਈ ਦਿੱਤੀ ਜਾ ਚੁੱਕੀ ਹੈ।

## ਭਵਿੱਖ ਦੇ ਕਦਮ : ਅਧਿਆਪਕ ਸਮਰੱਥਾ ਦਾ ਨਿਰਮਾਣ

ਸ਼ਮੂਲੀਅਤ ਵਾਲੀ ਸਿੱਖਿਆ ਵਿਚ ਕੇਵਲ ਅਧਿਆਪਕਾਂ ਦੀਆਂ ਕਦਰਾਂ ਕੀਮਤਾਂ, ਰਵੱਈਆ, ਪੇਸ਼ੇਵਰ ਮੁਹਾਰਤ ਅਤੇ ਜਾਣਕਾਰੀ ਵਿਚ ਲਗਾਤਾਰ ਬਦਲਾਅ ਹੀ ਸ਼ਾਮਿਲ ਨਹੀਂ, ਪਰ ਉਹ ਵੀ ਸ਼ਾਮਿਲ ਹਨ ਜੋ ਇਨ੍ਹਾਂ ਦੀ ਸਿਖਲਾਈ ਅਤੇ ਸਹਾਇਤਾ ਲਈ ਜ਼ਿੰਮੇਵਾਰ ਹਨ। 'ਬਦਲਾਵਾਂ ਦੇ ਬਦਲਾਅ' ਨਾਲ ਨਜਿੱਠਣ ਲਈ ਸਾਰੇ ਹੀ ਸਿੱਖਿਆ ਨਾਲ ਜੁੜੇ ਵਿਅਕਤੀਆਂ ਦੇ ਪੇਸ਼ੇਵਰ ਵਿਕਾਸ ਲਈ ਇਕ ਨਿਰੰਤਰ ਤੇ ਠੋਸ ਪ੍ਰੋਗਰਾਮ ਦੀ ਜ਼ਰੂਰਤ ਹੈ। ਕਿਉਂਕਿ ਅਧਿਆਪਕ ਇਹ ਇਨਕਲਾਬੀ ਬਦਲਾਅ ਲਿਆਉਣ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹੋਵੇਗਾ, ਯਥਾਰਥ ਵਿਚ ਇਹ ਅਹਿਮ ਹੋ ਜਾਂਦਾ ਹੈ ਕਿ ਲੋੜੀਂਦੀ ਸਮਰੱਥਾ ਦੇ ਵਿਕਾਸ ਅਤੇ ਸ਼ਮੂਲੀਅਤ ਵਾਲੀ ਸਿੱਖਿਆ ਨੂੰ ਸੱਚ ਕਰਨ ਲਈ ਸਾਵਧਾਨੀ ਨਾਲ ਯੋਜਨਾਬੰਦੀ ਕੀਤੀ ਜਾਵੇ।

ਭਾਵੇਂ ਕਿ ਸਿੱਖਿਆ ਸ਼ਾਸ਼ਤਰੀ ਸਿੱਖਿਆ ਲਈ ਸਿੱਖਿਆਰਥੀ ਮੁਖੀ ਪਹਿਲ ਦੀ ਵਕਾਲਤ ਕਰਦੇ ਹਨ, ਪਰ ਪੜ੍ਹਾਉਣ ਦੇ ਤਰੀਕੇ ਅਤੇ ਅਧਿਆਪਕਾਂ ਦੀ ਸਿੱਖਿਆ ਲਈ ਵਰਤੇ ਗਏ ਢੰਗ ਇਸ ਪ੍ਰਤਿਬਧਤਾ ਦੇ ਦਾਅਵਿਆਂ ਨੂੰ ਖਾਰਜ ਕਰਦੇ ਹਨ ਅਤੇ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਲੇ ਅਸੰਤੁਸ਼ਟ ਹੋ ਸਕਦੇ ਹਨ। ਅਧਿਆਪਕ ਸਿੱਖਿਆ ਦੇ ਬਹੁਤ ਸਾਰੇ ਕੋਰਸਾਂ ਵਿਚ ਸ਼ਮੂਲੀਅਤ ਨੂੰ ਵਾਧੂ ਦਾ ਵਿਸ਼ਾ ਸਮਝਿਆ ਜਾਂਦਾ ਹੈ, ਜੋ ਆਮ ਤੌਰ ਤੇ ਅਪੰਗਤਾ ਵਾਲੇ ਵਿਦਿਆਰਥੀਆਂ ਜਾਂ 'ਵਿਸ਼ੇਸ਼ ਸਿੱਖਿਆ ਕੋਰਸਾਂ' ਵਾਲੇ ਸਿਖਿਆਰਥੀਆਂ ਨਾਲ ਜੋੜ ਦਿੱਤਾ ਜਾਂਦਾ ਹੈ, ਬਜਾਇ ਕਿ ਇਸ ਪਹਿਲਕਦਮੀ ਨੂੰ ਸਾਰੇ ਕੋਰਸਾਂ ਅਤੇ ਵਿਦਿਆਰਥੀਆਂ ਵਿਚ ਪ੍ਰਚੱਲਤ ਕਰਨ ਦੇ ਲਿੰਗ, ਨਸਲ, ਭਾਸ਼ਾ ਦਾ ਫ਼ਰਕ ਆਦਿ ਜਿਹੇ ਮੁੱਦਿਆਂ ਨੂੰ ਚੁੱਪਚਾਪ ਲਾਂਭੇ ਕਰ ਦਿੱਤਾ ਜਾਂਦਾ ਹੈ। ਆਮ ਅਤੇ ਵਿਸ਼ੇਸ਼ ਸਿੱਖਿਆ ਕੋਰਸਾਂ ਬਾਰੇ ਸਵੈ-ਮੰਥਨ ਕਰਨ ਦੀ ਤੁਰੰਤ ਲੋੜ ਹੈ ਤਾਂ ਕਿ ਇਕ ਗਤੀਸ਼ੀਲ 'ਸ਼ਮੂਲੀਅਤ ਵਾਲੇ ਸਿੱਖਿਆ ਕੋਰਸਾਂ' ਲਈ ਰਾਹ ਪੱਧਰਾ ਕੀਤਾ ਜਾ ਸਕੇ ਜੋ ਮੌਜੂਦਾ ਚੁਨੌਤੀਆਂ ਦਾ ਮੁਕਾਬਲਾ ਕਰ ਸਕੇ।

ਨਿਰੰਤਰ ਤੇ ਵਿਆਪਕ ਮੁੱਲੰਕਣ (ਸੀ ਸੀ ਈ) ਦੀ ਨਵੀਂ ਪਹਿਲਕਦਮੀ ਇਸ ਦਿਸ਼ਾ ਵੱਲ ਇਕ ਹਾਂ ਪੱਖੀ ਕਦਮ ਹੈ। ਸੀ ਸੀ ਈ ਵਿਦਿਆਰਥੀਆਂ ਦੇ ਸਕੂਲ ਆਧਾਰਤ ਮੁੱਲੰਕਣ ਦੀ ਇਕ ਅਜਿਹੀ ਪ੍ਰਣਾਲੀ ਹੈ ਜੋ ਵਿਦਿਆਰਥੀ ਦੇ ਵਿਕਾਸ ਦੇ ਸਾਰੇ ਪੱਖਾਂ ਨੂੰ ਦਾਇਰੇ ਵਿਚ ਲਿਆਉਂਦੀ ਹੈ। ਇਹ ਦੋ ਪਰਤੀ ਉਦੇਸ਼ਾਂ 'ਤੇ ਜ਼ੋਰ ਦਿੰਦੀ ਹੈ। ਇਹ ਉਦੇਸ਼ ਹਨ – ਮੁੱਲੰਕਣ ਦੀ ਨਿਰੰਤਰਤਾ ਅਤੇ ਬੱਚੇ ਦੀ ਸਿਖਿਆਤਮਕ ਪ੍ਰਕਿਰਿਆ ਦੇ ਸਾਰੇ ਪੱਖਾਂ ਦੀ ਸਮੀਖਿਆ। ਬੱਚਿਆਂ ਦੇ ਪਛਾਣੇ ਹੋਏ ਵਾਧੇ ਅਤੇ ਵਿਕਾਸ ਦੇ ਪੱਖਾਂ ਦਾ ਮੁੱਲੰਕਣ ਇਕ ਨਿਰੰਤਰ ਪ੍ਰਕਿਰਿਆ ਹੈ, ਨਾ ਕਿ ਇਕ ਸਾਲਾਨਾ ਜਾਂ ਛਿਮਾਹੀ ਇਮਤਿਹਾਨ ਜੋ ਇਕ ਵਿਸ਼ੇਸ਼ ਨਿਰਧਾਰਤ ਸਮੇਂ ਬਾਅਦ ਲਏ ਜਾਂਦੇ ਹਨ। ਦੂਜੇ ਸ਼ਬਦ 'ਵਿਆਪਕਤਾ' ਦਾ ਮਤਲਬ ਹੈ ਕਿ ਇਹ ਪ੍ਰਕਿਰਿਆ ਵਿਦਿਆਰਥੀਆਂ ਦੇ ਵਾਧੇ ਤੇ ਵਿਕਾਸ ਦੇ ਸਕੂਲੀ ਅਤੇ ਸਹਿ-ਸਕੂਲੀ ਪੱਖਾਂ ਨੂੰ ਵੀ ਦਾਇਰੇ ਹੇਠ ਲਿਆਉਂਦੀ ਹੈ।

ਵਿਦਿਆਰਥੀਆਂ ਨੂੰ ਸ਼ਮੂਲੀਅਤ ਵਾਲੇ ਢਾਂਚੇ ਵਿਚ ਸਿੱਖਿਅਤ ਕਰਨਾ ਉਦੋਂ ਹੀ ਸਫਲ ਹੋਵੇਗਾ ਜਦੋਂ ਇਹ ਸਿੱਖਿਆ ਦੇ ਤੌਰ ਤੇ ਬਰਾਬਰੀ ਵਾਲਾ ਹੋਵੇਗਾ ਅਤੇ ਜਦੋਂ ਧਿਆਨ ਦਾ ਕੇਂਦਰ ਸਾਰੇ ਹੀ ਸਿਖਿਆਰਥੀਆਂ ਨੂੰ ਸ਼ਾਮਿਲ ਕਰਕੇ ਸਿੱਖਿਆ ਦੇ ਵੱਖ-ਵੱਖ ਤਰੀਕੇ ਇਸਤੇਮਾਲ ਕਰਕੇ ਸਿੱਖਿਅਤ ਕਰਨਾ ਹੋਵੇਗਾ : ਸਵਾਲ ਜਵਾਬ, ਸ਼ੋਧ, ਸਹਿਯੋਗੀ ਸਿੱਖਿਆ, ਨਿੱਜੀ ਆਸਾਂ ਅਤੇ ਤਰਕਵਾਦੀ ਸੋਚ ਅਪਣਾ ਕੇ ਸਿੱਖਿਆ ਦੇਣਾ – ਜਿਨ੍ਹਾਂ ਨੂੰ ਆਮ ਕਰਕੇ ਬਿਹਤਰੀਨ ਤਰੀਕੇ ਕਿਹਾ ਜਾਂਦਾ ਹੈ। ਸਕੂਲ ਵਿਚ ਹਰੇਕ ਬੱਚੇ ਨੂੰ ਪਾਠਕ੍ਰਮ, ਕਿਤਾਬਾਂ ਅਤੇ ਅਧਿਆਪਨ ਸਿੱਖਣ ਸਮੱਗਰੀ ਤਕ, ਉਸੇ ਦੀਆਂ ਸਿੱਖਿਆ ਲੋੜਾਂ ਮੁਤਾਬਕ ਸਿੱਖ ਣ ਸਮੱਗਰੀ ਪ੍ਰਦਾਨ ਕੀਤੀ ਜਾਵੇ।

*(ਲੇਖਿਕਾ ਇਨਕਲਿਊਸਿਵ ਐਜੂਕੇਸ਼ਨ ਫਾਰ ਰਾਈਟ ਟੂ ਐਜੂਕੇਸ਼ਨ ਅਤੇ ਸਰਵ ਸਿੱਖਿਆ ਅਭਿਆਨ ਲਈ ਰਾਸ਼ਟਰੀ ਪੱਧਰ ਉਤੇ ਮੁੱਖ ਸਲਾਕਾਰ ਹੈ।)*

*e-mail :iedtsgssa@gmail.com*

# ਹਾਸ਼ੀਏ 'ਤੇ ਪਈਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਸਿੱਖਿਆ - ਮੁੱਦੇ, ਚੁਨੌਤੀਆਂ ਅਤੇ ਅਗਲੇਰਾ ਰਾਹ

ਐਸ ਸ੍ਰੀਨਿਵਾਸ ਰਾਓ

ਸਿੱਖਿਆ ਉਹ ਸਾਧਨ ਹੈ ਜਿਸ ਰਾਹੀਂ ਸਾਡੇ ਵਰਗੇ ਆਧੁਨਿਕ ਸਮਾਜਾਂ ਵਿਚ ਵਿਅਕਤੀ ਅਤੇ ਸ਼੍ਰੇਣੀਆਂ ਸਮਾਜਕ ਗੀਤਸ਼ੀਲਤਾ ਹਾਸਲ ਕਰਦੇ ਹਨ। ਇਹ ਉਸ ਸਮਾਜਕ ਸਿਲਸਿਲੇ ਨੂੰ ਮੁੜ ਸੰਗਠਿਤ ਕਰਨ ਦਾ ਵੀ ਵਸੀਲਾ ਹੈ ਜੋ ਕਿ ਆਮ ਤੌਰ ਤੇ ਸ਼੍ਰੇਣੀਬਧ ਹੈ ਅਤੇ ਜਿਥੇ ਨਬਰਾਬਰੀਆਂ ਸਰਬ-ਵਿਆਪਕ ਹਨ। ਇਤਿਹਾਸਕ ਰੂਪ ਵਿਚ ਅਤੇ ਲਾਜ਼ਮੀ ਤੌਰ ਤੇ ਜਾਤ ਪ੍ਰਥਾ ਦੀਆਂ ਲੀਹਾਂ ਉਤੇ ਉਸਾਰੇ ਭਾਰਤੀ ਸਮਾਜ ਵਿਚਜਾਤ-ਪਾਤ ਦੇ ਆਧਾਰ 'ਤੇ ਅਜਿਹੀਆਂ ਸਮਾਜਕ ਨਾਬਰਾਬਰੀਆਂ ਇਕ ਹਕੀਕਤ ਹਨ। ਆਰਥਿਕ ਵਸੀਲਿਆਂ ਸਮਾਜਕ ਰੁੱਤਬੇ, ਰਾਜਸੀ ਸ਼ਮੂਲੀਅਤ ਅਤੇ ਵਿੱਦਿਅਕ ਮੌਕਿਆਂ ਦੇ ਪ੍ਰਸੰਗ ਵਿਚ ਕੁਝ ਇਕ ਜਾਤਾਂ ਵਿਸ਼ੇਸ਼ ਸਹੂਲਤਾਂ ਦੀਆਂ ਹੱਕਦਾਰ ਹਨ ਜਦ ਕਿ ਕੁਝ ਹੋਰ ਇਸ ਤੋਂ ਵਾਂਝੀਆਂ ਹਨ। ਅਨੁਸੂਚਿਤ ਜਾਤੀਆਂ ਅਜਿਹੀ ਮੁਥਾਜ ਸ਼੍ਰੇਣੀ ਹੈ ਜੋ ਰਵਾਇਤੀ ਕਿੱਤਾਮੁਖੀ ਸਿਲਸਿਲੇ ਵਿਚ ਸਭ ਤੋਂ ਨੀਵੇਂ ਪੱਧਰ 'ਤੇ ਕਾਰਜਸ਼ੀਲ ਹੈ ਅਤੇ ਜਿਸ ਨੂੰ ਦਿਹਾਤੀ ਸਮੁਦਾਇ ਜਾਂ ਆਮ ਸਮਾਜ ਦੀਆਂ ਸਮਾਜਕ ਹੱਦਬੰਦੀਆਂ ਤੋਂ ਬਾਹਰ ਜਿਹਾ ਸਮਝਿਆ ਜਾਂਦਾ ਹੈ। ਭਾਰਤੀ ਸਮਾਜ ਵਿਚ ਵੱਡੇ ਪੱਧਰ ਉਤੇ ਹਾਸ਼ੀਏ 'ਤੇ ਪਈ ਦੂਜੀ ਸ਼੍ਰੇਣੀ ਅਨੁਸੂਚਿਤ ਜਨਜਾਤੀ ਹੈ ਜੋ ਆਪਣੇ ਅਦੁੱਤੀ ਸਭਿਆਚਾਰ, ਸਮਾਜਕ ਰਿਵਾਜਾਂ, ਭਾਸ਼ਾਵਾਂ ਅਤੇ ਜਿਊਣ ਢੰਗਾਂ ਨਾਲ ਦੂਰ-ਦੁਰਾਡੇ ਦੇ ਜੰਗਲਾਂ, ਪਹਾੜਾਂ ਅਤੇ ਹੋਰ ਸਥਾਨਾਂ ਉਤੇ ਰਹਿੰਦੇ ਹੋਏ ਸਮਾਜ ਦੀ ਮੁੱਖ ਧਾਰਾ ਅਤੇ ਸਥਾਪਤ ਸਿਵਲ ਸਮਾਜਾਂ ਤੋਂ ਭੂਗੋਲਿਕ ਤੌਰ ਤੇ ਵੱਖਰਤਾ ਹੰਢਾਉਂਦੇ ਹਨ। ਸਮਾਜ ਦੀਆਂ ਬਾਕੀ ਸ਼੍ਰੇਣੀਆਂ ਤੋਂ ਵੱਖਰਾ ਜਿਊਣ ਢੰਗ ਰੱਖਣ ਵਾਲੇ ਇਹ ਲੋਕ ਆਪਣੇ ਜੀਵਨ ਵਿਚ ਆਲੇ-ਦੁਆਲੇ ਦੀ ਕੁਦਰਤ ਨਾਲ ਅਨੋਖੇ ਢੰਗ ਨਾਲ ਜੁੜੇ ਹੋਏ ਹਨ ਪਰ ਭੂਗੋਲਿਕ ਵੱਖਰਤਾ ਕਾਰਨ ਇਹ ਵਿਕਸਤ ਹੋ ਰਹੇ ਭਾਰਤੀ ਸਮਾਜ ਦੇ ਸਮਾਜਕ, ਆਰਥਿਕ, ਰਾਜਸੀ ਅਤੇ ਵਿੱਦਿਅਕ ਦੌੜ ਵਿਚ ਬਰਾਬਰੀ ਦਾ ਹਿੱਸ ਨਹੀਂ ਲੈ ਸਕੇ।

ਨਤੀਜੇ ਵਜੋਂ ਇਹ ਜਾਤੀਆਂ ਅਤੇ ਜਨਜਾਤੀਆਂ ਕਈ ਦਹਾਕਿਆਂ ਅਤੇ ਸਦੀਆਂ ਤਕ ਸਮਾਜਕ, ਆਰਥਿਕ ਅਤੇ ਵਿੱਦਿਅਕ ਵਿਕਾਸ ਦੇ ਹਾਸ਼ੀਏ ਉਤੇ ਪਏ ਅਧੀਨਤਾ ਅਤੇ ਮੁਥਾਜੀ ਵਾਲੀ ਜ਼ਿੰਦਗੀ ਜਿਊਂਦੇ ਰਹੇ। ਭਾਵੇਂ ਇਹ ਮੰਨਣਾ ਹੋਵੇਗਾ ਕਿ ਸੁਤੰਤਰਤਾ ਤੋਂ ਬਾਅਦ ਇਹ ਲੋਕ-ਰਾਜੀ ਸਮਾਜ ਕਾਇਮ ਕਰਦਿਆਂ ਅਤੇ ਬਿਨਾਂ ਕਿਸੇ ਸਮਾਜਕ ਧੜੇਬੰਦੀ ਜਾਂ ਹੋਰ ਪੱਖ-ਪਾਤਾਂ ਦੇ ਹਰ ਨਾਗਰਿਕ ਨੂੰ ਬਰਾਬਰ ਦਾ ਹੱਕ ਦੇਣ ਦੇ ਸੰਕਲਪ ਸਦਕਾ, ਵਿੱਦਿਆ ਸਮੇਤ, ਸਮਾਜਕ ਜੀਵਨ ਦੇ ਹਰ ਖੇਤਰ ਵਿਚ ਅਜਿਹੇ ਲੋਕਾਂ ਦੀ ਭਾਗੀਦਾਰੀ ਵਧੀ ਹੈ। ਪਰ ਮੁੱਖ ਧਾਰਾ ਵਾਲੇ ਸਮਾਜਕ ਧੜਿਆਂ ਦੇ ਇਤਿਹਾਸਕ ਤੌ+ ਤੇ ਲਾਭ ਵਾਲੀ ਸਥਿਤੀ ਵਿਚ ਹੋਣ ਕਾਰਨ ਮੁਥਾਜ ਜਾਤੀਆਂ ਤੇ ਜਨਜਾਤੀਆਂ ਦਾ ਸਮਾਜਕ ਅਤੇ ਵਿੱਦਿਅਕ ਖੇਤਰ ਵਿਚ ਸ਼ਮੂਲੀਅਤ ਦਾ ਪੱਧਰ ਮੁਕਾਬਲਤਨ ਘੱਟ ਹੈ।

## ਮੁੱਦੇ

ਮੁਥਾਜ ਸ਼੍ਰੇਣੀਆਂ ਵਲੋਂ ਕਈ ਤਰ੍ਹਾਂ ਨਾਲ ਵਿੱਦਿਅਕ ਤਰੱਕੀ ਹਾਸਲ ਕੀਤੇ ਜਾਣ ਦੇ ਬਾਵਜੂਦ, ਇਹ ਬਹੁਤ ਸਾਰੇ ਖੇਤਰਾਂ ਵਿਚ ਪਿੱਛੇ ਹਨ ਜੋ ਕਿ ਉਨ੍ਹਾਂ ਦੇ ਵਿੱਦਿਅਕ ਵਿਕਾਸ ਅਤੇ ਸਮਾਜਕ ਗਤੀਸ਼ੀਲਤਾ ਅਮਲ ਵਿਚ ਪੱਛੜੇ ਰਹਿਣ ਦਾ ਕਾਰਨ ਹੈ ਪਰ ਵਿੱਦਿਆ ਦੇ ਦੋ ਖੇਤਰਾਂ ਵਿਚ ਹਿੱਸੇਦਾਰੀ ਕਰਨ ਵਿਚ ਇਨ੍ਹਾਂ ਸ਼੍ਰੇਣੀਆਂ ਨੇ ਸ਼ਾਨਦਾਰ ਤਰੱਕੀ ਦਿਖਾਈ ਹੈ। ਮੁੱਢਲੀ ਸਿੱਖਿਆ ਵਿਚ ਸੰਗਠਿਤ ਅਤੇ ਰਸਮੀ ਵਿੱਦਿਆ ਦੀ ਸ਼ੁਰੂਆਤ ਵਿਚ ਇਨ੍ਹਾਂ ਦੀ ਗਿਣਤੀ ਸਭ ਹੱਕ-ਸਹੂਲਤਾਂ ਹਾਸਲ ਉੱਚ ਸਮਾਜਕ ਸ਼੍ਰੇਣੀ ਦੇ ਬਰਾਬਰ ਰਹਿੰਦੀ ਹੈ ਭਾਵੇਂ ਪੰਜਵੀਂ ਜਮਾਤ ਤਕ ਪਹੁੰਚਦੇ-ਪਹੁੰਚਦੇ ਇਸ ਵਿਚਕਮੀ ਦਰਜ਼ ਹੋਣ ਲਗਦੀ ਹੈ। ਮਿਸਾਲ ਦੇ ਤੌਰ ਤੇ 2014 ਵਿਚ ਵਿੱਦਿਅਕ ਯੋਜਨਾਬੰਦੀ ਅਤੇ ਸ਼ਾਸਨ ਬਾਰੇ ਰਾਸ਼ਟਰੀ ਯੂਨੀਵਰਸਟੀ ਵਲੋਂ ਛਾਪੀ ਗਈ 'ਸਭਨਾਂ ਲਈ ਸਿੱਖਿਆ : ਪਿਆਰ ਅਤੇ ਬਰਾਬਰੀ ਵੱਲ' ਨਾਂ ਦੀ ਰਿਪੋਰਟ ਵਿਚ ਦੱਸਿਆ ਗਿਆ ਕਿ 2000-2001 ਅਤੇ 2013-14 ਦੇ ਸਮੇਂ ਦੌਰਾਨ ਅਨੁਸੂਚਿਤ ਜਾਤੀ ਦੇ ਬੱਚਿਆਂ ਦਾ ਮੁੱਢਲੀ ਵਿੱਦਿਆ ਵਿਚ ਦਾਖ਼ਲਾ 21.3 ਮਿਲੀਅਨ ਤੋਂ ਵਧ ਕੇ 26.3 ਮਿਲੀਅਨ ਹੋ ਗਿਆ, ਭਾਵ ਇਕ ਦਹਾਕੇ ਵਿਚ 24.1 ਪ੍ਰਤਿਸ਼ਤ ਦਾ ਵਾਧਾ ਦਰਜ ਹੋਇਆ। ਇੰਜ ਹੀ ਇਸੇ ਸਮੇਂ ਦੌਰਾਨ ਅਨੁਸੂਚਿਤ ਜਨਜਾਤੀਆਂ ਦੇ ਬੱਚਿਆਂ ਦੇ ਮੁੱਢਲੀ ਸਿੱਖਿਆ ਵਿਚ ਦਾਖ਼ਲਾ 11 ਮਿਲੀਅਨ ਤੋਂ ਵਧ ਕੇ 24.7 ਮਿਲੀਅਨ 'ਤੇ ਪਹੁੰਚ ਗਿਆ ਜੋ ਕਿ 33.6 ਪ੍ਰਤਿਸ਼ਤ ਬਣਦਾ ਹੈ। ਮੁੱਢਲੀ ਸਿੱਖਿਆ ਦੇ ਪੱਧਰ ਉਤੇ ਵੀ ਉਕਤ ਦੋਵੇਂ ਸ਼੍ਰੇਣੀਆਂ ਨੇ ਦਾਖ਼ਲੇ ਵਿਚ ਵਾਧਾ ਦਰਜ ਕਰਾਇਆ (ਐਸ ਸੀ 6.7 ਮਿਲੀਅਨ ਤੋਂ 12.9 ਅਤੇ ਐੱਸ ਟੀ 3.1 ਮਿਲੀਅਲ ਤੋਂ 6.5 ਮਿਲੀਅਨ)।

ਪੂਰੀ ਐਲੀਮੈਂਟਰੀ ਸਿੱਖਿਆ ਦੇ ਪ੍ਰਸੰਗ ਵਿਚ ਕੁੱਲ ਦਾਖ਼ਲਾ ਦਰਾਂ ਵਿਚ ਵੱਡਾ ਵਾਧਾ ਹੋਇਆ ਹੈ। ਅਨੁਸੂਚਿਤ ਜਾਤਾਂ ਦੇ ਮਾਮਲੇ ਵਿਚ ਇਹ 2000 ਤੋਂ 2001 ਵਿਚ 86.8 ਪ੍ਰਤਿਸ਼ਤ ਤੋਂ 2013-14 ਵਿਚ 107.7 ਪ੍ਰਤਿਸ਼ਤ ਸੀ ਜਦ ਕਿ ਅਨੁਸੂਚਿਤ ਜਨਜਾਤੀਆਂ ਦਰਮਿਆਨ ਇਸੇ ਸਮੇਂ ਵਿਚ ਇਹ 88 ਪ੍ਰਤਿਸ਼ਤ ਤੋਂ ਵਧ ਕੇ 105.52 ਪ੍ਰਤਿਸ਼ਤ ਹੋ ਗਈ। ਭਾਵੇਂ ਇਸ ਵਾਧੇ

ਦਾ ਇਕ ਕਾਰਨ ਕਿਸੇ ਵਿਸ਼ੇਸ਼ ਵਿੱਦਿਅਕ ਸ਼੍ਰੇਣੀ ਵਿਚ ਘੱਟ ਜਾਂ ਵੱਧ ਉਮਰ ਦੇ ਬੱਚਿਆਂ ਨੂੰ ਦਾਖ਼ਲ ਕਰਨ ਵੀ ਸੀ। ਦਿਲਚਸਪੀ ਵਾਲੀ ਗੱਲ ਹੈ ਕਿ ਰਿਪੋਰਟ ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਦਾਖ਼ਲਾ ਦਰ ਵਿਚ ਵਾਧਾ ਦਰਜ ਹੋਇਆ। ਪਰ ਅਨੁਸੂਚਿਤ ਜਨਜਾਤੀਆਂ ਦਰਮਿਆਨ 2000-2001 ਤੋਂ 2013-14 ਦਰਮਿਆਨ ਲੜਕਿਆਂ ਦੇ ਦਾਖ਼ਲੇ ਵਿਚ 2.5 ਪ੍ਰਤਿਸ਼ਤ ਦੀ ਕਮੀ ਦਰਜ ਹੋਈ ਭਾਵੇਂ ਲੜਕੀਆਂ ਦਾ ਦਾਖ਼ਲਾ ਪ੍ਰਤਿਸ਼ਤ 26.4 ਪ੍ਰਤਿਸ਼ਤ ਵਧਿਆ ਜੋ ਕੁੱਲ ਮਿਲਾ ਕੇ ਇਕ ਚੰਗਾ ਸੰਕੇਤ ਹੈ।

ਪਰ ਪੜ੍ਹਾਈ ਵਿਚਾਲੇ ਛੱਡ ਦੇਣ ਦੇ ਅੰਕੜਿਆਂ ਨੂੰ ਦੇਖੀਏ ਤਾਂ ਇਹ ਖ਼ੁਸ਼ੀ ਖਤਮ ਹੋ ਜਾਂਦੀ ਹੈ। ਸਾਰੀਆਂ ਸਮਾਜਕ ਸ਼੍ਰੇਣੀਆਂ ਦੇ ਬੱਚਿਆਂ ਦਰਮਿਆਨ 2008-09 ਵਿਚ ਇਹ ਦਰ 42.3 ਪ੍ਰਤਿਸ਼ਤ ਸੀ ਜਦ ਕਿ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਵਿਚ ਇਹ ਦਰ 47.9 ਪ੍ਰਤਿਸ਼ਤ ਅਤੇ ਅਨੁਸੂਚਿਤ ਜਨਜਾਤੀਆਂ ਦੇ ਬੱਚਿਆਂ ਵਿਚ ਇਹ ਦਰ 58.3 ਪ੍ਰਤਿਸ਼ਤ ਸੀ। ਭਾਵ ਇਹ ਕਿ ਐਲੀਮੈਂਟਰੀ ਸਕੂਲ ਵਿਚ ਦਾਖ਼ਲ ਹੋਣ ਵਾਲੇ ਬੱਚਿਆਂ ਵਿਚੋਂ ਇਸ ਵਿੱਦਿਅਕ ਸ਼੍ਰੇਣੀ ਦੀ ਪੜ੍ਹਾਈ ਪੂਰੀ ਕਰਨ ਤਕ ਲਗਭਗ 50 ਪ੍ਰਤਿਸ਼ਤ ਜਾਂ ਇਸ ਤੋਂ ਵੱਧ ਬੱਚੇ ਪੜ੍ਹਾਈ ਵਿਚਾਲੇ ਹੀ ਛੱਡ ਜਾਂਦੇ ਹਨ। ਮੂਲ ਸਿੱਖਿਆ ਦੀ ਸਰਬ-ਵਿਆਪਕਤਾ ਦੀ ਸਫਲਤਾ ਦੇ ਟੀਚੇ ਨੂੰ ਹਾਸਲ ਕਰਨ ਵਿਚ ਇਹ ਵੱਡੀ ਰੁਕਾਵਟ ਹੈ। ਸਿੱਖਿਆ ਦੇ ਅਗਲੇਰੇ ਪੱਧਰਾਂ 'ਤੇ ਪਹੁੰਚਣ ਵਾਲੇ ਬੱਚਿਆਂ ਦਰਮਿਆਨ ਪੜ੍ਹਾਈ ਵਿਚਾਲੇ ਛੱਡ ਜਾਣ ਜਾਂ ਜਾਰੀ ਰੱਖਣ ਦਾ ਮੁੱਦਾ ਬਣਿਆ ਰਹਿੰਦਾ ਹੈ। ਭਾਵ ਇਹ ਕਿ ਸਕੂਲ ਵਿਚ ਦਾਖ਼ਲ ਹੋਣ ਭਾਵੇਂ ਬੱਚਿਆਂ ਤੇ ਮਾਪਿਆਂ ਲਈ ਖ਼ੁਸ਼ੀ ਵਾਲੀ ਗੱਲ ਹੋਵੇ ਪਰ ਸਿੱਖਿਆ ਦਾ ਕੋਈ ਮਾਣਯੋਗ ਪੱਧਰ ਹਾਸਲ ਕਰਨ ਦੀ ਦਿਲਚਸਪੀ ਉਨ੍ਹਾਂ ਵਿਚ ਉਨੀ ਨਜ਼ਰ ਨਹੀਂ ਆਉਂਦੀ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਬੱਚਿਆਂ ਦੀ ਪੜ੍ਹਾਈ ਦੇ ਪ੍ਰਸੰਗ ਵਿਚ ਇਸ ਦਾ ਭਾਵ ਇਹ ਹੈ ਕਿ ਉਹ ਵਧੇਰੇ ਕਰਕੇ ਗ਼ੈਰ-ਸਾਖਰ ਜਾਂ ਮਾੜੇ ਢੰਗ ਨਾਲ ਸਾਖਰ ਰਹਿਣਗੇ ਅਤੇ ਵਿੱਦਿਆ ਅਤੇ ਵਿਕਾਸ ਦਾ ਲਾਹਾ ਨਹੀਂ ਲੈ ਸਕਣਗੇ। ਦੂਜੀਆਂ ਉੱਚ ਸਮਾਜਕ ਸ਼੍ਰੇਣੀਆਂ ਦੇ ਇਤਿਹਾਸਕ ਫ਼ਾਇਦੇ ਦੀ ਸਥਿਤੀ ਵਿਚ ਹੋਣ ਕਾਰਨ ਸਾਖਰਤਾ ਅਤੇ ਵਿੱਦਿਅਕ ਖੇਤਰ ਵਿਚ ਅੱਗੇ ਹੋਣ ਸਦਕਾ ਉਹ ਪਹਿਲਾਂ ਹੀ ਵਿਕਾਸ ਦੀ ਤੇਜ਼ ਰਾਹ 'ਤੇ ਚੱਲ ਰਹੇ ਹਨ ਅਤੇ ਅਨੁਸੂਚਿਤ ਜਾਤੀਆਂ ਅਤੇ ਅਨਸੂਚਿਤ ਜਨਜਾਤੀਆਂ ਦੇ ਅੱਗੋਂ ਹੋਰ ਮਾੜੀ ਸਥਿਤੀ ਵਿਚ ਚਲੇ ਜਾਣ ਦਾ ਖਦਸ਼ਾ ਬਣਿਆ ਹੋਇਆ ਹੈ। ਕਿਹਾ ਜਾ ਸਕਦਾ ਹੈ ਕਿ ਹਾਸ਼ੀਏ 'ਤੇ ਪਈਆਂ ਸਮਾਜਕ ਸ਼੍ਰੇਣੀਆਂ ਦੀਆਂ ਵਿੱਦਿਅਕ ਸਫਲਤਾਵਾਂ ਵਿਚ ਨਾਂਮਾਤਰ ਦੇ ਸੁਧਾਰਾਂ ਦੇ ਨਤੀਜੇ ਵਜੋਂ ਸਮਾਜਕ ਨਾਬਰਾਬਰੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ।

## ਚੁਨੌਤੀਆਂ

ਭਾਵੇਂ ਅਪਰੇਸ਼ਨ ਬਲੈਕ ਬੋਰਡ (ਓ ਬੀ ਬੀ) ਰਾਸ਼ਟਰੀ ਸਾਖਰਤਾ ਮੁਹਿੰਮਾਂ (ਐਨ ਐਲ ਸੀਜ਼) ਜ਼ਿਲ੍ਹਾ ਮੁੱਢਲੀ ਵਿੱਦਿਆ ਪ੍ਰੋਗਰਾਮ ਅਤੇ ਸਰਬ-ਸਿੱਖਿਆ ਅਭਿਆਨ ਜਿਹੇ ਪ੍ਰੋਗਰਾਮਾਂ ਦੀ ਬਦੌਲਤ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਬੱਚਿਆਂ ਦੀ ਸਰੀਰਕ ਅਤੇ ਸਮਾਜਕ ਤੌਰ ਤੇ ਸਿੱਖਿਆ ਤਕ ਪਹੁੰਚ ਕਾਫੀ ਹੱਦ ਤਕ ਬਣੀ ਹੈ ਪਰ ਸਕੂਲ ਅਜੇ ਵੀ ਉਨ੍ਹਾਂ ਲਈ ਟਿਕਣ ਲਈ ਮਨ-ਭਾਉਂਦੇ ਸਥਾਨ ਨਹੀਂ ਬਣ ਸਕੇ ਅਤੇ ਉਹ ਵਿੱਦਿਆ ਦੇ ਮੂਲ ਪੱਧਰਾਂ ਨੂੰ ਵੀ ਪੂਰਾ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ। ਸਕੂਲ ਅਜੇ ਬੱਚਿਆਂ ਖ਼ਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਬੱਚਿਆਂ ਨੂੰ ਬਰਾਬਰੀ ਦਾ ਵਿੱਦਿਅਕ ਅਨੁਭਵ ਦੇਣ ਦੇ ਕੇਂਦਰ ਵਜੋਂ ਰੁਪਾਂਤਰਿਤ ਨਹੀਂ ਹੋਏ। ਗਰੀਬੀ, ਸਮਾਜਕ ਸ਼੍ਰੇਣੀ ਜਾਤ ਅਤੇ ਸਮਾਜਕ ਸ਼ਨਾਖਤ ਜਿਹੇ ਕਾਰਨ ਵੱਖ-ਵੱਖ ਸਮਾਜਕ ਪਿਛੋਕੜਾਂ ਦੇ ਬੱਚਿਆਂ ਅਤੇ ਅਧਿਆਪਕਾਂ ਅਤੇ ਪਾੜ੍ਹਿਆਂ ਅਤੇ ਬੱਚੇ ਦੇ ਮਾਪਿਆਂ ਦਰਮਿਆਨ ਨਾਬਰਾਬਰੀ ਦੇ ਪਾੜ ਨੂੰ ਵੱਡਾ ਕਰਦੇ ਹਨ। ਇਸ ਤੱਥ ਤੋਂ ਇਲਾਵਾ, ਅਧਿਆਪਕਾਂ ਦਾ ਬੇਰੁਖੀ ਤੇ ਵਖਰੇਵੇਂ ਵਾਲਾ ਵਿਉਹਾਰ ਇਨ੍ਹਾਂ ਸਮੁਦਾਇਆਂ ਦੇ ਬੱਚਿਆਂ ਨੂੰ ਪੜ੍ਹਨ ਲਈ ਸਕੂਲ ਆਉਣ ਤੋਂ ਵਰਜਦਾ ਹੈ।

ਅਧਿਐਨਾਂ ਰਾਹੀਂ ਅਧਿਆਪਕਾਂ ਵਲੋਂ ਇਨ੍ਹਾਂ ਸਮੁਦਾਇਆਂ ਦੇ ਬੱਚਿਆਂ ਨੂੰ ਬੇਅਕਲ, ਨਿਕੰਮੇ ਅਤੇ ਸਿੱਖਿਆ ਗਿਆਨ ਦੇ ਨਾਕਾਬਲ ਸਮਝਦਿਆਂ ਪੱਖਪਾਤ ਵਾਲਾ ਦ੍ਰਿਸ਼ਟੀਕੋਣ ਰਖਿਆ ਜਾਂਦਾ ਹੈ ਅਤੇ ਇਨ੍ਹਾਂ ਬੱਚਿਆਂ ਨੂੰ ਆਪਣੀਆਂ ਪਰੰਪਰਕ ਨੀਵੇਂ ਕਿੱਤੇ ਕਰਨ ਦੇ ਕਾਬਲ ਅਤੇ ਜੰਗਲਾਂ ਅਤੇ ਪਹਾੜਾਂ ਵਿਚ ਰਹਿਣ ਦੇ ਯੋਗ ਹੀ ਸਮਝਿਆ ਜਾਂਦਾ ਹੈ। ਕੁਝ ਖੋਜਕਾਰਾਂ ਨੇ ਇਹ ਵੀ ਦਰਸਾਇਆ ਹੈ ਕਿ ਦਲਿਤ ਅਤੇ ਕਬਾਇਲੀ ਬੱਚੇ 'ਢਿੱਲੇ', 'ਮਲੀਨ' ਅਤੇ 'ਅਸੱਭਿਅਕ' ਹੁੰਦੇ ਹਨ ਜਿਸ ਕਰਕੇ ਉਹ ਗਿਆਨ ਲੈਣ ਦੇ ਯੋਗ ਨਹੀਂ ਹਨ। ਅਧਿਐਨਾਂ ਰਾਹੀਂ ਇਹ ਵੀ ਸਾਬਤ ਕੀਤਾ ਗਿਆ ਹੈ ਕਿ ਛੂਆਛਾਤ ਅਤੇ ਸਮਾਜਿਕ ਅਤੇ ਭੂਗੋਲਿਕ ਅਲਹਿਦਗੀ ਨਾ ਕੇਵਲ ਆਮ ਸਮਾਜ ਵਿਚ ਸਗੋਂ ਸਕੂਲਾਂ ਵਿਚ ਵੀ ਮੌਜੂਦ ਹੈ। 'ਮਿਡ ਡੇ ਮੀਲ' ਸਕੀਮ ਲਾਗੂ ਕਰਨ ਲੱਗਿਆਂ ਅਜਿਹੇ ਪੱਖ-ਪਾਤ ਨੂੰ ਬਕਾਇਦਾ ਤੌਰ ਤੇ ਦਰਜ ਕੀਤਾ ਗਿਆ। ਅਜਿਹੀਆਂ ਪੱਖ-ਪਾਤ ਕਰਨ ਵਾਲੀਆਂ ਖ਼ਬਰਾਂ ਦਿਹਾਤੀ ਹੀ ਨਹੀਂ ਸ਼ਹਿਰੀ ਇਲਾਕਿਆਂ ਤੋਂ ਵੀ ਮਿਲੀਆਂ ਹਨ। ਅਧਿਐਨਾਂ ਰਾਹੀਂ ਇਹ ਸਪੱਸ਼ਟ ਹੈ ਕਿ ਸਮਾਜਕ ਵਖਰੇਵਾਂ ਭਾਰਤ ਦੇ ਸ਼ਹਿਰੀ ਸਮਾਜ ਵਿਚ ਆਮ ਤੌਰ ਤੇ ਅਤੇ ਸ਼ਹਿਰੀ ਸਕੂਲਾਂ ਵਿਚ ਖ਼ਾਸ ਤੌਰ ਤੇ ਮੌਜੂਦ ਹੈ।

## ਅਗਲੇਰਾ ਰਸਤਾ

ਬੱਚਿਆਂ ਨੂੰ ਸਕੂਲਾਂ ਵਿਚ ਟਿਕਾਈ ਰੱਖਣ ਅਤੇ ਵਿਚਾਲੇ ਪੜ੍ਹਾਈ ਛੱਡ ਜਾਣ ਤੋਂ ਰੋਕਣ ਲਈ ਸਰਕਾਰਾਂ, ਸਕੂਲਾਂ ਅਤੇ ਸਮੁਦਾਇਆਂ ਵਲੋਂ ਖ਼ਾਸ ਤੌਰ ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਬੱਚਿਆਂ ਅਤੇ ਆਮ ਤੌਰ ਤੇ ਸਾਰੇ ਬੱਚਿਆਂ ਨੂੰ, ਸਾਜ਼ਗਾਰ ਵਿੱਦਿਅਕ ਮਹੌਲ ਉਪਲਬਧ ਕਰਾਉਣਾ ਲਾਜ਼ਮੀ ਹੈ। ਅਜਿਹਾ ਨਾ ਹੋਣ ਉਤੇ ਇਨ੍ਹਾਂ ਬੱਚਿਆਂ ਦੀ ਵਿੱਦਿਅਕ ਸ਼ਮੂਲੀਅਤ ਆਸ ਮੁਤਾਬਕ ਨਹੀਂ ਹੋਵੇਗੀ ਅਤੇ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਇਹ ਖੱਪਾ ਹੋਰ ਵੱਧ ਸਕਦਾ ਹੈ। ਇਸ ਲਈ ਸਾਨੂੰ ਐਲੀਮੈਂਟਰੀ ਅਤੇ ਬਾਅਦ ਦੇ ਵਿੱਦਿਅਕ ਪੱਧਰਾਂ ਵਿਚ ਮਹਿਜ਼ ਬੱਚੇ ਦਾਖ਼ਲ ਕਰੀ ਜਾਣ ਦੀ ਖਾਨਾ-ਪੂਰਤੀ ਤੋਂ ਹਟ ਕੇ ਸੋਚਣਾ ਹੋਵੇਗਾ। ਇਕ ਵਾਰ ਸਕੂਲ ਦੇ ਇਕ ਵਾਰ ਆਨੰਦਪੂਰਨ ਅਤੇ ਸਮੁੱਚਤਾ ਵਾਲੇ ਗਿਆਨ ਅਨੁਭਵ ਕੇਂਦਰ ਬਣ ਜਾਣ 'ਤੇ ਇਨ੍ਹਾਂ ਪੱਛੜੇ ਧੜਿਆਂ ਤੋਂ ਬੱਚੇ ਉਚੇਰੇ ਵਿੱਦਿਅਕ ਪੱਧਰਾਂ 'ਤੇ ਪਹੁੰਚਣਗੇ ਅਤੇ ਅੱਗੋਂ ਪੜ੍ਹੀ-ਲਿਖੀ ਕਿਰਤ ਸ਼ਕਤੀ ਵਜੋਂ ਬਾਜ਼ਾਰ ਵਿਚ ਖ਼ੁਦ ਨੂੰ ਖਪਾ ਸਕਣਗੇ। ਪਹਿਲਾਂ ਹੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਬੱਚੇ ਪਹਿਲਾਂ ਨਾਲੋਂ ਕਿਤੇ ਵੱਧ ਗਿਣਤੀ ਵਿਚ ਉਚ ਸਿੱਖਿਆ ਅਦਾਰਿਆਂ ਵਿਚ ਦਾਖ਼ਲ ਹੋ ਰਹੇ ਹਨ ਅਤੇ ਨਵੀਨ ਵਿਸ਼ਿਆਂ ਵਿਚ

ਦਾਖ਼ਲਾ ਲੈ ਰਹੇ ਹਨ। ਇਸ ਨਾਲ ਭਾਰਤੀ ਸਮਾਜ ਦਾ ਆਰਥਿਕ ਅਤੇ ਕਿੱਤਾ ਮੁਖੀ ਢਾਂਚਾ ਬਦਲੇਗਾ ਜਿਸ ਦੇ ਨਤੀਜੇ ਵਜੋਂ ਮਹਾਰ ਹਾਸਲ ਅਤੇ ਸਿੱਖਿਅਤ ਮਨੁੱਖੀ ਵਸੀਲਿਆਂ ਦਾ ਭੰਡਾਰ ਕਾਇਮ ਹੋਵੇਗਾ ਜੋ ਕਿ ਰਾਸ਼ਟਰ ਦੇ ਸਮੁੱਚੇ ਵਿਕਾਸ ਵਿਚ ਯੋਗਦਾਨ ਪਾਏਗਾ।

ਇਕ ਹੋਰ ਅਹਿਮ ਚੁਨੌਤੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਅਤੇ ਕਬੀਲਿਆਂ ਦੀਆਂ ਲੜਕੀਆਂ ਦੀ ਵੱਡੀ ਗਿਣਤੀ ਵਿਚ ਸਕੂਲਾਂ ਤਕ ਪਹੁੰਚ ਬਣਾਉਣ ਲਈ ਵਿਸ਼ੇਸ਼ ਕੋਸ਼ਿਸ਼ਾਂ ਕਰਨ ਦੀ ਵੀ ਹੈ। ਇਨ੍ਹਾਂ ਸਮੁਦਾਇਆਂ ਤੋਂ ਲੜਕੀਆਂ ਜਾਤ/ਕਬੀਲੇ, ਲਿੰਗ ਅਤੇ ਸਮਾਜਿਕ ਸ਼੍ਰੇਣੀ ਤਿੰਨਾਂ ਪੱਧਰਾਂ ਤੋਂ ਮੁਥਾਜ ਹਨ ਜੋ ਕਿ ਉਨ੍ਹਾਂ ਦੀ ਵਿੱਦਿਅਕ ਅਲਿਹਦਗੀ ਨੂੰ ਕਈ ਗੁਣਾਂ ਵਧਾ ਦਿੰਦੀ ਹੈ। ਇਸ ਲਈ ਤਬਦੀਲੀ ਦੇ ਕਿਸੇ ਵੀ ਅਮਲ ਦੌਰਾਨ ਜਾਤੀ/ਜਨਜਾਤੀ, ਲਿੰਗ ਅਤੇ ਸਮਾਜਕ ਸ਼੍ਰੇਣੀ ਦੇ ਸਮੁੱਚੇ ਜਾਂ ਅੰਤਰ-ਸ਼੍ਰੇਣੀ ਪ੍ਰਭਾਵਾਂ ਨੂੰ ਧਿਆਨ ਪੂਰਬਕ ਦੇਖਣਾ ਹੋਵੇਗਾ। ਦਲਿਤ ਅਤੇ ਕਬਾਇਲੀ ਲੜਕੇ ਅਤੇ ਲੜਕੀਆਂ ਦੋਹਾਂ ਲਈ ਸਕੂਲ ਨੂੰ ਉਨ੍ਹਾਂ ਦੇ ਇਤਿਹਾਸਕ ਪੱਧਰ 'ਤੇ ਪੱਛੜੇ ਹੋਣ ਅਤੇ ਕਿਸੇ ਵਿਸ਼ੇਸ਼ ਕਮਜ਼ੋਰ ਸਮੁਦਾਇ ਵਿਚ ਜਨਮ ਲੈਣ ਕਾਰਨ ਪੈਦਾ ਹੋਈਆਂ ਮੁਥਜੀਆਂ ਤੋਂ ਸੁਤੰਤਰ ਹੋਣ ਦਾ ਸਾਧਨ ਬਣਨਾ ਚਾਹੀਦਾ ਹੈ। ਇਸ ਲਈ ਸਮਾਜ ਅਤੇ ਸਕੂਲ ਦੋਹਾਂ ਨੂੰ ਵਧੇਰੇ ਸਮੁੱਚਤਾ ਵਾਲਾ ਦ੍ਰਿਸ਼ਟੀਕੋਨ ਦਿਖਾਉਂਦਿਆਂ ਇਨ੍ਹਾਂ ਸਮੁਦਾਇਆਂ ਦੇ ਬੱਚਿਆਂ ਪ੍ਰਤਿ ਨਿਆਂਪੂਰਨ ਅਤੇ ਨਿਰਪੱਖ ਹੋਣ ਦੀ ਲੋੜ ਹੈ ਤਾਂ ਜੋ ਭਾਰਤੀ ਸਮਾਜ ਅਸਲੀਅਤ ਵਿਚ ਇਕ ਲੋਕਰਾਜੀ ਸਮਾਜ ਹੋਣ ਦਾ ਦਾਅਵਾ ਕਰ ਸਕੇ ਜਿਥੇ ਇਸ ਦੇ ਸਾਰੇ ਨਾਗਰਿਕਾਂ ਨਾਲ ਬਰਾਬਰੀ ਵਾਲਾ ਵਿਹਾਰ ਕੀਤਾ ਜਾਂਦਾ ਹੈ।

*(ਲੇਖਕ ਜ਼ਾਕਿਰ ਹੁਸੈਨ ਸੈਂਟਰ ਫਾਰ ਐਜੂਕੇਸ਼ਨਲ ਸਟਡੀਜ਼, ਜਵਾਹਰ ਲਾਲ ਨਹਿਰੂ ਯੂਨੀਵਰਸਟੀ, ਨਵੀਂ ਦਿੱਲੀ ਵਿਖੇ ਸਸ਼ਾਲੋਜੀ ਆਫ ਐਜੂਕੇਸ਼ਨ ਦੇ ਐਸੋਸ਼ੀਏਟ ਪ੍ਰੋਫੈਸਰ ਹਨ।)*

*e-mail :srinivas.zhces@gmail.com*

***ਸਫ਼ਾ 28 ਦੀ ਬਾਕੀ***

ਲਈ ਵਿਸ਼ੇਸ਼ ਪਾਠਕ੍ਰਮ ਅਤੇ ਸਿੱਖਿਆ ਸੰਬੰਧੀ ਰਣਨੀਤੀਆਂ ਬੱਚਿਆਂ ਨੂੰ ਤਾਕਤ ਦੇਣ ਲਈ ਵਿਕਸਤ ਕਰਨੀਆਂ ਪੈਣਗੀਆਂ, ਖ਼ਾਸ ਕਰਕੇ ਲੜਕੀਆਂ ਲਈ, ਤਾਂ ਕਿ ਕਮੀਆਂ 'ਤੇ ਕਾਬੂ ਪਾਇਆ ਜਾ ਸਕੇ ਅਤੇ ਆਪਣੇ ਹੱਕ ਅਤੇ ਚੋਣ ਦੀ ਵਰਤੋਂ ਕਰਨ ਲਈ ਸਮਰੱਥਾਵਾਂ ਵਿਕਸਤ ਕੀਤੀਆਂ ਜਾ ਸਕਣ। ਉਦੇਸ਼ ਪੂਰਨਤਾ ਵਿਚ ਨਤੀਜੇ ਦੀ ਬਰਾਬਰੀ ਹਾਸਲ ਕਰਨਾ ਹੈ, ਨਾ ਕਿ ਵਿਹਾਰ ਦੀ ਰਸਮੀ ਬਰਾਬਰੀ। ਅਸਲ ਵਿਚ, ਸਾਨੂੰ ਵਿਹਾਰਕ ਗ਼ੈਰ-ਬਰਾਬਰੀ ਦੀ ਲੋੜ ਹੋ ਸਕਦੀ ਹੈ, ਮਤਲਬ ਸਮਾਜਿਕ ਤੌਰ ਤੇ ਪਛੜੇ ਸਿਖਾਂਦਰੂਆਂ ਲਈ ਵਿਸ਼ੇਸ਼ ਵਿਹਾਰ, ਤਾਂ ਕਿ ਉਹ ਨਤੀਜੇ ਦੀ ਬਰਾਬਰੀ ਹਾਸਲ ਕਰ ਸਕਣ" (ਐੱਨ ਸੀ ਐੱਫ, ਸਿੱਖਿਆ ਵਿਚ ਲਿੰਗਕ ਮੁੱਦਿਆਂ 'ਤੇ ਫੋਕਸ)।

ਇਸ ਟੀਚੇ ਨੂੰ ਹਾਸਲ ਕਰਨ ਲਈ, ਸਿੱਖਿਆ ਸ਼ਾਸਤਰੀਆਂ ਅਤੇ ਜੋ ਪਾਠਕ੍ਰਮ ਤਿਆਰ ਕਰਦੇ ਹਨ, ਕਿਤਾਬਾਂ ਲਿਖਦੇ ਹਨ, ਅਧਿਆਪਕਾਂ ਨੂੰ ਸਿਖਲਾਈ ਦਿੰਦੇ ਹਨ ਅਤੇ ਸਕੂਲਾਂ ਦੀ ਨਿਗਰਾਨੀ ਕਰਦੇ ਹਨ, ਨੂੰ ਬਰਾਬਰੀ ਲਈ ਪੂਰਨਤਾ ਅਤੇ ਸੁਧਾਰਵਾਦੀ ਪਹੁੰਚ ਅਪਨਾਉਣੀ ਪਵੇਗੀ। ਲੋੜ ਇਸ ਗੱਲ ਦੀ ਹੈ ਕਿ ਸਿਰਫ਼ ਵਿਹਾਰ ਦੀ ਬਰਾਬਰੀ ਹੀ ਨਹੀਂ, ਨਤੀਜੇ ਦੀ ਬਰਾਬਰੀ ਬਾਰੇ ਵੀ ਫ਼ਿਕਰਮੰਦ ਹੋਇਆ ਜਾਵੇ। ਪਾਠਕ੍ਰਮ ਅਤੇ ਪਾਠ-ਪੁਸਤਕਾਂ ਹੀ ਸਮਾਨਤਾ ਵਾਲੀਆਂ ਕਦਰਾਂ-ਕੀਮਤਾਂ, ਭਿੰਨਤਾ ਤੇ ਮੱਤਭੇਦ ਲਈ ਸਤਿਕਾਰ ਅਤੇ ਵਿਤਕਰੇ ਤੋਂ ਰਾਖੀ ਕਰਨ ਦਾ ਜ਼ਰੀਆ ਹੋ ਸਕਦੀਆਂ ਹਨ। ਲੜਕਿਆਂ ਨੂੰ ਦੂਜਿਆਂ ਦਾ ਆਦਰ ਕਰਨਾ ਸਿਖਾਉਣ ਦੀ ਲੋੜ ਹੈ, ਖ਼ਾਸ ਕਰਕੇ ਜਦੋਂ ਕੋਈ ਨਾਂਹ ਆਖੇ। ਇਹ ਜਿਣਸੀ ਛੇੜ-ਛਾੜ ਦੇ ਸੱਭਿਆਚਾਰ ਨਾਲ ਨਜਿੱਠਣ ਲਈ ਜ਼ਰੂਰੀ ਹੈ (ਜਿਸ ਨੂੰ ਗਲਤ ਸ਼ਬਦਾਂ ਵਿਚ ਔਰਤਾਂ ਨਾਲ ਛੇੜ-ਛਾੜ ਆਖਿਆ ਜਾਂਦਾ ਹੈ)। ਇਸ ਦੇ ਨਾਲ ਹੀ, ਕੀ ਮਰਦਾਨਾ ਹੈ ਅਤੇ ਕੀ ਜਨਾਨਾ, ਇਸ ਗਹਿਰੇ ਪਾੜੇ 'ਤੇ ਵੀ ਸਵਾਲ ਉਠਾਉਣ ਦੀ ਲੋੜ ਹੈ। ਅਜਿਹੀ ਪਹਿਲ ਸਿੱਖਿਆ ਸ਼ਾਸਤਰੀਆਂ ਨੂੰ ਇਹ ਪਛਾਣ ਕਰਨ ਵਿਚ ਮਦਦ ਕਰੇਗੀ ਕਿ ਲੜਕੀਆਂ ਤੇ ਲੜਕਿਆਂ ਵਿਚ ਲਿੰਗਕ ਫ਼ਰਕ ਉਨ੍ਹਾਂ ਨੂੰ ਇਸ ਦੇ ਪਿੱਛੇ ਮਾਨਤਾਵਾਂ ਦੀ ਪੜਚੋਲ ਕਰਨ ਅਤੇ ਇਸ ਤੋਂ ਉਪਜਣ ਵਾਲੀਆਂ ਕਮੀਆਂ ਦੀ ਸਮੀਖਿਆ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਇਕ ਵੱਖਰੀ ਤਰ੍ਹਾਂ ਦੇ ਵਿਹਾਰ ਨੂੰ ਜਨਮ ਦਿੰਦਾ ਹੈ ਜੋ ਉਸ ਕਮੀ ਨੂੰ ਖਤਮ ਕਰ ਦਿੰਦਾ ਹੈ ... ਲੜਕੀਆਂ ਵੀ ਇਕ ਲਿੰਗਕ ਸਮਾਜੀਕਰਨ ਨਾਲ ਘਿਰੀਆਂ ਹੋਈਆਂ ਹਨ ਜੋ ਜਾਤ, ਕਬੀਲੇ ਅਤੇ ਭਾਈਚਾਰੇ ਵਿਚ ਵੱਖ-ਵੱਖ ਹੁੰਦਾ ਹੈ, ਅਤੇ ਪੇਂਡੂ ਸ਼ਹਿਰੀ ਪਾੜਾ; ਇਸ ਦਾ ਨਤੀਜਾ ਵੱਖ-ਵੱਖ ਆਸ਼ਾਵਾਂ, ਸਮਰੱਥਾਵਾਂ ਅਤੇ ਵਿਸ਼ਵਾਸ ਦੇ ਵੱਖ-ਵੱਖ ਪੱਧਰਾਂ ਦੇ ਨਿਰਮਾਣ ਦੇ ਰੂਪ ਵਿਚ ਨਿਕਲਦਾ ਹੈ। ਬਰਾਬਰੀ ਵੱਲ ਇਹ ਪਹੁੰਚ ਅਜਿਹੇ ਮੱਤਭੇਦਾਂ ਦਾ ਇਸ ਤਰੀਕੇ ਨਾਲ ਹੱਲ ਕਰਦੀ ਹੈ ਜੋ ਸਿੱਖਣ ਵਾਲਿਆਂ ਨੂੰ ਕਮੀਆਂ 'ਤੇ ਕਾਬੂ ਪਾਉਣ, ਆਪਣੀ ਸਮਰੱਥਾ 'ਤੇ ਯਕੀਨ ਕਰਨ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਵਿਕਸਤ ਕਰਨ ਵਿਚ ਮਦਦ ਕਰਦੀ ਹੈ (ਐੱਨ ਸੀ ਐੱਫ 2005, ਸਿੱਖਿਆ ਵਿਚ ਲਿੰਗਕ ਮੁੱਦਿਆਂ 'ਤੇ ਫੋਕਸ)।

## ਸਿੱਟਾ

ਹੋਰ ਬਹੁਤ ਕੁਝ ਕਿਹਾ ਜਾ ਸਕਦਾ ਹੈ ਅਤੇ ਸਿੱਖਿਆ ਵਿਚ ਔਰਤਾਂ ਤੇ ਲੜਕੀਆਂ ਦੀ ਭਾਗੀਦਾਰੀ ਬਣਾਉਣ ਵਾਲੇ ਮੁੱਦਿਆਂ ਦੀ ਇਕ ਲੰਮੀ ਸੂਚੀ ਬਣਾਈ ਜਾ ਸਕਦੀ ਹੈ। ਪਿਛਲੇ 50 ਸਾਲਾਂ ਵਿਚ ਅਨੇਕ ਆਯੋਗ ਅਤੇ ਕਮੇਟੀਆਂ ਵਲੋਂ ਉਨ੍ਹਾਂ ਮੁੱਦਿਆਂ ਤੇ ਚਿੰਤਾਵਾਂ ਦੀ ਲੰਮੀ ਸੂਚੀ ਬਾਹਰ ਲਿਆਂਦੀ ਗਈ ਹੈ ਅਤੇ ਬਹੁਤ ਸਾਰੀਆਂ ਰਣਨੀਤੀਆਂ ਦਾ ਵੀ ਵਰਨਣ ਕੀਤਾ ਗਿਆ ਹੈ। ਇਸ ਵੱਲ ਵੇਖਦਿਆਂ ਕਿ ਇਨ੍ਹਾਂ ਸਿਫ਼ਾਰਸ਼ਾਂ ਤੇ ਰਣਨੀਤੀਆਂ ਨੂੰ ਲਾਗੂ ਕਿਉਂ ਨਹੀਂ ਕੀਤਾ ਗਿਆ, ਮੈਂ ਮਹਿਸੂਸ ਕੀਤਾ ਕਿ ਸਭ ਤੋਂ ਪਹਿਲਾਂ ਸਾਨੂੰ ਗ਼ੈਰ-ਸਮਝੌਤੇ ਵਾਲੇ ਸਿਧਾਂਤਾਂ 'ਤੇ ਸਹਿਮਤ ਹੋਣਾ ਪਵੇਗਾ। ਜੇ ਉਨ੍ਹਾਂ ਦੀ ਪਾਲਣਾ ਕੀਤੀ ਗਈ ਤਾਂ ਉਨ੍ਹਾਂ ਦੇ ਨਤੀਜਿਆਂ ਦੇ ਸਾਰਥਕ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖ ਕੇ ਹੀ ਮੈਂ ਤਿੰਨ ਚੀਜ਼ਾਂ 'ਤੇ ਜ਼ਿਆਦਾ ਜ਼ੋਰ ਦਿੱਤਾ ਹੈ : ਸਿੱਖਿਆ ਲਈ ਅਰਥਪੂਰਨ ਪਹੁੰਚ, ਗ਼ੈਰ-ਵਿਤਕਰਾ ਅਤੇ ਜਾਣਕਾਰੀ ਦੇ ਨਿਰਮਾਣ ਵਿਚ ਲਿੰਗ ਨੂੰ ਅੜਿੱਕਾ ਨਾ ਬਣਨ ਦੇਣਾ। ਜੇ ਅਸੀਂ ਇਨ੍ਹਾਂ ਤਿੰਨ ਪੱਖਾਂ 'ਤੇ ਜ਼ੋਰ ਦਈਏ ਤਾਂ ਹੋ ਸਕਦਾ ਹੈ ਕਿ ਅਸੀਂ ਵਧੇਰੇ ਲਿੰਗ ਬਰਾਬਰੀ ਅਤੇ ਸਮਾਜਿਕ ਨਿਆਂ ਵੱਲ ਕਦਮ ਪੁੱਟ ਰਹੇ ਹੋਵਾਂਗੇ।

*(ਲੇਖਕ ਐੱਨ ਯੂ ਈ ਪੀ ਏ ਵਿਚ ਟੀਚਰ ਮੈਨੇਜਮੈਂਟ ਐਂਡ ਡਿਵੈਲਪਮੈਂਟ ਦੇ ਰਾਸ਼ਟਰੀ ਫੈਲੋ ਅਤੇ ਪ੍ਰੋਫੈਸਰ ਰਹਿ ਚੁੱਕੇ ਹਨ।)*

*e-mail :erudelhi@gmail.com*

# ਭਾਰਤ ਵਿਚ ਸਿੱਖਿਆ ਦਾ ਕਿੱਤਾਮੁਖੀਕਰਨ

✍ ਅਮਿਤ ਕੌਸ਼ਿਕ ਅਤੇ ਰਾਧਿਕਾ ਰਾਇ

ਭਾਰਤ ਵਿਚ ਸਿੱਖਿਆ ਇਤਿਹਾਸਕ ਤੌਰ 'ਤੇ ਕੁਝ ਇਕ ਲੋਕਾਂ ਲਈ ਰਾਖਵੀਂ ਰਹੀ ਹੈ। ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਪਵਿੱਤਰ ਗ੍ਰੰਥ ਅਤੇ ਗਿਆਨ ਦੇ ਹੋਰ ਪ੍ਰੰਪਰਕ ਰੂਪ ਪੀੜ੍ਹੀ ਦਰ ਪੀੜ੍ਹੀ ਗੁਰੂਕੁਲ ਪ੍ਰੰਪਰਾ ਰਾਹੀਂ ਅੱਗੇ ਵੱਧਦੇ ਰਹੇ ਪਰ ਆਮ ਤੌਰ ਤੇ ਇਹ ਕੇਵਲ ਬ੍ਰਾਹਮਣ ਜਾਤ ਤਕ ਹੀ ਸੀਮਤ ਸਨ। ਗ਼ੈਰ-ਬ੍ਰਾਹਮਣਾਂ ਨੂੰ ਆਮ ਤੌਰ ਤੇ ਇਸ ਗਿਆਨ ਤੋਂ ਬਾਹਰ ਰੱਖਿਆ ਜਾਂਦਾ ਸੀ ਪਰ ਉਨ੍ਹਾਂ ਨੇ ਆਪਣੇ ਪਾਲਣ-ਪੋਸ਼ਣ ਦੌਰਾਨ ਪਰਿਵਾਰਕ ਕਾਰੋਬਾਰ ਨੂੰ ਕੁਦਰਤੀ ਤੌਰ ਤੇ ਸਿੱਖ ਲਿਆ। ਇੰਜ ਵੱਖ-ਵੱਖ ਕਿੱਤਿਆਂ ਲਈ ਲੋੜੀਂਦੀ ਮਹਾਰਤ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੀ ਰਹੀ ਅਤੇ ਸਮਾਜ ਦੀਆਂ ਸਿੱਖਿਅਕ, ਕਾਰੋਬਾਰੀ ਅਤੇ ਕਿਰਤ ਸਬੰਧੀ ਲੋੜਾਂ ਪੂਰੀਆਂ ਹੁੰਦੀਆਂ ਰਹੀਆਂ। ਉੱਦਮਤਾ ਦੇ ਮੌਕੇ ਇਨ੍ਹਾਂ ਕਿੱਤਿਆਂ ਵਿਚ ਬਣਾ ਕੇ ਰੱਖੇ ਗਏ ਸਨ ਤਾਂ ਕਿ ਇਕ ਮਾਹਿਰ ਕਿਰਤੀ ਨੂੰ ਆਪਣੀ ਉਪਜੀਵਕਾ ਕਮਾਉਣ ਅਤੇ ਕਈ ਮਾਮਲਿਆਂ ਵਿਚ ਖ਼ੁਸ਼ਹਾਲੀ ਪ੍ਰਾਪਤ ਕਰਨ ਦੇ ਮੌਕੇ ਮਿਲਣ।

ਉਦਯੋਗਿਕ ਕ੍ਰਾਂਤੀ ਤੋਂ ਬਾਅਦ ਪੂਰੀ ਦੁਨੀਆਂ ਵਿਚ ਸਿੱਖਿਆ ਦਾ ਸਰੂਪ ਬਦਲ ਗਿਆ, ਕਈ ਵਪਾਰਕ-ਧੰਦੇ ਬੇਲੋੜੇ ਹੋ ਗਏ ਅਤੇ ਲੋਕਾਂ ਦੇ ਰੁਜ਼ਗਾਰ ਕਮਾਉਣ ਦੇ ਢੰਗ ਤਰੀਕੇ ਬਦਲਦਿਆਂ ਕਾਰਖ਼ਾਨੇ ਵਿਚ ਕੰਮ, ਰੇਲਵੇ ਆਦਿ ਉਭਰਨੇ ਸ਼ੁਰੂ ਹੋਏ ਜਿਨ੍ਹਾਂ ਉਸ ਤਰੀਕੇ ਨੂੰ ਬਦਲ ਦਿੱਤਾ ਜਿਸ ਤਰ੍ਹਾਂ ਲੋਕ ਆਪਣੀ ਉਪਜੀਵਕਾ ਕਮਾਉਂਦੇ ਸੀ। ਭਾਰਤ ਵਿਚ ਮੈਕਾਲੇ ਦੀ ਨੀਤੀ ਕਰਕੇ, ਜਿਸ ਤਰ੍ਹਾਂ ਸਿੱਖਿਆ ਨੂੰ ਦੇਖਿਆ ਜਾਂਦਾ ਸੀ ਅਤੇ ਪੜ੍ਹਾਇਆ ਜਾਂਦਾ ਸੀ ਉਸ ਵਿਚ ਵੱਡੇ ਬਦਲਾਅ ਹੋਏ ਜਿਸ ਨੇ ਅਜਿਹੇ ਲੋਕਾਂ ਦਾ ਇਕ ਵਰਗ ਕਾਇਮ ਕਰਨ ਦਾ ਨਵਾਂ ਮੰਤਵ ਦਿੱਤਾ ਜੋ "ਸਾਡੇ ਅਤੇ ਸਾਡੇ ਪ੍ਰਸ਼ਾਸਨ ਹੇਠਲੇ ਕਰੋੜਾਂ ਲੋਕਾਂ ਦਰਮਿਆਨ ਵਿਆਖਿਆਕਾਰ ਜਾਂ ਦੋ-ਭਾਸ਼ੀਏ ਵਜੋਂ ਕੰਮ ਕਰਨ, ਪਰ ਆਪਣੀ ਸੁਹਜ-ਸੁਆਦ, ਵਿਚਾਰਾਂ, ਨੈਤਿਕਤਾ ਅਤੇ ਮੂਲ ਬੌਧਿਕਤਾ ਵਿਚ ਅੰਗਰੇਜ਼ ਹੋਣ।"

ਜਿਉਂ ਹੀ ਕਾਰਖ਼ਾਨਿਆਂ/ਪ੍ਰਸ਼ਾਸਨ ਨੂੰ ਚਲਾਉਣ ਲਈ ਸਿੱਖਿਆ ਪ੍ਰਣਾਲੀ ਬਦਲੀ ਤਾਂ ਇਸ ਦੇ ਨਾਲ ਹੀ ਸਿੱਖਿਆ ਪ੍ਰੰਪਰਕ ਗਿਆਨ ਤੋਂ ਵੀ ਪਰ੍ਹਾਂ ਹੱਟਣੀ ਸ਼ੁਰੂ ਹੋ ਗਈ, ਜਿਥੇ ਕਿ ਵਿਗਿਆਨ, ਗਣਿਤ ਅਤੇ ਅੰਗਰੇਜ਼ੀ ਸਿੱਖਣਾ ਲਾਜ਼ਮੀ ਸੀ। ਬ੍ਰਿਟੇਨ ਅਤੇ ਵਿਸ਼ਾਲ ਭਾਰਤ ਦਰਮਿਆਨ ਵਿਚੋਲਗੀ ਕਰਨ ਵਾਲੇ ਭਾਰਤੀਆਂ ਨੂੰ ਕਿਰਤ ਦੇ ਸੰਕਲਪ ਤੋਂ ਟੁੱਟੀ ਹੋਈ ਸ਼੍ਰੇਣੀ ਵਜੋਂ ਵੇਖਿਆ ਗਿਆ। ਸੁਤੰਤਰਤਾ ਤੋਂ ਪਹਿਲਾਂ ਦੇ ਭਾਰਤ ਵਿਚਲੀ ਇਸ ਸ੍ਰੇਸ਼ਠ ਸ਼੍ਰੇਣੀ ਨੇ ਨੌਕਰਸ਼ਾਹਾਂ, ਡਾਕਟਰਾਂ, ਪ੍ਰੋਫੈਸਰਾਂ ਅਤੇ ਵਕੀਲਾਂ ਦੀ ਨਵੀਂ ਸ਼੍ਰੇਣੀ ਪੈਦਾ ਕੀਤੀ ਜੋ ਭਾਰਤ ਦੀ ਬਹੁਗਿਣਤੀ ਗਰੀਬ ਅਤੇ ਅਨਪੜ੍ਹ ਜਨਤਾ ਤੋਂ ਦਿੱਖ, ਸਿੱਖਿਆ ਅਤੇ ਸੁਹਜ-ਸੁਆਦ ਵਿਚ ਬਹੁਤ ਵੱਖਰੀ ਸੀ। ਹੌਲ-ਹੌਲੀ ਸਿੱਖਿਆ ਵਿਚ ਇਸ ਮੁੱਦੇ 'ਤੇ ਵੱਡਾ ਪਾੜਾ ਪੈਂਦਾ ਗਿਆ ਕਿ ਕਿਸੇ ਕੋਲ ਕਿੰਨਾ ਪੈਸਾ ਹੈ ਅਤੇ ਉਸ ਨੇ ਕਿਹੜੇ ਵਿਦੇਸ਼ੀ ਕਾਲਜ ਜਾਂ ਸਕੂਲ ਵਿਚ ਸਿੱਖਿਆ ਲਈ ਹੈ ਨਾ ਕਿ ਪੀੜ੍ਹੀਆਂ ਤੋਂ ਚੱਲੇ ਆ ਰਹੇ ਗਿਆਨ ਦੀ ਮਹੱਤਤਾ ਦੇਖੀ ਗਈ। ਨਤੀਜੇ ਵਜੋਂ, ਜਿਵੇਂ ਕਿ ਲਾਜ਼ਮੀ ਤੌਰ ਤੇ ਹੋਣਾ ਸੀ, ਅਜਿਹੇ ਸਿੱਖਿਆ-ਵਿਹੂਣੇ ਲੋਕ ਆਪਣੇ ਲਈ ਬਿਹਤਰ ਮੌਕੇ ਹਾਸਲ ਕਰਨ ਵਿਚ ਵੀ ਅਸਫਲ ਰਹੇ।

ਨਵੇਂ ਆਜ਼ਾਦ ਭਾਰਤ ਵਿਚ ਮਹਾਤਮਾ ਗਾਂਧੀ ਵਲੋਂ ਪੇਂਡੂ ਆਰਥਿਕਤਾ ਉਪਰ ਜੋਰ ਦਿੱਤੇ ਜਾਣ ਨੂੰ ਦਰ-ਕਿਨਾਰ ਕਰਦਿਆਂ, ਆਰਥਿਕ ਨੀਤੀ ਅਤੇ ਵਿਚਾਰਧਾਰਾ ਨੂੰ ਪੰਡਿਤ ਨਹਿਰੂ ਦੇ ਉਦਯੋਗਿਕਰਨ ਅਤੇ ਆਰਥਕ ਉੱਚਾਈਆਂ ਛੋਹਣ ਦੀ ਦੇਸ਼ ਦੀ ਲੋੜ ਵਾਲੇ ਦ੍ਰਿਸ਼ਟੀਕੋਨ ਤਹਿਤ ਚਲਾਇਆ ਗਿਆ। ਆਈ ਆਈ ਟੀ, ਆਈ ਆਈ ਐਮ, ਇੰਜਨੀਅਰਿੰਗ ਅਤੇ ਮੈਡੀਕਲ ਕਾਲਜ ਜਿਹੇ ਉੱਚ-ਵਿੱਦਿਅਕ ਅਦਾਰੇ ਖੋਲ੍ਹ ਕੇ ਨਵੇਂ-ਨਵੇਂ ਚੱਲ ਰਹੇ ਉਦਯੋਗਿਕਰਨ ਲਈ ਗ੍ਰੈਜੂਏਟ ਪੈਦਾ ਕੀਤੇ ਗਏ। ਇਸ ਅਮਲ ਦੌਰਾਨ ਸਕੂਲੀ ਅਤੇ ਕਿੱਤਾਮੁਖੀ ਸਿੱਖਿਆ ਵੱਲ ਧਿਆਨ ਘੱਟ ਗਿਆ। 1950-60 ਤਕ ਦੇ ਦਹਾਕੇ ਦੌਰਾਨ ਭਾਵੇਂ ਅਸੀਂ ਵਧੇਰੇ ਇੰਜਨੀਅਰ ਅਤੇ ਡਾਕਟਰ ਪੈਦਾ ਕੀਤੇ, ਦੇਸ਼ ਵਿਚ ਅਨਪੜ੍ਹਾਂ ਦੀ ਅਸਲ ਗਿਣਤੀ 294.2 ਮਿਲੀਅਨ ਤੋਂ ਵਧ ਕੇ 325.5 ਮਿਲੀਅਨ ਉਤੇ ਪਹੁੰਚ ਗਈ।

ਇਕ ਤਰ੍ਹਾਂ ਨਾਲ ਇਸ ਰੁਝਾਨ ਦਾ ਵੀ ਸੰਸਥਾਈਕਰਨ ਕੀਤਾ ਗਿਆ, ਉੱਚ ਵਿੱਦਿਆ ਸਿੱਖਿਆ ਮੰਤਰਾਲਾ ਦਾ ਮੁੱਖ ਹਿੱਸਾ ਹੋ ਗਈ ਜਦ ਕਿ ਮਹਾਰਤਾਂ ਬਾਰੇ ਵਿੱਦਿਆ ਅਤੇ ਕਿਰਤ ਨੀਤੀ ਕਿਰਤ ਮੰਤਰਾਲਾ ਦੇ ਹਵਾਲੇ ਕਰ ਦਿੱਤੀ ਗਈ। ਭਾਵੇਂ ਇਨ੍ਹਾਂ ਦੋਹਾਂ ਵਿਭਾਗਾਂ ਨੂੰ ਆਮ ਤੌਰ ਤੇ ਵਸੀਲਿਆਂ ਦੀ ਕਮੀ ਦਾ ਸਾਹਮਣਾ ਕਰਨਾ ਪਿਆ, ਪਰ ਜਿਵੇਂ ਕਿ ਹੋਣਾ ਸੀ, ਸਮੇਂ ਦੇ ਨਾਲ ਸਿੱਖਿਆ ਅਤੇ ਕੁਸ਼ਲਤਾ ਵਿਕਾਸ ਨੂੰ ਇਕ-ਦੂਜੇ ਤੋਂ ਵੱਖਰਿਆ ਕੇ ਵੇਖਿਆ ਜਾਣ ਲੱਗਾ। ਤਰੱਕੀ ਅਤੇ ਨਿੱਜੀ ਤਰੱਕੀ ਨੂੰ ਮਹਾਰਤਾਂ ਜਾਂ ਆਪਣੇ ਹੱਥੀਂ ਕੰਮ ਕਰਨ ਨਾਲ ਨਹੀਂ ਸਗੋਂ ਉੱਚ-ਸਿੱਖਿਆ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਜਿਸ ਦੇ ਨਤੀਜੇ ਵਜੋਂ ਉਦਯੋਗਿਕ ਜਾਂ ਨੀਮ-ਉਦਯੋਗਿਕ ਵਪਾਰਕ-ਧੰਦਿਆਂ ਵਿਚ ਕੰਮ ਕਰਦੇ ਸਾਰੇ ਲੋਕਾਂ ਵਿਚੋਂ ਕੇਵਲ 2 ਪ੍ਰਤਿਸ਼ਤ ਹੀ ਰਸਮੀ ਤੌਰ ਤੇ ਜਾਂ ਪੇਸ਼ੇਵਰ ਪੱਧਰ ਉਤੇ ਮਹਾਰਤ ਪ੍ਰਾਪਤ ਸਨ।


ਨਵੀਂ ਦਹਿਸਦੀ ਆਪਣੇ ਨਾਲ ਇਹ ਅਹਿਸਾਸ ਵੀ ਲੈ ਕੇ ਆਈ ਕਿ ਇਹ ਰੁਝਾਨ

ਭਾਰਤ ਦੇ ਭਵਿੱਖ ਉਤੇ ਮਾਰੂ ਅਸਰ ਪਾ ਸਕਦਾ ਹੈ। ਦੇਸ਼ ਦੀ ਭੂਗੋਲਿਕ ਸਮਰੱਥਾ ਅਤੇ ਮੋਢੀ ਆਰਥਿਕਤਾ ਵਜੋਂ ਖ਼ੁਦ ਨੂੰ ਮੁੜ ਕਾਇਮ ਕਰਨ ਦੇ ਮੌਕੇ ਲਈ ਇਹ ਜ਼ਰੂਰੀ ਹੈ ਕਿ ਨੌਜਵਾਨ ਤਬਕੇ ਨੂੰ ਰੁਜ਼ਗਾਰ ਯੋਗਤਾ ਪੱਖੋਂ ਅਤੇ ਦੇਸ਼ ਦੀ ਆਰਥਕਤਾ ਦੇ ਨਾਲ-ਨਾਲ ਵਿਸ਼ਵੀ ਕਿਰਤ-ਸ਼ਕਤੀ ਵਜੋਂ ਯੋਗਦਾਨ ਪਾਉਣ ਲਈ ਚੋਖੀ ਕੁਸ਼ਲਤਾ ਨਾਲ ਲੈਸ ਕੀਤਾ ਜਾਵੇ। ਡਾ. ਸੀ.ਕੇ. ਪ੍ਰਹਿਲਾਦ ਵਲੋਂ ਭਾਰਤ ਬਾਰੇ ਕਲਪਨਾ ਦ੍ਰਿਸ਼ਟੀ ਨਾਂ ਦੇ 2007 ਵਿਚ ਦਿੱਤੇ ਪ੍ਰਸਿੱਧ ਭਾਸ਼ਣ ਵਿਚ ਦੇਸ਼ ਦੇ ਆਗੂਆਂ ਨਾਲ ਆਪਣਾ ਇਹ ਵਿਸ਼ਵਾਸ ਸਾਂਝਾ ਕੀਤਾ ਗਿਆ ਕਿ ਭਾਰਤ ਉੱਭਰ ਰਹੇ ਅੰਤਰਰਾਸ਼ਟਰੀ ਕ੍ਰਮ ਨੂੰ ਘੜੇਗਾ ਅਤੇ ਆਰਥਕ ਮਜ਼ਬੂਤੀ, ਤਕਨਾਲੋਜੀ, ਨਵੀਨਤਾ ਅਤੇ ਨੈਤਿਕ ਅਗਵਾਈ ਰਾਹੀਂ ਨਾ ਕੇਵਲ ਆਪਣੀ ਸਗੋਂ ਪੂਰੀ ਦੁਨੀਆਂ ਦੀ ਤਕਦੀਰ ਬਦਲੇਗਾ। ਉਨ੍ਹਾਂ ਭਾਰਤ ਨੂੰ ਪੂਰੀ ਦੁਨੀਆਂ ਦੇ ਲੋਕਾਂ ਲਈ ਨੈਤਿਕ ਆਵਾਜ਼ ਬਣਨ, ਸਮੁੱਚਤਾ ਅਤੇ ਬਰਕਰਾਰਤਾ ਨੂੰ ਅਮਲ ਵਿਚ ਲਿਆਉਣ ਅਤੇ ਆਪਣੀ ਵੰਨ-ਸੁਵੰਨਤਾ ਦਾ ਲਾਹਾ ਲੈਣ ਦੀ ਸਮਰੱਥਾ ਵਾਲਾ ਮੋਹਰੀ ਦੇਸ਼ ਹੋਣ ਦੀ ਵੀ ਕਲਪਨਾ ਕੀਤੀ। ਇਸ ਸਮੇਂ ਦੌਰਾਨ ਰਾਸ਼ਟਰੀ ਕੁਸ਼ਲਤਾ ਨੀਤੀ 2009 ਦਾ ਖ਼ਾਕਾ ਤਿਆਰ ਕਰਨ ਅਤੇ ਰਾਸ਼ਟਰੀ ਕੁਸ਼ਲਤਾ ਵਿਕਾਸ ਕਾਰਪੋਰੇਸ਼ਨ (ਐਨ ਐਸ ਡੀ ਸੀ), ਰਾਸ਼ਟਰੀ ਕੁਸ਼ਲਤਾ ਵਿਕਾਸ ਏਜੰਸੀ (ਐਨ ਐਸ ਡੀ ਏ), ਰਾਸ਼ਟਰੀ ਕੁਸ਼ਲਤਾ ਯੋਗਤਾ ਢਾਂਚਾ (ਐਨ ਐਸ ਕਿਊ ਐਫ) ਅਤੇ ਵੱਡੀ ਗਿਣਤੀ ਵਿਚ ਰੁਜ਼ਗਾਰ ਲਈ ਨਤੀਜੇ ਦੇਣ ਵਾਲੀ ਯੋਗ ਕਿਰਤ-ਸ਼ਕਤੀ ਦੀ ਚੋਣ ਦੀ ਅਗਵਾਈ ਲਈ ਖੇਤਰੀ ਕੁਸ਼ਲਤਾ ਕੌਂਸਲ ਕਾਇਮ ਕਰਨ ਜਿਹੀਆਂ ਕੋਸ਼ਿਸ਼ਾਂ ਰਾਹੀਂ ਸਿੱਖਿਆ ਅਤੇ ਮਹਾਰਤਾਂ ਦੇ ਸੁਮੇਲ ਲਈ ਪਹਿਲ-ਕਦਮੀਆਂ ਵਿਚ ਤੇਜ਼ੀ ਆਈ।

ਰਾਸ਼ਟਰੀ ਮਹਾਰਤ ਯੋਗਤਾ ਢਾਂਚਾ (ਐਨ ਐਸ ਕਿਊ ਐਫ) ਵਿਸ਼ੇਸ਼ ਕਰਕੇ ਸੰਭਾਵਨਾ ਵਾਲੀ ਪਹਿਲ-ਕਦਮੀ ਹੈ ਕਿਉਂਕਿ ਇਹ ਰਸਮੀ ਅਤੇ ਕਿੱਤਾਮੁਖੀ ਸਿੱਖਿਆ ਨੂੰ ਨੇੜੇ ਲਿਆਉਂਦਿਆਂ, ਨਾਲ ਦੀ ਨਾਲ ਵੱਡੀ ਗਿਣਤੀ ਵਿਚ ਗ਼ੈਰ-ਰਸਮੀ ਤੌਰ ਤੇ ਕੁਸ਼ਲਤਾ ਪ੍ਰਾਪਤ ਵਿਅਕਤੀਆਂ ਦੀ ਸ਼ਨਾਖ਼ਤ ਲਈ ਖ਼ਾਕਾ ਤਿਆਰ ਕਰਦਿਆਂ ਭਵਿੱਖ ਵਿਚ ਰੁਜ਼ਗਾਰ ਦੇ ਵਾਧੇ ਲਈ ਮੌਕੇ ਬਣਾਉਣ ਦੇ ਟੀਚੇ ਨਾਲ ਚੱਲ ਰਹੀ ਹੈ। ਆਪਣੇ ਮੌਜੂਦਾ ਸਰੂਪ ਵਿਚ ਲਾਗੂ ਕੀਤੇ ਜਾਣ ਉਤੇ ਇਹ ਪ੍ਰੋਗਰਾਮ ਸਿੱਖਿਆ ਅਤੇ ਮਹਾਰਤਾਂ ਵਿਚਲੇ ਸਬੰਧ ਨੂੰ ਨਾਟਕੀ ਰੂਪ ਵਿਚ ਬਦਲਣ ਦੀ ਤਾਕਤ ਰੱਖਦਾ ਹੈ। ਇਸ ਸਮੇਂ ਅਗੇਤੇ ਗਿਆਨ ਦੀ ਸ਼ਨਾਖ਼ਤ (ਆਰ ਪੀ ਐਲ) ਅਤੇ ਸਕੂਲਾਂ ਤੇ ਕਾਲਜਾਂ ਵਿਚ ਕਿੱਤਾਮੁਖੀਕਰਨ ਲਈ ਵੱਖ-ਵੱਖ ਤਜਰਬੇ ਕੀਤੇ ਜਾ ਰਹੇ ਹਨ ਜੋ ਕਿ ਪਹਿਲਾਂ ਦੀ ਮਹਾਰਤ ਵਿਕਾਸ ਅਤੇ ਉੱਦਮਤਾ ਬਾਰੇ ਸੋਧੀ ਗਈ ਰਾਸ਼ਟਰੀ ਨੀਤੀ 2015 ਦਾ ਹਿੱਸਾ ਹੈ।

ਦੇਸ਼ ਵਿਚ ਮਹਾਰਤਾਂ ਸਬੰਧੀ ਵੱਖ-ਵੱਖ ਪਹਿਲ-ਕਦਮੀਆਂ ਵਿਚ ਤਾਲਮੇਲ ਪੈਦਾ ਕਰਨ ਲਈ ਮਹਾਰਤ ਵਿਕਾਸ ਅਤੇ ਉੱਦਮਤਾ ਬਾਰੇ ਮੰਤਰਾਲਾ (ਐਮ ਐਸ ਡੀ ਈ) ਦਾ ਕਾਇਮ ਕੀਤਾ ਜਾਣਾ ਅਤੇ ਭਾਰਤ ਵਿਚ ਨਿਰਮਾਣ ਅਤੇ ਮਹਾਰਤਾਂ ਨਾਲ ਲੈਸ ਭਾਰਤ ਮੁਹਿੰਮਾਂ ਨੇ ਸਿੱਖਿਆ ਅਤੇ ਮਹਾਰਤਾਂ ਦਰਮਿਆਨ ਸਬੰਧ ਨੂੰ ਨਵੀਂ ਊਰਜਾ ਦਿੱਤੀ, ਜਿਸ ਰਾਹੀਂ ਨੌਜਵਾਨਾਂ ਦਰਮਿਆਨ ਰਸਮੀ ਤੌਰ ਤੇ ਮਹਾਰਤਾਂ ਹਾਸਲ ਕਰਨ ਵਿਚ ਦਿਲਚਸਪੀ ਵਧੀ ਅਤੇ ਉਦਯੋਗ ਵੀ ਵਿੱਦਿਅਕ ਯੋਗਤਾਵਾਂ ਦੇ ਨਾਲ-ਨਾਲ ਮਹਾਰਤਾਂ ਬਾਰੇ ਤਸਦੀਕੀਕਰਨ ਨੂੰ ਤਰਜੀਹ ਦੇਣ ਲੱਗ ਪਏ। ਨਵੀਆਂ ਤਕਨਾਲੋਜੀਆਂ ਦੇ ਸੰਗਠਤ ਹੋਣ ਅਤੇ 21ਵੀਂ ਸਦੀ ਦੀਆਂ ਸੋਚ ਵਿਉਂਤਕਾਰੀ, ਸਮੱਸਿਆ ਸਮਾਧਾਨ, ਵਿਸ਼ਲੇਸ਼ਣ ਅਤੇ ਉੱਦਮਤਾ ਜਿਹੀਆਂ ਮਹਾਰਤਾਂ ਦੀ ਪਛਾਣ ਸਕੂਲ ਪਾਠਕ੍ਰਮ ਨੂੰ ਨਵੇਂ ਸਿਰਿਉਂ ਉਲੀਕਣ 'ਤੇ ਜ਼ੋਰ ਪਾਏਗੀ ਅਤੇ ਉਦਯੋਗ ਅਤੇ ਸਿੱਖਿਆ ਦਰਮਿਆਨ ਵਧੇਰੇ ਉਸਾਰੂ ਊਰਜਾ ਲਈ ਰਾਹ ਖੋਲ੍ਹੇਗੀ।

ਭਾਰਤ ਸਰਕਾਰ ਨੇ 15 ਜੁਲਾਈ 2015 ਨੂੰ ਰਾਸ਼ਟਰੀ ਕੁਸ਼ਲਤਾ ਵਿਕਾਸ ਮਿਸ਼ਨ ਦੀ ਵੀ ਸ਼ੁਰੂਆਤ ਕੀਤੀ ਹੈ ਜੋ ਕਿ ਅੰਤਰਰਾਸ਼ਟਰੀ ਨੌਜਵਾਨ ਕੁਸ਼ਲਤਾ ਦਿਵਸ ਵਾਲੇ ਦਿਨ ਪੈਂਦਾ ਹੈ। ਮਿਸ਼ਨ ਦਾ ਉਦੇਸ਼ ਕੁਸ਼ਲ ਭਾਰਤ ਮੁਹਿੰਮ ਦੇ ਟੀਚੇ ਹਾਸਲ ਕਰਨਾ ਹੈ ਅਤੇ ਇਹ ਕੁਸ਼ਲਤਾਵਾਂ ਬਾਰੇ ਸਿਖਲਾਈ ਸਰਗਰਮੀਆਂ ਨੂੰ ਲੈ ਕੇ ਸਾਰੇ ਖੇਤਰਾਂ




ਚਿੱਤਰ-1 : ਕੁਸ਼ਲਤਾਵਾਂ ਦੀ ਮੰਗ ਨੂੰ ਚਲਾਉਣ ਲਈ ਉਦਯੋਗ ਦੀ ਕਾਰਗੁਜ਼ਾਰੀ

ਅਤੇ ਰਾਜਾਂ ਦਰਮਿਆਨ ਤਾਲਮੇਲ ਵੀ ਪੈਦਾ ਕਰੇਗਾ। ਇਸ ਸਮੇਂ ਦੇਸ਼ ਵਿਚ ਇਸ ਮਿਸ਼ਨ ਦੇ 249 ਸਿਖਲਾਈ ਭਾਈਵਾਲ, 3222 ਸਿਖਲਾਈ ਕੇਂਦਰ, 5570476 ਸਿਖਾਂਦਰੂ ਹਨ ਅਤੇ ਜੋ ਹੁਣ ਤਕ 2388009 ਲੋਕਾਂ ਨੂੰ ਰੁਜ਼ਗਾਰ ਉਪਲਬਧ ਕਰਵਾਇਆ ਜਾ ਚੁੱਕਾ ਹੈ। ਭਾਵੇਂ ਵੱਖ-ਵੱਖ ਮੰਤਰਾਲਿਆਂ ਹੇਠ ਕਈ ਸਕੀਮਾਂ ਅਤੇ ਮਿਸ਼ਨ ਹਨ ਜਿਵੇਂ (ਸ਼ਹਿਰੀ ਅਤੇ ਪੇਂਡੂ ਗਰੀਬਾਂ ਲਈ ਕੁਸ਼ਲਤਾ ਸਿਖਲਾਈ ਬਾਰੇ ਦੀਨਦਿਆਲ ਅੰਤੋਦਿਆ ਯੋਜਨਾ), 'ਡਿਜੀਟਲ ਇੰਡੀਆ' ਅਤੇ 'ਮੇਕ ਇਨ ਇੰਡੀਆ' ਮੁਹਿੰਮਾਂ ਜਿਹੀਆਂ ਪਹਿਲਕਦਮੀਆਂ ਕੁਸ਼ਲਤਾ ਵਿਕਾਸ ਨੂੰ ਉਤਸਾਹਿਤ ਕਰਨ ਲਈ ਹੀ ਹਨ ਤਾਂ ਜੋ ਉਤਪਾਦਾਂ ਨੂੰ ਭਾਰਤੀਆਂ ਵਲੋਂ ਭਾਰਤ ਵਿਚ ਹੀ ਵਿਕਸਤ ਕੀਤਾ ਜਾਵੇ।

ਭਾਵੇਂ ਸਰਕਾਰ ਨੇ ਮਹਾਰਤਾਂ ਬਾਰੇ ਸਿਖਲਾਈ, ਜਾਇਜ਼ੇ ਅਤੇ ਤਸਦੀਕੀਕਰਨ ਦੇ ਪ੍ਰਬੰਧ ਉਪਰ ਕਾਫੀ ਜ਼ੋਰ ਦਿੱਤਾ ਹੈ ਪਰ ਨਾਲ ਦੀ ਨਾਲ ਮੰਗ ਦੇ ਪੱਖ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ। ਵਧੇਰੇ ਮਾਹਰ ਵਿਅਕਤੀਆਂ ਦੀ ਉਪਲਬਧਤਾ ਦੇ ਨਾਲ-ਨਾਲ ਉਨ੍ਹਾਂ ਦੀਆਂ ਸੇਵਾਵਾਂ ਦੀ ਮੰਗ ਵਿਚ ਵੀ ਵਾਧਾ ਹੋਣਾ ਚਾਹੀਦਾ ਹੈ, ਜੋ ਕਿ ਆਰਥਿਕਤਾ ਦੇ ਵਿਕਾਸ ਉਤੇ ਨਿਰਭਰ ਕਰਦਾ ਹੈ। ਆਰਥਿਕ ਅਤੇ ਮਾਲੀ ਨੀਤੀਆਂ ਵਿਕਾਸ ਵਿਚ ਤੇਜ਼ੀ ਲਿਆਉਣ ਅਤੇ ਰੁਜ਼ਗਾਰ ਦੇ ਅਵਸਰ ਪੈਦਾ ਕਰਨ ਤਾਂ ਜੋ ਵੱਖ-ਵੱਖ ਯੋਗਤਾਵਾਂ ਨਾਲ ਲੈਸ ਨੌਜਵਾਨ ਕੰਮ ਵਿਚ ਲੱਗ ਸਕਣ। ਨੀਤੀ, ਅਕਾਦਮਿਕ ਸ਼ਕਤੀ ਅਤੇ ਨੇਮਬੰਦੀ ਸਭਨਾਂ ਨੂੰ ਉਦਯੋਗ ਨਾਲ ਨੇੜਿਉਂ ਰਲ ਕੇ ਕੰਮ ਕਰਨਾ ਹੋਵੇਗਾ ਤਾਂ ਜੋ ਕੁਸ਼ਲਤਾਵਾਂ ਨੂੰ ਲੈ ਕੇ ਮੰਗ ਅਤੇ ਪੂਰਤੀ ਹਰ ਸਮੇਂ ਬਰਾਬਰੀ ਉਤੇ ਬਣੀ ਰਹੇ।

ਬਹੁਤ ਸਾਰੀਆਂ ਉਹ ਨੌਕਰੀਆਂ ਜਿਨ੍ਹਾਂ ਲਈ ਅਸੀਂ ਆਪਣੇ ਨੌਜਵਾਨ ਲੋਕਾਂ ਨੂੰ ਸਿੱਖਿਅਤ ਕਰ ਰਹੇ ਹਾਂ, ਸਮੇਂ ਦੇ ਨਾਲ-ਨਾਲ ਅਪ੍ਰਸੰਗਿਕ ਹੋ ਜਾਣਗੀਆਂ। ਇਹ ਭਵਿੱਖਬਾਣੀ ਸਟੀਕ ਰੂਪ ਵਿਚ ਕਰਨੀ ਅਸੰਭਵ ਹੈ ਕਿ ਭਵਿੱਖ ਵਿਚ ਨੌਜਵਾਨ ਲੋਕਾਂ ਨੂੰ ਕਿਸ ਢੰਗ ਦੇ ਰੁਜ਼ਗਾਰ ਕਰਨੇ ਪੈਣਗੇ ਜਿਵੇਂ ਕਿ ਇਸ ਸਮੇਂ ਉਨ੍ਹਾਂ ਵਲੋਂ ਕੀਤੇ ਜਾ ਰਹੇ ਰੁਜ਼ਗਾਰਾਂ ਬਾਰੇ 25 ਸਾਲ ਪਹਿਲੇ ਸੋਚਿਆ ਜਾਣਾ ਮੁਸ਼ਕਲ ਸੀ। ਪਰ ਇਹ ਯਾਦ ਰੱਖਣਾ ਮਹੱਤਵਪੂਰਨ ਹੋਵੇਗਾ ਕਿ ਪੂਰੇ ਵਿਸ਼ਵ ਵਿਚ ਰੁਜ਼ਗਾਰ ਉਪਲਬਧ ਕਰਾਉਣ ਵਾਲੇ ਉਨ੍ਹਾਂ

***ਬਾਕੀ ਸਫ਼ਾ 42 ਉੱਤੇ***

# ਸਿੱਖਿਆ ਤਕ ਪਹੁੰਚ

ਸ਼ੈਲੇਂਦਰ ਸ਼ਰਮਾ

## ਮੁੱਖਬੰਧ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਾਰਤ ਵਿਚ ਸਿੱਖਿਆ ਕੇਵਲ ਕੁੱਝ ਉੱਚ ਸ੍ਰੇਣੀਆਂ ਅਤੇ ਉੱਚ ਜਾਤ ਵਾਲੇ ਲੋਕਾਂ ਦਾ ਹੀ ਵਿਸ਼ੇਸ਼ ਅਧਿਕਾਰ ਸੀ ਅਤੇ ਆਮ ਆਦਮੀ ਦੀ ਇਸ ਤਕ ਪਹੁੰਚ ਨਹੀਂ ਸੀ। ਸਿੱਖਿਆ ਦੀ ਵਿਸ਼ਾ-ਸੂਚੀ ਮੁੱਖ ਤੌਰ ਤੇ ਧਾਰਮਿਕ ਸੀ ਜਿਸ ਨੂੰ ਸ੍ਰੇਸਟ ਵਰਗ ਦੇ ਮਾਧਿਅਮ ਰਾਹੀਂ ਪੜ੍ਹਾਇਆ ਜਾਂਦਾ ਸੀ ਜਿਸ ਨਾਲ ਸਿੱਖਿਆ ਆਮ ਸਮਾਜ ਲਈ ਹੋਰ ਵੀ ਪਹੁੰਚ ਤੋਂ ਬਾਹਰ ਹੋ ਜਾਂਦੀ ਸੀ। ਇਹ ਨੀਰਸਤਾ ਭਾਰਤ ਦੀ ਆਜ਼ਾਦੀ ਦੀ ਜੰਗ ਵੇਲੇ ਟੁੱਟੀ ਜਦੋਂ 1882 ਵਿਚ *ਹੰਟਰ* ਕਮੀਸ਼ਨ ਵਿਚ ਸਰਕਾਰ ਵਲੋਂ ਮੁਫਤ ਅਤੇ ਲਾਜ਼ਮੀ ਸਿੱਖਿਆ ਦੇਣ ਦੀ ਮੰਗ ਉੱਠੀ। 1911 ਵਿਚ, ਇੰਪੀਰੀਅਲ ਵਿਧਾਨ ਸਭਾ ਵਿਚ ਇਕ ਬਿਲ ਲਿਆਂਦਾ ਗਿਆ ਪਰ ਇਹ ਕੋਸ਼ਿਸ਼ ਸਖਤ ਵਿਰੋਧ ਦੇ ਚਲਦੇ ਅਸਫਲ ਰਹੀ। 1937 ਵਿਚ, ਸਿੱਖਿਆ ਉਪਰ ਸਰਬ ਭਾਰਤੀ ਰਾਸ਼ਟਰੀ ਕਾਨਫਰੰਸ ਵਿਚ ਇਹ ਮੰਗ ਮੁੜ ਤੋਂ ਉੱਠੀ, ਜਿਸ ਵਿਚ ਕਾਰੋਬਾਰੀ ਅਤੇ ਦਸਤੀ ਸਿਖਲਾਈ ਰਾਹੀ ਸੱਤ ਸਾਲ ਤਕ ਬੁਨਿਆਦੀ ਸਿੱਖਿਆ ਦਾ ਸਵੈ-ਮਦਦ ਵਿਚਾਰ ਉੱਠਿਆ। ਸਰਕਾਰ ਦੀ ਸ਼ਰਤਾਂ ਦੀ ਕਮੀ ਦੇ ਲਾਗਾਤਾਰ ਬਹਾਨੇ ਦੀ ਕਾਟ ਲਈ ਸਵੈ-ਮਦਦ ਦੀ ਧਾਰਨਾ ਲਿਆਂਦੀ ਗਈ। ਭਾਰਤ ਵਿਚ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਇਤਿਹਾਸ ਵਿਚ ਅਗਲੀ ਯਾਦਗਾਰੀ ਘਟਨਾ ਸੀ 1944 ਦੀ ਲੜਾਈ ਤੋਂ ਬਾਅਦ ਦੀ ਸਿੱਖਿਆ ਵਿਕਾਸ ਲਈ ਯੋਜਨਾ, ਜਿਸ ਨੂੰ 'ਸਾਰਜੈਂਟ ਪਲਾਨ' ਕਰ ਕੇ ਵੀ ਜਾਣਿਆ ਜਾਂਦਾ ਹੈ। ਇਸ ਨੇ ਮੁਫਤ ਅਤੇ ਲਾਜ਼ਮੀ ਸਿੱਖਿਆ 8 ਸਾਲ ਦੇ ਸਮੇਂ ਲਈ (6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ) ਸਿਫ਼ਾਰਸ਼ ਕੀਤੀ।

ਇਸ ਤੋਂ ਬਾਅਦ 1968 ਵਿਚ ਸਿੱਖਿਆ ਦੀ ਰਾਸ਼ਟਰੀ ਨੀਤੀ ਬਣਾਈ ਗਈ ਜੋ ਭਾਰਤ ਸਰਕਾਰ ਦੀ ਸਕੂਲ ਸਿੱਖਿਆ ਵੱਲ ਪਹਿਲੀ ਸਰਕਾਰੀ ਦਸਤਾਵੇਜ਼ੀ ਗਵਾਹੀ ਸੀ। ਉਸ ਤੋਂ ਬਾਅਦ, ਰਾਸ਼ਟਰੀ ਸਿੱਖਿਆ ਨੀਤੀ ਵਿਚ ਕੁੱਝ ਸੋਧਾਂ ਵੀ ਹੋਈਆਂ। ਸਿੱਖਿਆ ਤਕ ਪਹੁੰਚ ਹਾਸਲ ਕਰਨ ਲਈ ਇਤਿਹਾਸ ਵਿਚ ਇਕ ਮੁੱਖ ਮੀਲ ਪੱਥਰ ਸੀ 86ਵਾਂ ਸੰਵਿਧਾਨ ਸੋਧ ਐਕਟ ਜੋ ਦਸੰਬਰ 2002 ਵਿਚ ਪਾਸ ਹੋਇਆ ਅਤੇ ਜਿਸ ਰਾਹੀਂ 6-14 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਕਰਾਰ ਦਿੱਤਾ ਗਿਆ। ਭਾਰਤ ਦੇ ਸੰਵਿਧਾਨ ਦੀ ਧਾਰਾ 21-ਏ ਅਤੇ ਇਸ ਦੇ ਨਤੀਜੇ ਵਜੋਂ ਬਣੇ ਕਾਨੂੰਨ, ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2009 ਜੋ ਪੂਰੇ ਦੇਸ਼ ਵਿਚ 1 ਅਪ੍ਰੈਲ 2010 ਤੋਂ ਲਾਗੂ ਹੋ ਗਿਆ, ਸਰਕਾਰ ਵਲੋਂ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦੇਣਾ, ਉਸ ਦੇ ਜ਼ਿੰਮੇ ਲਗਾਉਂਦਾ ਹੈ।

ਰਾਜ ਸਰਕਾਰਾਂ ਦੇ ਯੋਗਦਾਨ ਨੂੰ ਛੋਟਾ ਕਰਕੇ ਨਾ ਦੇਖਦੇ ਹੋਏ, ਸਿੱਖਿਆ ਸਮਵਰਤੀ ਦ੍ਰਿਸ਼ਟੀ ਵਿਚ ਹੈ, ਭਾਰਤ ਸਰਕਾਰ ਨੇ ਵੀ ਉੱਤਮ ਕਿਸਮ ਦੀ ਸਿੱਖਿਆ ਤਕ ਪਹੁੰਚ ਲਈ ਕਈ ਸਕੀਮਾਂ/ਪ੍ਰੋਗਰਾਮ ਚਲਾਏ ਹਨ। ਕੁਝ ਮੁੱਖ ਪ੍ਰੋਗਰਾਮ/ਸਕੀਮਾਂ ਦੀ ਸੂਚੀ ਜੋ ਕੇਂਦਰ ਸਰਕਾਰ ਨੇ ਪਿਛਲੇ ਦੋ ਦਹਾਕਿਆਂ ਵਿਚ, 1991 ਤੋਂ ਜਾਂ ਉਸ ਤੋਂ ਬਾਅਦ ਚਲਾਏ ਹਨ (ਜਦੋਂ ਵਿਸ਼ਵੀਕਰਨ ਸ਼ੁਰੂ ਹੋਇਆ) ਹੇਠ ਦਿੱਤੀ ਜਾ ਰਹੀ ਹੈ :

- ਓਪਰੇਸ਼ਨ ਬਲੈਕ ਬੋਰਡ,
- ਲੋਕ ਜੁੰਬਿਸ਼ ਪ੍ਰਾਜੈਕਟ,
- ਅਧਿਆਪਕ ਸਿੱਖਿਆ ਨੂੰ ਮਜਬੂਤ ਕਰਨਾ
- ਮਹਿਲਾ ਸਮੱਸਿਆ,
- ਸਿੱਖਿਆ ਜ਼ਾਮਨੀ ਸਕੀਮ ਅਤੇ ਬਦਲਾਅ ਦੀ ਅਤੇ ਨਵੀਂ ਕਿਸਮ ਦੀ ਸਿੱਖਿਆ,
- ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ,
- ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ,
- ਮਾਡਲ ਸਕੂਲ,
- ਮਿਡ ਡੇ ਮੀਲ ਸਕੀਮ,
- ਮਦਰਸਿਆਂ ਵਿਚ ਉੱਤਮ ਕਿਸਮ ਦੀ ਸਿੱਖਿਆ ਦੇਣ ਦੀ ਸਕੀਮ,
- ਘੱਟ ਗਿਣਤੀ ਸੰਸਥਾਨਾਂ ਵਿਚ ਬੁਨਿਆਦੀ ਢਾਂਚਾ ਵਿਕਾਸ,
- ਸਰਵ ਸਿੱਖਿਆ ਅਭਿਆਨ,
- ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ।

ਉੱਪਰ ਦਿੱਤੇ ਪ੍ਰੋਗਰਾਮਾਂ ਅਤੇ ਸਕੀਮਾਂ ਰਾਹੀਂ ਸਕੂਲ ਸਹੂਲਤਾਂ ਤਕ ਪਹੁੰਚ ਲਈ ਕਾਫ਼ੀ ਉੱਨਤੀ ਹੋਈ ਹੈ। ਪਰ ਸਿੱਖਿਆ ਤਕ ਪਹੁੰਚ ਸਿਰਫ਼ ਨੇੜੇ ਦੇ, ਇਕ ਨਿਸ਼ਚਤ ਦੂਰੀ ਵਿਚਲੇ ਸਕੂਲ ਤਕ ਭੌਤਿਕੀ ਪਹੁੰਚ ਹੀ ਨਹੀਂ ਹੈ ਸਗੋਂ ਇਹ ਬੁਨਿਆਦੀ ਸਹੂਲਤਾਂ, ਲੋੜੀਂਦੀ ਗਿਣਤੀ ਅਧਿਆਪਕ ਅਤੇ ਨਵੇਕਲੀ ਕਿਸਮ ਦੇ ਰਿਵਾਜਾਂ, ਖ਼ਾਸ ਤੌਰ ਤੇ ਜੋ ਜਾਤ, ਲਿੰਗ, ਨਸਲੀ ਗੁਣਾਂ ਅਤੇ ਸਰੀਰਕ ਅੰਗਾਂ ਦੇ ਵਾਂਝਪਨ ਨਾਲ ਜੁੜੇ ਹੋਣ ਤਕ ਸਮਾਜਕ ਪਹੁੰਚ ਮੁਹੱਈਆ ਕਰਨ ਲਈ ਵੀ ਹੈ।

## ਕੁੱਲ ਦਾਖ਼ਲਾ ਅਨੁਪਾਤ


ਕੁੱਲ ਦਾਖ਼ਲਾ ਅਨੁਪਾਤ ਸਿੱਖਿਆ ਤਕ ਪਹੁੰਚ ਅੰਕਣ ਦਾ ਇਕ ਬਹੁਤ ਲਾਭਕਾਰੀ ਸੰਕੇਤਕ ਹੈ ਜੋ ਆਜੋਕੀ ਪ੍ਰਤਿਨਿਧਤਾ ਹੈ। ਇਸ ਦੀ ਵਿਆਖਿਆ, ਸੰਬੰਧਿਤ ਅਨੁਕੂਲ ਉਮਰ ਗਰੁੱਪ ਦੇ

ਬੱਚਿਆਂ ਦੀ ਕੁੱਲ ਸੰਖਿਆ ਦੇ ਪ੍ਰਤਿਸ਼ਤ ਦੇ ਰੂਪ ਵਿਚ ਮਿਥੀਆਂ ਜਮਾਤਾਂ ਵਿਚ ਦਾਖ਼ਲੇ ਦੇ ਅਨੁਪਾਤ ਨਾਲ ਆਂਕੀ ਜਾਂਦੀ ਹੈ। ਇਨ੍ਹਾਂ ਪੜਾਵਾਂ ਤੇ ਦਾਖ਼ਲੇ ਵਿਚ, ਉਮਰ ਤੋਂ ਘੱਟ ਦੇ ਅਤੇ ਉਮਰ ਤੋਂ ਵੱਧ ਦੇ ਬੱਚਿਆਂ ਦੇ ਦਾਖ਼ਲੇ ਵੀ ਸ਼ਾਮਲ ਹਨ। ਇਸ ਤਰ੍ਹਾਂ, ਕਈ ਹਾਲਤਾਂ ਵਿਚ ਇਹ 100 ਪ੍ਰਤਿਸ਼ਤ ਤੋਂ ਵੀ ਵੱਧ ਹੋ ਸਕਦੀ ਹੈ। ਜਿਵੇਂ ਕਿ ਗ੍ਰਾਫ-1 ਤੋਂ ਸਪੱਸ਼ਟ ਹੈ ਕਿ ਪ੍ਰਾਇਮਰੀ ਪੱਧਰ ਉਤੇ ਕੁੱਝ ਦਾਖ਼ਲਾ ਅਨੁਪਾਤ ਸਭ ਤੋਂ ਵੱਧ ਹੈ ਅਤੇ ਜਿਉਂ-ਜਿਉਂ ਅਸੀਂ ਸਿੱਖਿਆ ਦੇ ਪੱਧਰ ਉਤੇ ਉਪਰ ਵੱਲ ਵਧਦੇ ਹਾਂ, ਇਹ ਅਨੁਪਾਤ ਘਟਦਾ ਜਾਂਦਾ ਹੈ। ਇਹ ਇਕ ਸਪੱਸ਼ਟ ਸੰਕੇਤ ਹੈ ਕਿ ਵੱਡੀ ਗਿਣਤੀ ਵਿਚ ਬੱਚੇ ਬੁਨਿਆਦੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ ਅਤੇ 5 ਬੱਚਿਆਂ ਵਿਚੋਂ ਸਿਰਫ਼ ਇਕ ਬੱਚਾ ਹੀ ਉੱਚ ਸਿੱਖਿਆ ਤਕ ਪਹੁੰਚਦਾ ਹੈ। ਇਹ ਵੀ ਦੇਖਣਾ ਢੁੱਕਵਾਂ ਹੈ ਕਿ ਅਜਿਹੇ ਰਾਜ ਵੀ ਹਨ ਜਿਨ੍ਹਾਂ ਵਿਚ ਕੁੱਲ ਦਾਖ਼ਲਾ ਅਨੁਪਾਤ ਰਾਸ਼ਟਰੀ ਔਸਤ ਨਾਲੋਂ ਬਹੁਤ ਘੱਟ ਹੈ ਅਤੇ ਕੁੱਝ ਛੋਟੇ ਭਾਗਾਂ ਵਿਚ (ਜਿਲ੍ਹਾ ਜਾਂ ਬਲਾਕ ਪੱਧਰ ਉਤੇ) ਕੁੱਲ ਦਾਖ਼ਲਾ ਅਨੁਪਾਤ ਉਸ ਰਾਜ ਦੇ ਔਸਤ ਨਾਲੋਂ ਵੀ ਘੱਟ ਹੈ। ਇਸ ਲਈ, ਲਿੰਗ ਅਨੁਪਾਤ, ਸਮਾਜਕ ਸ਼੍ਰੇਣੀ ਅਤੇ ਰਾਜ/ਜ਼ਿਲ੍ਹੇ ਅਨੁਸਾਰ ਇਕ ਵਿਸਤ੍ਰਿਤ ਪੜਚੋਲ ਰਾਜਾਂ ਅਤੇ ਜ਼ਿਲ੍ਹਿਆਂ ਵਿਚ ਵਿਸ਼ੇਸ਼ ਜ਼ੋਰ ਦੇਣ ਵਾਲੇ ਖੇਤਰਾਂ ਦੀ ਪਛਾਣ ਕਰਨ ਵਿਚ ਮਦਦ ਕਰੇਗੀ।

## ਬੁਨਿਆਦੀ ਪੱਧਰ

ਸਰਵ ਸਿੱਖਿਆ ਅਭਿਆਨ ਨੇ ਆਪਣੇ ਇਕ ਦਹਾਕੇ ਤੋਂ ਵੱਧ ਦੇ ਨਿਵੇਸ਼ ਸਮੇਂ ਵਿਚ ਲੱਖਾਂ ਸਕੂਲਾਂ ਨੂੰ ਮਨਜ਼ੂਰੀ ਦਿੱਤੀ ਹੈ ਜਿਸ ਨਾਲ ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ। ਦੇਸ਼ ਵਿਚ, 2005-06 ਵਿਚ 7,38,150 ਪ੍ਰਾਇਮਰੀ ਸਕੂਲ ਸਨ ਜਿਨ੍ਹਾਂ ਦੀ ਗਿਣਤੀ ਵਿਚ 59 ਪ੍ਰਤਿਸ਼ਤ ਦਾ ਵਾਧਾ ਹੋ ਕੇ ਇਹ 2013-14 ਵਿਚ 8,58,916 ਹੋ ਗਏ। ਇਨ੍ਹਾਂ ਸਕੂਲਾਂ ਨੂੰ ਵਧੇਰੇ ਕਰਕੇ ਨਵੇਂ ਸਕੂਲ ਖੋਲ੍ਹਣ ਦੇ ਰਾਜ ਵਿਸ਼ੇਸ਼ ਮਾਪਦੰਡਾਂ ਅਨੁਸਾਰ ਸਕੂਲ ਰਹਿਤ ਬਸਤੀਆਂ ਵਿਚ ਖੋਲ੍ਹਿਆ ਗਿਆ। ਆਮ ਤੌਰ ਤੇ ਪ੍ਰਾਇਮਰੀ ਲਈ ਮਾਪਦੰਡ ਇਕ ਕਿਲੋਮੀਟਰ ਦਾ ਦਾਇਰਾ ਸੀ ਅਤੇ ਉੱਚ ਪ੍ਰਾਇਮਰੀ ਲਈ 3 ਕਿਲੋਮੀਟਰ। ਪ੍ਰਾਇਮਰੀ ਪੱਧਰ ਉਤੇ ਪਹੁੰਚ 2010 ਤਕ ਸਰਵ ਵਿਆਪੀ ਸੀ (ਮਨੁੱਖੀ ਸ੍ਰੋਤ ਵਿਕਾਸ ਮੰਤਰਾਲੇ ਦੀ ਰਿਪੋਰਟ ਅਨੁਸਾਰ 98 ਪ੍ਰਤਿਸ਼ਤ)। ਪਰ ਉੱਚ ਪ੍ਰਾਇਮਰੀ ਪੱਧਰ ਉਤੇ ਹਾਲੇ ਵੀ ਕਮੀਆਂ ਹਨ। ਸਿੱਖਿਆ ਦਾ ਅਧਿਕਾਰ ਕਾਨੂੰਨ ਹੋਂਦ ਵਿਚ ਆਉਣ ਉਤੇ ਹਰ ਬੱਚੇ ਨੂੰ ਗੁਆਂਢ ਦੇ ਸਕੂਲ ਵਿਚ ਬੁਨਿਆਦੀ ਸਿੱਖਿਆ ਹਾਸਲ ਕਰਨ ਦਾ ਅਧਿਕਾਰ ਮਿਲ ਗਿਆ। ਇਸ ਨਾਲ ਗੁਆਂਢ ਦੀ ਵਿਆਖਿਆ ਕਰਨ ਅਤੇ ਜਿਥੇ ਜ਼ਰੂਰਤ ਸੀ, ਨਵੇਂ ਸਕੂਲ ਖੋਲ੍ਹਣ ਦੀ ਲੋੜ ਪਈ। ਸਿੱਟੇ ਵਜੋਂ, ਰਾਜਾਂ ਨੇ ਗੁਆਂਢ ਦੀ ਵਿਆਖਿਆ ਜਾਰੀ ਕੀਤੀ ਅਤੇ ਰਾਜ ਪੱਧਰੀ ਸਿੱਖਿਆ ਦੇ ਅਧਿਕਾਰ ਨਿਯਮਾਂ ਅਨੁਸਾਰ ਨਵੇਂ ਸਕੂਲ ਖੋਲ੍ਹੇ। ਅਜਿਹੇ ਹਲਾਤਾਂ ਵਿਚ, ਜਿਥੇ ਗੁਆਂਢ ਦਾ ਸਕੂਲ ਖੋਲ੍ਹਣ ਵਿਚ ਕਠਿਨਾਈਆਂ ਸਨ ਜਾਂ ਉਸ ਦੇ ਚਲਣ ਦੀ ਗੁੰਜਾਇਸ਼ ਨਹੀਂ ਸੀ, ਜਿਵੇਂ ਕਿ ਛੋਟੀਆਂ ਅਤੇ ਖਿਲਰੀਆਂ ਹੋਈਆਂ ਬਸਤੀਆਂ, ਮੁਸ਼ਕਲ ਭੂ-ਭਾਗ ਅਤੇ ਭੂਮੀ ਦੀ ਗ਼ੈਰ-ਉਪਲਬਧਤਾ, ਆਦਿ। ਉਥੇ ਬੱਚਿਆਂ ਨੂੰ ਨੇੜੇ ਦੇ ਸਕੂਲ ਵਿਚ ਪਹੁੰਚਣ ਲਈ ਟਰਾਂਸਪੋਰਟ/ਨਿਗਰਾਨੀ ਸਹੂਲਤ ਮੁਹੱਈਆ ਕੀਤੀ ਗਈ। ਬਦਲੇ ਦੇ ਤੌਰ ਤੇ, ਰਿਹਾਇਸ਼ ਸਹੂਲਤ ਵੀ ਦਿੱਤੀ ਗਈ (ਵਧੇਰੇ ਕਰਕੇ ਉੱਚ ਪ੍ਰਾਇਮਰੀ ਉਮਰ ਦੇ ਬੱਚਿਆਂ ਨੂੰ) ਤਾਂ ਕਿ ਭੌਤਿਕ ਪਹੁੰਚ ਦਾ ਮੁੱਦਾ ਹੱਲ ਕੀਤਾ ਜਾ ਸਕੇ। ਸ਼ਹਿਰੀ ਖੇਤਰਾਂ ਵਿਚ ਰਹਿਣ ਵਾਲੇ ਉਨ੍ਹਾਂ ਬੱਚਿਆਂ ਨੂੰ ਜੋ ਬਾਲਗ ਸਿੱਖਿਆ ਤੋਂ ਵਾਂਝੇ ਸਨ, ਵੀ ਰਿਹਾਇਸ਼ੀ ਸਹੂਲਤ ਦਿੱਤੀ ਗਈ। ਸਮਾਨਤਾ ਦੇ ਮੁੱਦੇ ਦੇ ਹੱਲ ਲਈ ਹੌਲੀ-ਹੌਲੀ ਸਮਾਜਕ ਪਹੁੰਚ ਉਪਰ ਵੀ ਜ਼ੋਰ ਦਿੱਤਾ ਜਾਣ ਲੱਗਾ ਹੈ। ਉਨ੍ਹਾਂ ਖੇਤਰਾਂ ਵਿਚ ਸਕੂਲ ਖੋਲ੍ਹੇ ਗਏ ਹਨ ਜਿਥੇ ਹਾਸ਼ੀਏ ਦੇ ਸਮਾਜਿਕ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਮੁਸਲਮਾਨਾਂ ਦੀ ਬਹੁ-ਗਿਣਤੀ ਹੈ। ਸਰਵ ਸਿੱਖਿਆ ਅਭਿਆਨ ਦੇ ਅੰਦਰ ਉੱਚ ਪ੍ਰਾਇਮਰੀ ਪੱਧਰ ਉਤੇ ਸਕੂਲ ਛੱਡਣ ਵਾਲੀਆਂ ਲੜਕੀਆਂ ਲਈ ਰਿਹਾਇਸ਼ ਸਹੂਲਤਾਂ ਦੇਣ ਲਈ ਇਕ ਵਿਸ਼ੇਸ਼ ਸਕੀਮ, ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਚਲਾਈ ਜਾ ਰਹੀ ਹੈ। 2005 ਤੋਂ ਵੱਧ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲੇ ਖੋਲ੍ਹੇ ਗਏ ਹਨ ਅਤੇ ਇਸ ਦਾਖ਼ਲਅੰਦਾਜ਼ੀ ਨੇ ਬਹੁਤ ਦਿਲਚਸਪੀ ਅਤੇ ਮੰਗ ਪੈਦਾ ਕੀਤੀ ਹੈ। ਉੱਚ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਵਿਚ ਵੀ ਕਾਫੀ ਵਾਧਾ ਦੇਖਣ ਨੂੰ ਮਿਲਿਆ ਹੈ ਜੋ 2005-06 ਵਿਚ 3,85,883 ਸਨ, 52 ਪ੍ਰਤਿਸ਼ਤ ਵਧ ਕੇ 2013-14 ਵਿਚ 5,89,796 ਹੋ ਗਏ।

ਗ੍ਰਾਫ-1 : ਪ੍ਰਾਇਮਰੀ ਤੋਂ ਉੱਚ ਸਿੱਖਿਆ ਤਕ ਕੁੱਲ ਦਾਖ਼ਲਾ





ਸ੍ਰੋਤ : ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਲਈ ਯੂ-ਡੀ ਆਈ ਐੱਸ ਈ ਅਤੇ ਹੋਰ ਪੱਧਰਾਂ ਲਈ ਐੱਸ ਈ

## ਸੈਕੰਡਰੀ ਪੱਧਰ

ਸੈਕੰਡਰੀ ਸਕੂਲ ਸਹੂਲਤਾਂ ਦੇ ਵਾਧੇ ਵਿਚ ਵੀ ਕਾਫ਼ੀ ਤਰੱਕੀ ਹੋਈ ਹੈ। ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ ਹੇਠ ਕੀਤੀਆਂ ਵੱਡੀਆਂ ਸਾਲਸੀਆਂ ਜਿਨ੍ਹਾਂ ਨੇ ਸਕੂਲ ਸਹੂਲਤਾਂ ਦੇ ਵਾਧੇ ਅਤੇ ਸੈਕੰਡਰੀ ਸਿੱਖਿਆ ਤਕ ਸਰਵਵਿਆਪੀ ਪਹੁੰਚ ਦੇ ਟੀਚੇ ਨੂੰ ਹਾਸਲ ਕਰਨ ਵਿਚ ਮੁੱਖ ਭੂਮਿਕਾ ਨਿਭਾਈ, ਹੇਠ ਦਿੱਤੀਆਂ ਜਾ ਰਹੀਆਂ ਹਨ :

ਗ੍ਰਾਫ-2 : ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲਾਂ ਦੀ ਗਿਣਤੀ




*ਸ੍ਰੋਤ : ਯੂ-ਡੀ ਆਈ ਐੱਸ ਈ*

• ਪਹਿਲਾਂ ਤੋਂ ਚਲ ਰਹੇ ਸਕੂਲਾਂ ਵਿਚ, ਵਾਧੂ ਕਮਰਿਆਂ ਦੀ ਉਸਾਰੀ : 2014-15 ਤਕ 52,715 ਵਾਧੂ ਕਲਾਸਾਂ ਦੇ ਕਮਰੇ ਉਸਾਰਣ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਸੀ। ਉਨ੍ਹਾਂ ਵਿਚੋਂ 20,839 ਕਲਾਸਾਂ ਲਈ ਵਾਧੂ ਕਮਰੇ ਉਸਾਰੇ ਜਾ ਚੁੱਕੇ ਹਨ ਤੇ 16,774 ਦੀ ਉਸਾਰੀ ਚੱਲ ਰਹੀ ਹੈ।

## ਉੱਚ ਸਿੱਖਿਆ

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਕੁੱਲ ਦਾਖ਼ਲਾ ਅਨੁਪਾਤ ਕਾਮਯਾਬੀ ਦੇ ਮਾਪ ਦੇ ਤੌਰ ਤੇ ਪ੍ਰਤਿਨਿਧਤਾ ਸੰਕੇਤਕ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਜਿਵੇਂ ਕਿ ਉਪਰ ਦਿੱਤੇ ਗ੍ਰਾਫ-1 ਤੋਂ ਸਪੱਸ਼ਟ ਹੈ, ਉੱਚ ਸਿੱਖਿਆ ਵਿਚ ਕੁੱਲ ਦਾਖ਼ਲਾ ਅਨੁਪਾਤ 2006-07 ਵਿਚ 12.4 ਪ੍ਰਤਿਸ਼ਤ ਸੀ ਜੋ ਕਾਫੀ ਵਧ ਕੇ 2012-13 ਵਿਚ 21.1 ਹੋ ਗਿਆ। 12ਵੀਂ ਪੰਜ ਸਾਲਾ ਯੋਜਨਾ ਵਿਚ, ਉੱਚ ਸਿੱਖਿਆ ਦੇ ਪਸਾਰ ਲਈ ਹੇਠ ਦਿੱਤੇ ਸੁਝਾਅ ਦਿੱਤੇ ਗਏ ਹਨ :

• ਪਹਿਲਾਂ ਤੋਂ ਚੱਲ ਰਹੇ ਸਕੂਲਾਂ ਵਿਚ ਦਾਖ਼ਲੇ ਦੀ ਸਮਰੱਥਾ ਵਧਾਉਣ ਦੀ ਬਜਾਇ ਨਵੇਂ ਸਕੂਲ ਖੋਲ੍ਹੇ ਜਾਣ। ਨਵੇਂ ਸਕੂਲ ਸਿਰਫ਼ ਬਹੁਤ ਭਾਰੀ ਖੇਤਰੀ ਅਤੇ ਸਮਾਜਕ ਖਾਈਆਂ ਨੂੰ ਪੂਰਨ ਲਈ ਹੀ, ਜਿਥੇ ਕਿਤੇ ਲੋੜ ਹੋਵੇ, ਖੋਲ੍ਹੇ ਜਾਣ।

• ਵੱਖ-ਵੱਖ ਤਰ੍ਹਾਂ ਦੀਆਂ ਲੋੜਾਂ ਵਾਲੇ ਵਿਦਿਆਰਥੀਆਂ ਅਤੇ ਰੁਜ਼ਗਾਰ ਦੇਣ ਵਾਲਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸੰਸਥਾਗਤ ਨਿਖੜੇਵੇਂ ਅਤੇ ਨਿਆਰੇਪਨ ਦੀ ਪ੍ਰਣਾਲੀ ਸਥਾਪਤ ਕਰਨਾ।

• ਨਵੀਂ ਤਕਨਾਲੋਜੀ ਦੀ ਬਦਲਾਅ ਦੀ ਸਮਰੱਥਾ ਦਾ ਕਾਬਲ ਅਤੇ ਪਾਰਦਰਸ਼ੀ ਪ੍ਰਸ਼ਾਸਨ ਨੂੰ ਉਤਸਾਹ ਦੇਣ ਅਤੇ ਪੜ੍ਹਾਉਣ ਅਤੇ ਖੋਜ ਦਾ ਮਿਆਰ ਵਧਾਉਂਦੇ ਹੋਏ ਉੱਤਮਤਾ ਵਿਚ ਵਾਧਾ, ਲਾਗਤ ਘੱਟ ਕਰਨ, ਪ੍ਰਕਿਰਿਆਵਾਂ ਅਤੇ ਕਾਬਲੀਅਤ ਵਿਚ ਸੁਧਾਰ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਤਕ ਪਹੁੰਚ ਸਥਾਪਤ ਕਰਨਾ।

## ਬਚਪਨ ਵਿਚ ਛੋਟੀ ਉਮਰ ਵਿਚ ਸੰਭਾਲ ਅਤੇ ਸਿੱਖਿਆ

ਵਰਤਮਾਨ ਵਿਚ, ਬਚਪਨ ਵਿਚ ਛੋਟੀ ਉਮਰ ਵਿਚ ਸੰਭਾਲ ਅਤੇ ਸਿੱਖਿਆ, ਔਰਤਾਂ ਅਤੇ ਬਾਲ ਵਿਕਾਸ ਵਿਭਾਗ ਦੇ ਜ਼ਿੰਮੇ ਹੈ। ਪਰ ਕਈ ਰਾਜਾਂ ਵਿਚ, ਸਿੱਖਿਆ ਵਿਭਾਗ ਵਲੋਂ ਪ੍ਰਾਇਮਰੀ ਸਕੂਲਾਂ ਵਿਚ ਪ੍ਰਾਇਮਰੀ ਸਿੱਖਿਆ ਤੋਂ ਪਹਿਲਾਂ ਦੀ ਸਿੱਖਿਆ ਲਈ ਵਿੰਗ ਖੋਲ੍ਹ ਕੇ ਸਕੂਲ ਤੋਂ ਪਹਿਲਾਂ ਦੀ ਸਹੂਲਤ ਦਿੱਤੀ ਜਾ ਰਹੀ ਹੈ। 2013-14 ਦੇ ਸਿੱਖਿਆ ਦੀ ਏਕੀਕ੍ਰਿਤ ਜ਼ਿਲ੍ਹਾ ਸਿੱਖਿਆ ਸੂਚਨਾ ਪ੍ਰਣਾਲੀ (ਯੂ-ਡੀ ਆਈ ਐੱਸ ਈ) ਦੇ ਅੰਕੜਿਆਂ ਅਨੁਸਾਰ, ਲਗਭਗ 49 ਪ੍ਰਤਿਸ਼ਤ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪ੍ਰਾਇਮਰੀ ਤੋਂ ਪਹਿਲਾਂ ਦੀ ਸਹੂਲਤ ਜਾਂ ਆਂਗਨਵਾੜੀ ਸਹੂਲਤ ਹੈ। ਪ੍ਰਾਇਮਰੀ ਸਿੱਖਿਆ ਤੋਂ ਪਹਿਲਾਂ ਦੀ ਸਹੂਲਤ ਵਾਲੇ ਸਕੂਲਾਂ ਦੀ ਗਿਣਤੀ ਘੱਟ ਹੈ। ਇਕ ਤਿਹਾਈ ਅਤੇ ਆਂਗਨਵਾੜੀ ਸਹੂਲਤ ਦੋ ਤਿਹਾਈ ਹੈ। ਇਹ ਜਾਨਣਯੋਗ ਹੈ ਕਿ ਏਕੀਕ੍ਰਿਤ ਜ਼ਿਲ੍ਹਾ ਸਿੱਖਿਆ ਸੂਚਨਾ ਪ੍ਰਣਾਲੀ ਸਿਰਫ਼ ਉਨ੍ਹਾਂ ਪ੍ਰਾਇਮਰੀ ਤੋਂ ਪਹਿਲਾਂ ਦੀ ਸਹੂਲਤ ਵਾਲੇ ਸਕੂਲਾਂ ਜਾਂ ਆਂਗਨਵਾੜੀ ਸਹੂਲਤ ਬਾਰੇ ਸੂਚਨਾ ਦਿੰਦੀ ਹੈ ਜੋ ਪ੍ਰਾਇਮਰੀ ਸਕੂਲ ਦੇ ਅੰਦਰ ਜਾਂ ਉਸ ਦੇ ਆਸਪਾਸ ਹਨ। ਪ੍ਰਾਇਮਰੀ ਤੋਂ ਪਹਿਲਾਂ ਦੀ ਸਹੂਲਤ ਜਾਂ ਆਂਗਨਵਾੜੀ ਸਹੂਲਤ, ਪ੍ਰਾਇਮਰੀ ਸਕੂਲ ਤੋਂ ਬਾਹਰ ਹੋਣ (ਜਾਂ ਨੇੜੇ-ਤੇੜ ਵੀ ਨਾ ਹੋਣ) ਦੀ ਸੂਰਤ ਵਿਚ, ਭਾਵੇਂ ਉਹ ਉਸੇ ਬਸਤੀ/ਪਿੰਡ ਵਿਚ ਹੀ ਕਿਉਂ ਨਾ ਹੋਵੇ, ਏਕੀਕ੍ਰਿਤ ਜ਼ਿਲ੍ਹਾ ਸੂਚਨਾ ਸਿੱਖਿਆ ਪ੍ਰਣਾਲੀ ਉਸ ਬਾਰੇ ਅੰਕੜੇ ਨਹੀਂ ਦਿੰਦੀ। ਸਾਲ ਦਰ ਸਾਲ, ਪ੍ਰਾਇਮਰੀ ਤੋਂ ਪਹਿਲਾਂ ਦੀ ਸਹੂਲਤ ਅਤੇ ਆਂਗਨਵਾੜੀ ਸਹੂਲਤ ਪ੍ਰਾਇਮਰੀ ਸਕੂਲਾਂ ਵਿਚ ਵਧ ਰਹੀ ਹੈ। ਉਦਾਹਰਣ ਦੇ ਤੌਰ ਤੇ, ਜਿਥੇ ਸਕੂਲ ਤੋਂ ਪਹਿਲਾਂ ਦੀ ਸਿੱਖਿਆ ਸਹੂਲਤ 10.9 ਪ੍ਰਤਿਸ਼ਤ ਅਤੇ ਆਂਗਨਵਾੜੀ ਸਹੂਲਤ ਲਗਭਗ 29.3 ਪ੍ਰਤਿਸ਼ਤ ਪ੍ਰਾਇਮਰੀ ਸਕੂਲਾਂ ਵਿਚ ਉਪਲਬਧ ਸੀ, ਕ੍ਰਮਵਾਰ ਵਧ ਕੇ 2013-14 ਵਿਚ 15.8 ਪ੍ਰਤਿਸ਼ਤ ਅਤੇ 33.3 ਪ੍ਰਤਿਸ਼ਤ ਹੋ ਗਈ।

## ਅਸੁਖਾਵੀਂ ਦਸ਼ਾ ਵਾਲੇ ਸਮਾਜਕ ਵਰਗਾਂ ਦੇ ਬੱਚਿਆਂ ਦੀ ਦਾਖ਼ਲਿਆਂ ਤਕ ਪਹੁੰਚ

ਜਿਥੋਂ ਤਕ ਸਿੱਖਿਆ ਵਿਚ ਸਮਾਨਤਾ ਦਾ ਸਵਾਲ ਹੈ, ਸਮਾਜਕ ਤੌਰ ਤੇ ਹਾਸ਼ੀਏ ਦੇ ਗਰੁੱਪਾਂ ਦੇ ਦਾਖ਼ਲਿਆਂ ਵਿਚ ਵਾਧਾ ਹੋਇਆ ਹੈ। ਏਕੀਕ੍ਰਿਤ ਜ਼ਿਲ੍ਹਾ ਸੂਚਨਾ ਸਿੱਖਿਆ ਪ੍ਰਣਾਲੀ ਦੇ 2013-14 ਦੇ ਅੰਕੜਿਆਂ ਅਨੁਸਾਰ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਮੁਸਲਮਾਨ

ਸੂਚੀ-1 : ਸਮਾਜਿਕ ਵਰਗ ਅਨੁਸਾਰ ਦਾਖ਼ਲਿਆਂ ਅਤੇ ਆਬਾਦੀ ਦਾ ਪ੍ਰਤਿਸ਼ਤ

| | ਆਬਾਦੀ ਦਾ ਹਿੱਸਾ ਪ੍ਰਤਿਸ਼ਤ (2001 ਮਰਦਮਸ਼ੁਮਾਰੀ) | ਦਾਖ਼ਲਿਆਂ ਵਿਚ ਹਿੱਸਾ ਪ੍ਰਤਿਸ਼ਤ (ਡੀ ਆਈ ਐੱਸ ਈ 2013-14 |
|---|---|---|
| ਅਨੁਸੂਚਿਤ ਜਾਤੀਆਂ | 16 ਪ੍ਰਤਿਸ਼ਤ | 20 ਪ੍ਰਤਿਸ਼ਤ |
| ਅਨੁਸੂਚਿਤ ਜਨਜਾਤੀਆਂ | 8 ਪ੍ਰਤਿਸ਼ਤ | 11 ਪ੍ਰਤਿਸ਼ਤ |
| ਮੁਸਲਮਾਨ | 13 ਪ੍ਰਤਿਸ਼ਤ | 14 ਪ੍ਰਤਿਸ਼ਤ |

*ਸ੍ਰੋਤ :ਯੂ-ਡੀ ਆਈ ਐੱਸ ਈ*

ਬੱਚਿਆਂ ਦਾ ਦਾਖ਼ਲਿਆਂ ਵਿਚ ਹਿੱਸਾ, ਉਨ੍ਹਾਂ ਦੇ ਕੁੱਲ ਆਬਾਦੀ ਦੇ ਹਿੱਸੇ ਅਨੁਸਾਰ ਸੀ। ਪ੍ਰਤਿਸ਼ਤ ਦਾਖ਼ਲਿਆਂ ਅਤੇ ਕੁੱਲ ਆਬਾਦੀ ਵਿਚ ਹਿੱਸੇ ਦਾ ਵੇਰਵਾ ਸੂਚੀ-1 ਵਿਚ ਦਿੱਤਾ ਗਿਆ ਹੈ।


ਦਾਖ਼ਲਿਆਂ ਵਿਚ ਲੜਕੀਆਂ ਦਾ ਵਾਧਾ, ਵੱਖ-ਵੱਖ ਸਮਾਜਕ ਸ਼੍ਰੇਣੀਆਂ, ਖ਼ਾਸ ਕਰਕੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਮੁਸਲਮਾਨ ਲੜਕੀਆਂ ਦੇ ਦਾਖ਼ਲੇ ਵਿਚ ਸੁਧਾਰ ਨਾਲ ਹੋਇਆ ਹੈ। ਗ੍ਰਾਫ-3 ਵਿਚ, ਇਨ੍ਹਾਂ ਸਮਾਜਕ ਸ਼੍ਰੇਣੀਆਂ ਦੀਆਂ ਲੜਕੀਆਂ ਦੇ ਦਾਖ਼ਲੇ ਵਿਚ ਵਾਧਾ ਦਿਖਾਇਆ ਗਿਆ ਹੈ।

ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਮੁਸਲਮਾਨ ਵਿਦਿਆਰਥੀਆਂ ਦਾ ਕੁੱਲ ਵਿਦਿਆਰਥੀਆਂ ਦੇ ਮੁਕਾਬਲੇ ਦਾਖ਼ਲਿਆਂ ਵਿਚ ਹਿੱਸੇ ਦਾ ਮਤਲਬ ਇਹ ਨਹੀਂ ਕਿ ਸਮਾਜ ਦੇ ਇਨ੍ਹਾਂ ਵਰਗਾਂ ਦਾ ਹਾਸ਼ੀਏ ਉਤੇ ਰਹਿਣਾ ਸਰਵਵਿਆਪੀ ਦਾਖ਼ਲਿਆਂ ਨੂੰ ਕੋਈ ਚੁਣੌਤੀ ਨਹੀਂ ਦਿੰਦਾ। ਕਿਉਂਕਿ ਅਨੁਸੂਚਿਤ ਜਾਤੀਆਂ ਅਤੇ ਮੁਸਲਮਾਨ ਆਬਾਦੀ ਦਾ ਸੰਘਣਾਪਨ ਵੱਖ-ਵੱਖ ਸਥਾਨਾਂ ਵਿਚ ਵੱਖਰਾ-ਵੱਖਰਾ ਹੈ, ਇਸ ਲਈ ਦਾਖ਼ਲਿਆਂ ਵਿਚ ਅਨੁਪਾਤਕ ਪ੍ਰਤਿਸ਼ਤ ਹੋਣ ਦੇ ਬਾਵਜੂਦ, ਇਨ੍ਹਾਂ ਵਰਗਾਂ ਦੇ ਬਹੁਤ ਸਾਰੇ ਬੱਚੇ ਹਾਲੇ ਵੀ ਸਕੂਲ ਵਿਹੂਣੇ ਹਨ। ਅਜਿਹੇ ਹਾਲਾਤ, ਸਮਾਜਕ ਪਹੁੰਚ, ਸਮਾਨਤਾ ਅਤੇ ਅਨੇਕਤਾ ਉਪਰ, ਪਾਠਕ੍ਰਮ ਅਤੇ ਅਧਿਆਪਨ ਵਿੱਦਿਆ ਦੇ ਚਲਣ ਵਿਚ ਸੁਧਾਰ ਦੇ ਨਾਲ-ਨਾਲ, ਵਧੇਰੇ ਧਿਆਨ ਦੇਣ ਦੀ ਲੋੜ ਉਤੇ ਜ਼ੋਰ ਦਿੰਦੇ ਹਨ।

## ਚੁਣੌਤੀਆਂ

***ਪਹੁੰਚ ਤਕ ਰੁਕਾਵਟਾਂ :*** ਸਕੂਲ ਤੋਂ ਵਾਂਝੇ ਬਹੁ-ਗਿਣਤੀ ਬੱਚੇ ਸਮਾਜ ਦੇ ਅਸੁਖਾਵੇਂ ਵਰਗਾਂ ਤੋਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਮੁਸਲਮਾਨ, ਪਰਵਾਸੀ, ਵਿਸ਼ੇਸ਼ ਲੋੜਾਂ ਵਾਲੇ ਬੱਚੇ, ਸ਼ਹਿਰੀ ਵੰਚਿਤ ਬੱਚੇ, ਕੰਮਕਾਜੀ ਬੱਚੇ, ਹੋਰ ਮੁਸ਼ਕਲਾਂ ਭਰੇ ਹਾਲਾਤ ਵਿਚ ਰਹਿ ਰਹੇ ਬੱਚੇ, ਉਦਾਹਰਣ ਤੇ ਤੌਰ ਤੇ ਜੋ ਮੁਸ਼ਕਲ ਭੂ-ਭਾਗ ਵਿਚ ਰਹਿ ਰਹੇ ਹਨ, ਸ਼ਰਨਾਰਥੀ ਪਰਿਵਾਰਾਂ ਦੇ ਬੱਚੇ ਅਤੇ ਅੰਦਰੂਨੀ ਝਗੜੇ ਵਿਚ ਫਸੇ ਖੇਤਰ ਦੇ ਬੱਚੇ, ਹੁੰਦੇ ਹਨ। ਸਿੱਖਿਆ ਦਾ ਅਧਿਕਾਰ ਕਾਨੂੰਨ ਰਾਜ ਸਰਕਾਰਾਂ ਉਪਰ ਸਮਾਜ ਦੇ ਅਸੁਖਾਵੇਂ ਵਰਗਾਂ ਅਤੇ ਕਮਜ਼ੋਰ ਸ਼੍ਰੇਣੀਆਂ ਨੂੰ ਮਿਥਣ ਦੀ ਜ਼ਿੰਮੇਵਾਰੀ ਲਾਉਂਦਾ ਹੈ। ਸਮਾਜਕ ਪਹੁੰਚ ਅਤੇ ਸਮਾਨਤਾ ਦੇ ਮੁੱਦਿਆਂ ਬਾਰੇ ਵਿਚਾਰ ਕਰਦੇ ਹੋਏ, ਆਮ ਤੌਰ ਤੇ ਇਸ ਧਾਰਨਾ ਨੂੰ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਮੁਸਲਮਾਨਾਂ, ਲੜਕੀਆਂ ਆਦਿ ਬਾਰੇ ਸਿਮਟ ਕੇ ਦੇਖਿਆ ਜਾਂਦਾ ਹੈ। ਸਭ ਨੂੰ ਇਹ ਵੀ ਸਮਝਣਾ ਪੈਣਾ ਹੈ ਕਿ ਇਹ ਗਰੁੱਪ ਵੀ ਸਮਰੂਪ ਨਹੀਂ ਹਨ। ਸਮਾਜਕ ਸਚਾਈਆਂ ਬਹੁਤ ਗੁੰਝਲਦਾਰ ਹਨ ਅਤੇ ਇਨ੍ਹਾਂ ਵਰਗਾਂ ਦੇ ਅੰਦਰ ਵੀ ਗਰੁੱਪ ਹਨ ਜੋ ਵੱਖ-ਵੱਖ ਕਾਰਨਾਂ ਕਰਕੇ ਹੋਰ ਵੀ ਬਹੁਤ ਜ਼ਿਆਦਾ ਅਸੁਖਾਵੀਂ ਅਵਸਥਾ ਵਿਚ ਰਹਿ ਰਹੇ ਹਨ। ਸਰਵਵਿਆਪੀ ਪਹੁੰਚ ਦੇ ਟੀਚੇ ਨੂੰ ਪੂਰੀ ਤਰ੍ਹਾਂ ਹਾਸਲ ਕਰਨ ਲਈ, ਪ੍ਰੋਗਰਾਮ ਨੂੰ ਲਾਗੂ ਕਰਨ ਦੇ ਅਗਲੇ ਪੜਾਅ ਵਿਚ, ਹੇਠ ਦਿੱਤੀਆਂ ਸਮਾਜਕ ਅਤੇ ਆਰਥਿਕ ਸਚਾਈਆਂ ਦੇ ਚਲਦੇ ਆ ਰਹੀਆਂ ਰੁਕਾਵਟਾਂ ਨੂੰ ਹਟਾਉਣਾ ਪਵੇਗਾ।

ਗ੍ਰਾਫ-3 : ਕੁੱਲ ਦਾਖ਼ਲਿਆਂ ਦੇ ਮੁਕਾਬਲੇ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਮੁਸਲਮਾਨ ਲੜਕੀਆਂ ਦਾ ਪ੍ਰਤਿਸ਼ਤ




*ਸ੍ਰੋਤ : ਯੂ-ਡੀ ਆਈ ਐੱਸ ਈ*

***ਲਿੰਗ ਭੇਦ :*** ਲੜਕੀਆਂ ਦੀ ਮਿਹਨਤ ਤੋਂ ਪੈਦਾ ਹੋਏ ਘੱਟ ਖਰਚੇ ਦੇ ਮੌਕੇ ਅਤੇ ਉਨ੍ਹਾਂ ਦਾ ਛੇਤੀ ਵਿਆਹ ਗੰਭੀਰ ਚੁਣੌਤੀ ਦੇ ਤੌਰ ਤੇ ਚਲੇ ਆ ਰਹੇ ਹਨ। ਸਕੂਲ ਸਮਾਵੇਸ਼ੀ ਨਾ ਹੋਣ ਕਾਰਨ ਅਤੇ ਲੜਕੀਆਂ ਲਈ ਸੁਰੱਖਿਆ ਸਥਾਨ ਨਾ ਹੋਣ ਕਾਰਨ ਹਾਲਾਤ ਹੋਰ ਵੀ ਗੰਭੀਰ ਹੋ ਜਾਂਦੇ ਹਨ। ਭਾਵੇਂ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਅਤੇ ਐੱਨ ਪੀ ਈ ਜੀ ਈ ਐੱਲ ਕਾਮਯਾਬ ਹਨ ਪਰ ਉਨ੍ਹਾਂ ਦੀ ਪਹੁੰਚ, ਗਿਣਤੀ ਵਿਚ ਸੀਮਤ ਰਹੀ ਹੈ। ਸਮੁੱਚੇ ਤੌਰ ਤੇ ਸਿੱਖਿਆ ਦੇਣ ਦੀ ਪ੍ਰਣਾਲੀ ਨੂੰ ਦਾਖ਼ਲੇ ਤੋਂ ਬਾਅਦ ਲੜਕੀਆਂ ਨੂੰ ਸਕੂਲ ਵਿਚ ਬਣਾ ਕੇ ਰੱਖਣ ਲਈ ਇਨ੍ਹਾਂ ਰੁਕਾਵਟਾਂ ਨੂੰ ਵਧੇਰੇ ਅਸਰਦਾਰ ਤਰੀਕੇ ਨਾਲ ਨਜਿੱਠਣਾ ਚਾਹੀਦਾ ਹੈ।

***ਜਾਤਪਾਤ :*** ਇਸ ਰੁਕਾਵਟ ਨੂੰ ਦੂਰ ਕਰਨ ਲਈ, ਛੋਟੇ ਅਤੇ ਦਰਮਿਆਨੇ ਪੱਧਰ ਉਤੇ ਭਾਰੀ ਸੂਖਮ ਯੋਜਨਾਬੰਦੀ ਦੀ ਲੋੜ ਹੈ। ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ, ਸਿੱਖਿਆ ਦੇ ਅਧਿਕਾਰ ਕਾਨੂੰਨ ਨੇ ਵਰਜਿਤ ਅਤੇ ਲਾਜ਼ਮੀ ਸਰਗਰਮੀਆਂ ਦਾ ਇਕ ਕਾਨੂੰਨੀ ਢਾਂਚਾ ਖੜ੍ਹਾ ਕੀਤਾ ਹੈ ਪਰ ਪਿੰਡ ਦੇ ਪੱਧਰ ਉਤੇ ਸਮਾਜਕ ਅਤੇ ਸਕੂਲ ਪੱਧਰ ਉਤੇ ਇਹ ਅਹਿਸਾਸ ਦਿਲਵਾਉਣ ਲਈ ਹਾਲੇ ਕਾਫ਼ੀ ਕੰਮ ਕਰਨਾ ਪਵੇਗਾ। ਸਿੱਖਿਆ ਦੇਣ ਦੀ ਮਸ਼ੀਨਰੀ ਵਿਚ ਜ਼ੁਬਾਨੀ ਹਵਾਲਿਆਂ, ਵੱਖ-ਵੱਖ ਪਛੋਕੜਾਂ ਦੇ ਬੱਚਿਆਂ ਨੂੰ ਕੰਮ ਦੇਣਾ ਅਤੇ ਜਮਾਤਾਂ ਵਿਚ ਸਮਾਨਤਾ ਦਾ ਵਿਹਾਰ ਲਿਆਉਣਾ ਇਕ ਭਾਰੀ ਚੁਣੌਤੀ ਹੈ ਜੋ ਅਧਿਆਪਕਾਂ ਦੀ ਸਿਖਲਾਈ ਨਾਲ ਨਜਿੱਠਣੀ ਪਵੇਗੀ। ਸਰਵ ਸਿੱਖਿਆ ਅਭਿਆਨ ਨੂੰ ਲਾਗੂ ਕਰਨ ਦੇ ਢਾਂਚੇ ਵਿਚ ਨਾ ਕਰਨ ਵਾਲੇ ਅਮਲਾਂ ਦੀ ਇਕ ਲੰਬੀ ਸੂਚੀ ਦਿੱਤੀ ਗਈ ਹੈ ਅਤੇ ਇਸ ਨੂੰ ਅਮਲੀ ਜਾਮੇ ਦੀ ਸ਼ਕਲ ਅਖ਼ਤਿਆਰ ਕਰਨੀ ਹੋਵੇਗੀ। ਸਮਾਂ ਰਹਿੰਦੇ ਰੁਕਾਵਟਾਂ ਨੂੰ ਲੱਭ ਲੈਣ ਅਤੇ ਉਨ੍ਹਾਂ ਨੂੰ ਦੂਰ ਕਰਨ ਦੇ ਵਿਵਹਾਰਕ ਅਮਲ ਮਾਪਦੰਡਾਂ ਦੀ ਮਸ਼ੀਨਰੀ ਕਾਇਮ ਕਰਨਾ ਵੀ ਇਕ ਹੋਰ ਚੁਣੌਤੀ ਹੈ।

***ਨਸਲ ਅਤੇ ਭਾਸ਼ਾ :*** ਇਹ ਸਕੂਲ ਅਤੇ

ਘਰ ਦੇ ਭੌਤਿਕੀ ਅਤੇ ਸਭਿਆਚਾਰਕ ਮਾਹੌਲ ਵਿਚ ਖੁੱਲ੍ਹਮ-ਖੁੱਲ੍ਹੇ ਭੇਦ-ਭਾਵ ਤੋਂ ਲੈ ਕੇ ਸਿਰਫ਼ ਫ਼ਰਕ ਹੀ ਹੋਣਾ ਹੈ। ਸਕੂਲ ਅਤੇ ਘਰ ਦੀ ਭਾਸ਼ਾ ਵਿਚ ਅੰਤਰ ਬੱਚਿਆਂ ਦੇ ਸਕੂਲ ਛੱਡਣ ਦਾ ਕਾਰਨ ਵੀ ਬਣ ਸਕਦਾ ਹੈ ਕਿਉਂਕਿ ਬੱਚੇ ਜਮਾਤ ਵਿਚ ਹੋਣ ਵਾਲੇ ਕੰਮ-ਕਾਜ ਵਿਚ ਪੂਰੀ ਤਰ੍ਹਾਂ ਸ਼ਾਮਿਲ ਨਹੀਂ ਹੋ ਸਕਦੇ ਅਤੇ ਉਸ ਨੂੰ ਨਹੀਂ ਸਮਝਦੇ। ਇਹ ਪਹੁੰਚ ਤਕ ਇਕ ਨਾ ਤੈਅ ਹੋ ਸਕਣ ਵਾਲੀ ਰੁਕਾਵਟ ਬਣ ਸਕਦਾ ਹੈ।

***ਅੰਗਹੀਣਤਾ :*** ਇਕ ਅੰਦਾਜ਼ਾ ਹੈ ਕਿ ਸਰੀਰ ਤੋਂ ਪੂਰੀ ਤਰ੍ਹਾਂ ਸਵਸਥ ਨਾ ਹੋਣ ਵਾਲੇ ਬੱਚੇ, ਲਗਭਗ 34 ਪ੍ਰਤਿਸ਼ਤ ਸਕੂਲ ਤੋਂ ਵਾਂਝੇ ਰਹਿੰਦੇ ਹਨ। ਅਜਿਹੇ ਬੱਚਿਆਂ ਲਈ ਕਈ ਕਿਸਮ ਦੀਆਂ ਚੁਨੌਤੀਆਂ ਹੁੰਦੀਆਂ ਹਨ – ਨਿਰਮਾਣ ਕਾਰਨ ਆ ਰਹੀਆਂ ਰੁਕਾਵਟਾਂ, ਇਮਦਾਦੀ ਸਾਧਨਾਂ ਅਤੇ ਉਪਕਰਨਾਂ ਦੀ ਘਾਟ, ਸਰੋਤਾਂ ਦੀ ਮਦਦ ਅਤੇ ਪਾਠਕ੍ਰਮ ਪਹੁੰਚ।

***ਵਿਸਥਾਪਨ :*** ਮੌਸਮੀ ਅਦਲਾ-ਬਦਲੀ, ਕੁਦਰਤੀ ਆਫ਼ਤਾਂ, ਅੰਦਰੂਨੀ ਲੜਾਈਆਂ ਕਾਰਨ ਹੋਣ ਵਾਲਾ ਵਿਸਥਾਪਨ ਅਸੁਖਾਵੀਂ ਸਥਿਤੀ ਵਾਲੇ ਗਰੁੱਪਾਂ ਅਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਉਪਰ ਡੂੰਘਾ ਅਸਰ ਪਾਉਂਦੇ ਹਨ। ਜਿਥੇ ਕਿਤੇ ਵਿਸਥਾਪਨ ਨੂੰ ਪਹਿਲਾਂ ਤੋਂ ਸੋਚਿਆ ਜਾ ਸਕੇ, ਉਦਾਹਰਣ ਦੇ ਤੌਰ ਤੇ ਪਲਾਇਨ ਪ੍ਰਵਿਰਤੀ, ਉਨ੍ਹਾਂ ਬੱਚਿਆਂ ਦੀ ਸਕੂਲ ਸਿੱਖਿਆ ਲਈ, ਜਿਨ੍ਹਾਂ ਦੇ ਮਾਪੇ ਸਮਾਜਕ ਅਤੇ ਸਕੂਲ ਪੱਧਰ ਦੇ ਅਹਿਸਾਸ ਦੇ ਚਲਦੇ ਪਲਾਇਨ ਕਰ ਗਏ ਹੋਣ, ਮੌਸਮੀ ਹੋਸਟਲ ਸਥਾਪਤ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ। ਵਿਕਲਪ ਦੇ ਤੌਰ ਤੇ, ਜਿਸ ਜਗ੍ਹਾ ਉਹ ਗਏ ਹੋਣ ਉਥੇ ਉਨ੍ਹਾਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇ ਅਤੇ ਭਵਿੱਖ ਵਿਚ ਮੁੱਖਧਾਰਾ ਵਿਚ ਲਿਆਂਦਾ ਜਾਵੇ। ਉਨ੍ਹਾਂ ਬੱਚਿਆਂ ਦੀਆਂ ਲੋੜਾਂ, ਜੋ ਕੁਦਰਤੀ ਆਫ਼ਤਾਂ ਕਾਰਨ ਵਿਸਥਾਪਤ ਹੋ ਗਏ ਹੋਣ, ਢੁੱਕਵੇਂ ਤਰੀਕੇ ਪੂਰੀਆਂ ਕਰਨੀਆਂ ਹੋਣਗੀਆਂ।

***ਉਮਰ :*** ਵੱਡੀ ਉਮਰ ਦੇ ਜਾਂ ਜਿਨ੍ਹਾਂ ਬੱਚਿਆਂ ਨੇ ਕਦੇ ਦਾਖ਼ਲਾ ਨਹੀਂ ਲਿਆ ਆਪਣੇ ਤੋਂ ਛੋਟੇ ਬੱਚਿਆਂ ਨਾਲ ਬੈਠਣ ਵਿਚ ਸ਼ਰਮ ਮਹਿਸੂਸ ਕਰਦੇ ਹਨ। ਸਿੱਖਿਆ ਦਾ ਅਧਿਕਾਰ ਕਾਨੂੰਨ ਅਜਿਹੇ ਬੱਚਿਆਂ ਲਈ ਵਿਸ਼ੇਸ਼ ਸਿਖਲਾਈ ਦੇਣ ਦਾ ਪ੍ਰਸਤਾਵ ਰੱਖਦਾ ਹੈ ਤਾਂ ਕਿ ਉਹ ਉਨ੍ਹਾਂ ਦੀ ਉਮਰ ਅਨੁਸਾਰ ਢੁੱਕਵੀਂ ਜਮਾਤ ਵਿਚ ਦਾਖ਼ਲ ਕੀਤੇ ਜਾ ਸਕਣ। ਰਾਜਾਂ ਨੂੰ ਵੀ ਇਕ ਤੇਜ਼ ਚਲਣ ਵਾਲਾ ਪਾਠਕ੍ਰਮ ਸ਼ੁਰੂ ਕਰਨਾ ਹੋਵੇਗਾ ਜੋ ਵਿਸ਼ੇਸ਼ ਸਿਖਲਾਈ ਕੇਂਦਰਾਂ ਵਿਚ ਚਲਾਇਆ ਜਾਵੇਗਾ ਅਤੇ ਇਸ ਦੇ ਨਾਲ-ਨਾਲ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਅਧਿਆਪਕਾਂ ਨੂੰ ਵੀ ਇਸ ਢੁੱਕਵੀਂ ਅਧਿਆਪਨ ਵਿੱਦਿਆ ਵਿਚ ਸਿਖਲਾਈ ਦਿੱਤੀ ਜਾਵੇਗੀ।

## ਅੱਗੇ ਲਈ ਰਸਤਾ

***ਸਕੂਲ ਸਿੱਖਿਆ :*** ਸਰਵ ਵਿਆਪਕ ਪਹੁੰਚ ਅਤੇ ਸ਼ਮੂਲੀਅਤ ਤੁਰਤ-ਫੁਰਤ ਹਾਸਲ ਨਹੀਂ ਕੀਤੀ ਜਾ ਸਕਦੀ। ਇਹ ਇਕ ਲੰਬੀ ਅਤੇ ਹੌਲੀ ਚੱਲਣ ਵਾਲੀ ਪ੍ਰਕਿਰਿਆ ਹੈ। ਸਾਨੂੰ ਭੌਤਿਕੀ ਬੁਨਿਆਦੀ ਢਾਂਚਾ ਤਿਆਰ ਕਰਕੇ ਅਤੇ ਉਸ ਵਿਚ ਸੁਧਾਰ ਲਿਆ ਕੇ ਪਹੁੰਚ ਵਧਾਉਣ ਲਈ ਪੂਰੀ ਤੇਜ਼ ਰਫ਼ਤਾਰ ਨਾਲ ਕੰਮ ਕਰਨਾ ਹੋਵੇਗਾ। ਪਰ ਸਮਾਜਕ ਪਹੁੰਚ ਵਧਾਉਣ ਲਈ ਸਾਨੂੰ ਸਮਾਜ ਨਾਲ ਤਾਲਮੇਲ ਵਧਾਉਣਾ ਹੋਵੇਗਾ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮਾਜ ਦੇ ਹਰ ਵਰਗ ਦੇ ਬੱਚਿਆਂ ਨੂੰ ਉੱਤਮ ਕਿਸਮ ਦੀ ਸਿੱਖਿਆ ਦੇ ਬਰਾਬਰ ਮੌਕੇ ਨਿਸ਼ਚਿਤ ਕੀਤੇ ਜਾ ਸਕਣ। ਇਕ ਪੜਚੋਲੀਆ ਅਧਿਐਨ ਤੋਂ ਬਾਅਦ ਸਕੂਲ ਸਿੱਖਿਆ ਦੇ ਹੇਠ ਦਿੱਤੇ ਸੰਕੇਤਕਾਂ ਉਤੇ ਕੰਮ ਕਰਨ ਦੀ ਲੋੜ ਹੈ :

- ਸਕੂਲ ਅਤੇ ਸਮਾਜਕ ਨੁਹਾਰ ਦੇਖਣਾ
- ਸਮਾਜ ਦੀ ਚੁਸਤ-ਦਰੁਸਤ ਸ਼ਮੂਲੀਅਤ
- ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲ ਖੋਲ੍ਹਣਾ
- ਟਰਾਂਸਪੋਰਟ/ਨਿਗਰਾਨੀ ਸਹੂਲਤਾਂ ਦੇਣਾ
- ਰਿਹਾਇਸ਼ੀ ਸਕੂਲ ਖੋਲ੍ਹਣਾ
- ਸਕੂਲ ਤੋਂ ਬਾਹਰ ਦੇ ਬੱਚਿਆਂ ਲਈ ਵਿਸ਼ੇਸ਼ ਸਿਖਲਾਈ ਸਹੂਲਤਾਂ ਵਿਚ ਸੁਧਾਰ ਕਰਨਾ।

***ਉੱਚ ਸਿੱਖਿਆ :*** ਨੇੜਲੇ ਭਵਿੱਖ ਵਿਚ, ਨਵੇਂ ਸੰਸਥਾਨ ਖੋਲ੍ਹਣ ਵੇਲੇ ਉਨ੍ਹਾਂ ਦੇ ਸਥਾਨ, ਰਾਜ, ਵਿਸ਼ਾ ਖੇਤਰ, ਸਿਖਲਾਈ ਦੇ ਵਿਸ਼ਿਆਂ ਅਤੇ ਸੰਸਥਾਨਾਂ ਦੀ ਕਿਸਮ ਉਪਰ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਹਰ ਖੇਤਰ ਵਿਚ ਹਰ ਕਿਸਮ ਦੇ ਸੰਸਥਾਨਾਂ ਦੀ ਉਪਲਬਧਤਾ ਯਕੀਨੀ ਬਣਾਈ ਜਾ ਸਕੇ। ਉੱਚ ਸਿੱਖਿਆ ਵਿਚ ਨਵੀਂ ਸੋਚ ਨੂੰ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਪਾਠਕ੍ਰਮ ਉਪਰ ਮੁੜ ਵਿਚਾਰ ਕੀਤਾ ਜਾਵੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉੱਚ ਸਿੱਖਿਆ ਸੰਸਥਾਨਾਂ ਦੇ ਵਿਦਿਆਰਥੀ ਨੌਕਰੀਆਂ ਲਈ ਜਾਂ ਸਵੈ-ਰੁਜ਼ਗਾਰ ਲਈ ਤਿਆਰ ਹਨ। ਸੰਸਥਾਨਾਂ ਦਾ ਇਕ ਨੈੱਟਵਰਕ ਸਥਾਪਤ ਕਰਨ ਨਾਲ ਤਜਰਬੇਕਾਰ ਸਿੱਖਿਆ ਵਿਭਾਗ ਦੀ ਕਮੀ ਦੀ ਸਮੱਸਿਆ ਦੂਰ ਕਰਨ ਵਿਚ ਮਦਦ ਮਿਲੇਗੀ। ਉੱਚ ਸਿੱਖਿਆ ਦੇ ਖੇਤਰ ਵਿਚ ਖੋਜ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ ਅਤੇ ਇਸ ਲਈ ਖਰਚਾ ਸਰਕਾਰ ਅਤੇ ਨਿੱਜੀ ਖੇਤਰ ਨੂੰ ਦੇਣਾ ਚਾਹੀਦਾ ਹੈ।

*(ਲੇਖਕ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਵਿਚ ਸਿੱਧੀ ਤਕਨੀਕੀ ਸਹਾਇਤਾ ਲਈ ਪੜ੍ਹਾਈ ਦੇ ਸਲਾਹਕਾਰ ਹਨ।)*

*e-mail :shalendar@gmail.com*

***ਸਫ਼ਾ 37 ਦੀ ਬਾਕੀ***

ਨੂੰ ਭਰਤੀ ਕਰਨਾ ਚਾਹੁੰਦੇ ਹਨ ਜੋ 4-Cs-ਸੰਚਾਰ, ਸਹਿਯੋਗ, ਸਿਰਜਨਾਤਮਕਤਾ ਅਤੇ ਅਲੋਚਨਾਤਮਕ ਸੋਚ ਦੀ ਵਿਸ਼ੇਸ਼ਤਾ ਰੱਖਦੇ ਹੋਣ। ਕਿਸੇ ਵੀ ਸਿੱਖਿਆ ਜਾਂ ਕੁਸ਼ਲਤਾ ਪ੍ਰਣਾਲੀ ਨੂੰ ਇਨ੍ਹਾਂ ਮਹਾਰਤਾਂ ਦੀ ਸਿਖਲਾਈ ਦੇਣੀ ਹੋਵੇਗੀ ਅਤੇ ਨਾਲ ਦੀ ਨਾਲ ਬਦਲ ਰਹੀਆਂ ਸਥਿਤੀਆਂ ਅਨੁਸਾਰ ਖ਼ੁਦ ਨੂੰ ਢਾਲਣ ਦੀ ਸਮਰੱਥਾ ਵੀ ਵਿਕਸਤ ਕਰਨੀ ਹੋਵੇਗੀ ਤਾਂ ਜੋ ਇਹ ਲੋਕ ਭਵਿੱਖ ਦੀਆਂ ਮੰਗਾਂ ਨਾਲ ਨਜਿੱਠਦੇ ਹੋਏ ਕਿਆਸੇ ਰੁਜ਼ਗਾਰਾਂ ਨੂੰ ਹੱਥ ਪਾ ਸਕਣ।

ਆਉਣ ਵਾਲੇ ਸਾਲਾਂ ਦੌਰਾਨ ਅੰਤਰਰਾਸ਼ਟਰੀ ਪੱਧਰ ਉਤੇ ਕਿਰਤ-ਸ਼ਕਤੀ ਵਿਚ ਵੱਡਾ ਯੋਗਦਾਨ ਪਾਉਣ ਦੀ ਵੱਡੀ ਸੰਭਾਵਨਾ ਵਾਲੇ ਭਾਰਤ ਲਈ ਨੌਜਵਾਨ ਕਿਰਤ-ਸ਼ਕਤੀ ਨਾਲ ਅਰੰਭ ਕਰਨਾ ਜ਼ਰੂਰੀ ਹੈ। ਸਕੂਲਾਂ ਦੇ ਕਿੱਤਾਮੁਖੀਕਰਨ ਅਤੇ ਭਵਿੱਖ ਦੇ ਰੁਜ਼ਗਾਰਾਂ ਨਾਲ ਸਬੰਧਤ ਮਹਾਰਤਾਂ ਅਤੇ ਰੁਜ਼ਗਾਰ ਯੋਗਤਾ ਲਈ ਨੌਜਵਾਨ ਕਿਰਤ-ਸ਼ਕਤੀ ਨੂੰ ਤਿਆਰ ਕਰਨ ਨਾਲ ਹੀ ਦੇਸ਼ ਸਿੱਖਿਆ ਅਤੇ ਮਹਾਰਤਾਂ ਦੇ ਮਿਲਾਪ ਦਾ ਟੀਚਾ ਹਾਸਲ ਕਰ ਸਕੇਗਾ।

*(ਲੇਖਕ ਕ੍ਰਮਵਾਰ ਸਾਬਕਾ ਨੌਕਰਸ਼ਾਹ ਅਤੇ ਮੌਜੂਦਾ ਮੁਖੀ, ਸਿੱਖਿਆ ਅਤੇ ਕੁਸ਼ਲਤਾ ਵਿਕਾਸ, ਆਈ ਪੀ ਈ ਗਲੋਬਲ ਅਤੇ ਮੁਖੀ, ਡਿਜ਼ਾਈਨ ਅਤੇ ਡਿਵੈਲਪਮੈਂਟ, ਐਨ ਆਈ ਆਈ ਟੀ, ਯੁਵਾ ਜਿਓਤੀ ਗੁੜਗਾਉਂ ਹਨ)*

*e-mail :akaushik@ipeglobal.com*

# ਇੱਕ ਚੰਗੀ ਅੰਕਣ ਪ੍ਰਣਾਲੀ ਦੀ ਲੋੜ

ਅਵਤਾਰ ਸਿੰਘ

ਕਮੀਆਂ

ਸਾਡੇ ਵਿਚੋਂ ਬਹੁਤ ਸਾਰੇ ਅੰਕਣ, ਮੁੱਲੰਕਣ ਅਤੇ ਇਮਤਿਹਾਨ ਜਿਹੇ ਸ਼ਬਦਾਂ ਤੋਂ ਜਾਣੂ ਹਨ ਪਰ ਅਸੀਂ ਬਹੁਤ ਘੱਟ ਹੀ ਇਨ੍ਹਾਂ ਵਿਚ ਫ਼ਰਕ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਸਗੋਂ ਅਸੀਂ ਇਨ੍ਹਾਂ ਨੂੰ ਵਿਦਿਆਰਥੀਆਂ ਨੂੰ ਨੰਬਰ ਦੇਣ ਅਤੇ ਉਨ੍ਹਾਂ ਨੂੰ ਸ਼੍ਰੇਣੀਆਂ ਅਤੇ ਵਰਗਾਂ ਵਿਚ ਵੰਡਣ ਦੀਆਂ ਪ੍ਰਕਿਰਿਆਵਾਂ ਵਿਚ ਅਦਲਾ-ਬਦਲੀ ਕਰ ਕੇ ਵਰਤੋਂ ਵਿਚ ਲਿਆਉਂਦੇ ਹਾਂ ਅਤੇ ਉਨ੍ਹਾਂ ਨੂੰ ਸਰਟੀਫਿਕੇਟ ਦੇਣ ਅਤੇ ਉੱਨਤੀ ਦੇਣ ਲਈ ਵਰਤੋਂ ਵਿਚ ਲਿਆਉਂਦੇ ਹਾਂ। ਇਨ੍ਹਾਂ ਵਿਚੋਂ ਇਮਤਿਹਾਨਾਂ ਨੂੰ ਸਭ ਤੋਂ ਚੰਗੀ ਤਰ੍ਹਾਂ ਸਮਝਿਆ ਜਾਂਦਾ ਹੈ ਕਿਉਂਕਿ ਸਾਡੇ ਵਿਚੋਂ ਹਰ ਕੋਈ ਆਪਣੇ ਜੀਵਨ ਕਾਲ ਵਿਚ ਬਹੁਤ ਸਾਰੇ ਇਮਤਿਹਾਨਾਂ ਵਿਚ ਬੈਠਿਆ ਹੈ। ਇਹ ਇਕ ਬੁਰੀ ਲੋੜ ਵਾਂਗ ਹੈ। ਸਭ ਤੋਂ ਹੁਸ਼ਿਆਰ ਵਿਦਿਆਰਥੀ ਵੀ ਇਮਤਿਹਾਨਾਂ ਤੋਂ, ਉਨ੍ਹਾਂ ਵਿਚ ਅਸਪਸ਼ਟਤਾ, ਅਨਿਸ਼ਚਿਤ ਸਥਿਤੀ ਅਤੇ ਗ਼ੈਰ ਭਰੋਸੇਯੋਗਤਾ ਜਿਹੇ ਕਾਰਨਾਂ ਕਰਕੇ, ਡਰਦੇ ਹਨ। ਇਹ ਮੁੱਦੇ ਪ੍ਰਸ਼ਨ ਪੱਤਰ ਬਣਾਉਣ, ਪ੍ਰਸ਼ਨ ਪੱਤਰਾਂ ਦੇ ਪ੍ਰਬੰਧਨ, ਸਵਾਲਾਂ ਦੇ ਜਵਾਬਾਂ ਦੇ ਮੁੱਲੰਕਣ, ਸੂਚੀਕਰਨ ਅਤੇ ਅੰਤ ਵਿਚ ਵਿਦਿਆਰਥੀਆਂ ਨੂੰ ਨੰਬਰ ਦੇਣ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਇਮਤਿਹਾਨਾਂ ਵਿਚ ਇਹ ਕਈ ਕਮੀਆਂ ਹਨ। ਇਹ ਇਮਤਿਹਾਨ ਵਿਆਪਕ ਤੌਰ ਤੇ ਵਿਦਿਆਰਥੀਆਂ ਨੂੰ ਤਸਦੀਕ ਕਰਨ ਅਤੇ ਰੈਂਕ ਅਤੇ ਉੱਨਤੀ ਦੇਣ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਇਹ ਇਮਤਿਹਾਨ ਦੇਣ ਵਾਲਿਆਂ ਦੇ ਕੈਰੀਅਰ ਨੂੰ ਬਣਾ ਜਾਂ ਤਬਾਹ ਕਰ ਸਕਦੇ ਹਨ। ਪਹਿਲੇ ਬਕਸੇ ਦੇ ਅੰਦਰ ਪੜ੍ਹੋ – ਬੁੱਲਟ 1 ਅਤੇ 2 ਰਾਸ਼ਟਰੀ ਬੋਰਡ ਦੀ ਸਕ੍ਰਿਪਟ ਜਾਂ ਨਸ਼ਾਨਦੇਹੀ ਕੀਤੇ ਪਰਚੇ ਦੀ ਘੋਖ ਉਪਰ ਅਧਾਰਤ ਹਨ ਅਤੇ ਨੰਬਰ 3 ਬੁੱਲਟ ਹਾਲ ਹੀ ਵਿਚ ਇਕ ਰਾਸ਼ਟਰੀ ਰੋਜ਼ਾਨਾ ਅਖ਼ਬਾਰ ਵਿਚੋਂ ਲਈ ਗਈ ਹੈ।

- ਇਕ ਬੋਰਡ ਇਮਤਿਹਾਨ ਵਿਚ ਇਕ ਵਿਦਿਆਰਥੀ ਆਪਣੀਆਂ ਜਵਾਬ ਸ਼ੀਟਾਂ ਵਿਚ ਸਵਾਲਾਂ ਦੇ ਚਿੱਠੇ ਨੂੰ ਹੀ ਮੁੜ ਤੋਂ ਲਿਖ ਦਿੰਦਾ ਹੈ। ਉਸ ਨੂੰ 12ਵੀਂ ਜਮਾਤ ਦੇ ਸਾਇੰਸ ਦੇ ਪਰਚੇ ਵਿਚ 70 ਵਿਚੋਂ 32 ਨੰਬਰ ਮਿਲਦੇ ਹਨ।
- ਇਕ ਵਿਦਿਆਰਥੀ ਉਨ੍ਹਾਂ ਸਵਾਲਾਂ ਦੇ ਜਵਾਬ ਲਿਖ ਦਿੰਦਾ ਹੈ ਜੋ ਉਸ ਨੂੰ ਆਉਂਦੇ ਹਨ ਪਰ ਉਨ੍ਹਾਂ ਵਿਚੋਂ ਬਹੁਤ ਥੋੜ੍ਹੇ ਹੀ ਸਵਾਲ ਪ੍ਰਸ਼ਨ ਪੱਤਰ ਵਿਚ ਸਨ। ਉਸ ਨੂੰ 10ਵੀਂ ਜਮਾਤ ਦੇ ਸਮਾਜਿਕ ਵਿਗਿਆਨ ਦੇ ਵਿਸ਼ੇ ਵਿਚ 100 ਵਿਚੋਂ 78 ਨੰਬਰ ਮਿਲਦੇ ਹਨ।
- ਐੱਨ ਆਈ ਟੀ ਦੇ ਇਕ ਵਿਦਿਆਰਥੀ ਨੂੰ ਇਕ ਸਮੈਸਟਰ ਵਿਚ ਇਕ ਵਿਸ਼ੇ ਵਿਚ ਫੇਲ ਕਰਾਰ ਦਿੱਤਾ ਜਾਂਦਾ ਹੈ। ਉਹ ਆਤਮਹੱਤਿਆ ਕਰ ਲੈਂਦਾ ਹੈ ਪਰ ਜਦੋਂ ਉਸ ਦੇ ਮਾਪਿਆਂ ਵਲੋਂ ਉਸ ਦੇ ਪਰਚੇ ਦਾ ਮੁੜ ਤੋਂ ਮੁੱਲੰਕਣ ਕਰਵਾਇਆ ਜਾਂਦਾ ਹੈ ਤਾਂ ਉਸ ਨੂੰ 50 ਵਿਚੋਂ 48 ਨੰਬਰ ਮਿਲਦੇ ਹਨ। ਇਕ ਬਹੁਮੁੱਲੀ ਜਾਨ ਗਲਤ ਅੰਕਣ ਕਾਰਨ ਬੇਕਾਰ ਚਲੀ ਗਈ।

ਅੰਕਣ ਜਾਂ ਮੁੱਲੰਕਣ ਕੁੱਝ ਵਿਸ਼ੇਸ਼ ਮਦ ਹਨ ਜੋ ਗਿਆਨ ਪ੍ਰਾਪਤੀ ਦੇ ਨਤੀਜਿਆਂ ਅਤੇ ਗਿਆਨ ਪ੍ਰਾਪਤੀ ਵਿਚ ਆਉਣ ਵਾਲੀਆਂ ਮੁਸ਼ਕਲਾਂ ਅਤੇ ਗਿਆਨ ਪ੍ਰਾਪਤੀ ਵਿਚ ਸੁਧਾਰ ਲਈ ਉਨ੍ਹਾਂ ਦੇ ਹੱਲ ਉਪਰ ਵਧੇਰੇ ਜ਼ੋਰ ਦਿੰਦੇ ਹਨ। ਉਦਾਹਰਣ ਵਜੋਂ, ਬੱਚੇ ਦੀ ਵਿਅਕਤੀਗਤ ਸ਼ਖ਼ਸੀਅਤ ਅਤੇ ਉਸ ਨੂੰ ਇਕ ਜਮਾਤ ਉਪਰ ਚੜ੍ਹਾਉਣ ਲਈ ਉਸ ਦੀ ਇੱਛਤ ਪੱਧਰ ਤਕ ਗਿਆਨ ਪ੍ਰਾਪਤੀ ਦਾ ਮਿਆਰ ਉਸ ਦਾ ਲਗਾਤਾਰ ਅਤੇ ਵਿਆਪਕ ਮੁੱਲੰਕਣ ਇਕ ਧਾਰਨਾ ਹੁੰਦੀ ਸੀ। ਇਹ ਸਿੱਖਿਆ ਦੇ ਅਧਿਕਾਰ ਕਾਨੂੰਨ 2009 ਦਾ ਮੁੱਖ ਆਧਾਰ ਸੀ। ਕਾਨੂੰਨ ਵਿਚ ਸਭ ਬੱਚਿਆਂ ਲਈ (6–14 ਸਾਲ ਦੀ ਉਮਰ ਦੇ) ਅੱਠਵੀਂ ਜਮਾਤ ਤਕ ਰੋਕਣ ਜਾਂ ਫੇਲ ਕਰਨ ਤੋਂ ਬਿਨਾਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਨੂੰ ਯਕੀਨੀ ਬਣਾਇਆ ਗਿਆ ਸੀ। ਲਗਾਤਾਰ ਅਤੇ ਵਿਆਪਕ ਮੁੱਲੰਕਣ ਨੂੰ ਇੱਛਤ ਸਿੱਖਿਆ ਮਿਆਰ ਹਾਸਲ ਕਰਨ ਲਈ ਇਸ ਦਾ ਆਧਾਰ ਮੰਨਿਆ ਗਿਆ ਸੀ। ਲਗਾਤਾਰ ਅਤੇ ਵਿਆਪਕ ਮੁੱਲੰਕਣ ਦੀ ਧਾਰਨਾ ਨਾ ਅਧਿਆਪਕਾਂ ਨੂੰ ਅਤੇ ਨਾ ਹੀ ਇਸ ਦੇ ਲਾਗੂਕਰਨ ਦੀ ਨਿਗਰਾਨੀ ਕਰਨ ਵਾਲੀ ਕਿਸੇ ਸੰਸਥਾ ਦੇ ਸਮਝ ਵਿਚ ਆਈ।

ਵਿਦਿਆਰਥੀਆਂ ਅਤੇ ਅਧਿਆਪਕਾਂ, ਦੋਹਾਂ ਲਈ ਇਹ ਇਕ ਸੁਖਾਵਾਂ ਮਾਹੌਲ ਸੀ ਅਤੇ ਇਸ ਦਾ ਨਤੀਜਾ ਇਹ ਹੋਇਆ ਕਿ ਵਿਦਿਆਰਥੀ ਪੜ੍ਹਨ, ਲਿਖਣ, ਹਿਸਾਬ ਜਾਂ ਹੋਰ ਬੁਨਿਆਦੀ ਮਹਾਰਤਾਂ ਹਾਸਲ ਕਰਨ ਤੋਂ ਬਿਨਾਂ ਹੀ ਮੁੱਢਲੀ ਸਿੱਖਿਆ ਨੂੰ ਪਾਰ ਕਰ ਗਏ। ਐੱਨ ਸੀ ਈ ਆਰ ਟੀ ਵਲੋਂ ਸਕੂਲੀ ਸਿੱਖਿਆ ਦੇ ਵੱਖ-ਵੱਖ ਪੱਧਰਾਂ ਉਪਰ ਕੀਤੇ ਰਾਸ਼ਟਰੀ ਪ੍ਰਾਪਤੀ ਸਰਵੇ ਦੀ ਇਕ ਕੜੀ ਤੋਂ ਪਤਾ ਲਗਦਾ ਹੈ ਕਿ ਸਿੱਖਿਆ ਦਾ ਮਿਆਰ ਡਿੱਗ ਗਿਆ ਹੈ ਜਿਵੇਂ ਕਿ ਸੂਚੀ-1 ਵਿਚ ਦਿਖਾਇਆ ਗਿਆ ਹੈ।।

## ਮੌਜੂਦਾ ਸਥਿਤੀ

ਵਰਤਮਾਨ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਈ ਪਹਿਲਾਂ ਕੀਤੀਆਂ ਗਈਆਂ ਹਨ ਪਰ ਇਹ ਹਮੇਸ਼ਾ ਲੋੜੀਂਦੇ ਪੱਧਰ ਉਪਰ ਖਰੀਆਂ ਨਹੀਂ ਉਤਰੀਆਂ। ਇਹ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਕਿ ਵਰਤਮਾਨ ਇਮਤਿਹਾਨ ਪ੍ਰਣਾਲੀ ਦੇ ਬਦਲੇ, ਜੋ ਇਕ ਸੀਮਤ ਮਤਲਬ ਪੂਰਾ ਕਰ ਰਹੀ ਹੈ, ਇਕ ਵਧੀਆ ਅੰਕਣ ਪ੍ਰਣਾਲੀ ਅਪਣਾਈ ਜਾਵੇ।

| ਸੂਚੀ-1 : ਵੱਖ-ਵੱਖ ਵਿਸ਼ਿਆਂ ਵਿਚ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੀ ਰਾਸ਼ਟਰੀ ਔਸਤ ਪ੍ਰਤਿਸ਼ਤ ਲੇਖਾ-ਜੋਖਾ | | | | |
|---|---|---|---|---|
| ਵਿਸ਼ਾ | ਭਾਸ਼ਾ | ਹਿਸਾਬ | ਵਿਗਿਆਨ | ਸਮਾਜਿਕ ਵਿਗਿਆਨ |
| ਦੂਸਰਾ ਚੱਕਰ | 56.57 | 41.30 | 37.78 | 44.15 |
| ਤੀਸਰਾ ਚੱਕਰ | 46.20 | 3.28 | 36.37 | 38.34 |

*ਸਰੋਤ : ਰਾਸ਼ਟਰੀ ਪ੍ਰਣਾਲੀ ਸਰਵੇ, ਐਨ ਸੀ ਈ ਆਰ ਟੀ*
*ਦੂਸਰਾ ਚੱਕਰ (2006-08) ਅਤੇ ਤੀਸਰਾ ਚੱਕਰ (2011-13)*

ਸਿੱਖਿਆ ਪ੍ਰਣਾਲੀ ਦੇ ਵਿਕਾਸ ਵਿਚ ਕਈ ਮੀਲ ਪੱਥਰ ਹਾਸਲ ਕੀਤੇ ਗਏ – 1968 ਦੇ ਰਾਸ਼ਟਰੀ ਸਿੱਖਿਆ ਮਿਸ਼ਨ ਤੋਂ ਸ਼ੁਰੂ ਹੋ ਕੇ 1986 ਦੀ ਸਿੱਖਿਆ ਦੀ ਰਾਸ਼ਟਰੀ ਨੀਤੀ ਅਤੇ 2005 ਦਾ ਰਾਸ਼ਟਰੀ ਪਾਠਕ੍ਰਮ ਢਾਂਚਾ। ਇਨ੍ਹਾਂ ਵਿਚੋਂ ਹਰ ਇਕ ਨੇ ਅੰਕਣ ਨੂੰ ਗਿਅਨ ਵਧਾਉਣ ਅਤੇ ਸਮੁੱਚੇ ਤੌਰ ਤੇ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਲਿਆਉਣ ਨੂੰ ਇਕ ਮਜ਼ਬੂਤ ਹਥਿਆਰ ਬਣਾਉਣ ਉਪਰ ਵਿਆਪਕ ਜੋਰ ਦਿੱਤਾ ਪਰ ਬਦਕਿਸਮਤੀ ਨਾਲ ਹਾਲੇ ਤਕ ਬਹੁਤ ਥੋੜ੍ਹੀਆਂ ਜਿਹੀਆਂ ਸਿਫ਼ਾਰਸ਼ਾਂ ਹੀ ਲਾਗੂ ਕੀਤੀਆਂ ਜਾ ਸਕੀਆਂ ਹਨ ਅਤੇ ਪਿਛਲੇ ਸਾਲਾਂ ਬੱਧੀ ਜੋ ਕੁਝ ਅਸੀਂ ਕਰ ਰਹੇ ਸੀ, ਉਸ ਨੂੰ ਹੀ ਚਾਲੂ ਰੱਖੇ ਹੋਏ ਹਾਂ। ਆਧਾਰ ਮਜ਼ਬੂਤ ਕਰਨ ਦੀ ਲੋੜ ਮਹਿਸੂਸ ਕਰਦੇ ਹੋਏ, ਉੱਚ ਸਿੱਖਿਆ ਦੀ ਬਜਾਏ ਸਕੂਲੀ ਸਿੱਖਿਆ ਵਿਚ ਵਧੇਰੇ ਸੁਧਾਰ ਲਾਗੂ ਕੀਤੇ ਗਏ ਹਨ।

ਸਕੂਲ ਖੇਤਰ ਅਤੇ ਉੱਚ ਸਿੱਖਿਆ ਖੇਤਰ ਵਿਚ ਸਿੱਖਿਆ ਦੀ ਉੱਤਮਤਾ ਅੱਜ ਅਜਿਹਾ ਮੁੱਦਾ ਬਣ ਗਿਆ ਹੈ। ਸਰਬ ਸਿੱਖਿਆ ਅਭਿਆਨ, ਰਾਸ਼ਟਰੀ ਮਾਧਿਅਮਕ ਸਿੱਖਿਆ ਅਭਿਆਨ ਜਾਂ ਰਾਸ਼ਟਰੀ ਉੱਚ ਸਿੱਖਿਆ ਅਭਿਆਨ ਤੋਂ ਇੱਛਤ ਨਤੀਜੇ ਨਹੀਂ ਮਿਲ ਰਹੇ ਕਿਉਂਕ, (1) ਇਹ ਪ੍ਰੋਗਰਾਮ ਅੱਧੇ-ਅਧੂਰੇ ਮਨ ਨਾਲ ਲਾਗੂ ਕੀਤੇ ਜਾ ਰਹੇ ਹਨ, (2) ਪ੍ਰਣਾਲੀ ਬਹੁਤ ਫੈਲ ਗਈ ਹੈ ਅਤੇ (3) ਹਰ ਪੱਧਰ ਉਤੇ ਅਧਿਆਪਕਾਂ ਦੀ ਬਹੁਤ ਕਮੀ ਹੈ। ਇਸ ਦੇ ਫੈਲਾਅ ਦੇ ਵਧੇਰੇ ਕਰਕੇ ਰਾਜਨੀਤਕ ਕਾਰਨ ਹਨ ਪਰ ਸਾਡੀ ਵਰਤਮਾਨ ਸਿੱਖਿਆ ਪ੍ਰਣਾਲੀ ਕਾਰਨ ਅਧਿਆਪਕ ਵੀ ਘੱਟ ਕਾਬਲੀਅਤ ਵਾਲੇ ਹਨ। ਅੱਜ ਸਾਡੇ ਕੋਲ 15 ਲੱਖ ਸਕੂਲ, 35000 ਡਿਗਰੀ ਕਾਲਜ, 4500 ਤਕਨੀਕੀ ਸੰਸਥਾਨ ਅਤੇ ਲਗਭਗ 660 ਯੂਨੀਵਰਸਟੀਆਂ ਹਨ। ਇਸ ਤੋਂ ਇਲਾਵਾ, 40 ਤੋਂ ਵੱਧ ਸਕੂਲ ਸਿੱਖਿਆ ਬੋਰਡ ਹਨ ਜੋ ਸਿਰਫ਼ ਇਮਤਿਹਾਨ ਲੈਂਦੇ ਹਨ ਅਤੇ ਵਿਦਿਆਰਥੀਆਂ ਦੇ ਸਿਰਫ਼ ਪਾਸ ਜਾਂ ਫੇਲ ਹੋਣ ਦੀ ਘੋਸ਼ਣਾ ਕਰਦੇ ਹਨ। ਇਮਤਿਹਾਨਾਂ ਤੋਂ ਇਲਾਵਾ, ਬੋਰਡ ਪੜ੍ਹਾਈ ਦੇ ਗਿਆਨ ਵਿਕਾਸ ਉਪਰ ਜੋਰ ਦੇ ਕੇ ਵਧੇਰੇ ਚੰਗੀ ਭੂਮਿਕਾ ਨਿਭਾ ਸਕਦੇ ਹਨ। ਇਸ ਤਰ੍ਹਾਂ ਇਹ ਇਕ ਅਜਿਹੀ ਵਿਆਪਕ ਸਿੱਖਿਆ ਪ੍ਰਣਾਲੀ ਹੈ ਜਿਸ ਵਿਚ ਇਮਤਿਹਾਨ ਹੀ ਪੜ੍ਹਾਈ ਗਿਆਨ ਪ੍ਰਕਿਰਿਆ ਨੂੰ ਸੇਧ ਦਿੰਦੇ ਹਨ। ਪੜ੍ਹਾਈ ਅਤੇ ਟੈਸਟ ਲੈਣਾ, ਇਕੋ ਸਿੱਕੇ ਦੇ ਦੋ ਪਾਸੇ ਵਾਂਗ ਜੁੜੇ ਹੋਣੇ ਚਾਹੀਦੇ ਹਨ।

## ਪਰਿਵਰਤਨ ਦੀ ਲੋੜ

ਅਸੀਂ ਸਾਡੇ ਸਭ ਮਾਪਕਾਂ ਅਤੇ ਅੰਕਣਾਂ ਵਿਚ ਸ਼ਾਸਤਰੀ ਟੈਸਟ ਸਿਧਾਂਤ ਦੀ ਵਰਤੋਂ ਕਰਦੇ ਰਹੇ ਹਾਂ ਜਿਸ ਵਿਚ ਮੁੱਢਲੀਆਂ ਕਮੀਆਂ ਹਨ। ਇਹ ਸਰਟੀਫਿਕੇਟ ਦੇਣ ਤੋਂ ਇਲਾਵਾ ਹੋਰ ਕਿਸੇ ਮਤਲਬ ਦਾ ਨਹੀਂ ਹੈ। ਟੈਸਟ ਕਰਨ ਦੇ ਆਧੁਨਿਕ ਤਰੀਕਿਆਂ ਵਿਚ, ਸਮਾਂ ਪਾ ਕੇ ਟੈਸਟ ਕਰਨ ਅਤੇ ਪ੍ਰਣਾਲੀ ਵਿਚ ਸੁਧਾਰ ਲਿਆਉਣ ਦੀ ਵਧੇਰੇ ਗੁੰਜਾਇਸ਼ ਹੈ। ਮਦ ਪ੍ਰਕਿਰਿਆ ਸਿਧਾਂਤ (ਆਈ ਆਰ ਟੀ) ਵਿਦਿਆਰਥੀਆਂ ਦੇ ਅੰਤਰਰਾਸ਼ਟਰੀ ਅੰਕਣ ਪ੍ਰੋਗਰਾਮ, ਹਿਸਾਬ ਅਤੇ ਵਿਗਿਆਨ ਸਿੱਖਿਆ ਵਿਚ ਰੁਝਾਨ ਅਤੇ ਅੰਤਰਰਾਸ਼ਟਰੀ ਅੱਖਰ ਬੋਧ ਪੜ੍ਹਾਈ ਦੀ ਯੋਗਤਾ ਜਿਹੇ ਸਭ ਅੰਤਰਰਾਸ਼ਟਰੀ ਅਧਿਐਨਾਂ ਵਿਚ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਮਦ ਪ੍ਰਕਿਰਿਆ ਸਿਧਾਂਤ ਤੋਂ ਲਾਭ ਹਨ, 1) ਟੈਸਟਾਂ ਵਿਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਪਰਾਂ ਕਰਕੇ ਇਹ ਵਿਦਿਆਰਥੀ ਦੀ ਸਹੀ ਕਾਬਲੀਅਤ ਦੀ ਪਰਖ ਕਰਦਾ ਹੈ, 2) ਮਾਪਕ ਨੁਕਤਿਆਂ ਦੀ ਵਧੇਰੇ ਗਿਣਤੀ ਹਾਸਲ ਕਰਨ ਲਈ ਕਈ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ, 4) ਇਹ ਦੇਖਣ ਲਈ ਕਿ ਕੀ ਪ੍ਰਣਾਲੀ ਵਿਚ ਸੁਧਾਰ ਆ ਰਿਹਾ ਹੈ ਜਾਂ ਨਹੀਂ, ਵਿਦਿਆਰਥੀਆਂ ਦੀਆਂ ਸਹੀ ਪ੍ਰਾਪਤੀਆਂ ਦਾ ਲੰਬੀ ਮਿਆਦ ਤਕ ਮੇਲ ਕਰਦਾ ਹੈ। ਇਸ ਦਿਸ਼ਾ ਵਿਚ ਕੀਤੀਆਂ ਦੋ ਪਹਿਲਾਂ ਹੇਠ ਦਿੱਤੀਆਂ ਜਾ ਰਹੀਆਂ ਹਨ :

- ਭਾਰਤ ਨੇ ਵਿਦਿਆਰਥੀਆਂ ਦੇ ਅੰਤਰਰਾਸ਼ਟਰੀ ਅੰਕਣ ਪ੍ਰੋਗਰਾਮ 2009 + (ਚੱਕਰ 2010-11) ਵਿਚ ਹਿਮਾਚਲ ਪ੍ਰਦੇਸ਼ ਅਤੇ ਤਾਮਿਲਨਾਡੂ ਵਿਚ ਅਜਿਹੇ ਟੈਸਟ ਲਾਗੂ ਕਰਕੇ ਉਨ੍ਹਾਂ ਵਿਚ ਸ਼ਾਮਿਲ ਹੋਣ, ਇਸ ਪ੍ਰਕਿਰਿਆ ਨੂੰ ਸਮਝਣ ਅਤੇ ਇਹ ਦੇਖਣ ਲਈ ਕਿ, ਖ਼ਾਸ ਤੌਰ ਤੇ 16 ਸਾਲ ਦੀ ਉਮਰ ਦੇ ਬੱਚੇ ਕਿਸੇ ਵੀ ਕੋਰਸ ਦੀ ਪੜ੍ਹਾਈ ਨਾਲ ਨਾ ਜੁੜੇ ਸਵਾਲਾਂ ਦੇ ਜਵਾਬ ਵੱਲ ਕਿਸ ਤਰ੍ਹਾਂ ਹੁੰਗਾਰਾ ਭਰਦੇ ਹਨ, ਦਾ ਸੰਚਾਲਨ ਕੀਤਾ। ਇਸ ਅਧਿਐਨ ਵਿਚ 74 ਦੇਸ਼ ਸ਼ਾਮਿਲ ਹੋਏ ਅਤੇ ਸਾਡੇ ਦੇਸ਼ ਦਾ ਸਥਾਨ ਥੱਲੇ ਤੋਂ ਸਿਰਫ਼ ਕਿਰਗਿਸਤਾਨ ਤੋਂ ਉਪਰ ਆਇਆ। ਨਤੀਜੇ, ਜਿਹੇ ਵਿਚਾਰੇ ਜਾ ਰਹੇ ਸਨ, ਉਸੇ ਅਨੁਸਾਰ ਸਨ ਅਤੇ ਉਨ੍ਹਾਂ ਨੂੰ ਅੱਗੇ ਲਈ ਹੋਰ ਅੰਤਰਰਾਸ਼ਟਰੀ ਸ਼ਮੂਲੀਅਤ ਵੱਲ ਸ਼ੁਰੂਆਤੀ ਦੌਰ ਦੇ ਤੌਰ ਤੇ ਦੇਖਣਾ ਚਾਹੀਦਾ ਸੀ।

**ਵਿਦਿਆਰਥੀਆਂ ਦਾ ਅੰਤਰਰਾਸ਼ਟਰੀ ਅੰਕਣ ਪ੍ਰੋਗਰਾਮ, ਇਹ ਦੇਖਣ ਲਈ ਕਿ ਕੀ ਵਿਦਿਆਰਥੀਆਂ ਨੇ ਪੜਚੋਲ ਕਰਨ, ਕਾਰਨ ਖੋਜਣ ਅਤੇ ਅਸਰਦਾਰ ਤਰੀਕੇ ਦੂਸਰਿਆਂ ਨੂੰ ਸਮਝਾ ਸਕਣ ਦੀ ਕਾਬਲੀਅਤ ਅਤੇ ਆਪਣੀ ਨਿੱਜੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਲਾਗੂ ਕਰਨ ਦੀ ਸਮਰੱਥਾ ਹਾਸਲ ਕਰ ਲਈ ਹੈ ਜਾਂ ਨਹੀਂ, ਦੀ ਘੋਖ ਕਰਨ ਲਈ ਬਹੁਤ ਅਸਰਦਾਰ ਬਣ ਗਿਆ ਹੈ। ਬਹੁਤ ਸਾਰੇ ਦੇਸ਼ ਇਸ ਦੇ 2000 ਵਿਚ ਪਹਿਲੇ ਚੱਕਰ ਤੋਂ ਹੀ ਸ਼ਾਮਿਲ ਹੋ ਰਹੇ ਹਨ ਅਤੇ ਉਨ੍ਹਾਂ ਦੀ ਮੰਦੀ ਕਾਰਗੁਜ਼ਾਰੀ ਨੇ ਉਨ੍ਹਾਂ ਨੂੰ ਆਪਣੇ ਸਕੂਲ ਅਤੇ ਸਮੁੱਚੀ ਸਿੱਖਿਆ ਪ੍ਰਣਾਲੀ ਨੂੰ ਸੁਧਾਰਨ ਲਈ ਇਕ ਮਜ਼ਬੂਤ ਹਥਿਆਰ ਦਿੱਤਾ ਹੈ।**

ਬ੍ਰਾਜ਼ੀਲ ਦਾ ਮਾਮਲਾ ਇਕ ਉਦਾਹਰਣ ਹੈ ਜਿਸ ਦੀ 200 ਵਿਚ ਅਜਿਹੀ ਹੀ ਪ੍ਰਾਪਤੀ ਸੀ

ਪਰ ਉਹ ਅਜਿਹੇ ਪ੍ਰੋਗਰਾਮਾਂ ਵਿਚ ਸ਼ਾਮਿਲ ਹੁੰਦਾ ਰਿਹਾ ਅਤੇ ਆਪਣੀ ਕਾਰਗੁਜ਼ਾਰੀ ਵਿਚ ਵਾਧਾ ਕੀਤਾ (ਸੂਚੀ-2 ਦੇਖੋ)।

- ਰਾਸ਼ਟਰੀ ਪੱਧਰ ਉਤੇ, ਐਨ ਸੀ ਈ ਆਰ ਟੀ ਨੇ ਸਮੁੱਚੇ ਦੇਸ਼ ਵਿਚ ਬੱਚਿਆਂ ਦੇ ਗਿਆਨ ਪੱਧਰ ਨੂੰ ਅੰਕਣ ਦੀ ਸੈਂਪਲ ਆਧਾਰ 'ਤੇ ਸ਼ੁਰੂਆਤ ਕੀਤੀ ਹੈ। ਸਰਵ ਸਿੱਖਿਆ ਅਭਿਆਨ ਤਹਿਤ, ਸਕੂਲਾਂ ਵਿਚ ਦਿੱਤੇ ਵੱਖ-ਵੱਖ ਇਨਪੁਟ ਨਾਲ ਹੋਏ ਗਿਆਨ ਵਾਧੇ ਦੇ ਮਾਪਣ ਲਈ ਮੁੱਢਲੇ, ਦਰਮਿਆਨੇ ਦਰਜੇ ਦੇ ਅਤੇ ਅੰਤਲੇ ਦਰਜੇ ਦੇ ਅਧਿਐਨ ਕੀਤੇ ਗਏ ਸਨ। ਹੌਲੀ-ਹੌਲੀ ਇਹ ਮੁੱਲੰਕਣ, ਅੰਤਲੇ ਅਧਿਐਨ (ਸਾਈਕਲ 3) ਤੋਂ ਅੱਗੇ ਮਦ ਪ੍ਰਕਿਰਿਆ ਸਿਧਾਂਤ ਨੂੰ ਅਪਨਾਉਣ ਤਕ ਪਹੁੰਚ ਗਏ। ਇਹ ਅਧਿਐਨ ਹੁਣ ਇਹ ਸਭ ਕੁਝ ਮੁਹੱਈਆ ਕਰ ਸਕਦੇ ਹਨ: 1) ਹਰ ਵਿਸ਼ੇ ਵਿਚ ਮਦ ਵਾਰ ਪ੍ਰਦਰਸ਼ਨ, 2) ਹਰ ਵਿਸ਼ੇ ਵਿਚ ਧੁੰਦਲੇਪਨ/ਗਲਤ ਧਾਰਨਾਵਾਂ ਦੀ ਪਛਾਣ, 3) ਸਮੁੱਚਾ ਸਿਲਸਿਲੇਵਾਰ ਉੱਤਮਤਾ ਮਿਆਰ ਇੰਡੈਕਸ (ਐੱਸ/ਕਿਊ), ਇਹ ਜਾਂਚਣ ਲਈ ਕਿ ਕੀ ਇਸ ਪ੍ਰਣਾਲੀ ਵਿਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ। ਇਹ ਲਗਭਗ ਅਤੇ ਲਗਾਤਾਰ ਕ੍ਰਿਆਸ਼ੀਲ ਭਾਈਵਾਲ ਹਨ ਅਤੇ ਉਨ੍ਹਾਂ ਨੇ ਆਪਣੇ ਪ੍ਰਦੇਸ਼ਾਂ ਵਿਚ ਅਜਿਹੇ ਅਧਿਐਨ ਸ਼ੁਰੂ ਕੀਤੇ ਹਨ। ਐੱਨ ਸੀ ਈ ਆਰ ਟੀ ਉਨ੍ਹਾਂ ਨੂੰ ਮੱਦਦ ਦੇ ਰਹੀ ਹੈ।

ਵਿਦਿਆਰਥੀਆਂ ਦੇ ਅੰਤਰਰਾਸ਼ਟਰੀ ਅੰਕਣ ਪ੍ਰੋਗਰਾਮ 2009+ ਨੂੰ ਉਨ੍ਹਾਂ ਦੇਸ਼ਾਂ ਲਈ ਮੁੜ ਤੋਂ ਚਲਾਇਆ ਗਿਆ ਜੋ 2009 ਦੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋ ਸਕੇ ਸਨ। ਇਹ ਦੇਸ਼ ਸਨ - ਕੌਸਟਾਰੀਕਾ, ਜੌਰਜੀਆ, ਮਲੇਸ਼ੀਆ, ਮਾਲਟਾ, ਮੌਰੀਸ਼ਸ, ਵੈਨਜ਼ੁਏਲਾ, ਮੌਲਡੋਵਾ, ਯੂ ਏ ਈ ਅਤੇ ਭਾਰਤ (ਹਿਮਾਚਲ ਪ੍ਰਦੇਸ਼ ਅਤੇ ਤਾਮਿਲਨਾਡੂ)।

## ਅੱਗੋਂ ਦਾ ਰਾਹ

ਸਾਨੂੰ ਤਿੰਨ ਮੁੱਖ ਖੇਤਰਾਂ ਵਿਚ ਮੁੱਲੰਕਣ ਪ੍ਰਣਾਲੀ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੈ :

1) ਮੁੱਢਲੇ ਸਕੂਲ ਪੱਧਰ ਉਤੇ ਭਾਸ਼ਾ ਦੀ ਜਾਣਕਾਰੀ ਅਤੇ ਅਤੇ ਉਸ ਦੀ ਵਰਤੋਂ (ਕੋਈ ਵੀ ਭਾਗ) ਬਹੁਤ ਮਹੱਤਵਪੂਰਨ ਹੈ। ਪੜ੍ਹਨ, ਲਿਖਣ ਅਤੇ ਬੋਲਣ ਦੀ ਕਾਬਲੀਅਤ ਵਿਕਸਤ ਕਰਨੀ ਚਾਹੀਦੀ ਹੈ ਅਤੇ ਉਸ ਦਾ ਵਿਸ਼ਲੇਸ਼ਣ ਅਤੇ ਵਿਕਾਸ ਹੋਣਾ ਚਾਹੀਦਾ ਹੈ, ਨਹੀਂ ਤਾਂ ਇਹ ਇਕ ਵੱਡੀ ਅੜਚਣ ਬਣ ਜਾਂਦੀ ਹੈ ਜਿਸ ਨਾਲ ਪੜ੍ਹਾਈ ਛੱਡਣ, ਫੇਲ ਹੋਣ ਜਾਂ ਗਿਆਨ ਪ੍ਰਾਪਤੀ ਵਿਚ ਦਿਲਚਸਪੀ ਨਾ ਹੋਣ ਦੀ ਨੌਬਤ ਵੀ ਆ ਜਾਂਦੀ ਹੈ। ਹਿਸਾਬ ਦਾ ਵੀ ਇਹੋ ਹਾਲ ਹੈ। ਇਨ੍ਹਾਂ ਦੋ ਵਿਸ਼ਿਆਂ ਦਾ ਗਿਆਨ ਅਤੇ ਇਨ੍ਹਾਂ ਵਿਚ ਦਿਲਚਸਪੀ ਆਮ ਤੌਰ ਤੇ ਬਾਅਦ ਦੇ ਕੈਰੀਅਰ ਵਿਚ ਕਾਮਯਾਬੀ ਨਾਲ ਗੂੜ੍ਹਾ ਸਬੰਧ ਰੱਖਦੇ ਹਨ। ਇਸ ਲਈ, ਬੁਨਿਆਦੀ ਪੱਧਰ ਉਤੇ ਮੁੱਲੰਕਣ, ਜਾਂਚ ਅਤੇ ਇਸ ਦੇ ਹੱਲ ਦਾ ਪ੍ਰਣਾਲੀ ਦੇ ਸੁਧਾਰ ਵਿਚ ਵੱਡਾ ਹੱਥ ਹੁੰਦਾ ਹੈ। ਇਸੇ ਤਰ੍ਹਾਂ ਸਿੱਖਿਆ ਬੋਰਡਾਂ ਦੇ ਪਾਠਕ੍ਰਮ, ਪ੍ਰਸ਼ਨ ਪੱਤਰ ਆਦਿ ਵਿਚ ਵੀ ਕੁੱਝ ਨਾ ਕੁੱਝ ਤੁਲਨਾਤਮਕ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਦੀ ਕਾਬਲੀਅਤ ਦੀ ਵਧੀਆ ਪ੍ਰੋਫਾਈਲ ਤਿਆਰ ਕਰਨ ਲਈ ਬੋਰਡਾਂ ਨੂੰ ਸਕੂਲ ਮੁੱਲੰਕਣ ਅਤੇ ਬਾਹਰੀ ਮੁੱਲੰਕਣ ਵਿਚ ਵੀ ਤਾਲਮੇਲ ਬਿਠਾਉਣਾ ਚਾਹੀਦਾ ਹੈ।

2) ਬਹੁਤ ਵੱਡੇ ਪੈਮਾਨੇ ਉਤੇ ਕਾਲਜ, ਯੂਨੀਵਰਸਟੀਆਂ ਅਤੇ ਹੋਰ ਸੰਸਥਾਨ ਹਨ ਜੋ ਵੱਖ-ਵੱਖ ਇਮਤਿਹਾਨ ਪ੍ਰਣਾਲੀਆਂ ਅਪਨਾਉਂਦੇ ਹਨ ਪਰ ਉਨ੍ਹਾਂ ਵਿਚ ਘੱਟ ਹੀ ਕੋਈ ਚੰਗੀ ਮੁੱਲੰਕਣ ਪ੍ਰਣਾਲੀ ਹੈ। ਇਸ ਪ੍ਰਣਾਲੀ ਦਾ ਸਿੱਟਾ ਮੋਟੇ ਤੌਰ ਤੇ ਬਹੁਤ ਹੀ ਘਟੀਆ ਹੈ। ਇਹ ਗੱਲ ਹਾਲ ਹੀ ਵਿਚ ਹੋਏ ਬਰਿਕਸ ਦੇਸ਼ਾਂ ਵਿਚ ਇਕ ਸਰਵੇ ਤੋਂ ਸਪੱਸ਼ਟ ਹੋਈ ਹੈ। ਸਾਡਾ ਕੋਈ ਸੰਸਥਾਨ ਪਹਿਲੇ 15 ਨੰਬਰਾਂ ਵਿਚੋਂ ਨਹੀਂ ਹੈ। ਸਿਰਫ਼ ਭਾਰਤੀ ਵਿਗਿਆਨ ਸੰਸਥਾਨ ਬੰਗਲੌਰ 200 ਸੰਸਥਾਨਾਂ ਵਿਚੋਂ 16ਵੇਂ ਸਥਾਨ ਉਤੇ ਹੈ।

**ਡਿਗਰੀ ਪੱਧਰ ਦੀ ਸਿੱਖਆ ਦੇ ਸਰਟੀਫਿਕੇਟ/ ਪੋਰਟਫੋਲੀਓ ਵਿਚ ਇਕ ਸਰਵਪੱਖੀ ਪ੍ਰਣਾਲੀ ਰਾਹੀਂ ਅੰਦਰੂਨੀ ਮੁੱਲੰਕਣ, ਟਟੋਰੀਅਲ, ਸਚਿੱਤਰ ਪੇਸ਼ਕਸ਼, ਪ੍ਰੋਜੈਕਟ ਅਤੇ ਬਾਹਰੀ ਮੁੱਲੰਕਣ ਦੇ ਆਧਾਰ 'ਤੇ ਵਿਦਿਆਰਥੀ ਵਲੋਂ ਪ੍ਰਾਪਤੀਆਂ ਦਰਜ ਹੋਣੀਆਂ ਚਾਹੀਦੀਆਂ ਹਨ। ਯੂ ਜੀ ਸੀ ਨੇ ਹਾਲ ਹੀ ਵਿਚ ਪ੍ਰਣਾਲੀ ਵਿਚ ਸੁਧਾਰ ਅਤੇ ਵਧੇਰੇ ਲਚਕੀਲਾਪਣ ਲਿਆਉਣ ਲਈ ਕਰੈਡਿਟ-ਗ੍ਰੇਡ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਹੈ।**

3) ਸਭ ਤਜਰਬਿਆਂ, ਨਵੀਨਤਾਵਾਂ ਅਤੇ ਸੁਧਾਰਾਂ ਦੇ ਚਲਦੇ, ਇਹ ਜਾਨਣ ਲਈ ਕਿ ਸਿੱਖਿਆ ਵਿਚ ਕੁੱਝ ਸੁਧਾਰ ਵੀ ਹੋਇਆ ਹੈ ਜਾਂ ਇਸ ਦੀ ਹਾਲਤ ਪਹਿਲਾਂ ਨਾਲੋਂ ਵੀ ਖਰਾਬ ਹੋ ਗਈ ਹੈ, ਕੋਈ ਕਸੌਟੀ ਨਹੀਂ ਹੈ। ਕੀ ਨਵੀਂ ਪੀੜ੍ਹੀ ਵਧੇਰੇ ਸਮਝਦਾਰ ਅਤੇ ਮਹਾਰਤ ਪੂਰਨ ਹੋ ਗਈ ਹੈ? ਇਕ ਤੋਂ ਬਹੁਤੇ ਸੰਸਥਾਨ ਦਾਖ਼ਲਾ ਇਮਤਿਹਾਨ ਲੈਣ ਵਿਚ ਰੁੱਝੇ ਹਨ। ਇਨ੍ਹਾਂ ਮੁੱਦਿਆਂ ਦੇ ਹੱਲ ਲਈ ਸਾਨੂੰ ਸਿੱਖਿਆ ਟੈਸਟਿੰਗ ਸੇਵਾ, ਪਰਿੰਸਟਨ, ਨਿਊ ਜਰਸੀ, ਅਮਰੀਕਾ ਜਿਹੇ ਸੰਸਥਾਨ ਦੀ ਲੋੜ ਹੈ ਜੋ ਉਪਰ ਦਿੱਤੇ ਕਾਰਜਾਂ ਉਪਰ ਧਿਆਨ ਦੇਵੇ ਅਤੇ ਸ਼ੋਧ ਅਧਿਐਨ ਕਰੇ। ਐੱਨ ਪੀ ਈ 1986 ਨੇ ਰਾਸ਼ਟਰੀ ਮੁੱਲੰਕਣ ਸੰਗਠਨ ਸਥਾਪਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਪਰ ਇਹ ਸਿਰਫ਼ ਚਰਚਾ ਦੇ ਪੜਾਅ ਵਿਚ ਹੀ ਹੈ।

*(ਲੇਖਕ ਸਿੱਖਿਆ ਮਾਪ ਅਤੇ ਮੁੱਲੰਕਣ ਵਿਭਾਗ ਅਤੇ ਐੱਨ ਸੀ ਈ ਆਰ ਟੀ, ਨਵੀ ਦਿੱਲੀ ਵਿਚ ਸਰਵ ਭਾਰਤੀ ਸਿੱਖਿਆ ਸਰਵੇ ਅਤੇ ਡਾਟਾ ਪ੍ਰੋਸੈਸਿੰਗ ਵਿਭਾਗ ਦਾ ਸਾਬਕਾ ਮੁਖੀ ਹੈ।)*

*e-mail :avsingh3@rediffmail.com*

ਤਾਲਿਕਾ-2 : ਵਿਦਿਆਰਥੀਆਂ ਦੇ ਅੰਤਰਰਾਸ਼ਟਰੀ ਅੰਕਣ ਪ੍ਰੋਗਰਾਮ 2009 (ਪੀਸਾ) ਚੱਕਰ ਵਿਚ ਔਸਤ ਸਕੋਰ

| ਖੇਤਰ | ਬ੍ਰਾਜ਼ੀਲ | ਤਮਿਲਨਾਡੂ | ਹਿਮਾਚਲ ਪ੍ਰਦੇਸ਼ | ਓ ਈ ਸੀ ਡੀ ਔਸਤ* |
|---|---|---|---|---|
| ਪੜ੍ਹਾਈ | 412 | 335 | 314 | 493 |
| ਹਿਸਾਬ | 386 | 350 | 338 | 496 |
| ਵਿਗਿਆਨ | 405 | 347 | 326 | 501 |

**ਇਹ 0 ਤੋਂ 700 ਦੇ ਪੈਮਾਨੇ ਉਪਰ ਔਸਤ ਸਕੋਰ ਹਨ।*

# ਸਿੱਖਿਆ ਖੇਤਰ ਤੇ ਵਿਕਾਸ ਦਾ 'ਮੇਕ ਇਨ ਇੰਡੀਆ' ਮਿਸ਼ਨ ਨਾਲ ਸੰਬੰਧ

ਅਸ਼ੋਕ ਝੁਨਝੁਨਵਾਲਾ

ਭਾਰਤ ਨੇ 'ਮੇਕ ਇਨ ਇੰਡੀਆ' ਮਿਸ਼ਨ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਦਾ ਉਦੇਸ਼ ਇਹ ਹੈ ਕਿ ਦੇਸ਼ ਦੀ ਵੱਡੀ ਵਸੋਂ ਦਰਾਮਦ ਉਤੇ ਜ਼ਿਆਦਾ ਨਿਰਭਰ ਨਾ ਰਹੇ ਕਿਉਂਕਿ ਆਰਥਿਕ ਵਿਕਾਸ ਦੇ ਸਿੱਟੇ ਵਜੋਂ ਇਸ ਦੀ ਉਦਯੋਗਿਕ ਖਪਤ ਵਿਚ ਵਾਧਾ ਹੁੰਦਾ ਹੈ। ਇਸੇ ਸਮੇਂ ਹੀ, ਮੇਕ ਇਨ ਇੰਡੀਆ ਮਿਸ਼ਨ ਤਹਿਤ ਦੇਸ਼ ਨੂੰ ਲੋੜੀਂਦੇ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਹੋਣ ਦੀ ਆਸ ਹੈ ਕਿਉਂਕਿ ਇਸ ਦੀ ਜਨਸੰਖਿਆ ਦਾ ਵੱਡਾ ਭਾਗ ਖੇਤੀ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪਿਛਲੇ 20 ਸਾਲਾਂ ਦੌਰਾਨ ਇਸ ਦੀ ਆਰਥਿਕਤਾ ਦਾ ਵਿਕਾਸ ਹੋਣ ਨਾਲ ਆਪਣੀਆਂ ਸਾਰੀਆਂ ਖਪਤਕਾਰੀ ਵਸਤਾਂ ਲਈ ਲਗਾਤਾਰ ਦਰਾਮਦ ਉਤੇ ਨਿਰਭਰ ਹੁੰਦਾ ਗਿਆ। ਇਕ ਪਾਸੇ ਇਸ ਦਾ ਤੇਲ ਦਰਾਮਦ ਬਿੱਲ ਬਹੁਤ ਵਧ ਗਿਆ ਅਤੇ ਦੂਜੇ ਪਾਸੇ ਵਿਕਸਤ ਹੁੰਦੀ ਆਰਥਿਕਤਾ ਨੇ ਇਸ ਦੀ ਜਨਸੰਖਿਆ ਨੂੰ ਬਹੁਤ ਹੀ ਘੱਟ ਉਦਯੋਗਿਕ ਰੁਜ਼ਗਾਰ ਪ੍ਰਦਾਨ ਕੀਤਾ ਹੈ। ਇਸ ਵਿਚ ਸੁਧਾਰ ਕਰਨ ਦੀ ਲੋੜ ਹੈ।

## ਇਸ ਮੰਤਵ ਨੂੰ ਹਾਸਲ ਕਰਨ ਲਈ ਮੇਕ ਇਨ ਇੰਡੀਆ ਦੇ ਅਹਿਮ ਤੱਤ

ਜਦੋਂ ਅਸੀਂ ਨਿਰਮਾਣ ਉਤੇ ਧਿਆਨ ਕੇਂਦਰਿਤ ਕਰਦੇ ਹਾਂ ਤਾਂ ਸਾਨੂੰ ਇਸ ਗੱਲ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ਕਿ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਕਿਸ ਪ੍ਰਕਾਰ ਦੇ ਨਿਰਮਾਣ ਦੀ ਜ਼ਰੂਰਤ ਹੋਵੇਗੀ। ਇਸ ਦੀ ਉਦਾਹਰਣ ਹੈ, ਜੋ ਅੱਜ ਦੁਨੀਆਂ ਵਿਚ ਸਭ ਤੋਂ ਸਫਲ ਉਤਪਾਦ ਬਣ ਚੁੱਕਾ ਹੈ – ਆਪਣੇ ਖਪਤਕਾਰਾਂ ਲਈ ਆਈ ਫ਼ੋਨ। ਧਿਆਨ ਦੇਣ ਵਾਲੀ ਗੱਲ ਹੈ ਕਿ ਇਕ ਆਈ ਫ਼ੋਨ ਦੀ 500 ਅਮਰੀਕੀ ਡਾਲਰ ਦੀ ਆਮ ਕੀਮਤ ਵਿਚੋਂ ਸਿਰਫ਼ 7 ਡਾਲਰ ਹੀ ਨਿਰਮਾਣ ਲਈ ਦਿੱਤੇ ਜਾਂਦੇ ਹਨ। 174 ਡਾਲਰ ਪੁਰਜ਼ਿਆਂ ਤੇ ਉਪ-ਪ੍ਰਣਾਲੀਆਂ ਉਤੇ ਅਤੇ 321 ਡਾਲਰ ਡਿਜ਼ਾਈਨ, ਆਈ ਪੀ ਆਰ ਅਤੇ ਵੇਚ ਤੇ ਵੰਡ ਉਤੇ ਖਰਚ ਹੁੰਦੇ ਹਨ। ਜੇ ਇਹ ਮੰਨ ਲਿਆ ਜਾਵੇ ਕਿ 321 ਡਾਲਰ ਦਾ 50 ਪ੍ਰਤਿਸ਼ਤ ਡਿਜ਼ਾਈਨ ਅਤੇ ਆਈ ਪੀ ਆਰ ਕਰਕੇ ਹੈ, ਉਨ੍ਹਾਂ ਦੀ ਭਾਗੀਦਾਰੀ ਆਖਰੀ ਨਿਰਮਾਣ ਨਾਲੋਂ 23 ਗੁਣਾਂ ਹੋਵੇਗੀ। ਭਾਵੇਂ ਕਿ ਇਥੇ ਉਦਾਹਰਣ ਇਕ ਇਲੈਕਟ੍ਰਾਨਿਕ ਉਤਪਾਦ ਦੀ ਦਿੱਤੀ ਜਾ ਰਹੀ ਹੈ ਅਤੇ ਇਹ ਦੂਜੇ ਉਤਪਾਦਾਂ ਉਤੇ ਲਾਗੂ ਨਹੀਂ ਹੋਵੇਗੀ, ਸ਼ੱਕ ਦੀ ਗੁੰਜਾਇਸ਼ ਬਹੁਤ ਘੱਟ ਹੈ ਕਿ ਡਿਜ਼ਾਈਨ ਅਤੇ ਆਈ ਪੀ ਆਰ ਅੱਜ ਕਿਸੇ ਵੀ ਉਤਪਾਦ ਦੀ ਕੁੱਲ ਕੀਮਤ ਵਿਚ ਬਹੁਤ ਵੱਡਾ ਹਿੱਸਾ ਪਾਉਂਦੇ ਹਨ। ਦੂਜੇ ਸ਼ਬਦਾਂ ਵਿਚ, ਡਿਜ਼ਾਈਨ, ਆਈ ਪੀ ਆਰ ਪੀੜ੍ਹੀ ਅਤੇ ਨਿਰਮਾਣ ਨੂੰ ਮੇਕ ਇਨ ਇੰਡੀਆ ਮਿਸ਼ਨ ਵਿਚ ਸ਼ਾਮਲ ਕਰਨਾ ਅਹਿਮ ਹੈ ਤਾਂ ਕਿ ਉੱਪਰ ਵਰਣਿਤ ਦੋਹਰੇ ਟੀਚੇ ਹਾਸਲ ਕੀਤੇ ਜਾ ਸਕਣ ਤਾਂ ਹੀ ਭਾਰਤ ਵਿਚ ਵਾਧਾ ਹੋ ਸਕੇਗਾ। ਖਪਤ ਹੋਣ ਵਾਲੇ ਉਤਪਾਦਾਂ ਦੀ ਗੁਣਵੱਤਾ ਵਿਚ ਵਾਧਾ ਹੋ ਸਕੇਗਾ ਅਤੇ ਇਸ ਦਾ ਦਰਾਮਦ ਬਿੱਲ ਘੱਟ ਹੋ ਜਾਵੇਗਾ, ਤਾਂ ਹੀ ਵੱਡੀ ਸੰਖਿਆ ਵਿਚ ਭਾਰਤੀ ਲੋਕਾਂ ਨੂੰ 'ਮੇਕ ਇਨ ਇੰਡੀਆ' ਪ੍ਰੋਗਰਾਮ ਵਿਚ ਰੁਜ਼ਗਾਰ ਹਾਸਲ ਹੋ ਸਕੇਗਾ।

## ਭਾਰਤ ਆਪਣੀਆਂ ਡਿਜ਼ੀਟਲ ਸਮਰੱਥਾਵਾਂ ਦਾ ਲਾਹਾ ਲੈ ਸਕਦਾ ਹੈ

ਚੰਗੇ ਭਾਗਾਂ ਨੂੰ, ਪਿਛਲੇ 30 ਸਾਲਾਂ ਦੌਰਾਨ ਭਾਰਤ ਨੇ ਉਤਪਾਦਾਂ ਦਾ ਡਿਜ਼ਾਈਨ ਕਰਨ ਵਿਚ ਵਧੀਆ ਸ਼ੁਰੂਆਤ ਕੀਤੀ ਹੈ। ਅੱਜ ਦੁਨੀਆਂ ਦੇ ਡਿਜ਼ਾਈਨ ਕੰਮ ਦੀ ਵੱਡੀ ਪ੍ਰਤਿਸ਼ਤਤਾ ਭਾਰਤ ਵਿਚ ਹੁੰਦੀ ਹੈ; ਪਰ ਇਹ ਜ਼ਿਆਦਾਤਰ ਬਹੁ-ਰਾਸ਼ਟਰੀ ਕੰਪਨੀਆਂ ਲਈ ਸੇਵਾ ਕੰਮ ਵਜੋਂ ਕੀਤਾ ਜਾਂਦਾ ਹੈ। ਅੱਜ ਇਨ੍ਹਾਂ ਸਾਰੀਆਂ ਕੰਪਨੀਆਂ ਦੇ ਭਾਰਤ ਵਿਚ ਆਪਣੇ ਡਿਜ਼ਾਈਨ ਕੇਂਦਰ ਹਨ; ਨਾਲ ਹੀ ਭਾਰਤੀ ਕੰਪਨੀਆਂ ਵੀ ਹਨ ਜੋ ਇਨ੍ਹਾਂ ਕੰਪਨੀਆਂ ਨੂੰ ਡਿਜ਼ਾਈਨ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਸਿੱਟੇ ਵਜੋਂ, ਭਾਵੇਂ ਕਿ ਕਾਫ਼ੀ ਡਿਜ਼ਾਈਨ ਦਾ ਕੰਮ ਭਾਰਤ ਵਿਚ ਕੀਤਾ ਜਾਂਦਾ ਹੈ ਪਰ ਇਸ ਦਾ ਨਤੀਜਾ ਭਾਰਤੀ ਮਾਲਕੀ ਵਾਲੇ ਆਈ ਪੀ ਆਰ ਅਤੇ ਭਾਰਤੀ ਉਤਪਾਦਾਂ ਦੇ ਰੂਪ ਵਿਚ ਨਹੀਂ ਨਿਕਲਦਾ। ਇਸ ਦੇ ਲਈ ਸਵੈ-ਭਰੋਸਾ, ਨਿਵੇਸ਼, ਭਾਰਤ ਅਤੇ ਵਿਸ਼ਵ ਵਿਚ ਉਤਪਾਦਾਂ ਦੇ ਬਜ਼ਾਰੀਕਰਨ ਦੀ ਯੋਗਤਾ ਅਤੇ ਸਰਵੋਤਮ ਉਤਪਾਦਾਂ ਨਾਲ ਮੁਕਾਬਲੇਬਾਜ਼ੀ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਇਕ ਸੀਮਤ ਹੱਦ ਤਕ ਅਪਵਾਦ ਰਣਨੀਤਕ ਖੇਤਰਾਂ ਜਿਵੇਂ ਰੱਖਿਆ, ਪੁਲਾੜ ਅਤੇ ਪ੍ਰਮਾਣੂ ਊਰਜਾ ਹਨ ਜਿਥੇ ਕਦੇ-ਕਦੇ ਡਿਜ਼ਾਈਨ ਦਾ ਕੰਮ ਉਤਪਾਦ ਵਿਚ ਬਦਲ ਜਾਂਦਾ ਹੈ। ਭਾਰਤ ਵਿਚ ਵਿਕਸਤ ਉਤਪਾਦ ਸ਼ੁਰੂਆਤੀ ਪਰਖਾਂ ਅਤੇ ਹੁੰਗਾਰੇ ਲਈ ਘਰੇਲੂ ਫ਼ਾਇਦਾ ਦੇ ਸਕਦੇ ਹਨ; ਪਰ ਇਹ ਕਹਿਣਾ ਵਾਜਬ ਹੋਵੇਗਾ ਕਿ ਦਰਾਮਦ ਉਤੇ ਪੂਰਨ ਪਾਬੰਦੀ ਖਪਤਕਾਰਾਂ ਨੂੰ ਘਟੀਆ ਅਤੇ ਉੱਚ ਕੀਮਤ ਵਾਲੇ ਉਤਪਾਦ ਖਰੀਦਣ ਲਈ ਮਜਬੂਰ ਕਰਦੀ ਹੈ। ਭਾਰਤ ਨੂੰ ਉੱਚ ਕੀਮਤ ਵਾਲੇ ਉਤਪਾਦ ਬਣਾਉਣੇ ਪੈਣਗੇ ਜੋ ਦੁਨੀਆਂ ਭਰ ਦੇ ਸਰਵੋਤਮ ਉਤਪਾਦਾਂ ਦਾ ਮੁਕਾਬਲਾ ਕਰ ਸਕਣ। ਭਾਰਤ ਦੇ ਸ਼ੋਧ ਤੇ ਵਿਕਾਸ ਭਾਈਚਾਰੇ ਨੂੰ ਇਸ ਖੇਤਰ ਵਿਚ ਨਤੀਜੇ ਦੇਣੇ ਹੋਣਗੇ। ਭਾਰਤੀ ਵਪਾਰਕ ਆਗੂਆਂ ਨੂੰ ਇਹ ਉਤਪਾਦ ਬਾਜ਼ਾਰ ਵਿਚ ਉਤਾਰ ਕੇ ਲਾਭਕਾਰੀ ਉੱਦਮ ਸਥਾਪਤ ਕਰਨੇ ਹੋਣਗੇ। ਸਰਕਾਰ ਨੂੰ ਉਤਪਾਦ ਵਿਕਾਸ ਅਤੇ ਉਦਯੋਗਾਂ ਦੇ ਰਸਤੇ ਵਿਚ ਰੁਕਾਵਟਾਂ ਹਟਾਉਣ ਜਿਹੇ ਨੀਤੀਗਤ ਉਤਸਾਹਾਂ ਨਾਲ ਇਸ ਵਿਚ ਮਦਦ ਕਰਨੀ ਚਾਹੀਦੀ ਹੈ।

## ਭਾਰਤ ਦੀ ਵਰਤਮਾਨ ਕਮਜ਼ੋਰੀ

ਭਾਰਤ ਨੇ ਪਿਛਲੇ 30 ਸਾਲਾਂ ਦੌਰਾਨ ਆਪਣੇ ਆਪ ਨੂੰ ਡਿਜ਼ਾਈਨਕਰਤਾ ਦੇ ਤੌਰ ਤੇ ਸਥਾਪਤ ਕਰ ਲਿਆ ਹੈ।

80ਵਿਆਂ ਦੀ ਸ਼ੁਰੂਆਤ ਵਿਚ ਭਾਰਤ ਵਿਚ ਮਸਾਂ 100 ਇੰਜਨੀਅਰਿੰਗ ਕਾਲਜ ਸਨ ਜੋ ਹਰੇਕ ਸਾਲ 20,000 ਤੋਂ ਘੱਟ ਇੰਜੀਨੀਅਰ ਪੈਦਾ ਕਰਦੇ ਸਨ। ਮੱਧ-ਵਰਗੀ ਭਾਰਤੀ ਕੁੱਝ ਕਰਨ ਤੋਂ ਅਸਮਰੱਥ ਸਨ ਕਿਉਂਕਿ ਉਨ੍ਹਾਂ ਦੇ ਹੁਸ਼ਿਆਰ ਬੱਚੇ ਬੱਚੀਆਂ ਇੰਜੀਨੀਅਰਿੰਗ ਦੀ ਪੜ੍ਹਾਈ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਮੌਕੇ ਨਹੀਂ ਸਨ ਮਿਲਦੇ। 80ਵਿਆਂ ਦੇ ਮੱਧ ਵਿਚ ਭਾਰਤ ਨੇ ਨਿੱਜੀ ਇੰਜੀਨੀਅਰਿੰਗ ਕਾਲਜ ਖੋਲ੍ਹਣੇ ਸ਼ੁਰੂ ਕੀਤੇ। 90ਵਿਆਂ ਵਿਚ ਇਨ੍ਹਾਂ ਦਾ ਵਾਧਾ ਹੁੰਦਾ ਗਿਆ। 21ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਭਾਵੇਂ ਨਵੇਂ ਕਾਲਜ ਖੁੱਲ੍ਹਦੇ ਗਏ, ਸਰਕਾਰੀ ਕਾਲਜਾਂ ਨੇ ਇਸ ਨੂੰ ਗਤੀ ਪ੍ਰਦਾਨ ਕੀਤੀ। ਕੁੱਝ ਹੀ ਸਮਾਂ ਪਹਿਲਾਂ ਤਕ ਦੇਸ਼ ਵਿਚ ਕੁੱਲ ਛੇ ਆਈ ਆਈ ਟੀ ਸਨ। ਅੱਜ ਇਨ੍ਹਾਂ ਦੀ ਗਿਣਤੀ 20 ਤੋਂ ਵੱਧ ਹੈ। 30 ਐੱਨ ਆਈ ਟੀ, ਹਨ ਅਤੇ ਆਈ ਆਈ ਆਈ ਟੀ, ਆਈ ਐੱਸ ਈ ਆਰ, ਅਤੇ ਐੱਨ ਆਈ ਐੱਸ ਈ ਆਰ ਵੀ ਸਥਾਪਤ ਹੋਏ ਹਨ। ਵੱਡੀ ਮਾਤਰਾ ਵਿਚ ਧੰਨ ਦਾ ਉੱਚ ਸਿੱਖਿਆ ਵਿਚ ਨਿਵੇਸ਼ ਕੀਤਾ ਗਿਆ ਹੈ, ਖ਼ਾਸ ਕਰਕੇ ਇੰਜਨੀਅਰਿੰਗ ਦੀ ਸਿੱਖਿਆ ਵਿਚ। ਅੱਜ ਇੰਜਨੀਅਰਿੰਗ ਕਾਲਜਾਂ ਦੀ ਗਿਣਤੀ 4000 ਤੋਂ ਵੱਧ ਹੈ ਅਤੇ ਅੰਡਰ-ਗ੍ਰੈਜੂਏਟ ਇੰਜਨੀਅਰਿੰਗ ਪ੍ਰੋਗਰਾਮਾਂ ਵਿਚ ਦਾਖ਼ਲ ਵਿਦਿਆਰਥੀਆਂ ਦੀ ਗਿਣਤੀ ਹਰੇਕ ਸਾਲ 1.5 ਮਿਲੀਅਨ ਤਕ ਪੁੱਜ ਰਹੀ ਹੈ। ਭਾਵੇਂ ਕਿ ਗਿਣਤੀ ਦੇ ਮਾਮਲੇ ਵਿਚ ਇਕ ਨਿਸ਼ਚਿਤ ਮੁਕਾਮ ਹਾਸਲ ਕੀਤਾ ਗਿਆ ਹੈ, ਬਰਾਬਰੀ ਦੇ ਮਾਮਲੇ ਵਿਚ ਵੀ ਅਜਿਹਾ ਹੀ ਹੈ। ਇਨ੍ਹਾਂ ਕਾਲਜਾਂ ਵਿਚ ਦਾਖ਼ਲ ਵਿਦਿਆਰਥੀਆਂ ਵਿਚੋਂ 25 ਪ੍ਰਤਿਸ਼ਤ ਪੇਂਡੂ ਖੇਤਰਾਂ ਵਿਚੋਂ ਹਨ। ਕਿਉਂਕਿ ਗਿਣਤੀ ਅਤੇ ਬਰਾਬਰੀ ਦਾ ਮਸਲਾ ਹੱਲ ਹੋ ਗਿਆ, ਗੁਣਵੱਤਾ ਪਿੱਛੇ ਰਹਿ ਗਈ। ਜਦੋਂ ਅਸੀਂ ਆਈ ਆਈ ਟੀ ਜਾਂ ਦੂਜੇ ਕੁੱਝ ਇੰਜਨੀਅਰਿੰਗ ਸੰਸਥਾਨਾਂ ਤੋਂ ਪਰ੍ਹੇ ਜਾਈਏ, ਗੁਣਵੱਤਾ ਵਿਚ ਵੱਡੀ ਗਿਰਾਵਟ ਆਉਂਦੀ ਹੈ। ਹਾਲ ਹੀ ਵਿਚ ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ ਵਲੋਂ ਇਸ ਸੰਬੰਧੀ ਅਨੇਕ ਪਹਿਲਕਦਮੀਆਂ ਕੀਤੀਆਂ ਗਈਆਂ ਹਨ (ਜਿਸ ਵਿਚ ''ਇੰਜਨੀਅਰਿੰਗ ਸਿੱਖਿਆ ਵਿਚ ਗੁਣਵੱਤਾ ਵਾਧਾ" ਨਾਮਕ ਕਮੇਟੀ ਸਥਾਪਤ ਕਰਨਾ ਵੀ ਸ਼ਾਮਿਲ ਹੈ)। ਇਸ ਗੱਲ ਬਾਰੇ ਦ੍ਰਿੜ੍ਹਤਾ ਪ੍ਰਗਟ ਕੀਤੀ ਗਈ ਹੈ ਕਿ ਆਉਣ ਵਾਲੇ 10 ਸਾਲਾਂ ਦੌਰਾਨ ਗੁਣਵੱਤਾ ਦਾ ਮੁੱਦਾ ਹੱਲ ਕੀਤਾ ਜਾਵੇ। ਵਿਦਿਆਰਥੀਆਂ ਦੀ ਸਿੱਧੀ ਪੜ੍ਹਾਈ ਅਤੇ ਅਧਿਆਪਕ ਸਿਖਲਾਈ ਲਈ ਆਈ ਸੀ ਟੀ ਦੀ ਵਰਤੋਂ ਦੀ ਕਲਪਨਾ ਕੀਤੀ ਗਈ ਹੈ।

ਇੰਜਨੀਅਰਿੰਗ ਕਾਲਜਾਂ ਦੇ ਪਸਾਰ ਨਾਲ ਭਾਰਤ ਵਿਚ ਡਿਜ਼ਾਈਨ ਸੇਵਾ ਉਦਯੋਗ ਦੀ ਨੀਂਹ ਰੱਖੀ ਗਈ। ਭਾਵੇਂ ਕਿ ਇਨ੍ਹਾਂ ਗ੍ਰੈਜੂਏਟਾਂ ਦੀ ਗੁਣਵੱਤਾ ਬਹੁਤ ਵਧੀਆ ਨਹੀਂ ਸੀ (ਜਿਸ ਦਾ ਮੁੱਖ ਕਾਰਨ ਨਵੇਂ ਕਾਲਜਾਂ ਵਿਚ ਅਧਿਆਪਕਾਂ ਦੀ ਨਿਮਨ ਗੁਣਵੱਤਾ ਸੀ), ਡਿਜ਼ਾਈਨ ਅਤੇ ਸੇਵਾ ਉਦਯੋਗ ਇਨ੍ਹਾਂ ਵਿਦਿਆਰਥੀਆਂ ਨੂੰ ਭਰਤੀ ਕਰਕੇ ਸਿਖਲਾਈ ਦੇ ਸਕਦਾ ਹੈ। ਦੂਸਰੇ ਉਦਯੋਗਾਂ ਦੇ ਮੁਕਾਬਲੇ ਤਨਖ਼ਾਹਾਂ ਇਥੇ ਵੱਧ ਸਨ ਅਤੇ ਨੌਜਵਾਨ ਇਧਰ ਨੂੰ ਜ਼ਿਆਦਾ ਆਉਣ ਲੱਗ ਪਏ। ਕੰਮ ਦੇ ਢੁੱਕਵੇਂ ਹਲਾਤਾਂ ਦੇ ਚੱਲਦਿਆਂ ਉਨ੍ਹਾਂ ਨੇ ਗੁਣਵੱਤਾ ਦੀ ਘਾਟ ਨੂੰ ਪੂਰਾ ਕਰਨ ਲਈ ਸਖ਼ਤ ਮਿਹਨਤ ਕੀਤੀ। ਕੁੱਝ ਹੀ ਸਾਲਾਂ ਵਿਚ ਉਹ ਬਹੁਤ ਵਧੀਆ ਬਣ ਗਏ। ਜਿਵੇਂ-ਜਿਵੇਂ ਉਦਯੋਗ ਵਿਕਸਤ ਹੋਇਆ, ਇਸ ਦੀਆਂ ਸੇਵਾਵਾਂ ਦਾ ਵਿਸਥਾਰ ਹੋਇਆ ਅਤੇ ਉੱਚ ਪੱਧਰ ਦੀਆਂ ਡਿਜ਼ਾਈਨ ਸੇਵਾਵਾਂ ਤਕ ਪੁੱਜ ਗਿਆ। ਬਦਕਿਸਮਤੀ ਨੂੰ, ਇਸ ਦਾ ਨਤੀਜਾ ਭਾਰਤ ਦੇ ਆਪਣੇ ਅਤੇ ਵਪਾਰਕ੍ਰਿਤ ਉਤਪਾਦਾਂ ਦੇ ਰੂਪ ਵਿਚ ਨਾ ਨਿਕਲਿਆ। ਡਿਜ਼ਾਈਨ ਦਾ ਸਾਰਾ ਕੰਮ ਸੇਵਾਵਾਂ ਦੇ ਕੰਮ ਦੇ ਰੂਪ ਵਿਚ ਕੀਤਾ ਜਾਂਦਾ ਸੀ। ਕਦੇ-ਕਦਾਈਂ ਉਤਪਾਦ ਵੀ ਬਣਾਏ ਜਾਂਦੇ ਸਨ ਪਰ ਉਹ ਭਾਰਤ ਅਤੇ ਹੋਰ ਥਾਵਾਂ ਉਤੇ ਬਾਜ਼ਾਰਾਂ ਵਿਚ ਆਪਣੀ ਥਾਂ ਨਾ ਬਣਾ ਸਕੇ। ਇਸੇ ਸਮੇਂ ਦੌਰਾਨ ਜਦੋਂ ਭਾਰਤ ਦੀ ਆਰਥਿਕਤਾ ਵਿਕਸਤ ਹੋਈ, ਇਸ ਦਾ ਨਿਰੰਤਰ ਵਧਦਾ ਮੱਧ ਵਰਗ ਉਦਯੋਗਿਕ ਉਤਪਾਦਾਂ ਦਾ ਵੱਡਾ ਖਪਤਕਾਰ ਬਣ ਗਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਦਰਾਮਦ ਵਾਲੀਆਂ ਹਨ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਨ੍ਹਾਂ ਵਸਤਾਂ ਲਈ ਭਾਰਤ ਦਾ ਦਰਾਮਦ ਬਿੱਲ ਤੇਜ਼ੀ ਨਾਲ ਵਧ ਰਿਹਾ ਹੈ।

'ਮੇਕ ਇਨ ਇੰਡੀਆ' ਮਿਸ਼ਨ ਤਹਿਤ ਇਕ ਵੱਡਾ ਕੰਮ ਇਨ੍ਹਾਂ ਕਾਲਜਾਂ ਦੀ ਗੁਣਵੱਤਾ ਵਿਚ ਵੱਡਾ ਸੁਧਾਰ ਕਰਨਾ ਹੋਵੇਗਾ ਤਾਂ ਕਿ ਇਨ੍ਹਾਂ ਦੇ ਗ੍ਰੈਜੂਏਟ ਭਰਵਾਂ ਯੋਗਦਾਨ ਪਾਉਣ ਦੇ ਕਾਬਲ ਹੋ ਸਕਣ। ਸਾਰੇ ਕਿਸਮ ਦੇ ਹੁਨਰ ਵਿਕਸਤ ਕਰਨ ਦੀ ਲੋੜ ਹੈ ਤਾਂ ਕਿ ਗ੍ਰੈਜੂਏਟ ਪੂਰੀ ਤਰ੍ਹਾਂ ਨਾਲ ਖੋਜ ਅਤੇ ਵਿਕਾਸ, ਆਈ ਪੀ ਆਰ ਨਿਰਮਾਣ, ਡਿਜ਼ਾਈਨਿੰਗ, ਉਤਪਾਦਾਂ ਤੇ ਵਿਕਾਸ ਅਤੇ ਪੜਤਾਲ, ਵੱਡੇ ਪੱਧਰ ਉਤੇ ਨਿਰਮਾਣ ਅਤੇ ਵਪਾਰੀਕਰਨ ਵਿਚ ਹਿੱਸੇਦਾਰੀ ਪਾਉਣ ਲਈ ਤਿਆਰ ਹੋ ਸਕਣ। ਇਥੇ ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ ਨੂੰ ਅਗਵਾਈ ਕਰਨ ਦੀ ਲੋੜ ਹੈ।

## ਭਾਰਤ ਵਿਚ ਮੁੱਲ ਜੋੜ ਅਤੇ ਉਤਪਾਦ ਉਦਯੋਗ

ਜਿਵੇਂ ਕਿ ਇਸ ਖੰਡ ਦੇ ਸ਼ੁਰੂ ਵਿਚ ਚਰਚਾ ਕੀਤੀ ਗਈ ਸੀ, ਉਤਪਾਦਾਂ ਵਿਚ ਮੁੱਲ ਜੋੜ ਹੇਠ ਲਿਖੇ ਤੋਂ ਆ ਸਕਦਾ ਹੈ :

• ਡਿਜ਼ਾਈਨ, ਵਿਕਾਸ ਅਤੇ ਆਈ ਪੀ ਆਰ (ਸਾਫਟਵੇਅਰ ਸਮੇਤ), • ਬਣਾਏ ਗਏ ਪੁਰਜ਼ੇ ਅਤੇ ਉੱਪ-ਪ੍ਰਣਾਲੀਆਂ, • ਡੱਬਾਬੰਦੀ, • ਨਿਰਮਾਣ (ਜਿਸ ਵਿਚ ਜੋੜਨਾ ਅਤੇ ਪੜਤਾਲ ਸ਼ਾਮਿਲ ਹਨ), • ਵੇਚਣਾ, ਬਾਜ਼ਾਰੀਕਰਨ ਅਤੇ ਵਪਾਰੀਕਰਨ।

ਆਓ, ਇਸ ਗੱਲ ਦਾ ਮੁੱਲੰਕਣ ਕਰੀਏ ਕਿ ਭਾਰਤ ਇਨ੍ਹਾਂ ਖੇਤਰਾਂ ਵਿਚ ਕਿਥੇ ਖੜ੍ਹਾ ਹੈ। ਭਾਰਤ ਵਿਚ ਪੁਰਜ਼ਾ ਉਦਯੋਗ ਹਾਲ ਦੀ ਘੜੀ ਕਮਜ਼ੋਰ ਹੈ। ਬਹੁਤ ਸਾਰੇ ਪੁਰਜ਼ੇ ਅਕਸਰ ਬਾਹਰੋਂ ਮੰਗਵਾਉਣੇ ਪੈਂਦੇ ਹਨ। ਇਨ੍ਹਾਂ ਪੁਰਜ਼ਿਆਂ ਦੀ ਲਾਗਤ ਮਾਤਰਾ 'ਤੇ ਕਾਫ਼ੀ ਨਿਰਭਰ ਕਰਦੀ ਹੈ। ਜਦ ਤਕ ਵੱਡੀ ਮਾਤਰਾ ਵਿਚ ਉਤਪਾਦਨ ਨਹੀਂ ਹੁੰਦਾ ਤਾਂ ਪੁਰਜ਼ਿਆਂ ਦੀਆਂ ਕੀਮਤਾਂ ਜ਼ਿਆਦਾ ਹੀ ਰਹਿਣਗੀਆਂ। ਭਾਰਤ ਵਿਚ ਪੁਰਜ਼ਾ ਉਦਯੋਗ ਕਮਜ਼ੋਰ ਰਹਿਣ ਦਾ ਕਾਰਨ ਉਤਪਾਦ ਡਿਜ਼ਾਈਨ ਤੇ ਸਥਾਨਕ ਬਾਜ਼ਾਰੀਕਰਨ ਦਾ ਕਮਜ਼ੋਰ ਹੋਣਾ ਹੈ।

ਇਕ ਦਹਾਕਾ ਪਹਿਲਾਂ ਭਾਰਤ ਵਿਚ ਨਿਰਮਾਣ ਦਾ ਕੰਮ ਕਮਜ਼ੋਰ ਅਤੇ ਮਹਿੰਗਾ ਹੁੰਦਾ ਸੀ। ਪਰ ਟੈਲੀਕਾਮ ਕੰਪਨੀਆਂ ਵਲੋਂ ਹੈਂਡ ਸੈੱਟ ਦਾ ਨਿਰਮਾਣ ਭਾਰਤ ਵਿਚ ਕਰਨ ਸਦਕਾ, ਵੱਡੀ ਗਿਣਤੀ ਵਿਚ ਇਕੱਤਰੀਕਰਨ ਉਦਯੋਗ ਉੱਭਰ ਕੇ ਸਾਹਮਣੇ ਆਇਆ। ਆਟੋ ਉਦਯੋਗ ਅਤੇ ਇਲੈਕਟ੍ਰਾਨਿਕ ਉਦਯੋਗ ਇਸ ਦੀਆਂ ਦੋ ਉਦਾਹਰਣਾਂ ਹਨ। ਭਾਰਤ ਆਪਣਾ ਨਿਰਮਾਣ ਕਰਨ ਲਈ ਤਿਆਰ

ਹੈ। ਇਸ ਨਾਲ ਭਾਰਤ ਵਿਚ ਕੁੱਝ ਪੁਰਜ਼ਾ ਉਦਯੋਗਾਂ ਨੂੰ ਮਜਬੂਤ ਹੋਣ ਵਿਚ ਮਦਦ ਮਿਲੀ ਹੈ। ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਹੈ, ਮੁਖ ਮੁੱਲ ਜੋੜ ਡਿਜ਼ਾਈਨ, ਵਿਕਾਸ ਅਤੇ ਆਈ ਪੀ ਆਰ ਵਿਚ ਮੌਜੂਦ ਹੈ। ਭਾਰਤ ਕੋਲ ਯੋਗਤਾ ਹੈ। ਇਸ ਨੇ ਵਪਾਰ ਦੁਆਰਾ ਨਿਖਾਰਿਆ ਜਾਣਾ ਚਾਹੀਦਾ ਹੈ। ਸਰਕਾਰ ਨੂੰ ਠੀਕ ਵਾਤਾਵਰਨ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਵਪਾਰਕ, ਸ਼ੋਧ ਤੇ ਵਿਕਾਸ ਵਾਲੇ ਵਿਅਕਤੀਆਂ ਨੂੰ ਉਤਪਾਦਤ ਉਦਯੋਗ ਦੀ ਉਸਾਰੀ ਕਰਨੀ ਹੋਵੇਗੀ।

## ਭਾਰਤ ਦੀ ਆਈ ਪੀ ਆਰ ਨਿਰਮਾਣ ਯੋਗਤਾ ਦੀ ਹਾਲਤ

ਪਹਿਲਾਂ ਭਾਰਤ ਦੀ ਆਈ ਪੀ ਆਰ ਨਿਰਮਾਣ ਯੋਗਤਾ ਬਾਰੇ ਚਰਚਾ ਕਰਾਂਗੇ। ਭਾਰਤੀ ਸਿੱਖਿਆ ਜਗਤ, ਜਿਸ ਦੀ ਅਗਵਾਈ ਆਈ ਆਈ ਟੀ ਵਲੋਂ ਕੀਤੀ ਜਾਂਦੀ ਹੈ, ਕੋਲ ਅਜਿਹੇ ਅਧਿਆਪਕ ਅਤੇ ਸ਼ੋਧਕਰਤਾ ਹਨ ਜੋ ਆਈ ਪੀ ਆਰ ਦਾ ਨਿਰਮਾਣ ਕਰਨ ਦੇ ਸਮਰੱਥ ਹਨ। ਇਨ੍ਹਾਂ ਦੀ ਗਿਣਤੀ ਜ਼ਿਆਦਾ ਨਹੀਂ, ਪਰ ਵਧ ਰਹੀ ਹੈ। ਉਦਯੋਗ ਜਗਤ ਵਿਚ ਬਹੁਤ ਸਾਰੇ ਅਜਿਹੇ ਵਿਅਕਤੀ ਹਨ ਜੋ ਇਸ ਵਿਚ ਭਾਗ ਲੈ ਸਕਦੇ ਹਨ। ਪਰ ਉਨ੍ਹਾਂ ਨੂੰ ਅਗਵਾਈ ਦੀ ਲੋੜ ਹੈ। ਭਾਰਤੀ ਸਿੱਖਿਆ ਜਗਤ ਸ਼ੋਧ ਅਤੇ ਵਿਕਾਸ ਨੂੰ ਛਪਵਾ ਕੇ ਹੀ ਸੰਤੁਸ਼ਟ ਹੈ। ਉਹ ਆਈ ਪੀ ਆਰ ਦੇ ਮਹੱਤਵ ਨੂੰ ਨਹੀਂ ਵੇਖਦੇ ਜਾਂ ਨਿੱਜੀ ਆਈ ਪੀ ਆਰ ਕਿਵੇਂ ਉਤਪਾਦ ਵਿਕਾਸ ਵਿਚ ਯੋਗਦਾਨ ਪਾਉਣਗੀਆਂ। ਇਸ ਰੁਕਾਵਟ ਤੋਂ ਛੁਟਕਾਰਾ ਪਾਉਣ ਲਈ ਭਾਰਤ ਦੇ ਖੋਜ ਤੇ ਵਿਕਾਸ ਨਾਲ ਜੁੜੇ ਵਿਅਕਤੀਆਂ ਨੂੰ ਤਕਨੀਕੀ ਸਭਾਵਾਂ ਨਾਲ ਜੁੜਨਾ ਹੋਵੇਗਾ ਜੋ ਕਿਸੇ ਵੀ ਉਤਪਾਦ ਲਈ ਚਰਚਾ ਕਰਕੇ ਮੁੱਢਲੇ ਮਾਪਦੰਡ ਬਣਾਉਂਦੇ ਹਨ। ਇਹੀ ਪ੍ਰਕਿਰਿਆ ਹੈ ਜੋ ਖੱਪਿਆਂ ਅਤੇ ਆਈ ਪੀ ਆਰ ਯੋਗਦਾਨ ਦੀ ਪਛਾਣ ਕਰਦੀ ਹੈ ਅਤੇ ਇਨ੍ਹਾਂ ਖੱਪਿਆਂ ਨੂੰ ਭਰਦੀ ਹੈ। ਜਦੋਂ ਇਕ ਆਈ ਪੀ ਆਰ ਦਾ ਯੋਗਦਾਨ ਮਾਨਕ ਬਣ ਜਾਂਦਾ ਹੈ ਤਾਂ ਇਸ ਦੀ ਕੀਮਤ ਕਾਫ਼ੀ ਵਧ ਜਾਂਦੀ ਹੈ। ਹਰੇਕ ਵਪਾਰਕ ਉੱਦਮ, ਜੋ ਆਈ ਪੀ ਆਰ ਦੇ ਮੁਤਾਬਕ ਉਤਪਾਦ ਬਣਾਉਂਦਾ ਹੈ, ਨੂੰ ਆਈ ਪੀ ਆਰ ਦੇ ਮਾਨਕਾਂ ਨਾਲ ਸੌਦੇਬਾਜ਼ੀ ਕਰਨੀ ਪਵੇਗੀ।

ਜ਼ਿਆਦਾਤਰ ਦੇਸ਼ਾਂ ਵਿਚ ਮਾਨਕ ਵਿਕਾਸ ਸੋਸਾਇਟੀਆਂ ਹਨ ਜੋ ਖੋਜ ਤੇ ਵਿਕਾਸ ਵਾਲੇ ਆਈ ਪੀ ਆਰ ਨਿਰਮਾਣ ਕਰਨ ਦੇ ਸਮਰੱਥ ਵਿਅਕਤੀਆਂ ਨੂੰ ਅੰਤਰਰਾਸ਼ਟਰੀ ਮਾਨਕ ਕੋਸ਼ਿਸ਼ਾਂ ਨਾਲ ਜੋੜਦੀਆਂ ਹਨ। ਇਹ ਸੋਸਾਇਟੀਆਂ, ਸਰਕਾਰ ਜਿਨ੍ਹਾਂ ਦੀ ਸਹਾਇਤਾ ਕਰਦੀ ਹੈ, ਦੀ ਅਗਵਾਈ ਉਦਯੋਗ/ਸਿੱਖਿਆ ਜਗਤ ਦੇ ਸਮੂਹ ਵਲੋਂ ਕੀਤੀ ਜਾਂਦੀ ਹੈ। ਅਜਿਹੇ ਸੰਵਿਧਾਨ ਵਾਲੀਆਂ ਸਭਾਵਾਂ ਦਾ ਹੀ ਅੰਤਰਰਾਸ਼ਟਰੀ ਮਾਨਕ ਬਣਾਉਣ ਵਾਲੀਆਂ ਸਭਾਵਾਂ ਵਲੋਂ ਸਵਾਗਤ ਕੀਤਾ ਜਾਂਦਾ ਹੈ। ਕੋਰੀਆ, ਚੀਨ, ਕਨੇਡਾ, ਜਾਪਾਨ, ਯੂਰਪ - ਸਾਰਿਆਂ ਕੋਲ ਅਜਿਹੀਆਂ ਸਭਾਵਾਂ ਹਨ ਜਿਨ੍ਹਾਂ ਦਾ ਕੇਂਦਰ ਬਿੰਦੂ ਟੈਲੀਕਾਮ ਦੇ ਮਾਨਕ ਵਿਕਸਤ ਕਰਨਾ ਹੈ। ਨਵੰਬਰ 2013 ਵਿਚ ਹੀ, ਟੈਲੀਕਾਮ ਸਟੈਂਡਰਡਜ਼ ਡਿਵੈਲਪਮੈਂਟ ਸੋਸਾਇਟੀ ਆਫ਼ ਇੰਡੀਆ (ਟੀ ਐੱਸ ਡੀ ਐੱਸ ਆਈ) ਦਾ ਗਠਨ ਟੈਲੀਕਾਮ ਵਿਭਾਗ ਦੀ ਸਹਾਇਤਾ ਨਾਲ ਕੀਤਾ ਗਿਆ। ਉਮੀਦ ਹੈ ਇਹ ਸਭਾ ਭਾਰਤ ਦੇ ਖੋਜ ਤੇ ਵਿਕਾਸ ਭਾਈਚਾਰੇ ਨੂੰ ਇਸ ਦਿਸ਼ਾ ਵਿਚ ਤੇਜ਼ੀ ਨਾਲ ਵਧਣ ਵਿਚ ਮਦਦ ਕਰੇਗੀ। ਪਰ, ਟੀ ਐੱਸ ਡੀ ਐੱਸ ਆਈ ਸਿਰਫ਼ ਟੈਲੀਕਾਮ ਉਤੇ ਹੀ ਧਿਆਨ ਕੇਂਦਰਿਤ ਕਰੇਗਾ। ਅਜਿਹੀਆਂ ਕੋਸ਼ਿਸ਼ਾਂ, ਟੈਲੀਕਾਮ ਤੋਂ ਇਲਾਵਾ ਖੇਤਰਾਂ ਵਿਚ ਕਰਨ ਦੀ ਵੀ ਲੋੜ ਹੈ। ਭਾਰਤ ਦਾ ਸਮਾਰਟ ਗ੍ਰਿਡ ਮੰਚ ਵੀ ਇਸ ਦਿਸ਼ਾ ਵੱਲ ਇਕ ਹੋਰ ਕਦਮ ਹੈ। ਆਈ ਈ ਈ ਈ ਹੁਣ ਭਾਰਤ ਵਿਚ ਸਿੱਖਿਆ ਉਦਯੋਗ ਦਾ ਮੰਚ ਸਥਾਪਤ ਕਰਨ ਦੀ ਭੂਮਿਕਾ ਨਿਭਾਅ ਰਹੀ ਹੈ ਜੋ ਮਾਨਕਾਂ ਤੋਂ ਕੰਮ ਕਰੇਗਾ। ਘੱਟ ਵੋਲਟੇਜ ਡੀ ਸੀ (ਐੱਲ ਵੀ ਡੀ ਸੀ) ਅਜਿਹਾ ਹੀ ਇਕ ਮੰਚ ਹੈ। ਇਨ੍ਹਾਂ ਕੋਸ਼ਿਸ਼ਾਂ ਵਿਚ ਕਈ ਗੁਣਾ ਇਜ਼ਾਫਾ ਕਰਨ ਦੀ ਜ਼ਰੂਰਤ ਹੈ। ਸਰਕਾਰ ਕੋਲ ਅਜਿਹੀਆਂ ਕੋਸ਼ਿਸ਼ਾਂ ਦੀ ਵਿੱਤੀ ਅਤੇ ਦੂਜੇ ਤਰੀਕੇ ਨਾਲ ਮਦਦ ਕਰਨ ਲਈ ਇਕ ਨੀਤੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਉਤੇ ਅਧਿਕਾਰ ਜਮਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਆਈ ਪੀ ਆਰ ਦਾ ਨਿਰਮਾਣ ਅਤੇ ਇਸ ਦੇ ਮਾਨਕੀਕਰਨ ਲਈ ਭਾਰਤੀ ਸਿੱਖਿਆ ਜਮਾਤ ਅਤੇ ਉਦਯੋਗ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ। ਉਦਯੋਗ - ਸਿੱਖਿਆ ਜਗਤ ਦੇ ਅਜਿਹੇ ਸੰਬੰਧ ਹਾਲੇ ਵੀ ਹਲਕੀ ਕਿਸਮ ਦੇ ਹਨ। ਇਨ੍ਹਾਂ ਨੂੰ ਮਜਬੂਤ ਕਰਨ ਦੀ ਲੋੜ ਹੈ।

## ਭਾਰਤ ਦੀਆਂ ਡਿਜ਼ਾਈਨ ਤੇ ਵਿਕਾਸ ਸਮਰੱਥਾਵਾਂ ਅਤੇ ਉਤਪਾਦ ਵਾਤਾਵਰਨ ਪ੍ਰਣਾਲੀ ਦੇ ਹਾਲਾਤ

ਭਾਰਤੀ ਸਿੱਖਿਆ ਜਗਤ ਨੇ ਇਲੈਕਟ੍ਰਾਨਿਕਸ ਅਤੇ ਆਈ ਸੀ ਟੀ ਉਤਪਾਦਾਂ ਦੇ ਡਿਜ਼ਾਈਨ ਅਤੇ ਵਿਕਾਸ ਦੇ ਵਿਚ ਕੋਈ ਭਰਵਾਂ ਯੋਗਦਾਨ ਨਹੀਂ ਪਾਇਆ। ਪਰ ਉਨ੍ਹਾਂ ਕੋਲ ਜਾਣਕਾਰੀ ਅਤੇ ਸਮਰੱਥਾ ਹੈ। ਪਰ ਉਹ ਪਹਿਲ ਕਦੇ-ਕਦੇ ਹੀ ਕਰਨਗੇ। ਉਨ੍ਹਾਂ ਵਿਚ ਸਮਰੱਥਾ ਹੈ। ਲੋੜ ਮੁੱਢਲੀ ਸ਼ੋਧ ਤੇ ਵਿਕਾਸ ਤੋਂ ਥੋੜ੍ਹਾ ਅਨੁਵਾਦਕੀ ਕੰਮ ਵੱਲ ਮੁੜਨ ਦੀ ਹੈ। ਯੂਨੀਵਰਸਟੀਆਂ ਅਤੇ ਸੰਸਥਾਨਾਂ ਨੂੰ ਇਸ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ।

ਫਿਰ ਦੇਸ਼ ਵਿਚ ਸੀਡਾਟ, ਸੀਡੈਕ, ਸੀ ਐੱਸ ਆਈ ਆਰ ਅਤੇ ਕੁੱਝ ਡੀ ਆਰ ਡੀ ਓ ਵਰਗੀਆਂ ਵੱਖ-ਵੱਖ ਸ਼ੋਧ ਤੇ ਵਿਕਾਸ ਪ੍ਰਯੋਗਸ਼ਾਲਾਵਾਂ ਹਨ। ਕੁੱਝ ਪ੍ਰਯੋਗਸ਼ਾਲਾਵਾਂ ਪ੍ਰਮਾਣੂ ਊਰਜਾ ਵਿਭਾਗ ਅਤੇ ਕੁੱਝ ਪੁਲਾੜ ਵਿਭਾਗ ਨਾਲ ਜੁੜੀਆਂ ਹੋਈਆਂ ਹਨ। ਇਹ ਪ੍ਰਯੋਗਸ਼ਾਲਾਵਾਂ ਜ਼ਰੂਰ ਆਪਣੇ ਵਿਸ਼ੇਸ਼ ਖੇਤਰਾਂ ਵਿਚ ਕੁੱਝ ਉਤਪਾਦ ਬਣਾਉਂਦੀਆਂ ਹਨ। ਪਰ ਉਹ ਅਜਿਹੇ ਉਤਪਾਦ ਬਹੁਤ ਘੱਟ ਬਣਾਉਂਦੀਆਂ ਹਨ ਜਿਨ੍ਹਾਂ ਦੀ ਵਪਾਰਕ ਸਫਲਤਾ ਜ਼ਿਆਦਾ ਹੋਵੇ। ਇਨ੍ਹਾਂ ਪ੍ਰਯੋਗਸ਼ਾਲਾਵਾਂ ਵਿਚ ਕੰਮ ਕਰਨ ਵਾਲੇ ਸਚਮੁਚ ਕਾਬਲ ਹਨ; ਪਰ ਵਪਾਰਕ ਤੌਰ ਤੇ ਸਫਲ ਉਤਪਾਦ ਦੇ ਵਿਕਾਸ ਲਈ ਉਨ੍ਹਾਂ ਨੂੰ ਬਿਲਕੁਲ ਨਵੀਂ ਦਿਸ਼ਾ ਦੇਣ ਦੀ ਲੋੜ ਪਵੇਗੀ (ਤਾਂ ਵੀ ਜੇ ਉਤਪਾਦ ਰਣਨੀਤਕ ਖੇਤਰ ਲਈ ਹੈ)। ਜਨਤਕ ਖੇਤਰ ਦੇ ਉਦਯੋਗਾਂ ਵਿਚ ਕੁੱਝ ਸ਼ੋਧ ਤੇ ਵਿਕਾਸ ਕਾਰਕੁੰਨ ਵੀ ਹਨ। ਬੀ ਈ ਐੱਲ, ਈ ਸੀ ਆਈ ਐੱਲ, ਬੀ ਐੱਚ ਈ ਐੱਲ ਅਤੇ ਆਈ ਟੀ ਆਈ ਪ੍ਰਮੁੱਖ ਹਨ, ਭਾਵੇਂ ਕਿ ਅਜਿਹੇ ਸ਼ੋਧ ਤੇ ਵਿਕਾਸ ਨਾਲ ਜੁੜੇ ਕਾਨੂੰਨ ਉਥੇ ਬਹੁਤ ਸਾਰੀਆਂ ਛੋਟੀਆਂ ਕੰਪਨੀਆਂ ਵਿਚ ਹੋਣਗੇ। ਉਨ੍ਹਾਂ ਨੇ ਸੰਗਠਨ ਦੀਆਂ ਕੁੱਝ ਅੰਦਰੂਨੀ ਲੋੜਾਂ ਜਾਂ ਕੁੱਝ ਸਰਕਾਰੀ ਅਤੇ ਰੱਖਿਆ ਪ੍ਰਾਯੋਜਿਤ ਉਤਪਾਦਾਂ (ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਅਜਿਹੀ ਇਕ ਉਦਾਹਰਣ ਹੈ) ਲਈ ਕੰਮ ਕੀਤਾ ਹੋ ਸਕਦਾ ਹੈ। ਪਰ ਉਨ੍ਹਾਂ ਨੇ ਪ੍ਰਮੁੱਖ ਉਤਪਾਦਾਂ ਵਿਚ ਬਹੁਤ ਘੱਟ ਯੋਗਦਾਨ ਦਿੱਤਾ ਹੋਵੇਗਾ ਜਿਨ੍ਹਾਂ ਦੀ ਵਪਾਰਕ ਸਫਲਤਾ ਵੱਧ ਹੈ। ਵਪਾਰਕ ਉਤਪਾਦਾਂ 'ਤੇ ਧਿਆਨ ਦੇਣ ਨਾਲ, ਇਨ੍ਹਾਂ ਵਿਚੋਂ ਬਹੁਤ ਸਾਰੇ ਉਤਪਾਦਾਂ ਦੇ ਵਿਕਾਸ ਵਿਚ ਭੂਮਿਕਾ ਨਿਭਾਅ

ਸਕਦੇ ਹਨ।

ਇਸ ਖੇਤਰ ਵਿਚ ਉਤਪਾਦ ਵਿਕਸਤ ਕਰਨ ਦਾ ਅਨੁਭਵ ਨਿੱਜੀ ਖੇਤਰ ਦੇ ਵਿਅਕਤੀਆਂ ਕੋਲ ਹੈ। ਪਰ ਉਨ੍ਹਾਂ ਵਿਚੋਂ ਬਹੁਤਿਆਂ ਨੇ ਬਹੁ-ਰਾਸ਼ਟਰੀ ਕੰਪਨੀਆਂ ਲਈ ਡਿਜ਼ਾਈਨ ਤੇ ਵਿਕਾਸ ਦੀਆਂ ਸੇਵਾਵਾਂ ਦਿੱਤੀਆਂ ਹਨ। ਕਦੇ-ਕਦੇ ਉਨ੍ਹਾਂ ਨੇ ਬਹੁ-ਰਾਸ਼ਟਰੀ ਕੰਪਨੀਆਂ ਦੀਆਂ ਭਾਰਤੀ ਸ਼ਾਖਾਵਾਂ ਵਿਚ ਵੀ ਕੀਤਾ ਹੈ ਜਿਥੇ ਉਤਪਾਦ ਡਿਜ਼ਾਈਨ ਅਤੇ ਵਿਕਾਸ ਦਾ ਅਧਿਕਾਰ ਜ਼ਿਆਦਾਤਰ ਭਾਰਤ ਤੋਂ ਬਾਹਰ ਹੁੰਦਾ ਹੈ। ਫਿਰ ਕਈ ਨਵੀਆਂ ਸ਼ੁਰੂ ਹੋਣ ਵਾਲੀਆਂ ਅਤੇ ਘੱਟ ਉਮਰ ਵਾਲੀਆਂ ਕੰਪਨੀਆਂ ਹੁੰਦੀਆਂ ਹਨ ਜਿਥੇ ਉਨ੍ਹਾਂ ਨੇ ਹਕੀਕਤ ਵਿਚ ਉਤਪਾਦਾਂ ਦੇ ਡਿਜ਼ਾਈਨ, ਵਿਕਾਸ ਅਤੇ ਵਪਾਰੀਕਰਨ ਦਾ ਕੰਮ ਕੀਤਾ ਹੁੰਦਾ ਹੈ। ਪਰ ਇਨ੍ਹਾਂ ਦੀ ਸੰਖਿਆ ਘੱਟ ਹੈ। ਡਿਜ਼ਾਈਨ ਸੇਵਾ ਕੰਪਨੀਆਂ, ਜਨਤਕ ਖੇਤਰ ਦੀਆਂ ਪ੍ਰਯੋਗਸ਼ਾਲਾਵਾਂ, ਬਹੁ-ਰਾਸ਼ਟਰੀ ਉਤਪਾਦ ਵਿਕਾਸ ਦੇ ਬੰਦੀ ਅਤੇ ਨਵੇਂ ਸ਼ੁਰੂ ਹੋਣ ਵਾਲੇ ਉੱਦਮਾਂ ਵਿਚ ਲੱਗੇ ਕਾਰਕੁੰਨਾਂ ਦੀ ਰਲਵੀਂ ਗਿਣਤੀ ਕਾਫੀ ਜ਼ਿਆਦਾ ਹੈ। ਇਹ ਪ੍ਰਮੁੱਖ ਅਸਾਸੇ ਹੋਣਗੇ ਜੇ ਭਾਰਤ ਨੇ ਉਤਪਾਦਕ ਕੰਪਨੀਆਂ ਪੈਦਾ ਕਰਨੀਆਂ ਹਨ। ਇਕ ਭਾਰਤੀ ਕੰਪਨੀ ਇਸ ਨਾਅਰੇ ਨਾਲ ਸ਼ੁਰੂ ਹੋਈ, "ਪੱਛਮ ਨਲੋਂ ਅੱਧੀ ਲਾਗਤ ਉਤੇ ਦੁੱਗਣਾ ਸ਼ੋਧ ਤੇ ਵਿਕਾਸ ਕਰਦੇ ਹਾਂ"। ਇਹ ਭਾਰਤ ਵਿਚ ਉਤਪਾਦ ਵਿਕਾਸ ਲਈ ਅਨੁਵਾਦਕੀ ਖੋਜ ਤੇ ਵਿਕਾਸ ਦਾ ਅਧਾਰ ਹੈ।

**ਭਾਰਤ ਸਰਕਾਰ ਦੇ ਵਿਗਿਆਨ ਤੇ ਤਕਨੀਕ ਵਿਭਾਗ ਨੇ ਐੱਨ ਆਈ ਟੀ ਈ ਡੀ ਬੀ ਰਾਹੀਂ ਯੂਨੀਵਰਸਟੀ ਅਧਾਰਤ ਉੱਦਮੀ ਸਭਾਵਾਂ ਸਥਾਪਤ ਕਰਨ ਦੀ ਪਹਿਲਕਦਮੀ ਕੀਤੀ ਹੈ। ਲਗਭਗ 100 ਅਜਿਹੀਆਂ ਯੂਨੀਵਰਸਟੀ ਆਧਾਰਤ ਕੰਪਨੀਆਂ ਮੌਜੂਦ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕੰਪਨੀਆਂ ਅਜਿਹੀ ਵਾਤਾਵਰਨ ਪ੍ਰਣਾਲੀ ਦਾ ਨਿਰਮਾਣ ਕਰਨ ਵਿਚ ਬਹੁਤ ਸਫਲ ਰਹੀਆਂ ਹਨ ਜਿਥੇ ਉਤਪਾਦ ਦੀ ਸ਼ੁਰੂਆਤ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਦਿਸ਼ਾ ਵੱਲ ਨੌਜਵਾਨ ਤੇ ਕਾਬਲ ਭਾਰਤੀਆਂ ਦੀ ਦਿਲਚਸਪੀ ਵਧ ਰਹੀ ਹੈ ਜਿਸ ਦੇ ਆਉਣ ਵਾਲੇ ਸਾਲਾਂ ਵਿਚ ਹੋਰ ਵਧਣ ਦੀ ਆਸ ਹੈ।**

ਬਾਇਓ-ਤਕਨਾਲੋਜੀ ਵਿਭਾਗ ਵਲੋਂ ਯੂਨੀਵਰਸਟੀ ਵਿਚ ਸ਼ੁਰੂਆਤ ਨੂੰ ਉਤਸਾਹਿਤ ਕਰਨ ਲਈ ਅਜਿਹੀਆਂ ਹੀ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਫਿਰ ਉੱਦਮੀ ਮੰਚ ਉਤੇ ਪੁਰਾਣੇ ਵਿਦਿਆਰਥੀਆਂ ਦੇ ਸੰਗਠਨ ਵੀ ਇਸ ਵਿਚ ਕੁੱਦਣ ਲਈ ਤਿਆਰ ਬੈਠੇ ਹਨ।



ਭਾਰਤ ਵਿਚ ਵਰਤਮਾਨ ਸਮੇਂ ਸ਼ੁਰੂਆਤੀ ਵਾਤਾਵਰਨ ਪ੍ਰਣਾਲੀ ਵਾਕਈ ਫਲ-ਫੁੱਲ ਰਹੀ ਹੈ ਜਿਸ ਦੀ ਅਗਵਾਈ ਇਨ੍ਹਾਂ ਯੂਨੀਵਰਸਟੀਆਂ ਦੀਆਂ ਉੱਦਮੀ ਸਭਾਵਾਂ ਵਲੋਂ ਕੀਤੀ ਜਾ ਰਹੀ ਹੈ। ਅਹਿਮ ਗੱਲ ਇਹ ਹੈ ਕਿ ਵਧੀਆ ਸੰਸਥਾਨਾਂ ਦੇ ਬੇਹਤਰੀਨ ਵਿਦਿਆਰਥੀ ਹੁਣ ਉੱਚ ਸਿੱਖਿਆ ਲਈ ਵਿਦੇਸ਼ ਜਾਣ ਜਾਂ ਵੱਧ ਤਨਖ਼ਾਹ ਵਾਲੀਆਂ ਨੌਕਰੀਆਂ ਕਰਨ ਦੀ ਬਜਾਇ ਸ਼ੁਰੂਆਤੀ ਉੱਦਮੀਆਂ ਦੀ ਵੱਡੀ ਸੰਖਿਆ, ਘੱਟੋ-ਘੱਟ ਆਈ ਆਈ ਟੀ ਦੇ ਉੱਦਮੀ ਇੰਜਨੀਅਰਿੰਗ ਦੇ ਸ਼ੁਰੂਆਤੀ ਉੱਦਮੀ ਹਨ। ਕੁੱਝ ਕੰਪਨੀਆਂ ਬੇਮਿਸਾਲ ਨਤੀਜੇ ਪ੍ਰਾਪਤ ਕਰ ਰਹੀਆਂ ਹਨ ਜਿਨ੍ਹਾਂ ਦੀ ਕੁੱਝ ਸਾਲ ਪਹਿਲਾਂ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਜਿਵੇਂ ਕਿ ਪਹਿਲਾਂ ਚਰਚਾ ਕੀਤੀ ਗਈ ਹੈ, ਸ਼ੋਧ ਪਾਰਕ ਅਤੇ ਸਿੱਖਿਆ ਜਗਤ-ਉਦਯੋਗ ਦੀ ਭਾਈਵਾਲੀ ਇਨ੍ਹਾਂ ਉੱਦਮਾਂ ਨੂੰ ਉਤਸਾਹਿਤ ਕਰ ਰਹੇ ਹਨ।

## ਯੂਨੀਵਰਸਟੀ ਸੰਬੰਧਿਤ ਸ਼ੋਧ ਪਾਰਕ : ਆਈ ਆਈ ਟੀ ਐੱਮ ਸ਼ੋਧ ਪਾਰਕ ਮੋਢੀ ਉਦਾਹਰਣ ਵਜੋਂ

ਭਾਰਤ ਨੂੰ ਇਕ ਅਜਿਹਾ ਦੇਸ਼ ਬਣਾਉਣ ਲਈ ਜੋ ਉਤਪਾਦਾਂ ਦਾ ਡਿਜ਼ਾਈਨ, ਵਿਕਾਸ, ਮਾਲਕੀ, ਨਿਰਮਾਣ ਅਤੇ ਵਪਾਰੀਕਰਨ ਕਰਦਾ ਹੋਵੇ, ਦੀ ਵਾਤਾਵਰਨ ਪ੍ਰਣਾਲੀ ਦਾ ਇਕ ਅਹਿਮ ਅੰਗ ਯੂਨੀਵਰਸਟੀ ਸੰਬੰਧਿਤ ਸ਼ੋਧ ਪਾਰਕ (ਆਰ ਪੀਜ਼) ਹਨ। ਇਹ ਸ਼ੋਧ ਪਾਰਕ ਉਦਯੋਗ – ਸਿੱਖਿਆ ਜਗਤ ਭਾਈਵਾਲੀ ਨੂੰ ਨਵੀਆਂ ਬੁਲੰਦੀਆਂ ਤਕ ਲਿਜਾ ਸਕਦੇ ਹਨ। ਵਿੱਦਿਅਕ ਸੰਸਥਾਨਾਂ ਦੇ ਨੇੜੇ-ਤੇੜੇ (ਸਾਈਕਲ ਉਤੇ ਜਾਣ ਦੇ ਫ਼ਾਸਲੇ ਜਿੰਨਾ) ਮੌਜੂਦ ਇਹ ਪਾਰਕ ਉਦਯੋਗਾਂ ਨੂੰ ਆਪਣੀਆਂ ਸ਼ੋਧ ਤੇ ਵਿਕਾਸ ਇਕਾਈਆਂ ਇਥੇ ਸਥਾਪਤ ਕਰਨ ਦਾ ਸੱਦਾ ਦੇਣਗੇ ਅਤੇ ਸੰਸਥਾਨ ਦੇ ਅਧਿਆਪਕਾਂ, ਅਮਲਾ ਅਤੇ ਵਿਦਿਆਰਥੀਆਂ ਦੀ ਭਾਈਵਾਲੀ ਵਿਚ ਸ਼ੋਧ ਤੇ ਵਿਕਾਸ ਨੂੰ ਅਗਾਂਹ ਵਧਾਉਣ ਲਈ ਪ੍ਰੇਰਿਤ ਕਰਨਗੇ। ਇਹ ਤਿੰਨ ਲੋਕਾਂ ਦਾ ਸਮੂਹ ਹੁੰਦਾ ਹੈ – ਇਕ ਅਧਿਆਪਕ, ਤਜਰਬੇ ਕਾਰ ਉਦਯੋਗਿਕ ਵਿਅਕਤੀ ਅਤੇ ਇਕ ਨੌਜਵਾਨ, ਸੰਗਠਿਤ ਅਤੇ ਅਸੰਗਠਿਤ ਵਾਤਾਵਰਨ ਵਿਚ ਇਹ ਇਕ ਦੂਜੇ ਨਾਲ ਗਹਿਰਾ ਸੰਵਾਦ ਕਰਨਗੇ, ਜਿਸ ਦਾ ਨਤੀਜਾ ਨਵੀਆਂ ਸ਼ੋਧਾਂ ਦੇ ਰੂਪ ਵਿਚ ਨਿਕਲੇਗਾ। ਅਧਿਆਪਕਾਂ ਕੋਲ ਗਿਆਨ ਦਾ ਭੰਡਾਰ ਹੈ, ਤਜਰਬੇਕਾਰ ਉਦਯੋਗਪਤੀ ਵਿਚਾਰ

ਨੂੰ ਵਿਹਾਰਕ ਉਤਪਾਦ ਵਿਚ ਬਦਲਣਾ ਜਾਣਦਾ ਹੈ ਅਤੇ ਇਕ ਨੌਜਵਾਨ (ਵਿਦਿਆਰਥੀ) ਨਹੀਂ ਜਾਣਦਾ ਕਿ ਅਜਿਹਾ ਕੀਤਾ ਜਾ ਸਕਦਾ ਹੈ। ਜਦੋਂ ਉਦਯੋਗ ਆਪਣੀ ਸ਼ੋਧ ਤੇ ਵਿਕਾਸ ਇਕਾਈ ਪਾਰਕ ਵਿਚ ਸਥਾਪਤ ਕਰਨਗੇ, ਤਾਂ ਇਹ ਤਿੱਕੜੀ ਨਤੀਜੇ ਦੇਣ ਲਈ ਤਿਆਰ ਹੋ ਜਾਂਦੀ ਹੈ। ਅਜਿਹੇ ਪਾਰਕਾਂ ਨੇ ਯੂਰਪ ਅਤੇ ਅਮਰੀਕਾ ਵਿਚ ਉਦਯੋਗ - ਸਿੱਖਿਆ ਜਗਤ ਦੇ ਸੰਬੰਧਾਂ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਥੇ ਨਵੀਆਂ ਕੰਪਨੀਆਂ ਵੀ ਸਥਿਤ ਹਨ ਜੋ ਪਾਰਕ ਨੂੰ ਸ਼ੋਧ ਦਾ ਧੁਰਾ ਬਣਾਉਣ ਵਿਚ ਯੋਗਦਾਨ ਪਾ ਰਹੀਆਂ ਹਨ। ਆਈ ਆਈ ਟੀ ਮਦਰਾਸ ਪਹਿਲਾਂ ਹੀ ਦੇਸ਼ ਦਾ ਪਹਿਲਾ ਸ਼ੋਧ ਪਾਰਕ ਸਥਾਪਤ ਕਰ ਚੁੱਕੀ ਹੈ ਜਿਸ ਨੂੰ ਆਈ ਆਈ ਟੀ ਐੱਮ, ਸ਼ੋਧ ਪਾਰਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 400,000 ਵਰਗ ਫੁੱਟ ਦੇ ਇਸ ਦੇ ਪਹਿਲੇ ਟਾਵਰ ਵਿਚ 50 ਸਥਾਪਤ ਕੰਪਨੀਆਂ ਅਤੇ 30 ਨਵੀਆਂ ਸ਼ੁਰੂ ਹੋਈਆਂ ਕੰਪਨੀਆਂ ਸਥਿਤ ਹਨ ਅਤੇ ਇਹ ਪੂਰਾ ਭਰ ਚੁੱਕਾ ਹੈ। ਆਪਣੀ ਹੋਂਦ ਦੇ ਤਿੰਨ ਸਾਲਾਂ ਵਿਚ ਹੀ, ਇਹ ਖੋਜ ਦਾ ਇਕ ਧੁਰਾ ਬਣ ਚੁੱਕਾ ਹੈ ਜਿਥੇ ਪੂਰੀ ਰਫ਼ਤਾਰ ਨਾਲ ਉਤਪਾਦ ਵਿਕਾਸ ਹੋ ਰਿਹਾ ਹੈ। ਹੁਣ ਇਸ ਵਿਚ 800,000 ਵਰਗ ਫੁੱਟ ਖੇਤਰ ਹੋਰ ਜੋੜਿਆ ਜਾ ਰਿਹਾ ਹੈ ਜੋ ਦਸੰਬਰ 2015 ਦੇ ਅੰਤ ਤਕ ਤਿਆਰ ਹੋ ਜਾਵੇਗਾ। ਲਗਭਗ ਦੋ ਸਾਲਾਂ ਤਕ ਇਥੇ 150 ਕੰਪਨੀਆਂ ਦੀ ਮੌਜੂਦਗੀ ਹੋਵੇਗੀ ਜੋ ਆਈ ਆਈ ਟੀ ਐੱਮ ਨਾਲ ਰਲ ਕੇ ਸ਼ੋਧ ਤੇ ਵਿਕਾਸ ਦਾ ਕੰਮ ਕਰਨਗੀਆਂ। ਆਈ ਆਈ ਟੀ ਮਦਰਾਸ ਵਲੋਂ ਤਿਆਰ 150 ਨਵੀਆਂ ਕੰਪਨੀਆਂ ਵੀ ਸ਼ੁਰੂ ਹੋ ਜਾਣਗੀਆਂ। ਇਸ ਪਾਰਕ ਵਿਚ ਕੁੱਝ ਜਨਤਕ-ਨਿੱਜੀ ਸ਼ੋਧ ਪ੍ਰਯੋਗਸ਼ਾਲਾਵਾਂ ਵੀ ਹਨ ਜਿਥੇ ਸਰਕਾਰ ਵਲੋਂ ਸ਼ੋਧ ਤੇ ਵਿਕਾਸ ਸ਼ੁਰੂ ਕਰਨ ਲਈ ਸ਼ੁਰੂਆਤੀ ਨਿਵੇਸ਼ ਕੀਤਾ ਗਿਆ ਹੈ, ਪਰ ਜ਼ਿਆਦਾਤਰ ਯੋਗਦਾਨ (ਅਤੇ ਕਦੇ-ਕਦੇ ਅਗਵਾਈ) ਕੰਪਨੀਆਂ ਵਲੋਂ ਹੀ ਆਉਂਦਾ ਹੈ।

ਆਈ ਆਈ ਟੀ ਐੱਮ ਆਰ ਪੀ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਜਿਹੜੀ ਵੀ ਕੰਪਨੀ ਪਾਰਕ ਵਿਚ ਜਗ੍ਹਾ ਲੈਂਦੀ ਹੈ, ਉਸ ਨੂੰ ਆਈ ਆਈ ਟੀ ਐੱਮ ਦੀ ਭਾਈਵਾਲੀ ਵਿਚ ਇਕ ਘੱਟੋ-ਘੱਟ ਨਿਸ਼ਚਿਤ ਸ਼ੋਧ ਤੇ ਵਿਕਾਸ ਦਾ ਕਾਰਜ ਕਰਨਾ ਪੈਂਦਾ ਹੈ। ਉਨ੍ਹਾਂ ਵਲੋਂ ਕਿਰਾਏ ਉਤੇ ਲਏ ਜਾਣ ਵਾਲੇ ਹਰੇਕ ਵਰਗ ਫੁੱਟ ਖੇਤਰ ਲਈ, ਉਨ੍ਹਾਂ ਦੇ ਲੀਜ਼ ਸਮਝੌਤੇ ਲਈ ਲੋੜ ਹੈ ਕਿ ਉਹ ਆਈ ਆਈ ਟੀ ਐੱਮ ਤੋਂ ਇਕ ਨਿਸ਼ਚਿਤ ਸੰਖਿਆ ਵਿਚ ਸ਼ੋਧ ਕ੍ਰੈਡਿਟ ਹਾਸਲ ਕਰਨ। ਸ਼ੋਧ ਕ੍ਰੈਡਿਟ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਉਹ ਆਈ ਆਈ ਟੀ ਐੱਮ ਨਾਲ ਇਕ ਨਿਸ਼ਚਿਤ ਮਾਤਰਾ ਵਿਚ ਸ਼ੋਧ ਤੇ ਵਿਕਾਸ ਕਾਰਜ ਕਰਦੇ ਹਨ। ਕਿਸੇ ਸ਼ੋਧ ਪਾਰਕ ਵਿਚ ਪਹਿਲੀ ਵਾਰ ਇਹ ਬਿੰਦੂ ਸ਼ਾਮਿਲ ਕੀਤਾ ਗਿਆ ਹੈ। ਇਹ ਕਿਰਾਏਦਾਰ ਕੰਪਨੀ ਅਤੇ ਇਸ ਦੇ ਕਾਰਕੁੰਨਾਂ ਨੂੰ ਖੋਜ ਤੇ ਵਿਕਾਸ ਵਾਸਤੇ ਆਈ ਆਈ ਟੀ ਨਾਲ ਕੰਮ ਕਰਨ ਵਾਸਤੇ ਪ੍ਰੇਰਿਤ ਕਰਦਾ ਹੈ। ਇਹ ਛੋਟਾ ਜਿਹਾ ਹੁਲਾਰਾ ਹੀ ਸਿੱਖਿਆ ਜਗਤ ਅਤੇ ਉਦਯੋਗ ਦਰਮਿਆਨ ਅੜਿੱਕਿਆਂ ਨੂੰ ਖਤਮ ਕਰਨ ਲਈ ਕਾਫ਼ੀ ਹੈ। ਜਦੋਂ ਕੋਈ ਕੰਪਨੀ ਇਕ ਵਾਰ ਅਜਿਹੀ ਭਾਈਵਾਲੀ ਦੇ ਫਲ ਦਾ ਸਵਾਦ ਲੈ ਲਵੇ ਤਾਂ ਇਸ ਨੂੰ ਫ਼ਾਇਦਿਆਂ ਦੀ ਸਮਝ ਆ ਜਾਂਦੀ ਹੈ ਅਤੇ ਇਸ ਦੀ ਭਾਈਵਾਲੀ ਲੋੜੀਂਦੀ ਘੱਟੋ-ਘੱਟ ਗਿਣਤੀ ਤੋਂ ਕਿਤੇ ਅੱਗੇ ਲੰਘ ਜਾਂਦੀ ਹੈ।



ਸ਼ੋਧ ਪਾਰਕ ਵਿਚ ਇਨ-ਕਿਊਬੇਟਰਜ਼ ਅਤੇ ਸ਼ੁਰੂਆਤੀ ਇਕਾਈਆਂ ਵੀ ਮੌਜੂਦ ਹੁੰਦੀਆਂ ਹਨ। ਅਜਿਹੀਆਂ ਵਾਤਾਵਰਨ-ਪ੍ਰਣਾਲੀਆਂ ਹੀ ਇੰਜਨੀਅਰਿੰਗ ਦੇ ਨਵੇਂ ਸ਼ੁਰੂ ਹੋਏ ਉੱਦਮਾਂ ਦਾ ਲਾਹਾ ਲੈ ਰਹੀਆਂ ਹਨ।

ਆਈ ਆਈ ਟੀ ਐੱਮ ਦੇ ਸ਼ੋਧ ਪਾਰਕ ਦਾ ਇਕ ਹੋਰ ਪਹਿਲੂ ਇਸ ਦਾ ਵਿੱਤੀ ਮਾਡਲ ਹੈ। ਪੂਰੀ ਤਰ੍ਹਾਂ ਉਸਰੇ ਪਾਰਕ ਦੀ ਕੁੱਲ ਲਾਗਤ 450 ਕਰੋੜ ਤੋਂ ਵੱਧ ਹੋ ਸਕਦੀ ਹੈ। ਮਨੁੱਖੀ ਸ੍ਰੋਤ ਵਿਕਾਸ ਮੰਤਰਾਲਾ ਵਲੋਂ ਇਸ ਦੀ ਉਸਾਰੀ ਲਈ 100 ਕਰੋੜ ਦੀ ਗਰਾਂਟ ਮੁਹੱਈਆ ਕਰਵਾਈ ਗਈ। ਬਾਕੀ ਦਾ ਪੈਸਾ ਆਈ ਆਈ ਟੀ ਐੱਮ ਆਰ ਪੀ ਵਲੋਂ ਆਪਣੇ ਬਲਬੂਤੇ ਉਤੇ ਜੁਟਾਇਆ ਗਿਆ। ਇਸ ਵਿਚੋਂ ਕੁੱਝ ਪੈਸਾ ਬੈਂਕ ਕਰਜ਼ੇ ਦੇ ਰੂਪ ਵਿਚ ਵਪਾਰਕ ਵਿਆਜ ਉਤੇ ਲਿਆ ਗਿਆ ਜਦ ਕਿ ਬਾਕੀ ਆਈ ਆਈ ਟੀ ਐੱਮ ਆਰ ਪੀ ਵਲੋਂ ਆਪਣੇ ਗਾਹਕਾਂ ਤੋਂ ਲੀਜ਼ ਪੇਸ਼ਗੀ ਦੇ ਰੂਪ ਵਿਚ ਇਕੱਤਰ ਕੀਤਾ ਗਿਆ। ਇਥੋਂ ਤਕ ਕਿ ਪੁਰਾਣੇ ਵਿਦਿਆਰਥੀਆਂ ਵਲੋਂ ਵੀ ਹਿੱਸਾ ਪਾਇਆ ਗਿਆ, ਭਾਵੇਂ ਕਿ ਇਹ ਰਕਮਾਂ ਬਹੁਤ ਛੋਟੀਆਂ ਸਨ। ਇਹ ਪਾਰਕ ਸੈਕਸ਼ਨ 8 ਟੀ ਆਜ਼ਾਦ ਕੰਪਨੀ ਹੈ ਅਤੇ ਇਹ ਪੰਜ ਸਾਲ ਦੇ ਛੋਟੇ ਵਕਫ਼ੇ ਵਿਚ ਆਪਣੇ ਆਪ ਨੂੰ ਵਿੱਤੀ ਤੌਰ ਤੇ ਆਤਮ-ਨਿਰਭਰ ਬਣਾਉਣ ਵਿਚ ਸਫਲ ਰਹੀ ਹੈ।

ਪਰ ਆਈ ਆਈ ਟੀ ਐੱਮ ਖੋਜ ਪਾਰਕ ਨੇ ਹਾਲੇ ਆਪਣਾ ਕੰਮ ਸ਼ੁਰੂ ਹੀ ਕੀਤਾ ਹੈ। ਅਗਲੇ ਪੰਜ ਸਾਲਾਂ ਦੌਰਾਨ ਅਜਿਹੇ ਘੱਟੋ-ਘੱਟ 10 ਸ਼ੋਧ ਤੇ ਵਿਕਾਸ ਪਾਰਕ ਸਥਾਪਤ ਕਰਨ ਦੀ ਲੋੜ ਹੈ। ਮਨੁੱਖੀ ਸਰੋਤ ਵਿਕਾਸ ਮੰਤਰਾਲਾ ਵਲੋਂ ਪਹਿਲਾਂ ਹੀ ਆਈ ਆਈ ਟੀ ਬੰਬਈ ਅਤੇ ਆਈ ਆਈ ਟੀ ਦਿੱਲੀ ਨੂੰ ਅਜਿਹੇ ਪਾਰਕ ਸਥਾਪਤ ਕਰਨ ਲਈ ਹਰੇਕ ਨੂੰ 100 ਕਰੋੜ ਦੀ ਗਰਾਂਟ ਦਿੱਤੀ ਜਾ ਚੁੱਕੀ ਹੈ। ਹੋਰ ਬਹੁਤ ਸਾਰਿਆਂ ਨੂੰ ਇਸ ਸੂਚੀ ਵਿਚ ਸ਼ਾਮਲ ਕੀਤਾ ਜਾਵੇਗਾ।

*ਬਾਕੀ ਸਫ਼ਾ 68 ਉੱਤੇ*

# 'ਸਵੰਯਮ' ਭਾਰਤੀ ਈ-ਸਿੱਖਿਆ ਮੰਚ

ਪਰਦੀਪ ਕੌਲ

ਕੈਬਨੇਟ ਨੇ 2 ਜਨਵਰੀ 2009 ਨੂੰ ਮਨੁੱਖੀ ਸ੍ਰੋਤਾਂ ਦੇ ਵਿਕਾਸ ਬਾਰੇ ਮੰਤਰਾਲਾ (ਐੱਮ ਐੱਚ ਆਰ ਡੀ) ਦੀ ਕੇਂਦਰੀ ਸਕੀਮ ਵਜੋਂ 'ਸੂਚਨਾ ਅਤੇ ਸੰਚਾਰ ਤਕਨਾਲੋਜੀ ਰਾਹੀਂ ਸਿੱਖਿਆ ਬਾਰੇ ਰਾਸ਼ਟਰੀ ਮਿਸ਼ਨ' ਨੂੰ ਪ੍ਰਵਾਨਗੀ ਦਿੱਤੀ ਹੈ ਜਿਸ ਦਾ ਉਦੇਸ਼ ਕੁਝ ਵਿੱਦਿਅਕ ਅਦਾਰਿਆਂ ਵਿਚ ਸਿੱਖਿਆਰਥੀਆਂ ਲਈ ਕਿਸੇ ਵੀ ਸਮੇਂ, ਕਿਸੇ ਵੀ ਸਥਾਨ ਉਤੇ ਉਪਲਬਧਤਾ ਨਾਲ ਇੰਟਰਨੈੱਟ ਸਭਨਾਂ ਲਈ ਇੰਟਰਨੈੱਟ ਰਾਹੀਂ ਉੱਚ-ਮਿਆਰੀ ਨਿੱਜੀਕ੍ਰਿਤ ਅਤੇ ਅੰਤਰ-ਸਰਗਰਮ ਗਿਆਨ ਦੇ ਸੰਚਾਰ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਨਾ ਹੈ।

ਸਿੱਖਿਆ ਦੇ ਤਿੰਨ ਮੁੱਖ ਅਸੂਲਾਂ, ਪਹੁੰਚ, ਸਾਵਾਂਪਨ ਅਤੇ ਮਿਆਰ ਨੂੰ ਸਾਰੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਸੰਪਰਕ ਉਪਲਬਧ ਕਰਵਾ ਕੇ, ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਘੱਟ ਲਾਗਤ ਵਾਲੀ ਵਿੱਤ-ਅਨੁਸਾਰ ਪਹੁੰਚ ਅਤੇ ਤਕਨੀਕੀ ਮਦਦ ਉਪਲਬਧ ਕਰਾਉਣਾ, ਦੇਸ਼ ਵਿਚ ਸਾਰੇ ਸਿੱਖਿਆਰਥੀਆਂ ਨੂੰ ਉੱਚ ਮਿਆਰੀ ਈ-ਵਿਸ਼ਾ ਸਮੱਗਰੀ ਬਿਨਾਂ ਕਿਸੇ ਲਾਗਤ ਦੇ ਅਤੇ ਡੀ.ਟੀ. ਐੱਚ ਰਾਹੀਂ ਉਨ੍ਹਾਂ ਦੇ ਘਰਾਂ ਤਕ ਪਹੁੰਚਾਉਣਾ ਹਨ। ਸੂਚਨਾ ਅਤੇ ਸੰਚਾਰ ਤਕਾਨਾਲੋਜੀ ਰਾਹੀਂ ਸਿੱਖਿਆ ਬਾਰੇ ਰਾਸ਼ਟਰੀ ਮਿਸ਼ਨ (ਐੱਨ ਐੱਮ ਈ ਆਈ ਸੀ ਟੀ) ਉਪਰੋਕਤ ਤਿੰਨਾਂ ਗੱਲਾਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ।

ਡਿਜੀਟਲ ਭਾਰਤ ਦੇ ਪੰਜਵੇਂ ਥੰਮ੍ਹ ਹੇਠ 'ਸੇਵਾਵਾਂ ਦੀ ਇਲੈਕਟ੍ਰਾਨਿਕ ਡਲਿਵਰੀ' ਵਿਚ ਵੱਡੇ ਪੱਧਰ ਉਤੇ ਆਨ-ਲਾਈਨ ਓਪਨ-ਕੋਰਸਾਂ (ਐੱਮ ਓ ਓ ਸੀ) ਨੂੰ ਸ਼ਾਮਲ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ ਜਿਸ ਨੂੰ ਕਿ ਮਨੁੱਖੀ ਸ੍ਰੋਤਾਂ ਦੇ ਵਿਕਾਸ ਬਾਰੇ ਮੰਤਰਾਲੇ ਵਲੋਂ ਵਿਕਸਤ ਕਰਕੇ ਈ-ਸਿੱਖਿਆ ਲਈ ਵਰਤਿਆ ਜਾਵੇਗਾ। ਭਾਰਤ ਸਰਕਾਰ ਸਿੱਖਿਆ; ਵਿਚ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਲਈ ਵੱਡੇ ਪੱਧਰ ਉਤੇ ਕੋਸ਼ਿਸ਼ਾਂ ਕਰ ਰਹੀ ਹੈ। ਮਨੱਖੀ ਸ੍ਰੋਤਾਂ ਦੇ ਵਿਕਾਸ ਬਾਰੇ ਮੰਤਰਾਲੇ ਨੇ ਇਸ ਤਹਿਤ ਅਹਿਮ ਅਤੇ ਨਵੀਂ ਪਹਿਲਕਦਮੀ 'ਸਟਡੀ ਵੈੱਬਸ ਆਫ ਐਕਟਿਵ ਲਰਨਿੰਗ ਫਾਰ ਯੰਗ ਐਸਪਾਇਰਿੰਗ ਮਾਇੰਡਸ' (ਸਵੰਯਮ) ਨੂੰ ਉਲੀਕਿਆ ਹੈ ਜੋ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਦਿਆਂ ਅਤੇ ਉੱਚ ਸਿੱਖਿਆ ਉਤੇ ਸਾਰੇ ਵਿਸ਼ਿਆਂ ਅਤੇ ਕੁਸ਼ਲਤਾ ਖੇਤਰਾਂ ਨੂੰ ਘੇਰੇ ਵਿਚ ਲੈਂਦਿਆਂ ਆਨ-ਲਾਈਨ ਕੋਰਸਾਂ ਲਈ ਇਕ ਸੰਗਠਿਤ ਮੰਚ ਅਤੇ ਪੋਰਟਲ ਉਪਲਬਧ ਕਰਾਉਂਦਿਆਂ ਇਹ ਯਕੀਨੀ ਬਣਾਏਗ ਕਿ ਦੇਸ਼ ਦੇ ਹਰ ਸਿਖਿਆਰਥੀ ਦੀ ਸਸਤੀ ਲਾਗਤ ਨਾਲ ਸਰਬ-ਸ੍ਰੇਸ਼ਠ ਮਿਆਰੀ ਉੱਚ ਸਿੱਖਿਆ ਤਕ ਪਹੁੰਚ ਬਣੇ।

**'ਸਵੰਯਮ' ਦੇਸ਼ ਦੇ ਦੂਰ-ਦੁਰਾਡੇ ਦੇ ਹਿੱਸਿਆਂ ਤਕ ਵੀ ਸੂਚਨਾ ਤਕਨਾਲੋਜੀ ਦੀ ਵਰਤੋਂ ਰਾਹੀਂ ਸ੍ਰੇਸ਼ਠ ਮਿਆਰੀ ਸਿੱਖਿਆ ਉਪਲਬਧ ਕਰਾਉਣ ਲਈ ਵੱਡੇ ਪੱਧਰ ਉਤੇ ਓਪਨ ਆਨ-ਲਾਈਨ ਕੋਰਸ ਸ਼ੁਰੂ ਕਰਨ ਦੀ ਸਮਰੱਥਾ ਵਾਲਾ ਆਪਣੇ ਹੀ ਦੇਸ਼ ਵਿਚ ਤਿਆਰ ਕੀਤਾ ਗਿਆ ਪ੍ਰੋਗਰਾਮ ਹੈ ਜੋ ਸਿੱਖਿਆ ਪ੍ਰਣਾਲੀ ਵਿਚ ਕ੍ਰਾਂਤੀ ਲਿਆਉਣ ਦੀ ਸੰਭਾਵਨਾ ਰਖਦਾ ਹੈ। ਇਸ ਦਾ ਉਦੇਸ਼ ਡਿਜੀਟਲ ਖੱਪੇ ਨੂੰ ਪੂਰ ਕਰਨਾ ਅਤੇ ਹਰ ਨਾਗਰਿਕ ਤਕ ਮਿਆਰੀ ਸਿੱਖਿਆ ਦੀ ਪਹੁੰਚ ਬਣਾਉਣਾ ਹੈ।**

ਇਕ ਆਨ-ਲਾਈਨ ਕੋਰਸ ਰਾਹੀਂ ਔਸਤਨ 10,000 ਸਿਖਿਆਰਥੀਆਂ ਵਲੋਂ ਲਾਹਾ ਲੈਣ ਦੀ ਸੰਭਾਵਨਾ ਰਖਦਿਆਂ ਮੰਤਰਾਲਾ ਸਾਲਾਨਾ 2000 ਦੇ ਲਗਭਗ 'ਸਵੰਯਮ' ਕੋਰਸ ਚਲਾਉਣ ਦੀ ਇੱਛਾ ਰਖਦਾ ਹੈ ਜਿਸ ਨਾਲ ਬਹੁਤ ਘੱਟ ਲਾਗਤ ਨਾਲ ਦੇਸ਼ ਭਰ ਦੇ ਲੱਖਾਂ ਵਿਦਿਆਰਥੀ ਮਿਆਰੀ ਸਿੱਖਿਆ ਹਾਸਲ ਕਰ ਸਕਣਗੇ। 'ਸਵੰਯਮ' ਨੂੰ ਮਈ 2016 ਵਿਚ ਅਰੰਭ ਕੀਤੇ ਜਾਣ ਦੀ ਸੰਭਾਵਨਾ ਹੈ।

## ਸਵੰਯਮ

ਸਵੰਯਮ ਦੇਸ਼ ਦੇ ਦੂਰ-ਦੁਰਾਡੇ ਦੇ ਹਿੱਸਿਆਂ ਤਕ ਵੀ ਸੂਚਨਾ ਤਕਨਾਲੋਜੀ ਦੀ ਵਰਤੋਂ ਰਾਹੀਂ ਸ੍ਰੇਸ਼ਠ ਮਿਆਰੀ ਸਿੱਖਿਆ ਉਪਲਬਧ ਕਰਾਉਣ ਲਈ ਸੂਚਨਾ ਤਕਨਾਲੋਜੀ ਦੀ ਵਰਤੋਂ ਰਾਹੀਂ ਵੱਡੇ ਪੱਧਰ ਉਤੇ ਓਪਨ (ਮੁਕਤ) ਆਨ-ਲਾਈਨ ਕੋਰਸ ਸ਼ੁਰੂ ਕਰਨ ਦੀ ਸਮਰੱਥਾ ਵਾਲਾ ਆਪਣੇ ਦੇਸ਼ ਵਿਚ ਤਿਆਰ ਕੀਤਾ ਗਿਆ ਇਨਕਲਾਬੀ ਵਿੱਦਿਆ ਪ੍ਰੋਗਰਾਮ ਹੈ ਜਿਸ ਤਹਿਤ ਹੇਠ ਲਿਖੇ ਪ੍ਰਬੰਧ ਹਨ :

- ਕਿਤੇ ਵੀ, ਕਿਸੇ ਵੀ ਸਮੇਂ ਆਧਾਰ ਉਤੇ ਮਲਟੀਮੀਡੀਆ ਦੀ ਵਰਤੋਂ ਕਰਦਿਆਂ ਉੱਚ-ਮਿਆਰੀ ਸਿੱਖਿਆ ਅਨੁਭਵ ਦੇਣਾ।
- ਸਕੂਲ ਤੋਂ ਯੂਨੀਵਰਸਿਟੀ ਪੱਧਰ ਤਕ ਸਾਰੇ ਕੋਰਸਾਂ ਲਈ ਰੋਚਕ ਈ-ਵਿਸ਼ਾ ਸਮੱਗਰੀ ਤਕ ਇਕੋ ਵੈੱਬ ਰਾਹੀਂ ਪਹੁੰਚ ਬਣਾਉਣਾ।
- ਅਸਾਨ ਪਹੁੰਚ, ਨਿਗਰਾਨੀ ਅਤੇ ਤਸਦੀਕੀਕਰਨ ਵਾਲੀ ਅਤਿ ਆਧੁਨਿਕ ਪ੍ਰਣਾਲੀ।
- ਸ਼ੰਕੇ ਦੂਰ ਕਰਨ ਅਤੇ ਸਪੱਸ਼ਟਤਾ ਲਈ ਸਹਿਪਾਠੀਆਂ ਦਰਮਿਆਨ ਵਿਚਾਰ-ਵਟਾਂਦਰਾ ਮੰਚ।
- ਜਮਾਤਾਂ ਅੰਦਰ ਅਧਿਆਪਨ ਦੇ ਮਿਆਰ ਵਿਚ ਸੁਧਾਰ ਲਈ ਨਵੀਨ ਮਾਡਲ।

## ਹੁਣ ਤਕ ਕੀਤਾ ਗਿਆ ਕਾਰਜ

ਨਵੇਂ ਐੱਮ ਓ ਓ ਸੀ ਕੋਰਸਾਂ ਨੂੰ ਤਿਆਰ ਕਰਨ ਤੋਂ ਇਲਾਵਾ, ਜਿਥੇ ਇਹ ਵਿਸ਼ਾ ਸਮੱਗਰੀ ਉਪਲਬਧ ਨਹੀਂ ਹੈ, ਮਨੁੱਖੀ ਸਾਧਨਾਂ ਦੇ ਵਿਕਾਸ ਬਾਰੇ ਮੰਤਰਾਲਾ ਅਦਾਰਿਆਂ ਦੀ ਪ੍ਰਵਾਨਿਤ, ਵਿਕਸਤ ਹੋ ਚੁੱਕੀ ਜਾਂ ਤਿਆਰ ਕੀਤੀ ਜਾ ਰਹੀ ਈ-ਵਿਸ਼ਾ ਸਮੱਗਰੀ ਦੀ ਵਰਤੋਂ ਕਰ ਰਿਹਾ ਹੈ ਅਤੇ ਇਸ ਨੂੰ ਐੱਮ ਓ ਓ ਸੀ ਦੇ ਉਦੇਸ਼ਾਂ ਵਾਲਾ ਬਣਾਇਆ ਤੇ ਵਰਤਿਆ ਜਾਵੇਗਾ :

(ੳ) ਵਿੱਦਿਅਕ ਸੰਚਾਰ ਬਾਰੇ ਸੰਸਥਾ (ਸੀ ਈ ਸੀ) 87 ਗ਼ੈਰ-ਇੰਜਨੀਅਰਿੰਗ ਸਨਾਤਕ ਤੋਂ ਪਹਿਲਾਂ ਦੇ ਕੋਰਸਾਂ ਸੰਬੰਧੀ ਈ-ਵਿਸ਼ਾ ਸਮੱਗਰੀ ਤਿਆਰ ਕਰਨ ਲਈ ਤਾਲਮੇਲ ਕਰ ਰਹੀ ਹੈ ਜਿਸ ਤਹਿਤ 26 ਹਜ਼ਾਰ ਤੋਂ ਵੱਧ ਮਾਡਊਲ ਤਿਆਰ ਕੀਤੇ ਜਾਣਗੇ ਜੋ ਕਿ ਐੱਮ ਓ ਓ ਸੀ ਦੀਆਂ ਸੇਧਾਂ ਮੁਤਾਬਕ ਹੋਣਗੇ।

- ਸੀ ਈ ਸੀ 17 ਵਿਦਿਅਕ ਮਲਟੀਮੀਡੀਆ ਅਤੇ ਖੋਜ ਕੇਂਦਰ (ਈ ਐੱਮ ਐੱਮ ਆਰ ਸੀ ਐੱਸ) ਚਲਾ ਰਿਹਾ ਹੈ ਜੋ ਕਿ ਈ-ਵਿਸ਼ਾ ਸਮੱਗਰੀ ਤਿਆਰ ਕਰਨ ਦੀ ਸਮਰੱਥਾ ਨਾਲ ਲੈਸ ਹਨ। ਹਰ ਇਕ ਕੇਂਦਰ ਈ-ਵਿਸ਼ਾ ਸਮੱਗਰੀ ਤਿਆਰ ਕਰਨ ਲਈ ਲੋੜੀਂਦੇ ਸਾਰੇ ਸਾਜ਼-ਸਮਾਨ ਅਤੇ ਅਮਲੇ ਨਾਲ ਲੈਸ ਹੈ। ਆਦਰਸ਼ ਕਾਰਗੁਜ਼ਾਰੀ ਦਿਖਾਉਣ ਉਤੇ ਇਹ ਕੇਂਦਰ 5,000 ਮਾਡਊਲ ਸਾਲਾਨਾ ਤਿਆਰ ਕਰ ਸਕਦੇ ਹਨ।
- ਸੀ ਈ ਸੀ, ਐੱਮ ਓ ਓ ਸੀ ਦੀਆਂ ਸੇਧਾਂ ਵਾਲੀ ਵਿਸ਼ਾ-ਸਮੱਗਰੀ ਲੈਂਦਿਆਂ ਹੁਣ ਤਕ 29 ਵਿਸ਼ਿਆਂ ਦੇ 8948 ਦੇ ਲਗਭਗ ਮਾਡਊਲ ਤਿਆਰ ਕਰ ਚੁੱਕਾ ਹੈ ਅਤੇ ਅੱਗੋਂ 17,000 ਹੋਰ ਮਾਡਊਲ ਤਿਆਰ ਕਰ ਰਿਹਾ ਹੈ।

(ਅ) ਯੂਨੀਵਰਸਟੀ ਗਰਾਂਟ ਕਮਿਸ਼ਨ (ਯੂ ਜੀ ਸੀ) 45,000 ਘੰਟਿਆਂ ਦੀ ਇਲੈਕਟ੍ਰਾਨਿਕ ਮਾਧਿਅਮ ਵਾਲੀ ਸਿੱਖਿਆ ਤਹਿਤ 77 ਗ਼ੈਰ-ਇੰਜਨੀਅਰਿੰਗ ਸਨਾਤਕ ਤੋਂ ਬਾਅਦ ਦੀ ਸਿੱਖਿਆ ਲੈਣ ਸੰਬੰਧੀ ਈ-ਵਿਸ਼ਾ ਸਮੱਗਰੀ ਤਿਆਰ ਕਰਨ ਲਈ ਤਾਲਮੇਲ ਕਰ ਰਿਹਾ ਹੈ ਜੋ ਕਿ ਐੱਮ ਓ ਓ ਸੀ ਮੁਖੀ ਹੈ। ਹੁਣ ਤਕ, ਇਸ ਵਲੋਂ 7 ਕੋਰਸਾਂ ਤਹਿਤ 2300 ਮਾਡਊਲ ਤਿਆਰ ਕੀਤੇ ਗਏ ਹਨ। ਇਸ ਨੂੰ ਦਸੰਬਰ 2016 ਦੇ ਅੰਤ ਤਕ ਘੱਟੋ-ਘੱਟ 20,000 ਮਾਡਊਲ ਪੂਰੇ ਕਰਨ ਵਾਸਤੇ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰਨੀਆਂ ਹੋਣਗੀਆਂ।

(ੲ) ਤਕਨਾਲੋਜੀ ਵਿਕਸਤ ਸਿੱਖਿਆ ਬਾਰੇ ਰਾਸ਼ਟਰੀ ਪ੍ਰੋਗਰਾਮ (ਐੱਨ ਪੀ ਟੀ ਈ ਐੱਲ) ਇੰਜਨੀਅਰਿੰਗ ਕੋਰਸਾਂ ਲਈ ਈ-ਵਿਸ਼ਾ ਸਮੱਗਰੀ ਤਿਆਰ ਕਰਨ ਲਈ ਤਾਲਮੇਲ ਕਰ ਰਿਹਾ ਹੈ। ਹੁਣ ਤਕ 922 ਇੰਜਨੀਅਰਿੰਗ ਕੋਰਸਾਂ ਲਈ ਈ-ਵਿਸ਼ਾ ਸਮੱਗਰੀ ਤਿਆਰ ਹੋ ਚੁੱਕੀ ਹੈ। ਇਨ੍ਹਾਂ ਵਿਚੋਂ 93 ਕੋਰਸ ਐੱਮ ਓ ਓ ਸੀ ਫਾਰਮੇਟ ਵਿਚ ਜਾਰੀ ਕੀਤੇ ਗਏ ਹਨ ਅਤੇ 3.7 ਲੱਖ ਵਿਦਿਆਰਥੀਆਂ ਨੇ ਇਨ੍ਹਾਂ ਵਿਚ ਦਾਖ਼ਲਾ ਲਿਆ ਹੋਇਆ ਹੈ।

(ਸ) ਓਪਨ (ਮੁਕਤ) ਸਕੂਲਿੰਗ ਬਾਰੇ ਰਾਸ਼ਟਰੀ ਅਦਾਰਾ (ਐੱਨ ਆਈ ਓ ਐੱਸ) ਪਹਿਲਾਂ ਹੀ ਓਪਨ ਸਕੂਲ ਵਿਚ ਦਸਵੀਂ ਜਮਾਤ ਬਾਰੇ ਸਾਰੇ ਗ਼ੈਰ-ਭਾਸ਼ਾਈ ਕੋਰਸਾਂ ਲਈ ਈ-ਵਿਸ਼ਾ ਸਮੱਗਰੀ ਤਿਆਰ ਕਰ ਚੁੱਕਾ ਹੈ ਜਦ ਕਿ ਮੂਲ ਭਾਸ਼ਾ ਅਤੇ ਬਾਰ੍ਹਵੀਂ ਜਮਾਤ ਦੇ ਸਾਰੇ ਕੋਰਸਾਂ ਲਈ ਈ-ਵਿਸ਼ਾ ਸਮੱਗਰੀ ਤਿਆਰ ਕਰਨ ਵਾਸਤੇ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ।

## ਸੂਚਨਾ ਤਕਨਾਲੋਜੀ ਮੰਚ ਦੀ ਸਥਾਪਨਾ

ਮੈਸਰਸ ਪੀ ਡਬਲਯੂ ਸੀ ਨੂੰ ਸ਼ਨਾਖ਼ਤ ਕਰਨ ਤੇ ਪ੍ਰਣਾਲੀ ਸੰਗਠਨ ਕਰਤਾ ਇਕਾਈ ਕਾਇਮ ਕਰਨ ਲਈ ਨਿਯੁਕਤ ਕੀਤਾ ਗਿਆ ਹੈ। ਪ੍ਰਣਾਲੀ ਸੰਗਠਨ ਕਰਤਾ ਇਕਾਈ (ਐੱਸ ਆਈ) ਦੀ ਸ਼ਨਾਖ਼ਤ ਸੰਬੰਧੀ ਤਜਵੀਜ਼ ਲਈ ਬੇਨਤੀ ਜਾਰੀ ਕਰ ਦਿੱਤੀ ਗਈ ਹੈ ਅਤੇ ਠੇਕਿਆਂ ਨੂੰ 21 ਦਸੰਬਰ 2015 ਤਕ ਅੰਤਮ ਰੂਪ ਦਿੱਤਾ ਜਾਣਾ ਹੈ। ਆਸ ਹੈ ਕਿ ਐੱਸ ਆਈ ਦਸੰਬਰ ਦੇ ਅੰਤ ਤਕ ਤਿਆਰ ਹੋ ਜਾਵੇਗਾ ਅਤੇ ਮੰਚ ਨੂੰ ਵੀ 2016 ਮਾਰਚ ਦੇ ਅੰਤ ਤਕ ਵਿਉਂਤ ਲਿਆ ਜਾਵੇਗਾ।

## ਈ-ਵਿਸ਼ਾ ਸਮੱਗਰੀ ਦੀ ਮੇਜ਼ਬਾਨੀ

ਸੂਚਨਾ ਬਾਰੇ ਰਾਸ਼ਟਰੀ ਅਦਾਰੇ (ਐੱਨ ਆਈ ਸੀ) ਨੂੰ ਕਲਾਉਡ ਵਿਉਂਤਣ ਲਈ ਕਿਹਾ ਗਿਆ ਹੈ, ਜੋ 10 ਲੱਖ ਮੌਜੂਦਾ ਸੰਪਰਕਾਂ ਵਾਲੇ 3 ਕਰੋੜ ਵਰਤੋਂਕਾਰਾਂ ਨੂੰ ਸੇਵਾਵਾਂ ਦੇ ਸਕੇ। ਅਸੀਂ ਵੀਡੀਓ ਵਿਸ਼ਾ ਸਮੱਗਰੀ ਪ੍ਰਦਾਨ ਕਰਨ ਲਈ ਵਿਸ਼ਾ ਸਮੱਗਰੀ ਡਲਿਵਰੀ ਸਿਲਸਿਲੇ ਦੀ ਵਰਤੋਂ ਕਰਨ ਜਾ ਰਹੇ ਹਾਂ ਤਾਂ ਕਿ ਈ-ਵਿਸ਼ਾ ਸਮੱਗਰੀ ਦੀ ਵੱਡੀ ਮੰਗ ਨੂੰ ਪੂਰਾ ਕੀਤਾ ਜਾ ਸਕੇ।

## ਵਿਸ਼ਾ-ਸਮੱਗਰੀ ਤਿਆਰ ਕਰਨਾ

ਮਲਟੀਮੀਡੀਆ ਤਕਨੀਕਾਂ ਵਰਤਦਿਆਂ ਦੇਸ਼ ਦੇ ਸਰਵ-ਸ੍ਰੇਸ਼ਠ ਅਧਿਆਪਕਾਂ ਦੀ ਮਦਦ ਨਾਲ ਹੇਠ ਲਿਖਤ ਸੇਧਾਂ ਤਹਿਤ ਵਿਸ਼ਾ ਸਮੱਗਰੀ ਤਿਆਰ ਕੀਤੀ ਜਾਵੇਗੀ :-

- ਕਲਾਵਾਂ, ਵਿਗਿਆਨ, ਵਪਾਰ, ਪਰਦਰਸ਼ਨੀ ਕਲਾਵਾਂ ਸਮਾਜਕ ਵਿਗਿਆਨ ਅਤੇ ਹਿਊਮੈਨਿਟੀ ਵਿਸ਼ਿਆਂ, ਇੰਜਨੀਅਰਿੰਗ, ਤਕਨਾਲੋਜੀ, ਕਾਨੂੰਨ, ਡਾਕਟਰੀ ਸਿੱਖਿਆ, ਖੇਤੀ ਆਦਿ ਉੱਚੇਰੀ ਸਿੱਖਿਆ ਦੇ ਵਿਸ਼ਿਆਂ ਨੂੰ ਘੇਰੇ ਵਿਚ ਲੈਂਦੀ ਪਾਠਕ੍ਰਮ ਆਧਾਰੀ ਕੋਰਸ ਸਮੱਗਰੀ ਤਿਆਰ ਕੀਤੀ ਜਾਵੇਗੀ। ਵੇਰਵਿਆਂ ਸਹਿਤ ਪੇਸ਼ ਕੀਤੇ ਜਾਣ ਵਾਲੇ ਇਹ ਸਾਰੇ ਕੋਰਸ ਤਸਦੀਕੀਕਰਨ ਅਮਲ ਨਾਲ ਲੈਸ ਹੋਣਗੇ।
- ਸਕੂਲੀ ਸਿੱਖਿਆ (9-12 ਪੱਧਰ) ਮਾਡਊਲ ਅਤੇ ਅਧਿਆਪਕ ਸਿਖਲਾਈ ਦੇ ਨਾਲ-ਨਾਲ ਦੇਸ਼ ਦੇ ਬੱਚਿਆਂ ਲਈ ਅਧਿਆਪਨ ਅਤੇ ਸਿੱਖਿਆ ਸਹਾਇਕ ਸਮੱਗਰੀ ਉਪਲਬਧ ਕਰਾਉਣਾ ਤਾਂ ਜੋ ਉਹ ਪੇਸ਼ੇਵਰ ਡਿਗਰੀ ਪ੍ਰੋਗਰਾਮਾਂ ਵਿਚ ਦਾਖ਼ਲਾ ਲੈਣ ਲਈ ਮੁਕਾਬਲੇ ਵਾਲੇ ਇਮਤਿਹਾਨਾਂ ਦੀ ਬੇਹਤਰ ਤਿਆਰੀ ਕਰਨ ਵਾਸਤੇ ਵਿਸ਼ਿਆਂ ਦੀ ਪੜ੍ਹਾਈ ਕਰ ਸਕਣ।
- ਗਿਆਰ੍ਹਵੀਂ ਦੀ ਸਕੂਲੀ ਪੜ੍ਹਾਈ ਤੋਂ ਬਾਅਦ ਦੇ ਮਹਾਰਤ ਅਧਾਰੀ ਕੋਰਸ (ਜੋ ਇਸ ਸਮੇਂ ਪਾਲੀਟੈਕਨਿਕ ਰਾਹੀਂ ਕਰਾਏ ਜਾਂਦੇ ਹਨ) ਅਤੇ ਵੱਖ-ਵੱਖ ਮੰਤਰਾਲੇ ਦੀਆਂ ਸੈਕਟਰ ਮੁਹਾਰਤ ਕੌਂਸਲਾਂ ਵਲੋਂ ਤਸਦੀਕ ਵਾਲੇ ਤਸਦੀਕਸ਼ੁਦਾ ਉਦਯੋਗਿਕ ਮਹਾਰਤ ਕੋਰਸ ਕਰਾਉਣਾ।
- ਉੱਚੇਰੀ ਸਿੱਖਿਆ ਦੇ ਖੇਤਰ ਵਿਚ ਇਕਸਾਰਤਾ ਵਾਲੀ ਸਕੀਮ ਤਹਿਤ ਉੱਚ-ਪੱਧਰੀ ਪਾਠਕ੍ਰਮ ਅਤੇ ਪੇਸ਼ੇਵਰ ਤਸਦੀਕੀਕਰਨ ਜਿਸ ਨੂੰ ਕਿ ਭਾਰਤ ਵਿਚ ਇਸ ਸਮੇਂ ਅਪਨਾਏ ਜਾ ਰਹੇ ਚੋਣ ਅਧਾਰੀ ਅੰਕ ਪ੍ਰਣਾਲੀ (ਸੀ ਬੀ ਸੀ ਐੱਸ) ਦੀਆਂ ਮੰਗਾਂ ਮੁਤਾਬਕ ਉਲੀਕਿਆ ਜਾ ਸਕੇ।
- ਅਜਿਹੇ ਪਾਠਕ੍ਰਮ ਅਤੇ ਕੋਰਸ ਜੋ ਕਿ ਭਾਰਤੀ ਜਾਂ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਸਿੱਖਿਆਰਥੀ ਦੀਆਂ ਲੰਮੇਂ ਸਮੇਂ ਦੀਆਂ ਲੋੜਾਂ ਪੂਰੀਆਂ ਕਰ ਸਕਣ।

## ਕੋਰਸਾਂ ਦੀ ਮਿਆਦ

1) ਇਹ ਹੇਠ ਲਿਖੇ ਸਮੇਂ ਕਾਲ ਦੇ ਹੋ

ਸਕਦੇ ਹਨ :

• 6-10 ਹਫ਼ਤਿਆਂ ਦੀ ਮਿਆਦ ਵਾਲੇ ਸੰਖੇਪ ਕੋਰਸ।

• 12-16 ਹਫ਼ਤਿਆਂ ਦੀ ਮਿਆਦ ਵਾਲੇ ਸੀ ਬੀ ਸੀ ਐੱਸ ਕੋਰਸ ਜਿਸ ਵਿਚ ਸ਼ਮੂਲੀਅਤ ਵਾਲੀ ਸੰਸਥਾ ਤੋਂ ਅਧਿਆਪਕ/ਨਿਗਰਾਨ ਦੀ ਮਦਦ ਉਪਲਬਧ ਹੋਵੇ।

• 30-40 ਘੰਟਿਆਂ ਦੀ ਮਿਆਦ ਵਾਲੇ ਯੂਨੀਵਰਸਿਟੀ ਵਿਦਿਆਰਥੀਆਂ ਅਤੇ ਹੋਰਨਾਂ ਵਲੋਂ ਕੀਤੇ ਜਾਣ ਵਾਲੇ ਕੋਰਸ ਜਿਸ ਵਿਚ ਤੈਅਸ਼ੁਦਾ ਗਰੇਡ ਮਿਲਦੇ ਹੋਣ।

• ਅਧਿਆਪਨ ਸਿਖਲਾਈ ਅਤੇ ਅਧਿਆਪਕ ਵਿਕਾਸ ਲਈ ਵਿਸ਼ੇਸ਼ ਕੋਰਸ।

• ਖੇਤਰ ਵਿਸ਼ੇਸ਼ ਨਾਲ ਜੁੜੇ 4-10 ਹਫ਼ਤਿਆਂ ਦੀ ਮਿਆਦ ਵਾਲੇ ਮਹਾਰਤ ਤਸਦੀਕੀਕਰਨ ਕੋਰਸ।

2) ਹਰ ਹਫ਼ਤੇ 2-3 ਘੰਟੇ ਦੇ ਲੈਕਚਰ/ਪੂਰਕ ਪਾਠ :

• ਲੈਕਚਰ ਛੋਟੇ ਮਾਡਊਲਾਂ ਵਿਚ ਵੰਡੇ ਗਏ ਹੋਣ।

• ਹਰ ਮਾਡਊਲ ਦੇ ਵਿਸ਼ੇ ਅਤੇ ਸੰਭਾਵੀ ਸਿਖਲਾਈ ਨਤੀਜਿਆਂ ਬਾਰੇ ਸਪੱਸ਼ਟ ਰੂਪ ਵਿਚ ਦੱਸਿਆ ਗਿਆ ਹੋਵੇ।

3) ਹਰ ਹਫ਼ਤੇ ਸੰਖੇਪ ਪ੍ਰਸ਼ਨਾਂ ਰਾਹੀਂ ਮੁੱਲੰਕਣ (ਅਧਿਆਪਨ ਸਹਾਇਕ ਜਾਂ ਨਿਗਰਾਨ ਵਲੋਂ ਮਦਦ ਕੀਤੀ ਜਾਵੇ ਜਾਂ ਗਰੇਡ ਦਿੱਤੇ ਜਾਣ।

4) ਲੰਮੀਆਂ ਅਤੇ ਵੇਰਵੇ ਵਾਲੀਆਂ 2 ਜਾਂ 3 ਅਸਾਇਨਮੈਂਟਾਂ ਜਿਨ੍ਹਾਂ ਬਾਰੇ ਕੋਰਸ ਵਿਚਾਰ-ਵਟਾਂਦਰਾ ਮੰਚਾਂ ਵਿਚ ਲੰਮਾਂ ਸਲਾਹ-ਮਸ਼ਵਰਾ ਹੋਵੇ।

## ਵਿਸ਼ਾ ਸਮੱਗਰੀ ਦੇ ਮਿਆਰ ਨੂੰ ਬਨਾਈ ਰੱਖਣਾ

ਆਨ-ਲਾਈਨ ਕੋਰਸ ਕਰਾਉਣ ਲਈ ਸਵੈ-ਇੱਛਕ ਅਧਿਆਪਕ ਟੋਲੀ ਨੂੰ 'ਸਵੰਯਮ' ਹੇਠ ਪਹਿਲਾਂ ਤੋਂ ਹੀ ਮੌਜੂਦ ਨਮੂਨਾ ਪਾਠਕ੍ਰਮ ਦੇ ਆਧਾਰ ਉਤੇ ਆਨ-ਲਾਈਨ ਕੋਰਸ ਪਾਠਕ੍ਰਮ ਉਲੀਕਣ ਲਈ ਕਿਹਾ ਜਾਵੇਗਾ। ਕੋਰਸ ਦੇ ਨਵੇਂ ਹੋਣ ਦੀ ਸੂਰਤ ਵਿਚ ਮਾਹਿਰਾਂ ਦੀ ਇਕ ਟੀਮ ਢੁੱਕਵੇਂ ਪਾਠਕ੍ਰਮ ਨੂੰ ਤੈਅ ਕਰੇਗੀ।

ਪਾਠ-ਸਮੱਗਰੀ ਨੂੰ ਹੇਠ ਲਿਖਤ ਸੇਧਾਂ ਤਹਿਤ ਤਿਆਰ ਕੀਤਾ ਜਾਵੇਗਾ :-

• ਦੇਸ਼ ਦੇ ਸ੍ਰੇਸ਼ਠ ਅਧਿਆਪਕਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਮੁੱਖ ਨਿਗਰਾਨ ਜਾਂ ਵਿਸ਼ਾ-ਵਸਤੂ ਮਾਹਿਰ ਨਿਯੁਕਤ ਕੀਤਾ ਜਾਵੇਗਾ।

• ਇਹ ਲੋਕ ਅਨੁਭਵੀ ਅਤੇ ਸਮਰੱਥ ਅਧਿਆਪਕਾਂ ਦੀ ਟੀਮ ਚੁਣਨਗੇ ਅਤੇ ਉਨ੍ਹਾਂ ਵਿਚ ਮਾਡਊਲਾਂ ਦੀ ਵੰਡ ਕਰਨਗੇ।

• ਚੁਣੇ ਹੋਏ ਅਧਿਆਪਕ ਢੰਗ-ਤਰੀਕਿਆਂ ਅਤੇ ਰਿਕਾਰਡਿੰਗ ਮਾਨਕਾਂ ਬਾਰੇ ਕਾਰਜਸ਼ਾਲਾਂ ਵਿਚ ਸਿਖਲਾਈ ਲੈਣਗੇ ਜਿਸ ਵਿਚ ਹੇਠ ਲਿਖੇ ਨੁਕਤੇ ਸ਼ਾਮਿਲ ਹੋਣਗੇ :

(ੳ) ਕੋਰਸ ਦੇ ਮਹਾਂਦਰੇ, ਅਗਾਊਂ ਸ਼ਰਤਾਂ ਅਤੇ ਸੰਭਾਵੀ ਨਤੀਜਿਆਂ ਨੂੰ ਪਰਿਭਾਸ਼ਿਤ ਕਰਨਾ।

(ਅ) ਅੱਗੋਂ ਹਫ਼ਤਿਆਂ ਅਤੇ ਛੋਟੇ ਮਾਡਊਲਾਂ ਵਿਚ ਵੰਡਣਾ।

(ੲ) ਸਵੈ-ਜਾਂਚ ਲਈ ਹਰ ਲੈਕਚਰ ਦਰਮਿਆਨ ਮੌਖਿਕ ਸਵਾਲ-ਜਵਾਬ ਪ੍ਰੀਖਿਆ ਤਿਆਰ ਕਰਨਾ।

(ਸ) ਹਫ਼ਤਾਵਾਰ ਜਾਇਜ਼ੇ ਅਤੇ ਅਸਾਇਨਮੈਂਟਾਂ

(ਹ) ਵਿਚਾਰ-ਵਟਾਂਦਰਾ ਮੰਚ ਜੋ ਕਿ ਸਵਾਲਾਂ ਦੇ ਆਨ-ਲਾਈਨ ਜਵਾਬ ਦੇਵੇਗਾ।

(ਕ) ਟੀਮ ਵਲੋਂ ਤਿਆਰ ਵਿਸ਼ਾ-ਸਮੱਗਰੀ ਦਾ ਮੁੱਖ ਨਿਗਰਾਨ/ਵਿਸ਼ਾ ਵਸਤੂ ਮਾਹਰ ਵਲੋਂ ਜਾਇਜ਼ਾ ਲਿਆ ਜਾਵੇਗਾ।

5) ਕੋਰਸ ਲਈ ਰਿਕਾਰਡਿੰਗ ਅਤੇ ਮਲਟੀਮੀਡੀਆ ਤਿਆਰ ਕਰਨ ਲਈ ਸਟੂਡੀਓ ਦੀ ਵੰਡ। ਹਰ ਮਾਡਊਲ ਆਮ ਤੌਰ ਤੇ ਇਕ ਹਫ਼ਤੇ ਵਿਚ ਤਿਆਰ ਹੋ ਸਕੇਗਾ।

6) ਤਿਆਰ ਕੀਤੀ ਗਈ ਵਿਸ਼ਾ-ਸਮੱਗਰੀ ਦਾ ਮਾਹਰਾਂ ਵਲੋਂ ਜਾਇਜ਼ਾ ਲੈ ਕੇ ਤਸਦੀਕੀਕਰਨ ਕੀਤਾ ਜਾਣਾ।

7) ਕੋਰਸ ਦੀ ਸਮਾਂ-ਸੂਚੀ ਤਿਆਰ ਕਰਨੀ। ਇਕ ਵਾਰ ਕੋਰਸ ਦੇ ਸ਼ੁਰੂ ਹੋਣ ਉਪਰੰਤ ਵਰਤੋਂਕਾਰਾਂ ਦੇ ਪ੍ਰਤਿਕਰਮਾਂ ਦੇ ਆਧਾਰ 'ਤੇ ਸੰਭਾਵੀ ਉਕਾਈਆਂ ਦੂਰ ਕਰਨ ਲਈ ਪਾਠਕ੍ਰਮ ਅਤੇ ਸਿੱਖਿਅਕ ਪੱਖਾਂ ਦਾ ਸਮੇਂ-ਸਮੇਂ ਉਤੇ ਜਾਇਜ਼ਾ ਲਿਆ ਜਾਣਾ।

ਸਵੰਯਮ ਰਾਹੀਂ ਪੇਸ਼ ਸਾਰੇ ਕੋਰਸ ਅਤੇ ਵਿਸ਼ਾ-ਸਮੱਗਰੀ ਉਪਰ ਇਸ ਦਾ ਆਪਣਾ ਕਾਪੀਰਾਈਟ ਹੋਵੇਗਾ। ਮੰਤਰਾਲਾ ਸਮੇਂ-ਸਮੇਂ ਉਤੇ ਪਹੁੰਚ ਅਤੇ ਤਸਦੀਕੀਕਰਨ ਲਈ ਸੇਵਾ-ਲਾਗਤ (ਜੇ ਕੋਈ ਹੋਵੇ ਤਾਂ), ਬਾਰੇ ਨੀਤੀਆਂ ਦਾ ਐਲਾਨ ਕਰੇਗਾ ਅਤੇ ਹੋਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਮਸ਼ਵਰਾ ਕਰਕੇ ਢੁੱਕਵੀਂ ਮੁਕਤ ਵਿੱਦਿਅਕ ਵਸੀਲਿਆਂ ਬਾਰੇ ਨੀਤੀ ਨੂੰ ਪ੍ਰਕਾਸ਼ਿਤ ਵੀ ਕਰੇਗਾ।

## ਕੋਰਸ ਚਲਾਏ ਜਾਣਾ

ਵਿਸ਼ਾ-ਵਸਤੂ ਮਾਹਰਾਂ ਦੀ ਭੂਮਿਕਾ ਸਮੱਗਰੀ ਤਿਆਰ ਕਰਨ ਨਾਲ ਹੀ ਖਤਮ ਨਹੀਂ ਹੋ ਜਾਂਦੀ। ਇਹ ਟੀਮ (ਅੰਦਾਜ਼ਨ ਇਕ ਕੋਰਸ ਲਈ ਇਕ ਤੋਂ ਵੱਧ ਵਿਅਕਤੀ ਪਰ ਵਿਰਲੇ ਮਾਮਲਿਆਂ ਵਿਚ ਇਕ ਮਾਹਰ ਵੀ ਹੋ ਸਕਦਾ ਹੈ) ਪੋਰਟਲ ਉਪਰ ਕੋਰਸਾਂ ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਵਿਸ਼ਾ-ਵਸਤੂ ਮਾਹਰ ਟੀਮ ਨੂੰ ਉਸ ਦੇ ਅਦਾਰੇ ਦੇ ਵਿਭਾਗ ਵਲੋਂ ਅਧਿਆਪਨ ਸਹਾਇਤਾ ਟੋਲੀ ਉਪਲਬਧ ਕਰਾਈ ਜਾਵੇਗੀ।

## ਕੋਰਸ ਬਾਰੇ ਐਲਾਨ

ਕੋਰਸ ਦੇ ਤਿਆਰ ਹੋ ਜਾਣ ਉਤੇ ਪੋਰਟਲ ਉਪਰ ਇਸ ਬਾਰੇ ਐਲਾਨ ਕੀਤਾ ਜਾਵੇਗਾ ਅਤੇ ਸਿੱਖਿਆਰਥੀਆਂ ਨੂੰ ਕੋਰਸ ਲਈ ਸਾਈਨਅਪ ਕਰਨ ਲਈ ਸੱਦਾ ਦਿੱਤਾ ਜਾਵੇਗਾ। ਇਸ ਵਿਚ ਹੇਠ ਲਿਖਤ ਜਾਣਕਾਰੀ ਦਿੱਤੀ ਜਾਵੇਗੀ :-

• ਸਾਈਨਅਪ ਅਰੰਭ ਕਰਨ ਦੀ ਮਿਤੀ

• ਸਾਈਅਪ ਬੰਦ ਕਰਨ ਦੀ ਮਿਤੀ

• ਕੋਰਸ ਸ਼ੁਰੂ ਕਰਨ ਦੀ ਮਿਤੀ (ਐਲਾਨ ਮਿਤੀ ਅਤੇ ਕੋਰਸ ਅਰੰਭਣ ਮਿਤੀ ਦਰਮਿਆਨ ਘੱਟੋ-ਘੱਟ ਇਕ ਮਹੀਨੇ ਦਾ ਵਕਫਾ ਚਾਹੀਦਾ ਹੈ

• ਕੋਰਸ ਖਤਮ ਹੋਣ ਦੀ ਮਿਤੀ

• ਇਮਤਿਹਾਨਾਂ ਦੀਆਂ ਸੰਭਾਵੀ ਮਿਤੀਆਂ (ਇਕੋ ਇਮਤਿਹਾਨ ਲਈ ਵੱਖ-ਵੱਖ ਤਰੀਕਾਂ ਦਿੱਤੀਆਂ ਜਾ ਸਕਦੀਆਂ ਹਨ)

• ਕੋਈ ਫੀਸ ਹੋਣ ਦੀ ਸੂਰਤ ਵਿਚ ਅਤੇ ਸਫਲਤਾ ਪੂਰਵਕ ਕੋਰਸ ਪੂਰਾ ਕਰਨ ਉਤੇ ਪ੍ਰਮਾਣ ਪੱਤਰ ਦਿੱਤੇ ਜਾਣ ਬਾਰੇ ਸੂਚਨਾ।

## ਮੰਚ

ਵਿਸ਼ਾ-ਸਮੱਗਰੀ ਮਾਹਰ ਟੀਮ ਅਤੇ

ਅਧਿਆਪਨ ਸਹਾਇਕਾਂ ਦਾ ਇਕ ਮਹੱਤਵਪੂਰਨ ਫਰਜ਼, ਕੋਰਸ ਚਲਾਏ ਜਾਣ ਦੌਰਾਨ ਇਸ ਦਾ ਨਿਰੀਖਣ ਕਰਦੇ ਰਹਿਣਾ ਹੈ। ਪੋਰਟਲ ਉਪਰਲਾ ਵਿਚਾਰ-ਵਟਾਂਦਰਾ ਮੰਚ ਬਹੁਤ ਸਰਗਰਮ ਰਹਿੰਦਾ ਹੈ ਅਤੇ ਰੋਜ਼ਾਨਾ ਉਸ ਉਪਰ ਅਣਗਿਣਤ ਸਵਾਲ ਪੋਸਟ ਕੀਤੇ ਜਾਂਦੇ ਹਨ। ਬਾਰ-ਬਾਰ ਪੁੱਛੇ ਜਾਣ ਵਾਲੇ ਸਵਾਲਾਂ ਨੂੰ (ਵਿਸ਼ਾ ਸਮੱਗਰੀ ਮਾਹਰ ਦੇ ਪਿਛਲੇ ਅਨੁਭਵ ਉਤੇ ਅਧਾਰਿਤ) ਨਾਲ ਦੇ ਨਾਲ ਪੋਸਟ ਕੀਤਾ ਜਾਵੇ। ਵਿਸ਼ਾ-ਸਮੱਗਰੀ ਮਾਹਰ ਟੋਲੀ ਅਤੇ ਅਧਿਆਪਨ ਸਹਾਇਕਾਂ ਨੂੰ ਹਰ ਰੋਜ਼ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੋਵੇਗੀ। ਮੰਚ ਤੋਂ ਇਲਾਵਾ ਈ-ਮੇਲ ਸੂਚੀਆਂ ਤੋਂ ਆਏ ਸਵਾਲਾਂ (ਸੂਚਨਾਵਾਂ ਅਤੇ ਮੰਚ ਵਿਚਾਰ-ਵਟਾਂਦਰੇ) ਅਤੇ ਈ-ਮੇਲ ਐਡਰੈਸ (coursename@ swayam. ac.in) (ਸੁਝਾਈ ਗਈ ਈ-ਮੇਲ ਸੇਵਾ ਜਿਸ ਨੂੰ ਕੋਰਸ ਲਈ ਆਮ ਸੰਪਰਕ ਈ-ਮੇਲ ਵਜੋਂ ਵਰਤਿਆ ਜਾ ਸਕਦਾ ਹੈ) ਦੇ ਵੀ ਨਾਲ ਦੇ ਨਾਲ ਜਵਾਬ ਦੇਣੇ ਹੋਣਗੇ।

## ਤਸਦੀਕੀਰਨ

ਆਨ-ਲਾਈਨ ਕੋਰਸ ਮੁਹੱਈਕਾਰਾਂ ਵਲੋਂ ਸਫਲਤਾਪੂਰਵਕ ਅਤੇ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਨਮੂਨਾ ਮੁਫ਼ਤ ਵਿਸ਼ਾ ਸਮੱਗਰੀ ਅਤੇ ਪਹੁੰਚ ਉਪਲਬਧ ਕਰਾਉਣਾ ਪਰ ਨਿਗਰਾਨੀ ਹੇਠਲੇ ਇਮਤਿਹਾਨ ਲਈ ਫੀਸ ਲੈਣਾ ਹੈ। ਇਸ ਪ੍ਰੋਗਰਾਮ ਵਿਚ ਵੀ ਇਸੇ ਚਲਨ ਨੂੰ ਜਾਰੀ ਰੱਖਿਆ ਜਾਵੇਗਾ ਜਦ ਤਕ ਕਿ ਨਵੀਂ ਨੀਤੀ ਬਾਰੇ ਐਲਾਨ ਨਹੀਂ ਹੋ ਜਾਂਦਾ। ਸਹਿਭਾਗਤਾ ਵਾਲੀ ਸੰਸਥਾ ਦੀ ਮਦਦ ਨਾਲ ਮਨੁੱਖੀ ਸ੍ਰੋਤ ਦੇ ਵਿਕਾਸ ਬਾਰੇ ਮੰਤਰਾਲੇ ਵਲੋਂ ਹਰ ਵਿਸ਼ ਲਈ ਇਕ ਤਸਦੀਕੀਕਰਨ ਕਮੇਟੀ ਕਾਇਮ ਕੀਤੀ ਜਾਵੇਗੀ। ਇਹ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਕੋਰਸ ਪੇਸ਼ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਆਮ ਲੋੜਾਂ ਮੁਤਾਬਕ ਚਲਣਗੀਆਂ ਅਤੇ ਜਾਰੀ ਕੀਤੇ ਜਾਣ ਵਾਲੇ ਸਰਟੀਫਿਕੇਟਾਂ ਉਪਰ ਉਨ੍ਹਾਂ ਦੇ ਅਤੇ ਵਿਸ਼ਾ-ਸਮੱਗਰੀ ਮਾਹਰਾਂ ਦੇ ਨਾਲ-ਨਾਲ ਲੋਗੋ ਉਪਰ ਸਵੇਂਯਮ ਸਪੱਸ਼ਟ ਰੂਪ ਵਿਚ ਦਿਖਾਇਆ ਗਿਆ ਹੋਵੇਗਾ ਅਤੇ ਪ੍ਰਾਜੈਕਟ ਲਈ ਮੰਤਰਾਲੇ ਦੀ ਰਹਿਨੁਮਾਈ ਹੋਣ ਬਾਰੇ ਵੀ ਲਿਖਿਆ ਜਾਵੇਗਾ।

## ਇਮਤਿਹਾਨ ਕਰਵਾਉਣਾ

ਸਵੇਂਯਮ ਪ੍ਰਬੰਧਨ/ਲਾਗੂਕਰਨ ਟੀਮ ਨਿਗਰਾਨੀ ਹੇਠ ਕਰਾਏ ਜਾਣ ਵਾਲੇ ਇਮਤਿਹਾਨਾਂ ਲਈ ਅਮਲਾ ਨਿਯੁਕਤ ਕਰੇਗੀ ਅਤੇ ਲੋੜੀਂਦੇ ਸਾਧਨ ਆਦਿ ਜੁਟਾਏਗੀ। ਪੂਰੇ ਦੇਸ਼ ਵਿਚ ਸਵੇਂਯਮ ਇਮਤਿਹਾਨ ਕਰਾਉਣ ਲਈ ਲਗਭਗ 1000 ਕੇਂਦਰ ਕਾਇਮ ਕੀਤੇ ਜਾਣਗੇ। ਅਧਿਅਪਾਨ ਟੋਲੀ ਨੂੰ ਨਮੂਨਾ ਇਮਤਿਹਾਨ ਲਈ ਘੱਟੋ-ਘੱਟ ਪ੍ਰਸ਼ਨ ਪੱਤਰ ਅਤੇ ਅੰਤਿਮ ਤਸਦੀਕਸ਼ੁਦਾ ਇਮਤਿਹਾਨਾਂ ਲਈ ਇਕ ਜਾਂ ਵੱਧ ਪ੍ਰਸ਼ਨ-ਪੱਤਰ ਤਿਆਰ ਕਰਨੇ ਹੋਣਗੇ।

## ਸੂਚਿਤ ਕਰਨਾ

ਤਸਦੀਕੀਕਰਨ ਦੀ ਸੂਰਤ ਵਿਚ, ਕੋਰਸ ਬਾਰੇ ਸੂਚਨਾ ਦੇਣ ਦੇ ਨਾਲ ਹੀ, ਪੋਰਟਲ ਉਪਰ ਇਸ ਬਾਰੇ ਦੱਸਿਆ ਜਾਵੇ। ਕੋਰਸ ਪੇਸ਼ ਕੀਤੇ ਜਾਣ ਸਮੇਂ ਹੀ ਤਸਦੀਕਸ਼ੁਦਾ ਇਮਤਿਹਾਨ ਦੀਆਂ ਤਰੀਕਾਂ, ਕੇਂਦਰ ਅਤੇ ਲੋੜੀਂਦੀ ਲਾਗਤ ਬਾਰੇ ਫੈਸਲਾ ਲੈ ਲਿਆ ਜਾਣਾ ਚਾਹੀਦਾ ਹੈ।

ਤਸਦੀਕੀਕਰਨ ਅਮਲ ਵਿਚ ਉਦਯੋਗ ਖੇਤਰ ਅਤੇ ਉਦਯੋਗਿਕ ਸੰਸਥਾਵਾਂ ਨੂੰ ਭਾਈਵਾਲ ਵਜੋਂ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ ਜ਼ਰੂਰੀ ਹਨ। ਇਸ ਨਾਲ ਵਿਦਿਆਰਥੀਆਂ ਦੀਆਂ ਨਜ਼ਰਾਂ ਵਿਚ ਕੋਰਸ ਦੀ ਮਹੱਤਤਾ ਵਧ ਜਾਂਦੀ ਹੈ। ਜਿਥੇ ਸੰਭਵ ਹੋਵੇ ਉਦਯੋਗ ਖੇਤਰ ਤੋਂ ਸਿੱਖਿਆ ਅਤੇ ਖੋਜ-ਵਿਕਾਸ ਦੀ ਟੀਮ ਮੈਂਬਰਾਂ ਵਿਸ਼ਾ-ਸਮੱਗਰੀ ਅਤੇ ਸਮੱਸਿਆਵਾਂ ਦੇ ਹੱਲ ਲਈ ਵਿਉਂਤਕਾਰੀ ਸਮੇਂ ਨਾਲ ਲਿਆ ਜਾਵੇ। ਸਮੱਸਿਆਵਾਂ ਵਿਆਪਕ ਕਿਸਮ ਦੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਹਿੱਸਾ ਲੈ ਰਹੇ ਉਦਯੋਗਾਂ ਵਲੋਂ ਅਪਨਾਏ ਜਾ ਰਹੇ ਵਰਤੋਂ-ਵਿਹਾਰਾਂ ਨੂੰ ਵਿਸ਼ਾ-ਸਮੱਗਰੀ ਵਜੋਂ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।

## ਈ-ਵਿਸ਼ਾ ਸਮੱਗਰੀ ਦੀ ਮੁੜ-ਉਦੇਸ਼ਕਾਰੀ ਅਤੇ ਨਵੀਆਂ ਕੋਸ਼ਿਸ਼ਾਂ

ਇਹ ਤਜਵੀਜ਼ ਕੀਤਾ ਗਿਆ ਹੈ ਕਿ ਸਕੂਲੀ ਪੱਧਰ ਤੋਂ ਪੋਸਟ-ਗ੍ਰੈਜੂਏਟ ਪੱਧਰ ਤਕ ਇੰਟਰਨੈੱਟ ਉਪਰ, ਬਿਨਾਂ ਕੋਈ ਲਾਗਤ ਲਿਆਂ, ਈ-ਕੋਰਸਾਂ ਨੂੰ ਵਿਸ਼ਾ-ਸਮੱਗਰੀ ਸਮੇਤ ਪੇਸ਼ ਕੀਤਾ ਜਾਵੇ। ਪੂਰਨ ਹੋਣ ਉਤੇ ਇਹ ਐਮ ਓ ਓ ਸੀ ਫਾਰਮੇਟ ਉਪਰ 2.5 ਲੱਖ ਘੰਟਿਆਂ ਤੋਂ ਵੱਧ ਦੀ ਈ-ਵਿਸ਼ਾ ਸਮੱਗਰੀ ਪੇਸ਼ ਕਰੇਗਾ ਜਿਸ ਨਾਲ ਇਹ, ਇਕੋ ਮੰਚ ਤੋਂ ਇਲੈਕਟ੍ਰਾਨਿਕ ਮਾਧਿਅਮ ਰਾਹੀਂ ਸਿੱਖਿਆ ਦੇਣ ਵਾਲਾ, ਦੁਨੀਆਂ ਦਾ ਸਭ ਤੋਂ ਵਿਸ਼ਾਲ ਮੰਚ ਬਣ ਜਾਵੇਗਾ।

## ਨਵੀਆ ਕੋਸ਼ਿਸ਼ਾਂ

ਸਾਰੀਆਂ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਐਮ ਓ ਓ ਸੀ ਤਿਆਰ ਕਰਨ ਦੀਆਂ ਕੋਸ਼ਸ਼ਾਂ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਮੰਤਰਾਲੇ ਨੇ ਲਗਭਗ 1000 ਕੋਰਸ ਕਾਇਮ ਕਰਨ ਬਾਰੇ ਤਜਵੀਜ਼ਾਂ ਪ੍ਰਾਪਤ ਕੀਤੀਆਂ ਹਨ।

**ਕੋਰਸ ਉਲੀਕੇ ਜਾਣ ਬਾਰੇ ਅਮਲ ਨੂੰ ਸੰਸਥਾਵਾਂ ਲਈ ਜਾਰੀ ਕਰਕੇ ਅਤੇ ਆਰਥਿਕ ਮਦਦ ਦੇ ਕੇ, ਨਵੇਂ ਐਮ ਓ ਓ ਸੀ ਕਾਇਮ ਕਰਨ ਲਈ ਰਾਹ ਸੁਖਾਲਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲਲਿਤ ਕਲਾਵਾਂ ਕਿੱਤਾਮੁਖੀ ਕੋਰਸਾਂ ਲਈ ਕੰਮ ਕਰ ਰਹੀਆਂ ਸੁਤੰਤਰ ਏਜੰਸੀਆਂ ਨਾਲ ਤਾਲਮੇਲ ਦੀਆਂ ਕੋਸ਼ਿਸ਼ਾਂ ਉਨ੍ਹਾਂ ਕੋਰਸਾਂ ਨੂੰ ਸਵੇਂਯਮ ਰਾਹੀਂ ਉਪਲਬਧ ਕਰਾਇਆ ਜਾਵੇਗਾ।**

## ਤਸਦੀਕੀਕਰਨ

ਹਰ ਈ-ਕੋਰਸ ਤੋਂ ਬਾਅਦ ਸਵਾਲ-ਜਵਾਬ ਪ੍ਰੀਖਿਆ, ਅਸਾਈਨਮੈਂਟਾਂ ਜਿਹੇ ਜਾਇਜ਼ਾ-ਕਾਰਜ ਹੋਣਗੇ ਅਤੇ ਅੰਤ ਵਿਚ ਨਿਗਰਾਨੀ ਹੇਠ ਇਮਤਿਹਾਨ ਹੋਵੇਗਾ। ਵਿਸ਼ੇ ਮੁਤਾਬਕ ਇਮਤਿਹਾਨ ਦੀ ਫੀਸ 500 ਤੋਂ 1000 ਰੁਪਏ ਹੋ ਸਕਦੀ ਹੈ। ਸਫਲਤਾਪੂਰਵਕ ਕੋਰਸ ਪੂਰਾ ਕਰਨ ਉਤੇ ਕੋਰਸ ਪੇਸ਼ ਕਰਨ ਵਾਲੀ ਸੰਸਥਾ ਪ੍ਰਮਾਣ ਪੱਤਰ ਜਾਰੀ ਕਰੇਗੀ ਜਿਸ ਦੇ ਆਧਾਰ ਉਤੇ ਵਿਦਿਆਰਥੀ, ਆਪਣੀ ਮੂਲ ਸੰਸਥਾ ਤੋਂ ਅੰਕਾਂ/ਗਰੇਡਾਂ ਦਾ, ਅੰਕ-ਸੂਚੀ ਪ੍ਰਮਾਣ ਪੱਤਰ ਵਿਚ ਤਬਾਦਲਾ ਕਰਵਾ ਸਕਦਾ ਹੈ। ਇਹ ਅਮਲ ਇਸ ਸਮੇਂ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ (ਯੂ ਜੀ ਸੀ) ਅਤੇ ਤਕਨੀਕੀ ਸਿੱਖਿਆ ਬਾਰੇ ਸਰਬ ਭਾਰਤੀ ਕੌਂਸਲ (ਏ ਆਈ ਸੀ ਟੀ ਈ) ਕੋਲ ਆਪਣੇ ਅੰਤਿਮ ਰੂਪ ਵਿਚ ਹੈ।

*(ਲੇਖਕ ਐਨ ਐਮ ਈ ਆਈ ਸੀ ਟੀ ਵਿਖੇ ਸੀਨੀਅਰ ਕੰਸਲਟੈਂਟ ਹਨ।)*

*e-mail :kaulp428@gmail.com*

# ਪੜ੍ਹਾਈ ਲਿਖਾਈ ਤੋਂ ਹੱਟ ਕੇ - ਨੌਜਵਾਨਾਂ ਨੂੰ ਸਿੱਖਿਅਤ ਕਰਨ ਵਿਚ ਪੇਸ਼ ਆਉਂਦੀਆਂ ਮਨੋਵਿਗਿਆਨਕ ਚੁਨੌਤੀਆਂ

ਜਤਿੰਦਰ ਨਾਗਪਾਲ

'ਸਿੱਖਿਆ' ਸ਼ਬਦ ਵੱਖ-ਵੱਖ ਵਿਅਕਤੀਆਂ ਲਈ ਵੱਖ-ਵੱਖ ਮਤਲਬ ਰੱਖਦਾ ਹੈ। ਇਹ ਆਪਣੇ-ਆਪ ਵਿਚ ਬਹੁਤ ਹੀ ਸੀਮਤ ਹੈ, ਪਰ ਆਮ ਲੋਕਾਂ ਵਿਚ ਵਿਆਪਕ ਤੌਰ ਤੇ ਫੈਲੀ ਸਮਝ ਇਹ ਹੈ ਕਿ ਸਿੱਖਿਆ ਤੋਂ ਭਾਵ ਹੈ ਨਿਯਮਿਤ ਰੂਪ ਵਿਚ ਸਕੂਲ ਜਾਣਾ, ਪੜ੍ਹਾਈ ਪਾਠਕ੍ਰਮ ਸਿੱਖਣਾ, ਨੰਬਰ ਹਾਸਲ ਕਰਨਾ, ਅਜਿਹੀ ਰਸਮੀ ਡਿਗਰੀ ਹਾਸਲ ਕਰਨਾ ਜੋ ਕਿ ਇੰਜਨੀਅਰ, ਡਾਕਟਰ ਜਾਂ ਵਪਾਰਕ ਪੇਸ਼ੇਵਰ ਵਜੋਂ ਉਤਪਾਦਕ ਕਾਰਜ ਸ਼ਕਤੀ ਵਿਚ ਸ਼ਾਮਲ ਹੋਣ ਦੇ ਸਮਰੱਥ ਬਣਾਵੇ ਜਿਸ ਤੋਂ ਬਾਅਦ ਕੋਈ ਵੀ ਸਫਲਤਾ ਦੀਆਂ ਪੁਲਾਂਘਾਂ ਪੁੱਟ ਸਕੇ। ਪਰ ਪਿਛਲੇ ਸਾਲਾਂ ਦੌਰਾਨ ਸਿੱਖਿਆ ਨੇ ਨਵੇਂ ਅਰਥ ਗ੍ਰਹਿਣ ਕੀਤੇ ਹਨ। ਇਸ ਵਿਕਾਸ ਨੂੰ ਲੇਖਕ ਮਾਰਕ ਟਵੇਨ ਦੇ ਸ਼ਬਦਾਂ ਵਿਚ ਬਿਹਤਰ ਢੁੱਕਵੇਂ ਢੰਗ ਨਾਲ ਦਰਸਾਇਆ ਜਾ ਸਕਦਾ ਹੈ ਜਿਸ ਨੇ ਕਿਹਾ ਸੀ ,"ਮੈਂ ਆਪਣੀ ਸਕੂਲੀ ਪੜ੍ਹਾਈ ਨੂੰ ਕਦੇ ਵੀ ਆਪਣੀ ਸਿੱਖਿਆ ਵਿਚ ਦਖ਼ਲਅੰਦਾਜ਼ੀ ਨਹੀਂ ਕਰਨ ਦਿੱਤੀ।"

ਸਕੂਲਾਂ ਤੋਂ ਅਜੋਕੇ ਸਮੇਂ ਵਿਚ ਪੜ੍ਹਨਾ-ਲਿਖਣਾ ਤੇ ਅੱਖਰ ਜੋੜ ਆਦਿ ਸੁਧਾਰਨ ਤੋਂ ਕਿਤੇ ਵੱਧ ਦੀ ਆਸ ਰੱਖੀ ਜਾਂਦੀ ਹੈ। ਅਜੋਕੇ ਯੁੱਗ ਵਿਚ ਕੋਈ ਵੀ ਸਕੂਲ ਆਪਣੇ ਵਿਦਿਆਰਥੀਆਂ ਨੂੰ ਵਿਕਾਸ, ਵੱਖ-ਵੱਖ ਵਿਸ਼ੇਸ਼ਤਾਵਾਂ ਦੇ ਵਿਕਾਸ ਬਿਹਤਰ ਢੰਗ ਨਾਲ ਫੈਸਲਾ ਲੈ ਸਕਣ ਦੀ ਸਮਰੱਥਾ ਨਾਲ ਲੈਸ ਕਰਨ, ਮੁਸ਼ਕਲ ਸਥਿਤੀਆਂ ਨਾਲ ਨਜਿੱਠਣ ਅਤੇ ਸ਼ਕਤੀਕਰਨ ਦੇ ਮੌਕੇ ਮੁਹੱਈਆ ਕਰਵਾ ਕੇ ਹੀ ਆਪਣੇ ਆਪ ਨੂੰ ਦੂਜੇ ਸਕੂਲਾਂ ਦੇ ਮੁਕਾਬਲੇ ਗੌਰਵਮਈ ਬਣਾਉਂਦਾ ਹੈ।

"ਸਿੱਖਿਆ, ਵਿਕਲਪ ਕਾਇਮ ਕਰਨ, ਲੋਕਾਂ ਨੂੰ ਉਨ੍ਹਾਂ ਉਪਲਬਧ ਵਿਕਲਪਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਇਨ੍ਹਾਂ ਵਿਕਲਪਾਂ ਦੀ ਵਰਤੋਂ ਕਰਨ ਦੇ ਸਮਰੱਥ ਬਣਾਉਣ ਦਾ ਨਾਂ ਹੈ।" ਇਸ ਵਿਆਪਕ ਪਰਿਭਾਸ਼ਾ ਮੁਤਾਬਕ ਸਕੂਲ, ਸਿੱਖਿਆ ਦੇ ਢੰਗ-ਤਰੀਕੇ ਬਦਲ ਰਹੇ ਹਨ, ਤਕਨਾਲੋਜੀ ਨੂੰ ਅਪਣਾਅ ਰਹੇ ਹਨ, ਚੁਨੌਤੀਪੂਰਨ ਅਤੇ ਦਿਲਚਸਪੀ ਭਰਪੂਰ ਪਾਠਕ੍ਰਮ ਨੂੰ ਅਪਣਾਅ ਰਹੇ ਹਨ ਤਾਂ ਜੋ ਸਿੱਖਿਆਰਥੀਆਂ ਵਿਚ ਸਿੱਖਣ ਦਾ ਰੁਝਾਨ ਅਤੇ ਮਹਾਰਤਾਂ ਵਿਕਸਤ ਹੋਣ। ਮੁਲਾਂਕਣ ਅਤੇ ਜਾਇਜ਼ਾ ਲੈਣ ਦਾ ਅਮਲ ਵੀ ਰੱਟੇਬਾਜ਼ੀ ਅਤੇ ਬਿਨਾਂ ਸੋਚੇ -ਸਮਝੇ ਯਾਦ ਕਰ ਲੈਣ ਨੂੰ ਸਾਹਮਣੇ ਨਾ ਰੱਖਦੇ ਹੋਏ ਸਿਧਾਂਤਕ ਸਮਝ ਅਤੇ ਗਿਆਨ ਦੀ ਵਰਤੋਂ ਦੀ ਪਰਖ ਵੱਲ ਬਦਲ ਰਿਹਾ ਹੈ।

ਜਿਉਂ ਹੀ ਵਿੱਦਿਅਕ ਪ੍ਰਣਾਲੀ ਦਾ ਫੈਲਾਅ ਹੁੰਦਾ ਹੈ, ਸਾਨੂੰ ਇਹ ਸਮਝ ਕੇ ਚੱਲਣਾ ਚਾਹੀਦਾ ਹੈ ਕਿ ਸਮੇਂ ਦੇ ਨਾਲ ਵਿੱਦਿਆਰਥੀ ਦੀ ਸਮਝ ਵਿਚ ਵੀ ਸੁਧਾਰ ਹੁੰਦਾ ਹੈ। ਵਿਦਿਆਰਥੀ ਹੁਣ ਪੂਰਨ ਰੂਪ ਵਿਚ ਅਧਿਆਪਕ ਦੀ ਗਿਆਨ ਯੋਗਤਾ ਜਾਂ ਪਾਠਕ੍ਰਮ ਦੀਆਂ ਕਿਤਾਬਾਂ 'ਤੇ ਨਿਰਭਰ ਨਹੀਂ ਰਹਿੰਦੇ। ਸਕੂਲ ਹੁਣ ਵਿੱਦਿਆ ਦੇ ਮੰਦਰ ਨਹੀਂ ਰਹੇ ਅਤੇ ਇਨ੍ਹਾਂ ਨੂੰ ਇੰਟਰਨੈਟ ਤੋਂ ਜ਼ੋਰਦਾਰ ਮੁਕਾਬਲੇਬਾਜ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਦੇ ਵਿੱਦਿਆਰਥੀ ਦੀ ਸੂਚਨਾ ਤਕ ਵਿਆਪਕ ਪਹੁੰਚ ਹੈ ਜਦਕਿ ਅਧਿਆਪਕ ਇਸ ਸੂਚਨਾ ਦਾ ਕੋਈ ਲਾਹਾ ਲੈਣ ਲਈ ਵਿੱਦਿਆਰਥੀ ਨੂੰ ਸੇਧ ਦਿੰਦਾ ਹੈ, ਸਿਰਫ਼ ਉਸ ਨੂੰ ਹੀ ਗਿਆਨ ਦੇ ਇਕਲੌਤੇ ਸ੍ਰੋਤ ਵਜੋਂ ਨਹੀਂ ਦੇਖਿਆ ਜਾਂਦਾ। ਪੜ੍ਹਾਈ ਨੂੰ ਲਾਜ਼ਮੀ ਹੀ ਸਰਲਤਾ ਦਾ ਅਕਾਰ ਲੈਣਾ ਚਾਹੀਦਾ ਹੈ। ਇਹ ਗੱਲ ਵਿਦਿਆਰਥੀਆਂ ਦੇ ਪ੍ਰਾਇਮਰੀ ਤੋਂ ਮਿਡਲ ਵਿਚ ਦਾਖ਼ਲ ਹੋਣ ਅਤੇ ਬੱਚਿਆਂ ਦੇ ਨੌਜਵਾਨ ਤੋਂ ਕਿਸ਼ੋਰ ਅਵਸਥਾ ਵਿਚ ਦਾਖ਼ਲ ਹੋਣ ਕਰਕੇ ਹੋਰ ਵੀ ਵਧੇਰੇ ਮਹੱਤਵਪੂਰਨ ਹੋ ਜਾਂਦੀ ਹੈ।

ਨੌਜਵਾਨ ਜਾਂ ਕਿਸ਼ੋਰ ਅਵਸਥਾ ਦਾ ਸਮਾਂ ਬਚਪਨ ਤੋਂ ਬਾਲਗ ਵੱਲ ਵਧਣ ਦਾ ਸਮਾਂ ਹੁੰਦਾ ਹੈ। ਇਸ ਦੇ ਦੋ ਮੁੱਖ ਕਾਰਜ ਹੁੰਦੇ ਹਨ, ਨਿੱਜੀ ਸ਼ਖ਼ਸੀਅਤ ਦਾ ਵਿਕਾਸ ਅਤੇ ਸਮਾਜਕ ਮੇਲ-ਮਿਲਾਪ ਦੀ ਸਮਰੱਥਾ। ਕਿਸ਼ੋਰ ਅਵਸਥਾ ਵਿਚ ਇਕ ਪਛਾਣ ਕਾਇਮ ਹੋਣ ਦਾ ਮਤਲਬ ਆਪਣੇ ਹਿਸਾਬ ਨਾਲ ਇਕ ਵਿਅਕਤੀ ਬਣਨਾ ਹੈ। ਜਨਮ ਤੋਂ ਇਕ ਨੌਜਵਾਨ ਆਪਣੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਨੂੰ ਇਕੱਤਰ ਕਰਦਾ ਆ ਰਿਹਾ ਹੁੰਦਾ ਹੈ। ਇਸ ਵਿਚ ਮਾਪਿਆਂ, ਦੋਸਤਾਂ, ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੇ ਅਧਿਆਪਕਾਂ ਅਤੇ ਹੋਰ ਬਾਲਗਾਂ, ਹਮਉਮਰ ਸਾਥੀਆਂ, ਆਪਣੀ ਸਮਾਜਕ ਸ਼੍ਰੇਣੀ, ਇਤਿਹਾਸਕ ਪ੍ਰੰਪਰਾਵਾਂ, ਨਸਲੀ ਜਾਂ ਧਾਰਮਕ ਧੜੇਬੰਦੀ, ਲਿੰਗਕ ਪਛਾਣ ਆਦਿ ਸ਼ਾਮਲ ਹਨ। ਇਹ ਸਾਰੇ ਤੱਤ ਨੌਜਵਾਨ ਸਮੇਂ ਦੌਰਾਨ ਏਕੀਕ੍ਰਿਤ ਹੋ ਕੇ ਇਕ ਠਹਿਰਾਅ ਵਾਲੇ ਚਰਿੱਤਰ ਵਜੋਂ ਉਭਰਦੇ ਹਨ ਜੋ ਕਿ ਕਿਸੇ ਦੀ ਸਮੁੱਚੀ ਜ਼ਿੰਦਗੀ ਦੌਰਾਨ ਮੂਲ ਸ਼ਖ਼ਸੀਅਤ ਵਜੋਂ ਕੰਮ ਕਰਦਾ ਹੈ।

ਇਸ ਸਮੇਂ ਦਿੱਖ ਅਤੇ ਅਕਾਰ ਵਿਚ ਤੇਜ ਬਦਲਾਵਾਂ ਦੇ ਨਾਲ-ਨਾਲ ਲਿੰਗਕ ਵਿਕਾਸ ਸਮੇਤ, ਸਰੀਰਕ ਵਿਕਾਸ ਲਿੰਗਕ ਖਿੱਚ ਪੈਦਾ ਕਰਦੇ ਹਨ ਜਿਨ੍ਹਾਂ ਨੂੰ ਅਮਲ ਵਿਚ ਲਿਆਉਣ ਤੋਂ ਨਤੀਜੇ ਅਤੇ ਭਵਿੱਖ ਨੂੰ ਲੈ ਕੇ ਯੋਜਨਾਬੰਦੀ ਨਵੇਂ ਤਰ੍ਹਾਂ ਦੀਆਂ ਮੁਸ਼ਕਲਾਂ ਉਸ ਅੱਗੇ ਲਿਆ ਖੜ੍ਹੀਆਂ ਕਰਦੇ ਹਨ।

"ਮੈਂ ਕੌਣ ਹਾਂ?", "ਮੈਂ ਕਿਸ ਦੇ ਕਾਬਲ

ਹਾਂ?", "ਭਵਿੱਖ ਵਿਚ ਮੈਂ ਕੀ ਬਣਾਂਗਾ?" ਜਿਹੇ ਸਵਾਲ ਖੜ੍ਹੇ ਹੋ ਜਾਂਦੇ ਹਨ। ਹੁਣ ਉਸ ਕੋਲ ਆਪਣੀ ਪਛਾਣ ਕਾਇਮ ਕਰਨ ਲਈ ਕਈ ਵਿਕਲਪ ਸਾਹਮਣੇ ਖੜ੍ਹੇ ਹੋ ਜਾਂਦੇ ਹਨ। ਇਹ ਚੰਗੀ ਕਿਸਮਤ ਹੈ ਕਿ ਗੱਲਾਂ ਨੂੰ ਇੰਜ ਮਹਿਸੂਸ ਅਤੇ ਗ੍ਰਹਿਣ ਕਰਨ ਦਾ ਅਮਲ ਜਵਾਨੀ ਦੇ ਭਾਵੁਕਵਾਦ ਦੇ ਨਾਲ ਹੀ ਅਰੰਭ ਹੁੰਦਾ ਹੈ, ਕਿਉਂਕੀ ਇਹ ਕਿਸ਼ੋਰ ਨੂੰ ਨਵੇਂ ਸਮਾਜਕ ਦਬਾਵਾਂ ਵਾਲੇ ਹਮਉਮਰ ਨਾਲ ਨਜਿੱਠਣ ਸਮੇਂ ਭਾਵਾਂ ਦੀ ਤੀਖਣਤਾ ਅਤੇ ਪ੍ਰਤਿਕਰਮਾਂ ਦੌਰਾਨ ਵੱਡੇ ਔਜਾਰ ਨਾਲ ਲੈਸ ਕਰਦਾ ਹੈ। ਸ਼ੁਰੂਆਤੀ ਕਿਸ਼ੋਰ ਅਵਸਥਾ ਸਮੇਂ ਦੌਰਾਨ ਹਮਉਮਰ ਸਾਥੀ ਵਰਗ ਬਹੁਤ ਹੀ ਮਹੱਤਵਪੂਰਨ ਹੈ। ਅਜਿਹਾ ਵਿਕਾਸਮਈ ਕਾਰਜ ਕਰਕੇ ਹੁੰਦਾ ਹੈ ਜਿਸ ਨੂੰ ਵੱਖਰੀ-ਨਿੱਜਤਾ ਵਜੋਂ ਜਾਣਿਆ ਜਾਂਦਾ ਹੈ ਜਿਸ ਕਾਰਨ ਨੌਜਵਾਨ ਬੱਚੇ ਨੂੰ ਮਨੋਵਿਗਿਆਨ ਰੂਪ ਵਿਚ ਆਪਣੇ ਮਾਪਿਆਂ ਤੋਂ ਵੱਖਰੇ ਹੋਣ ਅਤੇ ਇਕ ਨਿੱਜੀ ਸ਼ਖ਼ਸੀਅਤ ਬਨਾਉਣੀ ਹੁੰਦੀ ਹੈ।

10-19 ਸਾਲ ਉਮਰ ਵਰਗ ਦੇ ਨੌਜਵਾਨ ਦੁਨੀਆਂ ਦੀ ਕੁੱਲ ਵੱਸੋਂ ਦਾ ਪੰਜਵਾਂ ਅਤੇ ਭਾਰਤੀ ਵੱਸੋਂ ਦਾ ਲਗਭਗ ਚੌਥਾ ਹਿੱਸਾ ਹਨ। ਇਸ ਵਰਗ ਦੀਆਂ ਵਿਸ਼ੇਸ਼ ਅਤੇ ਵੱਖਰੀਆਂ ਲੋੜਾਂ ਹਨ ਜਿਨ੍ਹਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਨਾਲ ਨਾ ਸਿਰਫ ਦੇਸ਼ ਦੇ ਸਮਾਜਕ-ਆਰਥਕ ਵਿਕਾਸ, ਸਰੋਂ ਸਮਾਜਕ ਇਕਸੁਰਤਾ, ਲਿੰਗ ਅਤੇ ਅਬਾਦੀ ਸਥਿਰਤਾ ਵਰਗੀਆਂ ਸਮਾਜਕ ਚਿੰਤਾਵਾਂ 'ਤੇ ਵੀ ਉਸਾਰੂ ਅਸਰ ਪਵੇਗਾ।

ਇਹ ਸਚਮੁਚ ਸਿਰਜਣਾ, ਆਦਰਸ਼ਵਾਦ, ਆਸ਼ਾਵਾਦ ਅਤੇ ਸਾਹਸਿਕ ਭਾਵਨਾ ਵਾਲੇ ਸਾਲ ਹੁੰਦੇ ਹਨ। ਪਰ ਇਹ ਜੋਖ਼ਮ ਚੁੱਕਣ, ਤਜਰਬੇ ਕਰਨ, ਸਾਥੀ ਵਰਗ ਦੇ ਨਾਂਹ ਪੱਖੀ ਰੁਝਾਨਾਂ ਅੱਗੇ ਝੁਕ ਜਾਣ, ਖ਼ਾਸ ਕਰਕੇ ਆਪਣੇ ਸਰੀਰਕ ਅਤੇ ਲਿੰਗਕ ਪੱਖਾਂ ਸਮੇਤ ਕਈ ਮਹੱਤਵਪੂਰਨ ਮੁੱਦਿਆਂ 'ਤੇ ਬਿਨਾਂ ਜਾਣਕਾਰੀ ਸਾਂਝੀ ਕੀਤਿਆਂ ਫੈਸਲੇ ਲੈਣ ਦੀ ਵੀ ਉਮਰ ਹੁੰਦੀ ਹੈ। ਨੌਜਵਾਨ ਦਾ ਚੁਨੌਤੀਆਂ ਨਾਲ ਨਜਿੱਠਣਾ ਵਧੇਰੇ ਕਰਕੇ ਉਨ੍ਹਾਂ ਦੇ ਆਲੇ-ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ। ਇਸ ਕਰਕੇ ਨੌਜਵਾਨ ਜਾਂ ਕਿਸ਼ੋਰ ਅਵਸਥਾ ਕਿਸੇ ਦੇ ਜੀਵਨ ਵਿਚ ਵੱਡੀ ਮਹੱਤਤਾ ਵਾਲਾ ਬਦਲਾਅ ਹੁੰਦਾ ਹੈ, ਵਧੀ ਹੋਈ ਤਾਕਤ ਦਾ ਸਮਾਂ, ਪਰ ਇਸ ਦੇ ਨਾਲ ਹੀ ਇਹ ਹਲਾਤ ਦੇ ਵਧੇਰੇ ਸ਼ਿਕਾਰ ਹੋਣ ਦਾ ਸਮਾਂ ਵੀ ਹੁੰਦਾ ਹੈ।

ਸਕੂਲ, ਘਰਾਂ ਤੋਂ ਬਾਹਰ ਉਹ ਥਾਂ ਹਨ ਜਿਥੇ ਬੱਚੇ ਉਤਪਾਦਨਸ਼ੀਲ ਅਤੇ ਸਮਰੱਥ ਨਾਗਰਿਕ ਬਣਨ ਲਈ ਨਵਾਂ ਗਿਆਨ ਅਤੇ ਮਹਾਰਤਾਂ ਹਾਸਲ ਕਰ ਕੇ ਆਪਣੇ ਭਾਈਚਾਰਿਆਂ ਨੂੰ ਪ੍ਰਫੁੱਲਤ ਅਤੇ ਖ਼ੁਸ਼ਹਾਲ ਕਰਨ ਵਿਚ ਮਦਦਗਾਰ ਅਤੇ ਹਮਾਇਤੀ ਸਿੱਧ ਹੋ ਸਕਦੇ ਹਨ। ਸਿਹਤ ਨੂੰ ਉਤਸਾਹਿਤ ਕਰਨ ਵਾਲਾ ਸਕੂਲ ਅਜਿਹੀ ਥਾਂ ਹੈ ਜਿਥੇ ਸਿੱਖਿਆ ਅਤੇ ਸਿਹਤ ਸਬੰਧੀ ਪ੍ਰੋਗਰਾਮ ਇਕ 'ਖ਼ੁਸ਼ ਅਤੇ ਮਜੇਦਾਰ' ਮਹੌਲ ਬਣਾਉਂਦੇ ਹਨ ਜੋ ਕਿ ਸਿੱਖਣ ਅਤੇ ਅਕਾਰ ਲੈਣ ਵਿਚ ਭਿੰਨਤਾ ਨੂੰ ਉਤਸਾਹਿਤ ਕਰਦਾ ਹੈ। ਕੀ ਬੱਚਿਆਂ ਨੂੰ ਇਸ ਦਾ ਹੱਕ ਨਹੀਂ ?

ਜ਼ਿਆਦਾਤਰ ਸਕੂਲਾਂ ਵਿਚ ਕੋਈ ਮਸ਼ਵਰਾ ਦੇਣ ਵਾਲਾ ਸਲਾਹਕਾਰ ਜਾਂ ਸਮਾਜਕ ਕਾਰਜ ਕਰਤਾ ਨਹੀਂ ਹੁੰਦਾ ਪਰ ਫੇਰ ਵੀ ਉਨ੍ਹਾਂ ਨੂੰ ਆਪਣੇ ਸਕੂਲ ਵਿਚ ਵਿਦਿਆਰਥੀਆਂ ਦੀਆਂ ਹੋਰ ਵਧੇਰੇ ਮਾਨਸਿਕ ਸਿਹਤ ਸਬੰਧੀ ਲੋੜਾਂ ਨਾਲ ਨਜਿੱਠਣ ਲਈ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ, ਤੰਗ-ਪਰੇਸ਼ਾਨ ਕਰਨ ਅਤੇ ਸਕੂਲੀ ਹਿੰਸਾ ਦੇ ਮਾਮਲਿਆਂ 'ਤੇ ਧਿਆਨ ਦੇਣ ਅਤੇ ਇਸ ਕਰਕੇ ਸਕੂਲ ਅੰਦਰ ਬਣੇ ਮਨੋਵਿਗਿਆਨਕ ਤਨਾਅ ਲਈ ਹੁੰਘਾਰੇ ਦੀ ਲੋੜ ਹੁੰਦੀ ਹੈ।

ਪਿਛਲੇ ਦਹਾਕੇ ਦੌਰਾਨ, ਸਕੂਲੀ ਹਿੰਸਾ, ਲਿੰਗਕ ਤੌਰ ਤੇ ਦੁਰਵਿਹਾਰ, ਤੰਗ ਕਰਨ, ਪੱਖਪਾਤ ਅਤੇ ਤੰਦਰੁਸਤ ਅਨੁਸ਼ਾਸਨ ਦੇ ਹੱਲ ਵਜੋਂ ਸਕੂਲਾਂ ਅੰਦਰ ਮਾਨਸਿਕ ਸਿਹਤ ਦਾ ਪਸਾਰ ਹੋਇਆ ਹੈ। ਆਧੁਨਿਕ ਸਕੂਲੀ ਮਸ਼ਵਰਾ ਨਿੱਜੀ ਅਤੇ ਸੰਸਥਾ ਦੇ ਪੱਧਰ 'ਤੇ ਸ਼ੁਰੂਆਤ ਵਿਚ ਹੀ ਅਜਿਹੇ ਮਾਮਲਿਆਂ ਨੂੰ ਫੜਨ ਅਤੇ ਦਖ਼ਲ ਦੇਣ 'ਤੇ ਜੋਰ ਦਿੰਦਾ ਹੈ ਤਾਂ ਜੋ ਵਿਦਿਅਕ ਅਤੇ ਚਰਿੱਤਰ ਸਬੰਧੀ ਟੀਚਿਆਂ ਦੀ ਤੁਰੰਤ ਪ੍ਰਾਪਤੀ ਹੋਵੇ ਅਤੇ ਬੱਚੇ ਦੀ ਸਮੁੱਚੀ ਸ਼ਖ਼ਸੀਅਤ ਵਿਚ ਲੰਬੇ ਸਮੇਂ ਦੇ ਨਾਂਹ ਪੱਖੀ ਰੁਝਾਨਾਂ ਨੂੰ ਰੋਕਿਆ ਜਾ ਸਕੇ।

## ਭਾਰਤ ਵਿਖੇ ਬਾਲ ਅਤੇ ਕਿਸ਼ੋਰ ਅਵਸਥਾ 'ਚ ਮਾਨਸਿਕ ਸਿਹਤ ਕਮੀਆਂ

ਆਈ ਸੀ ਐਮ ਆਰ ਦੁਆਰਾ 2005 ਵਿਚ ਕੀਤੇ ਗਏ ਇਕ ਅਧਿਐਨ ਮੁਤਾਬਕ ਬਾਲ ਅਤੇ ਕਿਸ਼ੋਰ ਅਵਸਥਾ ਵਿਚ ਮਾਨਸਿਕ ਸਿਹਤ ਦੀਆਂ ਕਮੀਆਂ 12 ਤੋਂ 14 ਪ੍ਰਤਿਸ਼ਤ ਹਨ। ਪਹਿਲੀ ਸੂਚੀ ਦਰਸਾਉਂਦੀ ਹੈ ਕਿ 0-5 ਸਾਲ ਦੀ ਉਮਰ ਦੇ ਬੱਚਿਆਂ ਵਿਚ ਸਭ ਤੋਂ ਵੱਧ, 33 ਪ੍ਰਤਿਸ਼ਤ ਬਹੁਤ ਜਿਆਦਾ ਤੀਬਰ ਕਮੀਆਂ ਦੇ ਲੱਛਣ ਮਿਲੇ ਸਨ। 6-11 ਸਾਲ ਉਮਰ ਵਰਗ ਦੇ ਬੱਚਿਆਂ ਵਿਚ ਮਨੋਰੋਗ, ਬਹੁਤ ਜਿਆਦਾ ਜੋਸ਼ ਅਤੇ ਖਰਾਬ ਵਿਹਾਰ ਸਬੰਧੀ ਕਮੀਆਂ ਦੇਖੀਆਂ ਗਈਆਂ। ਲੜਕਿਆਂ ਵਿਚ ਮਨੋਰੋਗ ਅਤੇ ਵਿਹਾਰ ਦੀਆਂ ਕਮੀਆਂ ਬਹੁਤ ਜਿਆਦਾ ਸਨ ਜਦਕਿ ਲੜਕੀਆਂ ਵਿਚ ਬਹੁਤ ਜਿਆਦਾ ਜੋਸ਼ ਵਾਲੀਆਂ

ਸੂਚੀ-1 : ਤਿੰਨ ਉਮਰ ਵਰਗਾਂ ਵਿਚ ਰੋਗ ਲੱਛਣ ਜਾਂਚ ਦਾ ਤਰੀਕਾ

| | 0-5 ਸਾਲ (ਐਨ-188) | | 0-11 ਸਾਲ (ਐਨ-632) | | 12-16 ਸਾਲ (ਐਨ-1015) | |
|---|---|---|---|---|---|---|
| ਸੰ.ਨੰ. ਰੋਗ ਲੱਛਣ | ਨੰ: | ਪ੍ਰਤਿਸ਼ਤ | ਨੰ: | ਪ੍ਰਤਿਸ਼ਤ | ਨੰ: | ਪ੍ਰਤਿਸ਼ਤ |
| 1. ਮਨੋਰੋਗ | 4 | 2.1 | 45 | 7.1 | 412 | 40.6 |
| 2. ਬਹੁਤ ਜਿਆਦਾ ਜੋਸ਼ | 3 | 1.6 | 142 | 22.5 | 274 | 27.0 |
| 3. ਵਿਹਾਰਕ ਕਮੀਆਂ | 12 | 6.4 | 83 | 13.1 | 72 | 7.1 |
| 4. ਬਚਪਨ ਦੀਆਂ ਜਜ਼ਬਾਤੀ ਅਤੇ ਹੋਰ ਕਮੀਆਂ | 8 | 4.3 | 39 | 6.2 | 50 | 4.9 |
| 5. ਬਚਪਨ ਵਿਚ ਬਹੁਤ ਜ਼ਿਆਦਾ ਜੋਸ਼ ਦੇ ਲੱਛਣ | 62 | 33.0 | 92 | 14.6 | 9 | 0.9 |
| 6. ਪੇਸ਼ਾਬ ਨਾ ਰੋਕ ਪਾਉਣਾ | 3 | 1.6 | 39 | 6.2 | 19 | 1.9 |
| 7. ਥਥਲਾਉਣਾ ਅਤੇ ਤੁਤਲਾਉਣਾ 5 | 2.7 | 33 | 5.2 | 25 | 2.5 | |
| 8. ਸੌਣ ਵਿਚ ਵਿਸ਼ੇਸ਼ ਤੌਰ ਤੇ ਕਮੀ | 2 | 1.1 | 8 | 1.3 | 14 | 1.4 |
| 9. ਤਨਾਅ ਕਾਰਨ ਸਿਰ ਦਰਦ | 0 | 0 | 12 | 1.9 | 10 | 1.0 |
| 10. ਪੜ੍ਹ ਸਕਣ ਪੱਖੋਂ ਪਿਛੜਨਾ | 1 | 0.5 | 46 | 7.3 | 20 | 2.0 |
| 11. ਢਲ ਸਕਣ ਪੱਖੋਂ ਪ੍ਰਤਿਕਿਰਿਆ | 3 | 1.6 | 5 | 0.8 | 10 | 1.0 |
| 12. ਹੋਰ | 10 | 5.32 | 30 | 4.7 | 50 | 4.9 |
| 13. ਕੋਈ ਮਨੋਵਿਗਿਆਨਕ ਕਮੀ ਨਹੀਂ | 75 | 39.9 | 58 | 9.2 | 50 | 4.9 |

ਵਧੇਰੇ ਸਥਿਤੀਆਂ ਦੇਖੀਆਂ ਗਈਆਂ। 0–5 ਸਾਲ ਉਮਰ ਵਰਗ ਦੇ ਬੱਚਿਆਂ ਵਿਚ 22 ਪ੍ਰਤਿਸ਼ਤ, 6–11 ਸਾਲਾਂ ਵਿਚ 6 ਪ੍ਰਤਿਸ਼ਤ ਅਤੇ 12–16 ਸਾਲਾਂ ਦੀ ਉਮਰ ਵਾਲੇ 6 ਪ੍ਰਤਿਸ਼ਤ ਬੱਚਿਆਂ ਵਿਚ ਹਲਕੇ ਮਨੋਰੋਗ ਦੇ ਲੱਛਣ ਦੇਖੇ ਗਏ ਜੋ ਕਿ ਮਾਨਸਿਕ ਰੋਗਾਂ ਦੇ ਇਲਾਜ ਬਾਰੇ ਕਲੀਨਿਕਾਂ ਵਿਚ ਮਸ਼ਵਰੇ ਲਈ ਜਾ ਰਹੇ ਸਨ।

ਵਿਦਿਆਰਥੀਆਂ ਦੇ ਵੱਡੇ ਹੋਣ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਲੋੜਾਂ ਦੇ ਮੁੱਦੇ ਨਾਲ ਨਜਿੱਠਣ ਲਈ ਜ਼ਰੂਰੀ ਹੈ ਕਿ ਸਿਹਤ ਦੇ ਵਿਸ਼ੇ ਨੂੰ ਪਾਠਕ੍ਰਮ ਵਿਚ ਸ਼ਾਮਲ ਕੀਤਾ ਜਾਵੇ ਅਤੇ ਸਿਹਤ ਨੂੰ ਉਤਸਾਹਿਤ ਕਰਨ ਦਾ ਏਜੰਡਾ ਪ੍ਰਵਾਨ ਕੀਤਾ ਜਾਵੇ।

ਸਿਹਤ ਨੂੰ ਉਤਸਾਹਿਤ ਕਰਨ ਵਾਲਾ ਸਕੂਲ ਉਹ ਹੈ :

- ਜਿਹੜਾ, ਜਿਊਣ, ਸਿੱਖਣ ਅਤੇ ਕੰਮ-ਕਾਜ ਲਈ ਇਕ ਸਿਹਤਮੰਦ ਮਹੌਲ ਕਾਇਮ ਕਰਨ ਲਈ ਆਪਣੀਆਂ ਸਮਰਥਾਵਾਂ ਵਧਾਉਣ ਵਾਸਤੇ ਲਗਾਤਾਰ ਕੰਮ ਕਰ ਰਿਹਾ ਹੈ।
- ਜਿਹੜਾ, ਸਿਹਤ ਸਬੰਧੀ ਉਸਾਰੂ ਮਹੌਲ ਕਾਇਮ ਕਰਨ 'ਤੇ ਧਿਆਨ ਕੇਂਦਰਿਤ ਕਰੇ ਅਤੇ ਸਕੂਲੀ ਬੱਚਿਆਂ, ਅਮਲੇ, ਪਰਿਵਾਰ ਅਤੇ ਭਾਈਚਾਰੇ ਨੂੰ ਮੌਤ, ਬੀਮਾਰੀ ਅਤੇ ਅਸਮਰੱਥਾ ਦੇ ਅਹਿਮ ਕਾਰਨ ਦੱਸਦਿਆਂ ਇਨ੍ਹਾਂ ਦੀ ਖ਼ੁਦ ਰੋਕਥਾਮ ਕਰ ਸਕਣ ਲਈ ਉਨ੍ਹਾਂ ਨੂੰ ਸਮਰੱਥ ਬਣਾਵੇ।
- ਜਿਹੜਾ, ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਹਲਾਤਾਂ ਸਬੰਧੀ ਸਹੀ ਫੈਸਲੇ ਲਵੇ ਅਤੇ ਸਿਹਤ ਲਈ ਯੋਗ ਹਾਲਤਾਂ ਕਾਇਮ ਕਰੇ।

## ਸਕੂਲ ਸਿਹਤ ਪ੍ਰੋਗਰਾਮ ਦੇ ਅੰਗ

- ਸੁਰੱਖਿਅਤ ਸਕੂਲੀ ਮਹੌਲ।
- ਸਿਹਤ ਸਿੱਖਿਆ ਪਾਠਕ੍ਰਮ।
- ਤਰਤੀਬਵਾਰ ਸਰੀਰਕ ਸਿੱਖਿਆ ਪਾਠਕ੍ਰਮ।
- ਪੌਸ਼ਟਿਕਤਾ ਵਾਲੀਆਂ ਸੇਵਾਵਾਂ ਦਾ ਪ੍ਰੋਗਰਾਮ।
- ਸਮਾਜਕ ਸਿਹਤ ਸੇਵਾ ਪ੍ਰੋਗਰਾਮ।
- ਮਸ਼ਵਰਾ, ਮਨੋਵਿਗਿਆਨਕ ਅਤੇ ਸਮਾਜਕ ਸੇਵਾਵਾਂ।
- ਏਕੀਕ੍ਰਿਤ ਪਰਿਵਾਰ ਅਤੇ ਭਾਈਚਾਰਾ ਸ਼ਮੂਲੀਅਤ ਸਰਗਰਮੀਆਂ
- ਅਮਲਾ ਸਿਹਤ ਨੂੰ ਉਤਸਾਹਿਤ ਕਰਨ ਦੀ ਨੀਤੀ।

## ਸਕੂਲਾਂ ਵਿਚ ਸਿਹਤ ਸਬੰਧੀ ਪ੍ਰੋਗਰਾਮਾਂ ਦੀਆਂ ਕਿਸਮਾਂ

- ਮਾਨਸਿਕ ਸਿਹਤ ਨੂੰ ਉਤਸਾਹਿਤ ਕਰਨਾ ਤਾਂ ਜੋ ਜਾਗਰੂਕਤਾ ਅਤੇ ਮੁਕਾਬਲਾ ਕਾਇਮ ਕੀਤਾ ਜਾ ਸਕੇ।
- ਆਮ ਅਤੇ ਚੋਣਵੀਂ ਰੋਕਥਾਮ – ਤਾਂ ਜੋ ਜੋਖ਼ਿਮ ਅਤੇ ਸ਼ਿਕਾਰ ਬਣ ਸਕਣ ਸਬੰਧੀ ਕਾਰਕਾਂ ਨੂੰ ਘਟਾਇਆ ਜਾ ਸਕੇ ਅਤੇ ਇਸ ਲਈ ਸੁਰੱਖਿਅਕ ਕਾਰਕ ਕਾਇਮ ਕੀਤੇ ਜਾ ਸਕਣ।
- ਰੋਕਥਾਮ ਅਤੇ ਸ਼ੁਰੂਆਤੀ ਦਖ਼ਲਅੰਦਾਜ਼ੀ ਬਾਰੇ ਰਣਨੀਤੀਆਂ – ਉਨ੍ਹਾਂ ਲਈ ਜਿਨ੍ਹਾਂ ਵਿਚ ਕਮੀਆਂ ਦੇ ਸ਼ੁਰੂਆਤੀ ਲੱਛਣ ਮਿਲਣ।

1 ਤੋਂ 4 ਪੱਧਰਾਂ ਨੂੰ ਸ਼ੁਰੂਆਤੀ, ਬਾਅਦ ਵਾਲੇ ਅਤੇ ਤੀਜੇ ਪੱਧਰ ਦੇ ਰੋਕਥਾਮ ਉਪਰਾਲਿਆਂ ਨਾਲ ਸਬੰਧਿਤ ਕੀਤਾ ਜਾ ਸਕਦਾ ਹੈ। ਸ਼ੁਰੂਆਤੀ ਰੋਕਥਾਮ ਅਤੇ ਸਿਹਤ ਉਤਸਾਹਿਤ ਕਰਨ ਦਾ ਟੀਚਾ, (ਪੱਧਰ 1 ਅਤੇ 2) ਸਿਹਤਮੰਦ ਅਤੇ ਗ਼ੈਰ ਸਿਹਤਮੰਦ ਸਥਿਤੀਆਂ ਦੇ ਕਾਰਨਾਂ ਨੂੰ ਵੇਖਦਿਆਂ ਉਪਰਾਲੇ ਕਰਨਾ ਹੈ ਤਾਂ ਜੋ ਸਿਹਤਮੰਦ ਵਿਚਾਰਾਂ ਨੂੰ ਉਤਸਾਹ ਮਿਲੇ ਅਤੇ ਕਿਸੇ ਅਰੋਗਤਾ ਨੂੰ ਵਿਕਸਤ ਹੋਣ ਤੋਂ ਰੋਕਿਆ ਜਾ ਸਕੇ। ਬਾਅਦ ਵਾਲੀ ਰੋਕਥਾਮ (ਪੱਧਰ 3) ਵਧੇਰੇ ਚੋਣਵੇਂ ਵਿਅਕਤੀਆਂ 'ਤੇ ਕੇਂਦਰਿਤ ਹੈ ਜੋ ਉੱਚ-ਜੋਖ਼ਮ ਹੇਠ ਆਉਂਦੇ ਹਨ। ਤੀਜੇ ਦਰਜੇ ਦੀ ਰੋਕਥਾਮ ਉਨ੍ਹਾਂ ਲਈ ਹੈ ਜਿਨ੍ਹਾਂ ਵਿਚ ਪਹਿਲਾਂ ਹੀ ਕਮੀਆਂ ਵਿਕਸਤ ਹੋ ਚੁੱਕੀਆਂ ਹਨ ਤੇ ਹੁਣ ਸਾਰਾ ਧਿਆਨ ਰੋਗ ਦੇ ਇਲਾਜ, ਰੋਗ ਕਾਰਨ ਸਥਿਤੀ ਵਿਗੜਨ ਨੂੰ ਰੋਕਣ ਅਤੇ ਰੋਗ ਦੇ ਮੁੜ ਵਿਕਸਤ ਹੋ ਜਾਣ ਦੀ ਰੋਕਥਾਮ 'ਤੇ ਕੇਂਦਰਿਤ ਹੈ।

## ਲਾਗੂ ਕੀਤੇ ਜਾਣ ਲਈ ਮੁਢਲੇ ਦਿਸ਼ਾ ਨਿਰਦੇਸ਼

ਸਕੂਲ ਅਧਾਰਿਤ ਮਾਨਸਿਕ ਸਿਹਤ ਪ੍ਰੋਗਰਾਮ ਮਾਹੌਲ ਪੱਖੀ ਜਾਂ ਬਾਲ ਪੱਖੀ ਹੋ ਸਕਦੇ ਹਨ।

## ਮਾਹੌਲ ਪੱਖੀ ਤਰੀਕੇ

ਇਸ ਤਰੀਕੇ ਵਿਚ ਉਦੇਸ਼ ਹੁੰਦਾ ਹੈ ਸਕੂਲ ਦਾ ਵਿਦਿਅਕ ਮਾਹੌਲ ਸੁਧਾਰਨਾ ਅਤੇ ਬੱਚੇ ਨੂੰ ਸਕੂਲੀ ਸਿਹਤ ਪ੍ਰੋਗਰਾਮ ਦਾ ਲਾਹਾ ਲੈਣ ਦੇ ਅਵਸਰ ਮੁਹੱਈਆ ਕਰਵਾਉਣਾ। ਹਾਂ ਪੱਖੀ ਮਾਨਸਿਕ ਸਿਹਤ ਮਾਹੌਲ ਵਿਚ ਸ਼ਾਮਲ ਹੈ, ਸਕੂਲ ਵਿਚ ਬਿਤਾਇਆ ਗਿਆ ਸਮਾਂ, ਖੇਡ ਸਰਗਰਮੀਆਂ ਦੀ ਬਣਤਰ, ਸਕੂਲ ਦਾ ਭੌਤਿਕ ਢਾਂਚਾ ਅਤੇ ਜਮਾਤ ਦੀ ਸਜਾਵਟ। ਅਜਿਹਾ ਪ੍ਰੋਗਰਾਮ, ਸਕੂਲੀ ਅਮਲੇ, ਵਿਦਿਆਰਥੀਆਂ ਅਤੇ ਮਾਪਿਆਂ ਵਿਚਕਾਰ ਸੰਚਾਰ, ਸਮਝਦਾਰੀ ਅਤੇ ਆਦਰ ਸੁਧਾਰਨ ਲਈ ਤਾਲਮੇਲ ਅਤੇ ਸਹਿਯੋਗ ਵਾਲੇ ਉਪਰਾਲੇ ਮੁਹੱਈਆ ਕਰਦਾ ਹੈ।


## ਬਾਲ ਪੱਖੀ ਤਰੀਕਾ

ਬਾਲ ਪੱਖੀ ਤਰੀਕੇ ਵਿਚ ਸ਼ਾਮਲ ਹੁੰਦਾ ਹੈ, ਨਿੱਜੀ ਮਾਨਸਿਕ ਸਿਹਤ ਮਸ਼ਵਰਾ ਅਤੇ ਵਿਸ਼ੇਸ਼ ਸਮੱਸਿਆ ਕੇਂਦਰਿਤ ਉਪਰਾਲੇ ਅਤੇ ਵਧੇਰੇ ਵਿਆਪਕ ਜਮਾਤ ਪ੍ਰੋਗਰਾਮ ਤਾਂ ਜੋ ਸਥਿਤੀ ਨਾਲ ਨਜਿੱਠਣ ਦੀਆਂ ਕੌਸ਼ਲਤਾਵਾਂ, ਸਮਾਜਕ ਹਮਾਇਤ ਅਤੇ ਸਵੈਮਾਨ ਦੀ ਭਾਵਨਾ ਨੂੰ ਸੁਧਾਰਿਆ ਜਾ ਸਕੇ।

ਨੌਜਵਾਨਾਂ ਦੇ ਸ਼ਕਤੀਕਰਨ ਲਈ ਹਰੇਕ

*ਬਾਕੀ ਸਫ਼ਾ 70 ਉੱਤੇ*

**ਸਕੂਲਾਂ ਵਿਚ ਮਾਨਸਿਕ ਸਿਹਤ ਪ੍ਰੋਗਰਾਮ ਲਈ ਖ਼ਾਕਾ**



# ਪ੍ਰਾਚੀਨ ਭਾਰਤ ਵਿਚ ਸਿੱਖਿਆ

## ਮੰਦਰਾਂ ਵਾਲੇ ਵਿਦਿਆਪੀਠ ਅਤੇ ਦੱਖਣ ਦੇ ਅਗ੍ਰਹਾਰਾ ਪਿੰਡ

✍ ਦਲੀਪ ਕੇ ਚੱਕਰਵਰਤੀ

ਪ੍ਰਾਚੀਨ ਭਾਰਤ ਦੀ ਸਿੱਖਿਆ ਪ੍ਰਣਾਲੀ ਉਤੇ ਬਹੁਤ ਸਾਰੇ ਸ਼ਿਲਾਲੇਖਾਂ ਵਲੋਂ ਚਾਨਣਾ ਪਾਇਆ ਗਿਆ ਹੈ, ਇਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਏ, ਬੀ ਅਤੇ ਸੀ ਦੇ ਸਲੋਤਗੀ ਥੰਮ੍ਹ ਸ਼ਿਲਾਲੇਖ ਲਗਦੇ ਹਨ ਜੋ ਸ਼ਕ ਸੰਮਤ 867 ਜਾਂ 945 ਈਸਾ ਤੋਂ ਬਾਅਦ ਜਿੰਨੇ ਪੁਰਾਣੇ ਹਨ। 'ਐਪੀਗਰਾਫਿਕਾ ਇੰਡੀਕਾ' ਦੀ ਚੌਥੀ ਜਿਲਦ (1896–97) ਵਿਚ ਐਫ ਕੀਲਹੌਰਨ ਅਤੇ ਐਚ ਕ੍ਰਿਸ਼ਨ ਸ਼ਾਸਤਰੀ ਦੁਆਰਾ ਇਸ ਸ਼ਿਲਾਲੇਖ ਦਾ ਸੰਪਾਦਨ ਕੀਤਾ ਗਿਆ ਹੈ। ਹੋਰ ਗੱਲਾਂ ਤੋਂ ਇਲਾਵਾ ਇਸ ਸ਼ਿਲਾਲੇਖ ਵਿਚ ਇਸ ਦਾ ਵਰਨਣ ਵੀ ਹੈ ਕਿ ਪਵਿਤਾਜ ਪਿੰਡ ਦੇ ਮੁਖੀ ਚੱਕ੍ਰਯੁਧ ਬੁੱਧ ਨੇ ਸੂਰਜ ਗ੍ਰਹਿਣ ਸਮੇਂ ਗੋਦਾਵਰੀ ਵਿਚ ਇਸ਼ਨਾਨ ਕੀਤਾ ਸੀ ਅਤੇ ਪਿੰਡ ਵਿਚ ਸਥਿਤ ਸਕੂਲ ਦੇ ਵਿਦਵਾਨਾਂ ਨੂੰ 500 *ਨਿਵਰਤਨਾ* ਕਰ-ਮੁਕਤ ਜ਼ਮੀਨ ਪ੍ਰਦਾਨ ਕੀਤੀ। ਜ਼ਮੀਨ ਦਾ ਇਕ *ਨਿਵਰਤਨਾ* ਲਗਭਗ 5 ਏਕੜ ਦੇ ਬਰਾਬਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਪਿੰਡ ਦੇ ਮੁਖੀ ਨੇ ਲਗਭਗ 2500 ਏਕੜ ਜ਼ਮੀਨ ਸਕੂਲ ਨੂੰ ਦਾਨ ਵਿਚ ਦਿੱਤੀ। ਇਸ ਦੇ ਨਾਲ ਹੀ ਉਸ ਨੇ ਸਕੂਲ ਵਿਚ ਫੁੱਲਾਂ ਦੇ ਬਾਗ਼ ਲਈ 4 *ਨਿਵਰਤਨਾ* ਅਤੇ 12 *ਨਿਵਰਤਨਾ* ਜ਼ਮੀਨ ਸਕੂਲ ਵਿਚ ਰੌਸ਼ਨੀ ਦੇ ਪ੍ਰਬੰਧ ਲਈ ਖਰਚੇ ਵਜੋਂ ਵੀ ਦਾਨ ਵਿਚ ਦਿੱਤੀ। ਇਸ ਤੋਂ ਇਲਾਵਾ 27 ਰਿਹਾਇਸ਼ੀ ਥਾਵਾਂ ਵੀ ਸਕੂਲ ਨੂੰ ਦਾਨ ਕੀਤੀਆਂ ਗਈਆਂ।

ਇਸ ਦੇ ਨਾਲ ਹੀ, ਪਿੰਡ ਵਿਚ ਹੋਣ ਵਾਲੇ *ਵਿਆਹ, ਮੁੰਡਨ* ਅਤੇ *ਜਨੇਊ ਧਾਰਨ* ਕਰਨ ਵਰਗੇ ਮੌਕਿਆਂ ਉਤੇ ਪ੍ਰਾਪਤ ਹੋਣ ਵਾਲੇ ਵਿਸ਼ੇਸ਼ ਦਾਨ ਤੋਂ ਸਕੂਲ ਦੀ ਮਾਲੀ ਹਾਲਤ ਵਿਚ ਵਾਧੇ ਦੀ ਆਸ ਵੀ ਕੀਤੀ ਜਾਂਦੀ ਸੀ।

''ਜਦੋਂ ਕਿਸੇ ਵੀ ਮੌਕੇ ਬ੍ਰਾਹਮਣਾਂ ਨੂੰ ਦਾਅਵਤ ਦੇਣੀ ਹੁੰਦੀ ਸੀ ਤਾਂ ਇਹ ਦਾਅਵਤ ਇਕੱਠ ਦੇ ਮੈਂਬਰਾਂ ਦੇ ਸਾਧਨਾਂ ਦੇ ਮੁਤਾਬਕ ਹੀ ਹੁੰਦੀ। ਅਤੇ ਇਸ ਸਕੂਲ ਵਿਚ ਅਧਿਆਪਕ ਲਈ ਕਿਸੇ ਵੱਡੇ ਦਾਨੀ ਵਲੋਂ 50 *ਨਿਵਰਤਨਾ* ਕਰ ਮੁਕਤ ਜ਼ਮੀਨ ਅਤੇ ਇਕ ਕਰ ਮੁਕਤ ਰਹਾਇਸ਼ ਵੀ ਦਿੱਤੀ ਜਾਂਦੀ।''

ਉਪਰੋਕਤ ਸਮੱਗਰੀ ਸਲੋਤਗੀ ਮੰਦਰ ਸ਼ਿਲਾਲੇਖ ਦੀ ਹੈ ਜਿਸ ਨੂੰ 'ਏ' ਨਾਮ ਦਿੱਤਾ ਗਿਆ ਹੈ। 'ਬੀ' ਸ਼ਿਲਾਲੇਖ ਦੀ ਕੋਈ ਤਰੀਕ ਨਹੀਂ ਪਰ ਇਸ ਨੂੰ 'ਏ' ਸ਼ਿਲਾਲੇਖ (ਮਤਲਬ 945 ਈਸਾ ਬਾਅਦ) ਦੀ ਸਮਕਾਲੀ ਮੰਨਿਆ ਗਿਆ ਹੈ। ਇਸ ਸ਼ਿਲਾਲੇਖ ਵਿਚ ਵਰਨਣ ਕੀਤਾ ਗਿਆ ਹੈ ਕਿ ਜਿਸ ਸਕੂਲ ਦੀ ਇਮਾਰਤ ਨੂੰ ਸ਼ਿਲਾਲੇਖ 'ਏ' ਕਿਹਾ ਗਿਆ ਹੈ, ਇਸ ਦੀ ਮੁੜ ਉਸਾਰੀ ਕਿਸੇ *ਕੰਚੀਗਾ* ਵਲੋਂ ਕੀਤੀ ਗਈ ਸੀ ਜੋ ਕੁਪਾਨਪੁਰਾ ਦਾ ਨਿਵਾਸੀ ਸੀ ਅਤੇ ਸੇਲੇਰਸ ਨਸਲ ਵਿਚੋਂ ਸੀ; ਅਤੇ ਉਸ ਨੇ ਕੁੱਝ ਜ਼ਮੀਨ ਉਸੇ ਹਾਲ ਕਮਰੇ ਵਾਸਤੇ ਦਾਨ ਦਿੱਤੀ ਅਤੇ ਇਸ ਕਰਕੇ ਇਸ ਫ਼ਰਮਾਨ ਨੂੰ ਉਕਾਰਿਆ ਗਿਆ।

ਸ਼ਿਲਾਲੇਖ 'ਸੀ' ਦੀ ਕੋਈ ਪੱਕੀ ਤਰੀਕ ਨਹੀਂ ਮਿਲਦੀ ਪਰ ਇਹ ਈਸਾ ਤੋਂ ਬਾਅਦ 11ਵੀਂ/12ਵੀਂ ਸਦੀ ਦੀ ਮੰਨੀ ਜਾਂਦੀ ਹੈ। ਇਸ ਨੂੰ ਉਕਾਰਨ ਵਾਲੇ ਆਦਮੀ ਦਾ ਨਾਮ ਮਹਾਮੰਡਲੇਸ਼ਵਰ ਗੋਵਨਰਾਸ ਸੀ ਜੋ ਕੁਪਾਨਪੁਰਾ ਸ਼ਹਿਰ ਦਾ ਸ਼ਾਸਕ ਸੀ ਅਤੇ ਜਿਸ ਦਾ ਜਨਮ ਸਿਲਹਾਰਾ ਦੇ ਰਾਜਾ ਜਿਮੁਤਵਾਹਨਾ ਦੇ ਕੁਲ਼ ਵਿਚੋਂ ਹੋਇਆ ਸੀ। ਇਕ ਵਾਰ ਫੇਰ ਕੁਝ ਜ਼ਮੀਨ ਸਕੂਲ ਦੇ ਸਮੁੱਚੇ ਰੱਖ-ਰਖਾਅ ਲਈ ਦਾਨ ਵਿਚ ਦਿੱਤੀ ਗਈ। ਤੀਜਾ ਸ਼ਿਲਾਲੇਖ ਈਸਾ ਤੋਂ ਬਾਅਦ 11ਵੀਂ ਸਦੀ ਦਾ ਹੈ।

ਇਹ ਸਾਰੇ ਸ਼ਿਲਾਲੇਖ, ਜਿਨ੍ਹਾਂ ਦਾ ਸਮਾਂ ਇਕ ਸੌ ਸਾਲ ਤੋਂ ਵੱਧ ਦਾ ਹੈ (945 ਈਸਵੀ–11ਵੀਂ ਸਦੀ, ਈਸਾ ਉਪਰੰਤ) ਇਸ ਦੀ ਗਵਾਹੀ ਦਿੰਦੇ ਹਨ ਕਿ ਕਰਨਾਟਕ ਦੇ ਮਹੀਸ਼ਾ ਜ਼ਿਲ੍ਹੇ ਦੇ ਪਵਿਤਾਜ ਪਿੰਡ ਵਿਖੇ ਸਥਿਤ ਸਕੂਲ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਲਈ ਜਿਵੇਂ ਕਿ ਇਮਾਰਤਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਰਹਿਣ–ਸਹਿਣ ਦਾ ਖਰਚ, ਆਮ ਰੱਖ-ਰਖਾਅ, ਰੌਸ਼ਨੀ ਅਤੇ ਫੁੱਲਾਂ ਦੇ ਬਾਗ਼ ਲਈ, ਪਿੰਡ ਅਤੇ ਇਸ ਦੇ ਆਲੇ-ਦੁਆਲੇ ਦੇ ਲੋਕਾਂ ਕੋਲੋਂ ਕਾਫ਼ੀ ਜ਼ਮੀਨ ਦਾਨ ਵਿਚ ਪ੍ਰਾਪਤ ਹੋਈ ਸੀ। ਪਿੰਡ ਵਾਲਿਆਂ ਤੋਂ ਵਾਧੂ ਸਹਾਇਤਾ ਵੀ ਮਿਲਦੀ ਸੀ ਜਿਵੇਂ ਹਰੇਕ *ਵਿਆਹ* ਮੌਕੇ ਉਤੇ 5 ਰੁਪਏ ਦੇ ਬਰਾਬਰ, ਹਰੇਕ *ਉਪੰਨਿਆਨਾ* ਲਈ ਢਾਈ ਰੁਪਏ ਅਤੇ ਹਰੇਕ *ਮੁੰਡਨ* ਲਈ ਸਵਾ ਰੁਪਏ ਦੇ ਬਰਾਬਰ।

ਸਲੋਤਗੀ ਸ਼ਿਲਾਲੇਖ ਇਸ ਦੀ ਸਪੱਸ਼ਟ ਉਦਾਹਰਣ ਹਨ ਜਿਨ੍ਹਾਂ ਨੂੰ ਮੰਦਰ ਵਿਦਿਆਪੀਠ ਕਿਹਾ ਜਾ ਸਕਦਾ ਹੈ। ਦੱਖਣੀ ਭਾਰਤ ਵਿਚ ਅਜਿਹੇ ਮੰਦਰ ਵਿਦਿਆਪੀਠਾਂ ਦੇ ਕੁਝ ਹੋਰ ਸ਼ਿਲਾਲੇਖੀ ਉਦਾਹਰਣ ਵੀ ਮਿਲਦੇ ਹਨ। 11ਵੀਂ ਸਦੀ ਦੇ ਸ਼ੁਰੂ ਵਿਚ (ਈਸਾ ਤੋਂ ਬਾਅਦ) ਤਮਿਲਨਾਡੂ ਦੇ ਦੱਖਣੀ ਅਰਕੋਟ ਜ਼ਿਲ੍ਹੇ ਵਿਚ ਏਨਈਰਮ ਵਿਖੇ ਸਥਿਤ ਇਸ ਕਿਸਮ ਦਾ ਹੀ ਇਕ ਵਿਦਿਆਪੀਠ ਸੀ ਜਿਥੇ 16 ਅਧਿਆਪਕ ਇਕ ਤਹਿਸ਼ੁਦਾ ਪਾਠਕ੍ਰਮ ਪੜ੍ਹਾਉਂਦੇ ਸਨ। 340 ਵਿਦਿਆਰਥੀਆਂ ਦੀ ਮੁਫਤ ਸਿੱਖਿਆ ਅਤੇ ਰਹਿਣ–ਸਹਿਣ ਲਈ ਪਿੰਡ ਦੇ ਸਥਾਨਕ ਭਾਈਚਾਰੇ ਵਲੋਂ 300 ਏਕੜ ਜ਼ਮੀਨ ਵਿਦਿਆਪੀਠ ਨੂੰ ਦਿੱਤੀ ਗਈ ਸੀ। ਪੜ੍ਹਾਏ ਜਾਣ ਵਾਲੇ ਹਰੇਕ ਵਿਸ਼ੇ ਲਈ ਥਾਵਾਂ ਦੀ ਗਿਣਤੀ ਵੀ ਤਹਿ ਸੀ – ਜਿਵੇਂ ਕਿ ਰਿਗਵੇਦ ਅਤੇ ਕਾਲ ਯਜੁਰਵੇਦ

ਲਈ 75-75 ਥਾਵਾਂ, ਸਾਮਵੇਦ ਲਈ 40, ਅਥਰਵਵੇਦ, ਬੌਧਿਆਨਾ ਧਰਮਸੂਤਰ ਅਤੇ ਵੇਦਾਂਤਾ ਲਈ 20-20 ਥਾਵਾਂ, ਵਿਆਕਰਣ ਲਈ 25, ਮਿਮਾਂਸਾ ਲਈ 35 ਅਤੇ ਰੂਪਾਵਤਰਾ (ਅਣਜਾਣ) ਲਈ 40। ਇਸ ਕਰਕੇ ਮੁੱਖ ਤੌਰ ਉਤੇ ਇਹ ਇਕ ਵੈਦਿਕ ਵਿਦਿਆਪੀਠ ਸੀ। ਰਿਗਵੇਦ ਅਤੇ ਕਾਲ ਯਜੁਰਵੇਦ ਲਈ 3-3 ਅਧਿਆਪਕ ਸਨ। ਮਿਮਾਂਸਾ ਲਈ 2 ਅਤੇ ਬਾਕੀ ਹਰੇਕ ਵਿਸ਼ੇ ਲਈ 1-1 ਅਧਿਆਪਕ ਸੀ। ਹਰੇਕ ਵੈਦਿਕ ਵਿਦਿਆਰਥੀ ਨੂੰ ਹਰ ਸਾਲ ਹੋਰਨਾਂ ਖਰਚਿਆਂ ਲਈ 1/8 ਤੋਲਾ ਸੋਨੇ ਤੋਂ ਇਲਾਵਾ ਰੋਜ਼ਾਨਾ 16 ਸੇਰ ਚਾਵਲ ਮਿਲਦੇ ਸਨ। ਵਿਆਕਰਣ ਅਤੇ ਫਲਸਫੇ ਦੇ ਵਿਦਿਆਰਥੀਆਂ ਨੂੰ ਲਗਭਗ 66 ਪ੍ਰਤਿਸ਼ਤ ਵਾਧੂ ਭੱਤਾ ਮਿਲਦਾ। ਅਧਿਆਪਕਾਂ ਨੂੰ ਰੋਜ਼ਾਨਾ 16 ਸੇਰ ਚਾਵਲ ਮਿਲਦੇ ਭਾਵੇਂ ਕਿ ਵੇਦਾਂਤਾ ਦੇ ਅਧਿਆਪਕਾਂ ਨੂੰ 25 ਪ੍ਰਤਿਸ਼ਤ ਵੱਧ ਰਕਮ ਮਿਲਦੀ। 11ਵੀਂ ਸਦੀ ਦਾ ਤਿਰੂਮੁੱਕੂਦਲ ਮੰਦਰ ਵਿਦਿਆਪੀਠ ਚਿੰਗਲਪੁਟ ਜ਼ਿਲ੍ਹੇ ਦੀ ਤਿਰੂਮੁੱਕੂਦਲ ਥਾਂ ਉਤੇ ਸਥਿਤ ਵੈਂਕਟੇਸ਼ ਪੇਰੂਮਲ ਮੰਦਰ ਵਿਚ ਸਥਿਤ ਸੀ ਜਿਸ ਵਿਚ ਇਕ ਵਿਦਿਆਪੀਠ, ਇਕ ਹੋਸਟਲ ਅਤੇ ਇਕ ਹਸਪਤਾਲ ਸੀ। ਇਥੇ 60 ਵਿਦਿਆਰਥੀ ਪੜ੍ਹਦੇ ਸਨ ਜਿਨ੍ਹਾਂ ਦੀ ਵਿਸ਼ੇ ਅਨੁਸਾਰ ਗਿਣਤੀ ਤਹਿ ਸੀ - ਰਿਗਵੇਦ ਲਈ 10, ਯਜੁਰਵੇਦ ਲਈ 10, ਵਿਆਕਰਣ ਲਈ 20, ਪੰਚ-ਰਾਤਰਾ ਪ੍ਰਣਾਲੀ ਲਈ 10, ਸਈਵਗਾਮਾ ਲਈ 3 ਅਤੇ 7 ਵਾਣਪ੍ਰਸਥ ਅਤੇ ਸੰਨਿਆਸਣਾਂ ਲਈ। ਵੈਦਿਕ ਅਧਿਆਪਕਾਂ ਨੂੰ ਰੋਜ਼ਾਨਾ 3 ਸੇਰ ਚਾਵਲ ਮਿਲਦੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਉਹ ਨਿਯਮਿਤ ਅਧਿਆਪਕ ਨਹੀਂ ਸਨ। ਸੰਭਵ ਹੈ ਕਿ ਵਿਆਕਰਣ ਪੜ੍ਹਾਉਣ ਵਾਲਾ ਅਧਿਆਪਕ ਨਿਯਮਿਤ ਸੀ ਕਿਉਂਕੀ ਉਸ ਨੂੰ ਰੋਜ਼ਾਨਾ 8 ਸੇਰ ਚਾਵਲ ਮਿਲਦੇ ਸਨ।

13ਵੀਂ ਸਦੀ ਵਿਚ ਚਿੰਗਲਪੁਟ ਜ਼ਿਲ੍ਹੇ ਦੇ ਤਿਰੂਵੋਰਿਊਰ ਵਿਚ ਇਕ ਵਿਸ਼ਾਲ ਵਿਆਕਰਣ ਵਿਦਿਆਪੀਠ ਹੁੰਦਾ ਸੀ ਜੋ ਸਥਾਨਕ ਸ਼ਿਵ ਮੰਦਰ ਦੇ ਨਾਲ ਲਗਦੇ ਇਕ ਵੱਡੇ ਹਾਲ ਵਿਚ ਸਥਿਤ ਸੀ। ਇਸ ਵਿਦਿਆਪੀਠ ਕੋਲ 400 ਏਕੜ ਜ਼ਮੀਨ ਸੀ ਅਤੇ ਇਹ 14ਵੀਂ ਸਦੀ ਵਿਚ ਵੀ ਮੌਜੂਦ ਸੀ ਜਦੋਂ ਇਸ ਦੇ ਰੱਖ-ਰਖਾਅ ਲਈ ਕੁਝ ਵਾਧੂ ਕਰ ਵੀ ਲਾਏ ਗਏ ਸਨ।

ਆਂਧਰਾ ਪ੍ਰਦੇਸ਼ ਦੇ ਗੁੰਟੂਰ ਇਲਾਕੇ ਦੇ ਮਲਕਾਪੁਰਮ ਵਿਚ 1268 ਈਸਵੀ ਦਾ ਇਕ ਸ਼ਿਲਾਲੇਖ ਉਸ ਥਾਂ ਦੀ ਸਥਿਤੀ ਦਿਖਾਉਂਦਾ ਹੈ ਜਿਸ ਵਿਚ ਇਕ ਮੰਦਰ, ਵਿਦਿਆਪੀਠ, ਇਕ ਹੋਸਟਲ ਅਤੇ ਇਕ ਹਸਪਤਾਲ ਹੈ। ਵਿਦਿਆਪੀਠ ਵਿਚ ਅੱਠ ਅਧਿਆਪਕ ਸਨ: 3 ਵੇਦਾਂ ਲਈ ਅਤੇ 5 ਵਿਆਕਰਣ, ਸਾਹਿਤ, ਤਰਕ ਅਤੇ ਅਗਾਮਾ ਲਈ। ਇਕ ਡਾਕਟਰ ਹਸਪਤਾਲ ਦਾ ਮੁਖੀ ਸੀ। ਮਲਕਪੁਰ ਮੰਦਰ ਵਿਦਿਆਪੀਠ ਦੇ ਹਰੇਕ ਅਧਿਆਪਕ ਨੂੰ ਮਿਹਨਤਾਨੇ ਵਜੋਂ ਦੋ *ਪੱਤੀਆਂ* ਜ਼ਮੀਨ ਮਿਲਦੀ ਸੀ ਜੋ ਕਿ ਤਰਖਾਣਾਂ ਅਤੇ ਢੋਲ ਵਜਾਉਣ ਵਾਲਿਆਂ ਨੂੰ ਮੰਦਰ ਪ੍ਰਬੰਧਕਾਂ ਵਲੋਂ ਦਿੱਤੀ ਜਾਣ ਵਾਲੀ ਜ਼ਮੀਨ ਤੋਂ ਦੁੱਗਣੀ ਸੀ।

ਏ ਐਸ ਐਲਟੇਕਰ (ਪ੍ਰਾਚੀਨ ਭਾਰਤ ਵਿਚ ਸਿੱਖਿਆ 1944, ਪੰਨਾ 136) ਅਨੁਸਾਰ 900-1400 ਈਸਵੀ ਦੌਰਾਨ ਦੱਖਣ ਵਿਚ ਅਜਿਹੇ ਕਈ ਹੋਰ ਮੰਦਰ ਵਿਦਿਆਪੀਠ ਸਨ। ਜਿਵੇਂ ਕਿ 10ਵੀਂ ਸਦੀ ਵਿਚ ਧਾਰਵਾੜ ਮਾਥਾ ਦੇ ਹੇਬਲ ਵਿਖੇ ਭੁਜਬੇਸਵਰਾ ਮੰਦਰ ਕੋਲ ਰੱਖ-ਰਖਾਅ ਤੇ ਵਿਦਿਆਰਥੀਆਂ ਦੀ ਸਿੱਖਿਆ ਲਈ 200 ਏਕੜ ਜ਼ਮੀਨ ਸੀ। ਆਂਧਰਾ ਦੇ ਨਗਈ ਵਿਖੇ ਮੰਦਰ ਦੇ ਸੰਸਕ੍ਰਿਤ ਵਿਦਿਆਪੀਠ ਵਿਖੇ 200 ਵਿਦਿਆਰਥੀਆਂ ਨੂੰ ਸਮ੍ਰਿਤੀਆਂ, 200 ਨੂੰ ਵੈਦਿਕ ਗਾਥਾਵਾਂ, 100 ਨੂੰ ਮਹਾਕਾਵਾਂ ਅਤੇ 52 ਨੂੰ ਫਲਸਫੇ ਵਿਚ ਸਿੱਖਿਆ ਦਿੱਤੀ ਜਾਂਦੀ ਸੀ। ਇਸ ਦੀ ਲਾਇਬ੍ਰੇਰੀ ਵਿਚ 6 ਲਾਇਬ੍ਰੇਰੀਅਨ ਸਨ। 1075 ਈਸਵੀ ਵਿਚ ਬੀਜਾਪੁਰ ਦੇ ਇਕ ਮੰਦਰ ਨੂੰ ਰਿਸ਼ੀਆਂ ਮੁਨੀਆਂ ਨੂੰ ਖਾਣਾ ਅਤੇ ਕੱਪੜੇ ਮੁਹੱਈਆ ਕਰਵਾਉਣ ਲਈ ਅਤੇ ਯੋਗੇਸ਼ਵਰ ਪੰਡਿਤਾ ਵਲੋਂ ਸਥਾਪਤ ਕੀਤੇ ਗਏ ਮਿਮਾਂਸਾ ਵਿਦਿਆਲੇ ਦੇ ਵਿਦਿਆਰਥੀਆਂ ਦੇ ਰੱਖ-ਰਖਾਅ ਲਈ 1200 ਏਕੜ ਜ਼ਮੀਨ ਦਾਨ ਵਿਚ ਪ੍ਰਾਪਤ ਹੋਈ ਸੀ। ਦੱਖਣ ਦੇ ਹੇਠ ਲਿਖੇ ਮੰਦਰ ਵਿਦਿਆਪੀਠਾਂ ਦੇ ਵੀ ਦਸਤਾਵੇਜ਼ ਉਪਲਬਧ ਹਨ : 12ਵੀਂ ਸਦੀ ਦੇ ਦੂਜੇ ਅੱਧ ਵਿਚ ਮੰਨਾਗੋਲੀ (ਬੀਜਾਪੁਰ) ਦਾ ਇਕ ਵਿਆਕਰਣ ਵਿਦਿਆਲਾ ਜਿਸ ਨੂੰ 20 ਏਕੜ ਜ਼ਮੀਨ ਦਾਨ ਵਿਚ ਪ੍ਰਾਪਤ ਹੋਈ, ਲਗਭਗ ਇਸੇ ਸਮੇਂ ਕਰਨਾਟਕ ਦੇ ਬੇਲਗਾਮ ਵਿਚ ਦਕਸ਼ਿਨੇਸ਼ਵਰਾ ਮੰਦਰ ਨੂੰ ਇਕ ਮੰਦਰ ਵਿਦਿਆਲਾ ਮਿਲਿਆ; ਸ਼ਿਮੋਗਾ ਦੇ ਤਲਗੌਂਡਾ ਵਿਚ 1158 ਈਸਵੀ ਵਿਚ ਸਥਾਨਕ ਪ੍ਰਨੇਸਵਰ ਮੰਦਰ ਵਿਚ ਇਕ ਵਿਦਿਆਪੀਠ ਖੋਲ੍ਹੀ ਗਈ ਜੋ ਰਿਗ, ਯਜੁਰ ਅਤੇ ਸਾਮ ਵੇਦ, ਪ੍ਰਭਾਕਰ-ਮਿਮਾਂਸਾ, ਫਲਸਫਾ (ਵੇਦਾਂਤਾ) ਭਾਸ਼ਾਈ ਜਾਂ ਭਾਸ਼ਾ ਸ਼ਾਸਤਰ ਅਤੇ ਕੈਨਾਰੀਸ ਵਿਚ 48 ਵਿਦਿਆਰਥੀਆਂ ਨੂੰ ਸਿੱਖਿਆ ਅਤੇ ਰੱਖ ਰਖਾਅ ਪ੍ਰਦਾਨ ਕਰਦੀ ਸੀ। ਵਿਦਿਆਪੀਠ ਦੀ ਰਸੋਈ ਵਿਚ ਦੋ ਰਸੋਈਏ ਸਨ। ਤੰਜੋਰ ਦੇ ਪੁੰਨਾਵਈਲ ਵਿਚ ਇਕ ਮੰਦਰ ਨਾਲ ਜੁੜੇ ਹੋਏ ਵਿਆਕਰਣ ਵਿਦਿਆਪੀਠ ਕੋਲ 400 ਏਕੜ ਜ਼ਮੀਨ ਸੀ।

ਐਲਟੇਕਰ (137-138) ਅਗੋਂ ਕਹਿੰਦੇ ਹਨ :

"ਦੱਖਣੀ ਭਾਰਤੀ ਸ਼ਿਲਾਲੇਖ 604, 667, 571 ਅਤੇ 695 - ਤਾਮਿਲ ਦੇਸ਼ ਦੇ ਵੱਖ-ਵੱਖ ਮੰਦਰ ਵਿਦਿਆਪੀਠਾਂ ਵਿਚ ਅਧਿਆਪਕਾਂ ਦੀ ਤਨਖਾਹ ਅਤੇ ਵਿਦਿਆਰਥੀਆਂ ਦੀ ਰਹਾਇਸ਼ ਲਈ ਅਨੁਦਾਨ ਦਾ ਵਰਨਣ ਕਰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਆਖਰੀ ਵੇਰਵਾ ਬਹੁਤ ਦਿਲਚਸਪ ਹੈ ਕਿਉਂਕਿ ਇਸ ਵਿਚ ਤਿੰਨੇਵੇਲੀ ਜ਼ਿਲ੍ਹੇ ਦੀ ਇਕ ਮੰਦਰ ਵਿਦਿਆਪੀਠ ਦੀ ਸਰਸਵਤੀ-ਭਾਵਨਾ ਜਾਂ ਲਾਇਬ੍ਰੇਰੀ ਲਈ ਦਾਨ ਦਾ ਵਰਨਣ ਹੈ। ਮੰਦਰ ਪ੍ਰਬੰਧਕਾਂ ਵਲੋਂ ਸੰਸਕ੍ਰਿਤ ਵਿਦਿਆਲੇ ਅਤੇ ਵਿਦਿਆਪੀਠ ਖੋਲ੍ਹਣ ਦੇ ਮਾਮਲੇ ਉਸ ਸਮੇਂ ਆਮ ਸਨ। ਕਈ ਹੋਰ ਵੀ ਬਹੁਤ ਸਾਰੇ ਹੋਣਗੇ ਜਿਨ੍ਹਾਂ ਦੀ ਮੌਜੂਦਾ ਸਮੇਂ ਵਿਚ ਜਾਣਕਾਰੀ ਨਹੀਂ। 18ਵੀਂ ਸਦੀ ਤਕ ਦੱਖਣੀ ਭਾਰਤ ਦਾ ਲਗਭਗ ਹਰੇਕ ਧਾਰਮਿਕ ਕੇਂਦਰ ਸੰਸਕ੍ਰਿਤ ਵਿਦਿਆਲਾ ਜਾਂ ਵਿਦਿਆਪੀਠ ਚਲਾਉਂਦਾ ਸੀ। ਅਸਲ ਵਿਚ ਸਾਰਾ ਦੇਸ਼ ਇਨ੍ਹਾਂ ਨਾਲ ਭਰਿਆ ਪਿਆ ਸੀ।"

ਐਲਟੇਕਰ ਦਲੀਲ ਦਿੰਦੇ ਹਨ ਕਿ ਅਜਿਹੀ ਹੀ ਪ੍ਰਣਾਲੀ ਉੱਤਰੀ ਭਾਰਤ ਦੇ ਪ੍ਰਮੁੱਖ ਮੰਦਰਾਂ ਅਤੇ ਪਿੰਡਾਂ ਵਿਚ ਵੀ ਪ੍ਰਚਲਿਤ ਹੁੰਦੀ ਹੋਵੇਗੀ ਜਿਨ੍ਹਾਂ ਵਿਚੋਂ ਕਈਆਂ ਨੂੰ ਬਾਅਦ ਵਿਚ ਖਤਮ ਕਰ ਦਿੱਤਾ ਗਿਆ।

ਸਿੱਖਣ ਦੇ ਪ੍ਰਾਚੀਨ ਕੇਂਦਰਾਂ ਦਾ ਇਕ ਹੋਰ ਵਰਗ, ਖ਼ਾਸ ਕਰਕੇ ਦੱਖਣੀ ਭਾਰਤ ਵਿਚ, ਅਗ੍ਰਹਾਰਾ ਪਿੰਡਾਂ ਦੁਆਰਾ ਸਥਾਪਤ ਕੀਤਾ ਗਿਆ ਸੀ। ਕਡਿਊਰ ਅਗ੍ਰਹਾਰਾ ਵਿਖੇ, ਜਿਸ ਨੂੰ ਰਾਸ਼ਟਰਕੂਟ ਪ੍ਰਸਾਸ਼ਨ ਵਲੋਂ 10ਵੀਂ ਸਦੀ ਵਿਚ ਇਕ ਅਗ੍ਰਹਾਰਾ ਪਿੰਡ ਬਣਾਇਆ ਗਿਆ ਸੀ, 200 ਬ੍ਰਾਹਮਣ ਵੇਦ, ਵਿਆਕਰਣ, ਪੁਰਾਣ, ਤਰਕ, ਰਾਜਤੰਤਰ ਦੇ ਕੰਮ, ਸਾਹਿਤ ਰਚਨਾ ਵਿਗਿਆਨ ਅਤੇ ਭਾਸ਼ਣ ਲਿਖਣ ਦੀ ਕਲਾ ਸਿਖਾਉਣ ਦੇ ਕੰਮ ਵਿਚ

***ਬਾਕੀ ਸਫ਼ਾ 68 ਉੱਤੇ***

# ਕੀ ਤੁਸੀਂ ਜਾਣਦੇ ਹੋ?

## ਸਾਰਿਆਂ ਲਈ ਸਿੱਖਿਆ ਵਿਕਾਸ ਕ੍ਰਮ ਸੂਚੀ

### ਈ ਐਫ ਏ ਵਿਕਾਸ

ਈ ਡੀ ਆਈ ਇਕ ਮਿਲੀ-ਜੁਲੀ ਕ੍ਰਮ ਸੂਚੀ ਹੈ ਜਿਸ ਨੂੰ 'ਸਾਰਿਆਂ ਲਈ ਸਿੱਖਿਆ ਵਿਸ਼ਵ ਨਿਗਰਾਨੀ ਰਿਪੋਰਟ' ਵਲੋਂ ਜਾਰੀ ਕੀਤਾ ਗਿਆ ਹੈ, ਜਿਸ ਨੂੰ ਹਰ ਸਾਲ ਯੂਨੈਸਕੋ ਵਲੋਂ ਤਿਆਰ ਕੀਤਾ ਜਾਂਦਾ ਹੈ। ਇਹ 2015 ਤਕ ਸਾਰੇ ਬੱਚਿਆਂ ਅਤੇ ਵੱਡਿਆਂ ਨੂੰ ਮੁੱਢਲੀ ਸਿੱਖਿਆ ਦੇਣ ਦੇ ਟੀਚੇ ਦੀ ਸਮੀਖਿਆ ਕਰਦੀ ਹੈ। ਇਹ ਕ੍ਰਮ ਸੂਚੀ ਈ ਐਫ ਏ ਦੇ ਛੇ ਟੀਚਿਆਂ ਵਿਚੋਂ 4 ਦਾ ਇਸਤੇਮਾਲ ਕਰਦੀ ਹੈ ਜਿਨ੍ਹਾਂ ਨੂੰ ਅੰਕੜਿਆਂ ਦੀ ਉਪਲਬਧਤਾ ਦੇ ਆਧਾਰ 'ਤੇ ਚੁਣਿਆ ਜਾਂਦਾ ਹੈ। ਇਹ ਚਾਰ ਟੀਚੇ ਹਨ : 1) ਸਰਵ-ਵਿਆਪਕ ਪ੍ਰਾਇਮਰੀ ਸਿੱਖਿਆ (ਯੂ ਪੀ ਈ), 2) ਬਾਲਗ ਸਿੱਖਿਆ, 3) ਸਿੱਖਿਆ ਦੀ ਗੁਣਤਾ, 4) ਲਿੰਗ ਬਰਾਬਰੀ। ਈ ਡੀ ਆਈ ਦੇ ਹਰੇਕ ਭਾਗ ਨੂੰ ਸਮੂਹਿਕ ਕ੍ਰਮ ਸੂਚੀ ਵਿਚ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ।

ਈ ਐਫ ਏ ਦੇ ਚਾਰੇ ਟੀਚਿਆਂ ਲਈ ਇਕ ਸੂਚਕ ਨੂੰ ਪਰੋਖ ਕਦਮ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਸਰਵ-ਵਿਆਪਕ ਪ੍ਰਾਇਮਰੀ ਸਿੱਖਿਆ ਲਈ ਸੂਚਕ ਪ੍ਰਾਇਮਰੀ ਅਨੁਕੂਲਣ ਸ਼ੁੱਧ ਦਾਖ਼ਲਾ ਅਨੁਪਾਤ (ਏ ਐਨ ਈ ਆਰ) ਹੈ ਜੋ ਪ੍ਰਾਇਮਰੀ ਸਕੂਲ ਉਮਰ ਵਰਗ ਦੇ ਬੱਚਿਆਂ ਦਾ ਪ੍ਰਤਿਸ਼ਤ ਮਾਪਦਾ ਹੈ ਜੋ ਪ੍ਰਾਇਮਰੀ ਜਾਂ ਸੈਕੰਡਰੀ ਸਕੂਲ ਵਿਚ ਦਾਖ਼ਲਾ ਲੈਂਦੇ ਹਨ। ਇਸ ਦੀ ਕੀਮਤ 0 ਤੋਂ 100 ਪ੍ਰਤਿਸ਼ਤ ਹੋ ਸਕਦੀ ਹੈ। 100 ਪ੍ਰਤਿਸ਼ਤ ਏ ਐਨ ਈ ਆਰ ਦਾ ਮਤਲਬ ਹੈ ਸਾਰੇ ਯੋਗ ਬੱਚੇ ਸਕੂਲ ਵਿਚ ਦਾਖ਼ਲ ਹਨ।

ਬਾਲਗ ਸਿੱਖਿਆ ਦੇ ਲਈ, 15 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਲਈ ਬਾਲਗ ਸਾਖਰਤਾ ਦਰ ਨੂੰ, ਤਰੱਕੀ ਮਾਪਣ ਲਈ ਪਰੋਖ ਵਜੋਂ ਵਰਤਿਆ ਜਾਂਦਾ ਹੈ। ਸਿੱਖਿਆ ਦੀ ਗੁਣਵੱਤਾ ਲਈ, ਪੰਜਵੀਂ ਜਮਾਤ ਤਕ ਬਣੇ ਰਹਿਣ ਦੀ ਦਰ ਈ ਡੀ ਆਈ ਦੀ ਗੁਣਵੱਤਾ ਵਾਲੇ ਭਾਗ ਦੀ ਸਮੀਖਿਆ ਕਰਨ ਦਾ ਸਭ ਤੋਂ ਵਧੀਆ ਪਰੋਖ ਸਾਧਨ ਹੈ। ਆਖ਼ਰ ਵਿਚ, ਲਿੰਗ ਲਈ ਤਿੰਨ ਲਿੰਗ ਬਰਾਬਰੀ ਕ੍ਰਮ ਸੂਚੀਆਂ (ਜੀ ਪੀ ਆਈ) ਦਾ ਇਕ ਸਾਦਾ ਅਨੁਪਾਤ ਪ੍ਰਾਇਮਰੀ, ਸੈਕੰਡਰੀ ਅਤੇ ਬਾਲਗ ਸਿੱਖਿਆ ਲਈ ਲੈ ਲਿਆ ਜਾਂਦਾ ਹੈ ਅਤੇ ਹਰੇਕ ਨੂੰ ਬਰਾਬਰ ਦਾ ਮਹੱਤਵ ਦਿੱਤਾ ਜਾਂਦਾ ਹੈ।

ਈ ਡੀ ਆਈ ਕੀਮਤ ਪ੍ਰਤਿਸ਼ਤ ਵਿਚ ਤਹਿ ਕੀਤੀ ਜਾਂਦੀ ਹੈ, ਸੋ ਇਹ 0 ਤੋਂ 100 ਪ੍ਰਤਿਸ਼ਤ ਤਕ ਹੋ ਸਕਦੀ ਹੈ। ਜਦੋਂ ਇਸ ਨੂੰ ਅਨੁਪਾਤ ਵਿਚ ਦੱਸਦੇ ਹਾਂ ਤਾਂ ਇਹ 0 ਤੋਂ 1 ਤਕ ਹੋ ਸਕਦੀ ਹੈ। ਇਸ ਪ੍ਰਕਾਰ ਕਿਸੇ ਵੀ ਦੇਸ਼ ਲਈ ਈ ਡੀ ਆਈ ਕੀਮਤ 4 ਪਰੋਖ ਸੂਚਕਾਂ ਦਾ ਅੰਕ ਗਣਿਤ ਔਸਤ ਹੁੰਦਾ ਹੈ। ਜਿੰਨੀ ਜ਼ਿਆਦਾ ਈ ਡੀ ਆਈ ਦੀ ਕੀਮਤ ਹੋਵੇਗੀ, ਉਨਾ ਹੀ ਉਹ ਦੇਸ਼ ਸਾਰਿਆਂ ਲਈ ਸਿੱਖਿਆ ਦਾ ਉਦੇਸ਼ ਹਾਸਲ ਕਰਨ ਦੇ ਲਗਭਗ ਹੋਵੇਗਾ।

#### ਸਾਰਾਂਸ਼

ਸਾਰਾਂਸ਼ ਵਿਦਿਆਰਥੀ ਦੀ ਕਾਰਗੁਜ਼ਾਰੀ ਅਤੇ ਤਰੱਕੀ ਦੀ ਵਿਆਪਕ ਸਵੈ-ਪੜਚੋਲ ਅਤੇ ਮੁੱਲੰਕਣ ਦਾ ਇਕ ਆਨ ਲਾਈਨ ਪਲੇਟਫਾਰਮ ਹੈ। ਇਹ ਡਿਜੀਟਲ ਇੰਟਰਫੇਸ ਪੋਰਟਲ ਹੈ ਜੋ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦੇ ਆਹਮੋ-ਸਾਹਮਣੇ ਸੰਵਾਦ ਲਈ ਇਕ ਮੰਚ ਪੇਸ਼ ਕਰਦਾ ਹੈ। ਇਹ ਅੰਕੜਾ ਆਧਾਰ ਫ਼ੈਸਲਾ ਸਹਾਇਕ ਪ੍ਰਣਾਲੀ ਦੇ ਆਧਾਰ 'ਤੇ ਕੰਮ ਕਰਦਾ ਹੈ ਜਿਸ ਨਾਲ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਦੇ ਮੁੱਲੰਕਣ ਵਿਚ ਮਦਦ ਮਿਲਦੀ ਹੈ ਅਤੇ ਉਹ ਬੱਚੇ ਦੀ ਪਸੰਦ ਜਾਂ ਨਾਪਸੰਦ ਬਾਰੇ ਜਾਣ ਸਕਦੇ ਹਨ ਤਾਂ ਕਿ ਉਹ ਉਨ੍ਹਾਂ ਦੇ ਭਵਿੱਖ ਬਾਰੇ ਸਹੀ ਫ਼ੈਸਲਾ ਲੈ ਸਕਣ। ਸਾਰਾਂਸ਼ ਹਾਲ ਹੀ ਵਿਚ ਮਨੁੱਖੀ ਸਰੋਤ ਮੰਤਰਾਲਾ ਵਲੋਂ 'ਡਿਜੀਟਲ ਇੰਡੀਆ' ਮੁਹਿੰਮ ਤਹਿਤ ਆਪਣੀਆਂ ਬਹੁਤ ਸਾਰੀਆਂ ਡਿਜੀਟਲ ਪਹਿਲਕਦਮੀਆਂ ਦੀ ਕੜੀ ਵਿਚ ਜਾਰੀ ਕੀਤਾ ਗਿਆ। ਇਸ ਦਾ ਮਕਸਦ ਸੀ ਬੀ ਐਸ ਈ ਨਾਲ ਸੰਬੰਧਿਤ ਸਕੂਲਾਂ ਵਿਚ ਸੂਚਨਾ ਤੇ ਸੰਚਾਰ ਤਕਨੀਕਾਂ ਨੂੰ ਉਤਸਾਹਿਤ ਕਰਨਾ ਅਤੇ ਭਾਰਤ ਦੀ ਮੌਜੂਦਾ ਸਿੱਖਿਆ ਪ੍ਰਣਾਲੀ ਵਿਚ ਪਾਰਦਰਸ਼ਤਾ ਲਿਆਉਣਾ। ਇਹ ਮੁਕਾਬਲੇ ਅਤੇ ਹਾਜ਼ਰੀ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ ਜੋ ਇਸ ਡਿਜੀਟਲ ਮੰਚ ਰਾਹੀਂ ਸਿੱਧਾ ਮਾਪਿਆਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਇਹ ਸਾਰੀਆਂ ਜਮਾਤਾਂ ਅਤੇ ਵਿਸ਼ਿਆਂ ਦੀਆਂ ਈ-ਕਿਤਾਬਾਂ ਵੀ ਮੁਹੱਈਆ ਕਰਵਾਉਂਦੀ ਹੈ। ਸਕੂਲ ਇਸ ਸਹੂਲਤ ਨੂੰ ਸਾਰੇ ਵਿਦਿਆਰਥੀਆਂ ਦੀ ਵਿਸ਼ੇ ਵਾਰ ਕਾਰਗੁਜ਼ਾਰੀ ਦੇ ਮੁੱਲੰਕਣ ਅਤੇ ਬੱਚਿਆਂ ਨੂੰ ਸੁਧਾਰ ਦੇ ਲੋੜੀਂਦੇ ਖੇਤਰਾਂ ਦੀ ਪਛਾਣ ਲਈ ਵਰਤ ਸਕਦੇ ਹਨ। ਇਸ ਪੋਰਟਲ ਉਤੇ ਸਾਰੇ ਸਕੂਲਾਂ ਦੇ ਪਿਛਲੇ ਤਿੰਨ ਸਾਲਾਂ ਦੇ ਅੰਕੜੇ ਮੌਜੂਦ ਹਨ। ਇਸ ਕਰਕੇ ਹਰ ਸਾਲ ਇਕ ਤੁਲਨਾਤਮਕ ਅਧਿਐਨ ਬੱਚੇ ਦੇ ਚੰਗੀ ਕਾਰਗੁਜ਼ਾਰੀ ਵਾਲੇ ਖੇਤਰਾਂ ਅਤੇ ਸੁਧਾਰ ਮੰਗਦੇ ਖੇਤਰਾਂ ਦੀ ਪਛਾਣ ਕਰਨ ਲਈ ਕੀਤਾ ਜਾ ਸਕਦਾ ਹੈ। ❑❑

ਯੋਜਨਾ

ਫ਼ਰਵਰੀ 2016 ਦਾ ਅਗਲਾ ਅੰਕ

ਸਿਹਤ ਵਿਸ਼ੇ ਉੱਤੇ ਕੇਂਦਰਿਤ ਹੋਵੇਗਾ

# ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸਿੱਖਿਆ ਦੀ ਸਥਿਤੀ

✍ ਭਗਵੰਤ ਰਸੂਲਪੁਰੀ

ਪੰਜਾਬ ਦੀ ਤਰੱਕੀ ਤੇ ਖ਼ੁਸ਼ਹਾਲੀ ਵਿਚ ਪੰਜਾਬ ਦੇ ਪੇਂਡੂ ਖੇਤਰਾਂ ਦਾ ਅਹਿਮ ਯੋਗਦਾਨ ਰਿਹਾ ਹੈ। ਪੰਜਾਬ ਦਾ ਪੇਂਡੂ ਖਿੱਤਾ ਇਕ ਅਜਿਹਾ ਖਿੱਤਾ ਹੈ, ਜਿਥੋਂ ਅਸੀਂ ਪੰਜਾਬ ਦੀ ਸਮਾਜਿਕ, ਆਰਥਿਕ, ਸਭਿਆਚਾਰਕ ਸਥਿਤੀ ਬਾਰੇ ਭਲੀਭਾਂਤ ਜਾਣੂ ਹੋ ਸਕਦੇ ਹਾਂ। ਇਸ ਦੀ ਮੂਲ ਚੂਲ ਸਿੱਖਿਆ ਰਹੀ ਹੈ। ਇਸੇ ਕਰਕੇ ਪੰਜਾਬ ਦੀ ਸਿੱਖਿਆ ਨੂੰ ਅਸੀਂ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਸਿੱਖਿਆ ਦਾ ਰਾਸ਼ਟਰੀ ਨਿਰਮਾਣ ਤੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਹੀ ਕਾਰਨ ਹੈ ਕਿ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਸਰਕਾਰੀ ਪੱਧਰ ਉਤੇ ਪੇਂਡੂ ਖਿੱਤਿਆਂ ਦੀ ਸਿੱਖਿਆ ਨੀਤੀ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਪੇਂਡੂ ਖੇਤਰਾਂ ਦੇ ਭਿੰਨ-ਭਿੰਨ ਵਰਗਾਂ, ਸਮੂਹਾਂ, ਨਿਮਨ ਵਰਗਾਂ ਦੇ ਬੱਚਿਆਂ ਵੱਲ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਤਾਂ ਕਿ ਉਨ੍ਹਾਂ ਨੂੰ ਘੱਟੋ-ਘੱਟ ਮੁੱਢਲੀ ਸਿੱਖਿਆ ਤੋਂ ਵਾਂਝਿਆ ਨਾ ਰੱਖਿਆ ਜਾਵੇ। ਸਿੱਖਿਆ ਲਈ ਰਵਾਇਤੀ ਢੰਗ ਤਰੀਕੇ ਤਿਆਗ ਕੇ ਤਕਨੀਕ ਦੇ ਪੱਧਰ ਉਤੇ ਨਵੇਂ-ਨਵੇਂ ਤਰੀਕੇ ਅਪਣਾਏ ਜਾ ਰਹੇ ਹਨ। ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਨਿੱਜੀ ਸਿੱਖਿਆ ਅਤੇ ਸਰਕਾਰੀ ਸਿੱਖਿਆ ਦੇ ਮਿਆਰ ਵਿਚ ਪਾੜਾ ਵਧਿਆ ਹੈ। ਜਿਸ ਕਾਰਨ ਗਰੀਬ ਅਤੇ ਦਲਿਤ ਵਰਗ ਮਹਿੰਗੀ ਸਿੱਖਿਆ ਤੋਂ ਵੰਚਿਤ ਹੋ ਰਹੇ ਹਨ। ਉਹ ਸਰਕਾਰੀ ਸਕੂਲਾਂ ਦੀ ਸਿੱਖਿਆ ਤਕ ਸੀਮਤ ਹੋ ਕੇ ਰਹਿ ਗਏ ਹਨ। 2015 ਤਕ ਸਰਕਾਰੀ ਸਿੱਖਿਆ ਵਿਚ ਵੱਡੀ ਪੱਧਰ ਉਤੇ ਸੁਧਾਰ ਹੋਏ ਹਨ। ਇਸ ਪਿੱਛੇ ਸਰਵ ਸਿੱਖਿਆ ਅਭਿਆਨ ਦੀ ਕਾਰਜ-ਕੁਸ਼ਲਤਾ ਕੰਮ ਕਰ ਰਹੀ ਹੈ। ਪੰਜਾਬ ਦੇ ਪੇਂਡੂ ਖਿੱਤਿਆਂ ਦੇ ਵਿਦਿਆਰਥੀਆਂ ਨੂੰ ਮੁੱਢਲੀ ਅਤੇ 10+2 ਦੀ ਪੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਲਈ ਇੰਜਨੀਅਰਿੰਗ, ਮੈਡੀਕਲ, ਕਾਮਰਸ, ਕੰਪਿਊਟਰ ਅਤੇ ਸੰਚਾਰ ਦੀ ਸਿੱਖਿਆ ਤੋਂ ਵਾਂਝੇ ਰਹਿਣਾ ਪੈ ਰਿਹਾ ਹੈ। ਨਿੱਜੀ ਕਾਲਜ ਅਤੇ ਯੂਨੀਵਰਸਿਟੀਆਂ ਖੁੱਲ੍ਹਣ ਨਾਲ ਉੱਚ ਸਿੱਖਿਆ ਮਹਿੰਗੀ ਹੋ ਕੇ ਰਹਿ ਗਈ ਹੈ।

ਪੇਂਡੂ ਖੇਤਰਾਂ ਦੇ ਬੱਚਿਆਂ ਕੋਲ ਆਪਣੇ-ਆਪ ਨੂੰ ਉੱਚਾ ਚੁੱਕਣ ਲਈ ਕੇਵਲ ਸਿੱਖਿਆ ਦਾ ਸਾਧਨ ਹੀ ਬਚਿਆ ਹੈ। ਪਰ ਉਹ ਸਕੂਲ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤਕ ਹੀ ਸੀਮਤ ਰਹਿ ਜਾਂਦੇ ਹਨ। ਕਿਉਂਕਿ ਉੱਚ ਸਿੱਖਿਆ ਬਹੁਤ ਮਹਿੰਗੀ ਹੋ ਗਈ ਹੈ। ਦੂਜੇ ਪਾਸੇ ਸ਼ਹਿਰੀ ਮੱਧਵਰਗੀ ਸਮਾਜ ਸਿੱਖਿਆ ਦਾ ਸਭ ਤੋਂ ਵੱਧ ਲਾਭ ਪ੍ਰਾਪਤ ਕਰ ਰਿਹਾ ਹੈ। ਜਿਸ ਕਾਰਨ ਸਮਾਜ ਵਿਚ ਪੇਂਡੂ ਅਤੇ ਸ਼ਹਿਰੀ ਬੱਚਿਆਂ ਵਿਚ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਲੈ ਕੇ ਵੱਡਾ ਪਾੜਾ ਬਣ ਗਿਆ ਹੈ। ਸਰਕਾਰ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਵਿਚ ਜੋ ਸਕੀਮਾਂ ਚਲਾ ਰਹੀ ਹੈ ਉਨ੍ਹਾਂ ਬਾਰੇ ਜਾਣਕਾਰੀ ਪੇਂਡੂ ਖਿੱਤਿਆਂ ਦੇ ਵਿਦਿਆਰਥੀਆਂ ਨੂੰ ਨਹੀਂ ਮਿਲਦੀ। ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਰਾਹੀਂ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਵਿਚ ਬਹੁਤ ਲਾਭ ਮਿਲਿਆ ਹੈ। ਇਹ ਸਕੀਮ ਕੇਂਦਰ ਸਰਕਾਰ ਦੀ ਹੈ ਅਤੇ ਰਾਜ ਸਰਕਾਰਾਂ ਨੇ ਇਸ ਸਕੀਮ ਨੂੰ ਲਾਗੂ ਕੀਤਾ ਹੈ।

ਭਾਸ਼ਾ ਦੇ ਆਧਾਰ ਉਤੇ ਸਾਰੇ ਰਾਜਾਂ ਦੀ ਵੰਡ ਹੋਣ ਕਾਰਨ ਮੌਜੂਦਾ ਪੰਜਾਬ 1961 ਵਿਚ ਹੋਂਦ ਵਿਚ ਆਇਆ। ਸੰਨ 2001 ਦੀ ਜਨਗਣਨਾ ਦੇ ਅਨੁਸਾਰ ਪੰਜਾਬ ਦੀ ਆਬਾਦੀ 2,42,89,263 ਸੀ। ਇਸ ਆਬਾਦੀ ਦਾ 66.05 ਪ੍ਰਤਿਸ਼ਤ ਹਿੱਸਾ ਪਿੰਡਾਂ ਵਿਚ ਰਹਿੰਦਾ ਸੀ।

ਜੇ ਅਸੀਂ ਸਿੱਖਿਆ ਦੇ ਮੁੱਢਲੇ ਦੌਰ ਵੱਲ ਝਾਤੀ ਮਾਰਦੇ ਹਾਂ ਤਾਂ ਅਸੀਂ ਇਹ ਵੇਖਦੇ ਹਾਂ ਕਿ ਔਰਤਾਂ, ਨਿਮਨ ਲੋਕਾਂ, ਦਲਿਤਾਂ ਦੇ ਸਿੱਖਿਆ ਦੇ ਅਧਿਕਾਰ ਲਈ ਸਭ ਤੋਂ ਪਹਿਲਾਂ ਜੋਤੀ ਰਾਓ ਫੂਲੇ ਅਤੇ ਸਵਿੱਤਰੀ ਬਾਈ ਫੂਲੇ ਨੇ ਇਤਿਹਾਸਕ ਕ੍ਰਾਂਤੀਕਾਰੀ ਯਤਨ ਅਰੰਭ ਕੀਤੇ ਸਨ। ਪੰਜਾਬ ਵੱਲ ਝਾਤੀ ਮਾਰਦੇ ਹਾਂ ਤਾਂ ਅਸੀਂ ਮਹਾਰਾਜਾ ਰਣਜੀਤ ਸਿੰਘ ਦਾ ਕਾਲ ਵੇਖਦੇ ਹਾਂ। ਉਸ ਵੇਲੇ ਲੋਕਾਂ ਦੀ ਬੋਲੀ ਤਾਂ ਭਾਵੇਂ ਪੰਜਾਬੀ ਸੀ ਪਰ ਕੋਰਟ-ਕਚਹਿਰੀ ਦੀ ਭਾਸ਼ਾ ਫ਼ਾਰਸੀ ਸੀ। ਦਫ਼ਤਰੀ ਕੰਮ ਫ਼ਾਰਸੀ ਵਿਚ ਹੁੰਦਾ ਸੀ। ਜਦੋਂ ਅੰਗਰੇਜ਼ਾਂ ਦਾ ਕਾਲ ਆਇਆ ਤਾਂ ਉਨ੍ਹਾਂ ਨੇ ਅੰਗਰੇਜ਼ੀ ਲਾਗੂ ਕਰ ਦਿੱਤੀ ਤੇ ਪੂਰੇ ਭਾਰਤ ਵਿਚ 4 ਯੂਨੀਵਰਸਿਟੀਆਂ ਖੋਲ੍ਹ ਦਿੱਤੀਆਂ। ਇਸ ਉਪਰੰਤ ਅੰਗਰੇਜ਼ੀ ਪੜ੍ਹਨ ਦਾ ਰੁਝਾਨ ਵਧਿਆ।

ਇਹ ਵੀ ਹਕੀਕਤ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਅਨੁਸੂਚਿਤ ਜਾਤੀਆਂ, ਗਰੀਬਾਂ, ਹਿੰਦੀ ਰਾਜਾਂ ਦੇ ਮਜ਼ਦੂਰਾਂ ਦੇ ਬੱਚੇ ਹੀ ਪੜ੍ਹਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਾਵਨਾਂ ਨੇ ਮਿਲ ਕੇ ਪੰਜਾਬ ਦੇ ਤਿੰਨ ਜ਼ਿਲ੍ਹਿਆਂ, ਬਠਿੰਡਾ, ਰੋਪੜ ਤੇ ਫਿਰੋਜ਼ਪੁਰ ਦਾ ਸਰਵੇ ਕੀਤਾ। ਸਰਵੇ ਦੀ ਰਿਪੋਰਟ ਅਨੁਸਾਰ ਜ਼ਿਲ੍ਹਾ ਬਠਿੰਡਾ ਦੇ ਪੇਂਡੂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ 1992 ਤੋਂ 2005-06 ਦੇ ਸਮੇਂ ਦੌਰਾਨ ਜਨਰਲ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਗਿਣਤੀ 62 ਪ੍ਰਤਿਸ਼ਤ ਤੋਂ ਘਟ ਕੇ 22 ਪ੍ਰਤਿਸ਼ਤ ਰਹਿ ਗਈ ਅਤੇ ਇਸ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਗਿਣਤੀ 26 ਪ੍ਰਤਿਸ਼ਤ ਤੋਂ ਵਧ ਕੇ 65 ਪ੍ਰਤਿਸ਼ਤ ਹੋ ਗਈ ਸੀ। ਇਸ ਤਰ੍ਹਾਂ ਹੀ ਅੰਕੜੇ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਦੇ ਹਨ। ਇਕ ਹੋਰ ਸਰਵੇ ਅਨੁਸਾਰ ਪੇਂਡੂ ਸਕੂਲਾਂ ਦੇ ਪੰਜਵੀਂ ਜਾਮਤ ਦੇ ਕੇਵਲ 63.1 ਪ੍ਰਤਿਸ਼ਤ ਬੱਚੇ ਹੀ ਦੂਜੀ ਜਾਮਤ ਦੀ ਕਿਤਾਬ ਪੜ੍ਹ

ਸਕਦੇ ਹਨ। ਇਸੇ ਤਰ੍ਹਾਂ ਹੀ ਤੀਜੇ ਤੋਂ ਪੰਜਵੇਂ ਮਿਆਰ ਦੇ 64.2 ਪ੍ਰਤਿਸ਼ਤ ਵਿਦਿਆਰਥੀ ਹੀ ਸਾਧਾਰਨ ਘਟਾਓ ਦੇ ਸਵਾਲ ਹੱਲ ਕਰ ਸਕਦੇ ਸਨ।

ਮੁੱਢਲੀ ਸਿੱਖਿਆ ਦੀ ਨੀਤੀ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਾਗੂ ਕਰਨ ਦੇ ਉਪਰਾਲੇ ਕੀਤੇ ਗਏ ਹਨ। 1990 ਵਿਚ ਮੁਢਲੀ ਸਿੱਖਿਆ ਨੂੰ ਫੈਲਾਉਣ ਦੀਆਂ ਭਰਪੂਰ ਕੋਸ਼ਿਸ਼ਾਂ ਹੋਈਆਂ ਸਨ। ਜਿਸ ਤਹਿਤ 14 ਸਾਲਾਂ ਤਕ ਹੀ ਮੁਢਲੀ ਸਿੱਖਿਆ ਭਾਰਤੀ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਦਰਜ ਹੈ। ਇਸ ਉਦੇਸ਼ ਲਈ ਭਾਰਤ ਸਰਕਾਰ ਵਲੋਂ ਸਾਰੇ ਬੱਚਿਆਂ ਨੂੰ ਸਿੱਖਿਆ ਹੇਠ ਲਿਆਉਣ ਲਈ ਨੀਤੀਆਂ ਘੜੀਆਂ ਗਈਆਂ ਅਤੇ ਪ੍ਰੋਗਰਾਮ ਸ਼ੁਰੂ ਕੀਤੇ ਗਏ। ਸਹਿਕਾਰੀ ਖੇਤਰ ਨੇ ਵੀ ਇਸ ਵੱਲ ਕਦਮ ਪੁੱਟੇ। ਰਾਸ਼ਟਰੀ ਸਿੱਖਿਆ ਨੀਤੀ (ਭਾਰਤ ਸਰਕਾਰ, 1986) ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਕਿ 14 ਸਾਲਾਂ ਤਕ ਦੇ ਬੱਚਿਆਂ ਦੀ ਸਕੂਲ ਤਕ ਪਹੁੰਚ ਬਣਾਉਣੀ ਪਵੇਗੀ। ਸਰਵ ਸਿੱਖਿਆ ਅਭਿਆਨ ਵਿਚ ਰੱਖੇ ਮੁੱਖ ਟੀਚਿਆਂ ਵਿਚ ਇਹ ਮੁੱਦਾ ਰੱਖਿਆ ਗਿਆ ਕਿ ਸਾਰੇ ਬੱਚੇ 2008 ਤਕ ਪ੍ਰਾਇਮਰੀ ਸਿੱਖਿਆ ਜ਼ਰੂਰ ਪੂਰੀ ਕਰਨਗੇ। ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਜਿਸ ਵਿਚ 6 ਤੋਂ 14 ਸਾਲ ਦੇ ਬੱਚੇ ਦੀ ਲਾਜ਼ਮੀ ਤੇ ਮੁਫ਼ਤ ਸਿੱਖਿਆ ਦਾ ਪ੍ਰਬੰਧ ਸਰਕਾਰ ਦਾ ਹੋਵੇਗਾ, ਇਹ ਕਾਨੂੰਨ ਲਾਗੂ ਹੋਣ ਕਰਕੇ 1-30 ਦੇ ਅਨੁਪਾਤ ਨਾਲ ਸਕੂਲਾਂ ਵਿਚ ਅਧਿਆਪਕਾਂ ਦੀ ਭਰਤੀ ਯਕੀਨੀ ਬਣਾਉਣ ਦਾ ਫੈਸਲਾ ਹੋਇਆ। ਇਸ ਨੂੰ ਅਮਲ ਵਿਚ ਲਿਆਉਣ ਲਈ 12 ਲੱਖ ਅਧਿਆਪਕਾਂ ਦੀ ਲੋੜ ਪਈ। 2 ਲੱਖ ਕਰੋੜ ਰੁਪਏ ਇਨ੍ਹਾਂ ਦੀਆਂ ਤਨਖ਼ਾਹਾਂ ਦਾ ਬਣਨਾ ਸੀ। ਮੁਫ਼ਤ ਤੇ ਲਾਜ਼ਮੀ ਸਿੱਖਿਆ ਵਿਚ ਆਮ ਕਰਕੇ ਪੇਂਡੂ ਪਿਛੋਕੜ ਦੇ ਭੂਮੀ ਹੀਣ ਮਾਪਿਆਂ ਦੇ ਬੱਚੇ, ਗਰੀਬ ਦਲਿਤ ਪਰਿਵਾਰਾਂ ਦੇ ਬੱਚੇ ਅਤੇ ਹਿੰਦੀ ਖੇਤਰਾਂ ਵਿਚੋਂ ਆਏ ਪਰਵਾਸੀ ਪਰਿਵਾਰਾਂ ਦੇ ਬੱਚੇ ਆਉਂਦੇ ਹਨ। ਲਾਜ਼ਮੀ ਸਿੱਖਿਆ ਅਧੀਨ ਇਨ੍ਹਾਂ ਬੱਚਿਆਂ ਨੂੰ ਮੁਫ਼ਤ ਕਿਤਾਬਾਂ, ਮਿਡ ਡੇ ਮੀਲ ਵਰਗੀਆਂ ਸਹੂਲਤਾਂ ਮਿਲਦੀਆਂ ਹਨ। ਇਹ ਬੱਚੇ ਘਰ ਆ ਕੇ ਆਪਣੇ ਮਾਪਿਆਂ ਦੇ ਕੰਮਾਂ ਵਿਚ ਹੱਥ ਵਟਾਉਂਦੇ ਹਨ। ਹੁਣ ਸਥਿਤੀ ਇਹ ਹੈ ਕਿ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿਚ ਪੇਂਡੂ ਗਰੀਬ ਪਰਿਵਾਰਾਂ ਦੇ ਬੱਚੇ ਜਿਉਂ-ਜਿਉਂ ਵੱਡੀ ਜਮਾਤ ਵਿਚ ਜਾਂਦੇ ਹਨ ਉਨ੍ਹਾਂ ਦੀ ਗਿਣਤੀ ਘਟੀ ਜਾਂਦੀ ਹੈ। ਇਸ ਦਾ ਮੁੱਖ ਕਾਰਨ ਪਰਿਵਾਰਾਂ ਦੀ ਗਰੀਬੀ ਤੇ ਅਨਪੜ੍ਹਤਾ ਹੈ। ਇਨ੍ਹਾਂ ਪਰਿਵਾਰਾਂ ਦੇ ਬੱਚੇ ਜਦੋਂ ਸਮਾਜਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ ਤਾਂ ਉਹ ਆਪਣੀ ਪੜ੍ਹਾਈ ਅੱਧ ਵਿਚਾਲੇ ਹੀ ਛੱਡ ਜਾਂਦੇ ਹਨ।

1947 ਵਿਚ ਯੂ ਐੱਨ ਓ ਦੇ ਮਨੁੱਖੀ ਅਧਿਕਾਰਾਂ ਸੰਬੰਧੀ ਘੋਸ਼ਣਾ-ਪੱਤਰ ਵਿਚ ਸਿੱਖਿਆ ਨੂੰ ਬੁਨਿਆਦੀ ਮਨੁੱਖੀ ਅਧਿਕਾਰ ਵਜੋਂ ਮਾਨਤਾ ਦੇ ਦਿੱਤੀ ਗਈ ਸੀ। ਇਸ ਪੱਤਰ ਦੇ ਅਨੁਛੇਦ 26 ਅਨੁਸਾਰ ਮੁਫ਼ਤ ਬੁਨਿਆਦੀ ਸਿੱਖਿਆ ਹਰੇਕ ਵਿਅਕਤੀ ਦਾ ਅਧਿਕਾਰ ਹੈ। ਦੂਜਾ ਵੱਡਾ ਮਸਲਾ ਹੈ ਮੁੱਢਲੀ ਸਿੱਖਿਆ ਨੂੰ ਪ੍ਰਾਪਤ ਕਰਨ ਦੇ ਮੌਕਿਆਂ ਵਿਚ ਗ਼ੈਰ-ਬਰਾਬਰੀ ਜੋ ਕਿ ਉਤਪਾਦਨ ਦੇ ਸਾਧਨਾਂ ਪ੍ਰਤਿ ਪਹੁੰਚ ਵਿਚ ਗ਼ੈਰ-ਬਰਾਬਰੀ ਦਾ ਕਾਰਨ ਬਣਦੀ ਵੀ ਹੈ। ਇਨ੍ਹਾਂ ਤੱਥਾਂ ਨੂੰ ਭਾਰਤੀ ਸੰਵਿਧਾਨ ਵਿਚ ਦਰਸਾਇਆ ਗਿਆ ਹੈ। ਸੰਵਿਧਾਨ ਦੇ ਅਨੁਛੇਦ 41 ਅਨੁਸਾਰ ਹਰ ਰਾਜ ਆਪਣੀ ਆਰਥਿਕ ਸਮਰੱਥਾ ਅਤੇ ਵਿਕਾਸ ਦੇ ਦਾਇਰੇ ਵਿਚ ਰਹਿ ਕੇ ਸਿੱਖਿਆ ਦੇ ਅਧਿਕਾਰ ਨੂੰ ਪ੍ਰਦਾਨ ਕਰੇਗਾ ਅਤੇ ਅਨੁਛੇਦ 45 ਵਿਚ ਦਰਜ ਹੈ, ਰਾਜ ਸੰਵਿਧਾਨ ਦੇ ਲਾਗੂ ਹੋਣ ਦੇ ਦਸ ਸਾਲਾਂ ਦੇ ਅੰਦਰ-ਅੰਦਰ ਚੌਦਾਂ ਸਾਲ ਤਕ ਦੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਦਾ ਯਤਨ ਕਰੇਗਾ। ਇਨ੍ਹਾਂ ਦੀ ਰੋਸ਼ਨੀ ਵਿਚ ਮੁੱਢਲੀ ਸਿੱਖਿਆ ਨੀਤੀ ਨੂੰ ਘੜਿਆ ਗਿਆ। ਭਾਰਤੀ ਸੰਵਿਧਾਨ ਨੇ ਇਹ ਵੀ ਕਿਹਾ ਕਿ ਹਰ ਰਾਜ ਸਰਕਾਰ ਨੂੰ ਇਹ ਖੁੱਲ੍ਹ ਹੈ ਕਿ ਉਹ ਆਪਣੇ ਰਾਜ ਵਿਚ ਸਕੂਲੀ ਸਿੱਖਿਆ ਨਾਲ ਸੰਬੰਧਤ ਸਾਰੇ ਮਸਲਿਆਂ ਸੰਬੰਧੀ ਫੈਸਲੇ ਖ਼ੁਦ ਲਵੇ ਅਤੇ ਕੇਂਦਰ ਤਾਂ ਕੇਵਲ ਰਾਜਾਂ ਨੂੰ ਸਲਾਹ ਦੇ ਸਕਦਾ ਹੈ। ਫਿਰ 1976 ਵਿਚ ਸੰਵਿਧਾਨ ਵਿਚ ਸੋਧ ਤਹਿਤ ਸਿੱਖਿਆ ਨੂੰ ਸਾਂਝੀ ਸੂਚੀ ਵਿਚ ਰੱਖਿਆ ਗਿਆ। ਜਿਸ ਕਾਰਨ ਕੇਂਦਰ ਸਰਕਾਰ ਦੀਆਂ ਸਿੱਖਿਆ ਨੂੰ ਸੁਧਾਰਨ ਲਈ ਬਰਾਬਰ ਨੀਤੀਆਂ ਦਾ ਨਿਰਮਾਣ ਹੋਇਆ।

ਪੰਜਾਬ ਦੇ ਸਰਕਾਰੀ ਸਿੱਖਿਆ ਅਦਾਰਿਆਂ ਵਿਚ ਸਿੱਖਿਆ ਦੀ ਸਥਿਤੀ ਵੇਖਣੀ ਵੀ ਬਹੁਤ ਜ਼ਰੂਰੀ ਹੈ। ਸਾਲ 2008-09 ਵਿਚ ਪੰਜਾਬ ਸਰਕਾਰ ਵਲੋਂ ਵਿਧਾਨ ਸਭਾ ਵਿਚ ਇਕ ਸਰਵੇਖਣ ਪੇਸ਼ ਕੀਤਾ ਗਿਆ। ਜਿਸ ਵਿਚ ਸਾਲ 2006 ਦੌਰਾਨ ਸਕੂਲਾਂ ਵਿਚ 38.70 ਲੱਖ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਸੀ। ਇਹ ਗਿਣਤੀ 2007 ਵਿਚ ਘਟ ਕੇ 36.87 ਲੱਖ ਰਹਿ ਗਈ। ਸਾਲ 2005-06 ਵਿਚ ਪਹਿਲੀ ਕਲਾਸ ਤੋਂ ਪੰਜਵੀਂ ਕਲਾਸ ਤਕ ਸਕੂਲ ਛੱਡਣ ਵਾਲਿਆਂ ਦੀ ਦਰ 25.71 ਪ੍ਰਤਿਸ਼ਤ ਤਕ ਪਹੁੰਚ ਗਈ ਅਤੇ ਅੱਠਵੀਂ ਵਿਚ ਇਹ ਵਧ ਕੇ 31.42 ਪ੍ਰਤਿਸ਼ਤ ਤਕ ਹੋ ਗਈ ਸੀ। ਦਸਵੀਂ ਜਮਾਤ ਤਕ ਇਹ ਸਥਿਤੀ ਹੋਰ ਵੀ ਹੈਰਾਨੀਜਨਕ ਹੋ ਗਈ, ਜਿਸ ਅਨੁਸਾਰ 2005-06 ਵਿਚ ਦਸਵੀਂ ਜਮਾਤ ਵਿਚ 45.82 ਪ੍ਰਤਿਸ਼ਤ ਲੜਕਿਆਂ ਨੇ ਆਪਣੀ ਪੜ੍ਹਾਈ ਵਿਚਾਲੇ ਛੱਡ ਦਿੱਤੀ ਸੀ ਅਤੇ ਲੜਕੀਆਂ ਦੀ ਦਰ 46 ਪ੍ਰਤਿਸ਼ਤ ਰਹੀ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਸਥਿਤੀ ਵੀ ਚਿੰਤਾ ਜਨਕ ਹੈ। ਇਹ ਦਰ 85 ਪ੍ਰਤਿਸ਼ਤ ਤਕ ਪਹੁੰਚ ਜਾਂਦੀ ਹੈ। 2013-14 ਦੇ ਅੰਕੜਿਆਂ ਅਨੁਸਾਰ ਸਕੂਲ ਛੱਡਣ ਦੀ ਦਰ ਲੜਕਿਆਂ ਦੀ 30.45 ਪ੍ਰਤਿਸ਼ਤ ਅਤੇ ਲੜਕੀਆਂ ਦੀ ਦਰ 25.15 ਪ੍ਰਤਿਸ਼ਤ ਤਕ ਪਹੁੰਚ ਜਾਂਦੀ ਹੈ।

ਨੈਸ਼ਨਲ ਯੂਨੀਵਰਸਿਟੀ ਆਫ਼ ਐਜੂਕੇਸ਼ਨ ਪਲਾਨਿੰਗ ਐਂਡ ਐਡਮਨਿਸਟ੍ਰੇਸ਼ਨ ਇਕ ਉੱਚ ਪੱਧਰੀ ਸੰਸਥਾ, ਜੋ ਭਾਰਤ ਸਰਕਾਰ ਦੇ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲਾ ਦੁਆਰਾ ਸਥਾਪਤ ਕੀਤੀ ਗਈ ਹੈ। ਇਸ ਦੇ ਸਿੱਖਿਆ ਵਿਕਾਸ ਇੰਡੈਕਸ ਨੇ ਪੰਜਾਬ ਦਾ ਬੁਨਿਆਦੀ ਢਾਂਚਾ ਇੰਡੈਕਸ 0.917 ਵਿਚ ਦੱਸਿਆ ਹੈ। ਇਸ ਸੰਸਥਾ ਦੇ 2007-08 ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ ਪੰਜਾਬ ਵਿਚ 18508 ਸਰਕਾਰੀ ਸਕੂਲ ਹਨ, ਜਿਨ੍ਹਾਂ ਵਿਚੋਂ 65.23 ਪ੍ਰਤਿਸ਼ਤ ਸਕੂਲਾਂ ਕੋਲ ਹੀ ਖੇਡ ਮੈਦਾਨ ਹਨ। 88.23 ਪ੍ਰਤਿਸ਼ਤ ਪਖ਼ਾਨੇ ਲੜਕਿਆਂ ਲਈ ਅਤੇ 86.09 ਪ੍ਰਤਿਸ਼ਤ ਲੜਕੀਆਂ ਲਈ ਹਨ। 53875 ਕਲਾਸ ਰੂਮ ਵਿਚੋਂ 72.14 ਪ੍ਰਤਿਸ਼ਤ ਕਮਰੇ ਚੰਗੀ ਸਥਿਤੀ ਵਿਚ ਹਨ ਅਤੇ 27.86 ਪ੍ਰਤਿਸ਼ਤ ਕਮਰੇ ਖਸਤਾ ਹਾਲ ਹਨ। ਪੰਜਾਬ ਦੇ ਸਕੂਲਾਂ ਵਿਚ ਪੀਣ ਯੋਗ ਪਾਣੀ ਦੀ ਸਮੱਸਿਆ ਲਗਭਗ ਹੱਲ ਕਰ ਲਈ ਗਈ ਹੈ। 2014-15 ਵਿਚ ਕੇਵਲ 3.4 ਪ੍ਰਤਿਸ਼ਤ ਸਕੂਲਾਂ ਵਿਚ ਪੀਣ ਯੋਗ ਪਾਣੀ ਦੀ ਸਹੂਲਤ ਦੀ ਘਾਟ ਹੈ। ਬਹੁਤ ਸਾਰੇ ਸਕੂਲ ਬਿਜਲੀ ਦਾ ਬਿੱਲ ਭਰਨ ਲਈ ਪਿੰਡ ਦੀਆਂ ਪੰਚਾਇਤਾਂ ਉਤੇ ਨਿਰਭਰ ਸਨ। ਹੁਣ ਇਹ ਮਸਲਾ ਵੀ ਕਾਫ਼ੀ ਹੱਦ ਤਕ ਹੱਲ ਕਰ ਲਿਆ

ਗਿਆ ਹੈ।

ਰਾਸ਼ਟਰੀ ਆਰਥਿਕ ਸਰਵੇਖਣ 2008-09 ਅਨੁਸਾਰ ਪੰਜਾਬ ਵਿਚ 27 ਪ੍ਰਤਿਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਪੇਂਡੂ ਖੇਤਰਾਂ ਦੇ ਲਗਭਗ 80 ਪ੍ਰਤਿਸ਼ਤ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। 'ਪੜ੍ਹੋ ਪੰਜਾਬ' ਵਿਚ ਤਿਆਰ ਕੀਤੀ ਗਈ 2008-09 ਦੀ ਬੇਸਲਾਈਨ ਅਨੁਸਾਰ ਤੀਜੀ ਜਮਾਤ ਦੇ ਲਗਭਗ 50 ਪ੍ਰਤਿਸ਼ਤ ਬੱਚੇ ਪਹਿਲੀ ਜਮਾਤ ਦਾ ਪੈਰ੍ਹਾ ਨਹੀਂ ਪੜ੍ਹ ਸਕਦੇ। ਪੰਜਵੀਂ ਜਮਾਤ ਵਿਚ ਲਗਭਗ 40 ਪ੍ਰਤਿਸ਼ਤ ਬੱਚੇ ਦੂਜੀ ਜਮਾਤ ਦਾ ਪਾਠ ਨਹੀਂ ਪੜ੍ਹ ਸਕਦੇ। ਹਿਸਾਰ ਦੇ ਵਿਸ਼ੇ ਦੇ ਅੰਕੜੇ ਹੋਰ ਵੀ ਖਰਾਬ ਸਨ। ਪੰਜਵੀਂ ਦੇ ਲਗਭਗ 60 ਬੱਚੇ ਤਿੰਨ ਅੰਕਾਂ ਵਾਲਾ ਭਾਗ ਦਾ ਸਵਾਲ ਹੱਲ ਨਹੀਂ ਕਰ ਸਕਦੇ। ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸਿੱਖਿਆ ਦੀ ਵਰਤਮਾਨ ਸਥਿਤੀ ਜੋ ਕਿ ਬਹੁਤ ਅਣਸੁਖਾਵੀਂ ਹੈ ਅਤੇ ਦਿਨ ਪ੍ਰਤਿ ਦਿਨ ਭਿਆਨਕ ਹੁੰਦੀ ਜਾ ਰਹੀ ਹੈ, ਦਾ ਕਾਰਨ ਗਰੀਬੀ, ਬੇਰੁਜ਼ਗਾਰੀ ਅਤੇ ਮਾਪਿਆਂ ਦੀ ਅਨਪੜ੍ਹਤਾ ਹੈ। ਪੇਂਡੂ ਖੇਤਰਾਂ ਵਿਚ ਸਿੱਖਿਆ ਦੀ ਵਰਤਮਾਨ ਸਥਿਤੀ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਸਿੱਖਿਆ ਦਾ ਠੀਕ ਢੰਗ ਨਾਲ ਕਿੱਤਾਕਰਨ ਨਹੀਂ ਹੋਇਆ। ਜਿਸ ਨਾਲ ਪੜ੍ਹੇ-ਲਿਖੇ ਬੇਰੁਜ਼ਗਾਰ ਪੈਦਾ ਹੋ ਰਹੇ ਹਨ। 2013-14 ਦੇ ਅੰਕੜੇ ਦੱਸਦੇ ਹਨ ਕਿ ਬੱਚਿਆਂ ਦੀ ਪੜ੍ਹਨ ਦੀ ਰਫ਼ਤਾਰ ਵਿਚ ਸੁਧਾਰ ਆਇਆ ਹੈ। ਇਹ ਪ੍ਰਤਿਸ਼ਤ ਕ੍ਰਮਵਾਰ 20 ਅਤੇ 30 ਪ੍ਰਤਿਸ਼ਤ ਤਕ ਆ ਗਈ ਹੈ।

ਪੰਜਾਬ ਸਰਕਾਰ ਦੇ ਆਰਥਿਕ ਸਰਵੇ ਵਿਚ ਬੇਰੁਜ਼ਗਾਰੀ ਦੀ ਭਿਆਨਕ ਤਸਵੀਰ ਦੇਖਣ ਨੂੰ ਮਿਲਦੀ ਹੈ। ਰਾਜ ਦੇ ਲਗਭਗ 47 ਰੁਜ਼ਗਾਰ ਦਫ਼ਤਰ ਦੇ ਰਜਿਸਟਰਾਂ ਵਿਚ ਇਸ ਵੇਲੇ 4.04 ਲੱਖ ਬੇਰੁਜ਼ਗਾਰ ਵਿਅਕਤੀਆਂ ਦੇ ਨਾਂ ਦਰਜ ਹਨ। ਇਨ੍ਹਾਂ ਵਿਚੋਂ 3 ਲੱਖ ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਇਨ੍ਹਾਂ ਵਿਚੋਂ 22.57 ਕੋਲ ਤਕਨੀਕੀ ਯੋਗਤਾ ਹੈ ਜੋ ਇਨ੍ਹਾਂ ਦਫ਼ਤਰਾਂ ਵਿਚ ਨਾਂ ਦਰਜ ਨਹੀਂ ਕਰਾਉਂਦੇ, ਉਨ੍ਹਾਂ ਦਾ ਜ਼ਿਕਰ ਕਰੀਏ ਤਾਂ ਸਥਿਤੀ ਹੋਰ ਵੀ ਭਿਆਨਕ ਹੈ। ਕੇਂਦਰ ਸਰਕਾਰ ਦੀ ਨਰੇਗਾ ਸਕੀਮ ਨੇ ਬੇਰੁਜ਼ਗਾਰੀ ਨੂੰ ਕਾਫ਼ੀ ਹੱਦ ਤਕ ਘਟਾ ਦਿੱਤਾ ਹੈ। ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਨਰੇਗਾ ਅਧੀਨ ਪੇਂਡੂ ਲੋਕਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ।

## ਸਰਵ ਸਿੱਖਿਆ ਅਭਿਆਨ ਦਾ ਮਹੱਤਵ

ਕੇਂਦਰ ਸਰਕਾਰ ਦਾ ਸਰਵ ਸਿੱਖਿਆ ਅਪਿਆਨ ਬਹੁਤ ਹੀ ਵੱਡਾ ਅਤੇ ਮਹੱਤਵਪੂਰਨ ਸਿੱਖਿਆ ਦਾ ਪ੍ਰੋਗਰਾਮ ਹੈ। ਜਿਸ ਦਾ ਮਨੋਰਥ 2010 ਤਕ ਐਲੀਮੈਂਟਰੀ ਸਿੱਖਿਆ ਦਾ ਸਰਵ ਵਿਆਪੀਕਰਨ ਕੀਤਾ ਜਾਣਾ ਸੀ। ਭਾਵ ਕਿ 6-14 ਸਾਲ ਦਾ ਹਰ ਬੱਚਾ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਵੇਗਾ। ਕੇਂਦਰ ਸਰਕਾਰ ਦੀਆਂ ਹਦਾਇਤਾਂ ਉਤੇ ਰਾਜ ਸਰਕਾਰਾਂ ਦੁਆਰਾ ਇਸ ਅਭਿਆਨ ਨੂੰ 2002-03 ਵਿਚ ਲਾਗੂ ਕੀਤਾ ਗਿਆ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦਾ ਸਿੱਖਿਆ ਵਿਭਾਗ ਪ੍ਰਾਇਮਰੀ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ ਅਹਿਮ ਯਤਨ ਕਰਦਾ ਆ ਰਿਹਾ ਸੀ, ਭਲਾਈ ਵਿਭਾਗ ਵਲੋਂ ਅਨੁਸੂਚਿਤ ਜਾਤੀ ਵਰਗ ਦੇ ਵਿਦਿਆਰਥੀਆਂ ਨੂੰ ਵਜ਼ੀਫੇ, ਪੁਸਤਕਾਂ ਆਦਿ ਦੀ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ।

ਸਰਵ ਸਿੱਖਿਆ ਅਭਿਆਨ ਦੇ ਰਾਹੀਂ ਤਿੰਨ ਪੜਾਵਾਂ ਦੇ ਟੀਚੇ ਮਿੱਥੇ ਗਏ। ਜਿਸ ਤਹਿਤ 2003 ਤੋਂ ਬਾਅਦ ਇਹ ਟੀਚਾ ਮਿਥਿਆ ਗਿਆ ਕਿ ਈ ਜੀ ਐੱਸ (ਐਜੂਕੇਸ਼ਨ ਗਰੰਟੀ ਸਕੀਮ) ਰਾਹੀਂ ਹਰ ਇਕ ਬੱਚਾ ਸਕੂਲ ਵਿਚ ਦਾਖ਼ਲ ਅਤੇ ਹਾਜ਼ਰ ਜ਼ਰੂਰ ਹੋਵੇ। 2007 ਤਕ ਸਾਰੇ ਬੱਚੇ ਪ੍ਰਾਇਮਰੀ ਸਿੱਖਿਆ ਦੀ ਮੁੱਢਲੀ 5 ਸਾਲਾਂ ਦੀ ਸਿੱਖਿਆ ਪ੍ਰਾਪਤ ਕਰ ਲੈਣ ਅਤੇ 2010 ਤਕ ਮੁੱਢਲੇ 8 ਸਾਲਾਂ ਦੀ ਸਕੂਲ ਸਿੱਖਿਆ ਪੂਰੀ ਕਰ ਲੈਣ। ਸਰਵ ਸਿੱਖਿਆ ਅਭਿਆਨ ਵਿਚ ਇਹ ਪਹਿਲੀ ਵਾਰ ਹੋਇਆ ਕਿ ਗਰੀਬ ਅਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਹਾਇਤਾ ਦੇ ਕੇ ਉਨ੍ਹਾਂ ਦੀ ਸਕੂਲ ਛੱਡਣ ਦੀ ਦਰ ਨੂੰ ਖਤਮ ਕੀਤਾ ਗਿਆ।

ਸਾਲ 2008-09 ਦੀ ਇਨਰੋਲਮੈਂਟ ਅਨੁਸਾਰ ਪਹਿਲੀ ਤੋਂ ਪੰਜਵੀਂ ਤਕ ਲੜਕੇ ਅਤੇ ਲੜਕੀਆਂ ਦੀ ਕੁੱਲ ਗਿਣਤੀ 1247180 ਸੀ। ਛੇਵੀਂ ਤੋਂ ਅੱਠਵੀਂ ਤਕ ਇਹ ਗਿਣਤੀ 817282 ਸੀ। ਮਿਡਲ ਤਕ ਇਹ ਗਿਣਤੀ 410207 ਸੀ। ਭਾਵ ਕਿ ਪਹਿਲੀ ਤੋਂ ਪੰਜਵੀਂ ਤਕ 65.55 ਅਤੇ ਅੱਠਵੀਂ ਤਕ 54.76 ਪ੍ਰਤਿਸ਼ਤ ਵਿਦਿਆਰਥੀ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਿਤ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਸਨ। ਸਰਵ ਸਿੱਖਿਆ ਅਭਿਆਨ ਰਾਹੀਂ ਕੁੱਲ ਬਜਟ ਦਾ 33 ਪ੍ਰਤਿਸ਼ਤ ਪੈਸਾ ਢਾਂਚਾਗਤ ਵਿਕਾਸ ਉਪਰ ਖਰਚ ਕਰਨ ਦਾ ਮਿਥਿਆ ਹੈ। 10ਵੀਂ ਪੰਜ ਸਾਲਾ ਯੋਜਨਾ ਅਨੁਸਾਰ ਭਾਰਤ ਸਰਕਾਰ 75 ਪ੍ਰਤਿਸ਼ਤ ਸਰਵ ਸਿੱਖਿਆ ਅਭਿਆਨ ਵਿਚ ਖਰਚ ਕਰੇਗੀ ਅਤੇ ਰਾਜ ਸਰਕਾਰ ਉਸ ਵਿਚ 25 ਪ੍ਰਤਿਸ਼ਤ ਪਾਵੇਗੀ। ਇਹ ਅਭਿਆਨ 2015 ਤਕ ਬੜੀ ਸਫਲਤਾ ਨਾਲ ਚੱਲ ਰਿਹਾ ਹੈ। ਇਸ ਦੇ ਕਾਫੀ ਸਾਰਥਕ ਸਿੱਟੇ ਨਿਕਲੇ ਹਨ।

ਸਰਵ ਸਿੱਖਿਆ ਅਭਿਆਨ ਨੇ ਆਪਣੇ ਕਾਰਜ ਨੂੰ ਅਸਲੀਅਤ ਦੇਣ ਲਈ ਸਕੂਲਾਂ ਵਿਚ ਵੱਖ-ਵੱਖ ਗਰਾਂਟਾਂ ਦੇਣ ਦੀ ਸਕੀਮ ਤਿਆਰ ਕੀਤੀ। ਜਿਸ ਵਿਚ ਸੀ ਆਰ ਸੀ ਹਾਲ ਕਮਰਾ, ਵਾਧੂ ਕਮਰਾ ਗਰਾਂਟ, ਰਸੋਈ ਸ਼ੈੱਡ, ਸੈਨੇਟਰੀ ਗਰਾਂਟ ਆਦਿ ਮੁੱਖ ਹਨ। ਇਸ ਅਭਿਆਨ ਤਹਿਤ ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲਾਂ ਵਿਚ ਬਲੈਕ ਬੋਰਡ, ਮੇਜ਼-ਕੁਰਸੀਆਂ, ਕਿਤਾਬਾਂ ਆਦਿ ਦੀ ਲੋੜ ਲਈ 2000 ਰੁਪਏ ਦੀ ਗਰਾਂਟ ਹਰ ਸਕੂਲ ਨੂੰ ਦਿੱਤੀ ਗਈ। 2007-08 ਦੌਰਾਨ ਇਹ ਰਕਮ 382.34 ਲੱਖ, 19117 ਸਕੂਲਾਂ ਲਈ ਮਨਜ਼ੂਰ ਕੀਤੀ ਗਈ। ਜਿਸ ਵਿਚੋਂ 361.70 ਲੱਖ ਖਰਚ ਕਰ ਦਿੱਤੇ ਗਏ। ਇਸ ਅਭਿਆਨ ਤਹਿਤ ਦੂਜੀ ਗਰਾਂਟ ਇਮਾਰਤਾਂ ਬਣਾਉਣ ਲਈ ਦਿੱਤੀ ਗਈ। ਜਿਸ ਨੂੰ ਬਾਲਾ ਗਰਾਂਟ ਕਿਹਾ ਜਾਂਦਾ ਹੈ। 2007-08 ਦੌਰਾਨ 11441 ਦਾ ਟੀਚਾ ਸੀ ਅਤੇ 4218 ਕੇਂਦਰਾਂ ਸਥਾਪਤ ਕਰਕੇ ਇਹ ਟੀਚਾ ਪ੍ਰਾਪਤ ਕੀਤਾ ਗਿਆ। ਜਿਸ ਵਿਚ 228.82 ਲੱਖ ਰੁਪਏ ਮਨਜ਼ੂਰ ਕੀਤੇ ਗਏ ਅਤੇ 90.98 ਲੱਖ ਰੁਪਏ ਇਨ੍ਹਾਂ ਕੇਂਦਰ ਉਤੇ ਖਰਚ ਕੀਤੇ ਗਏ। 2007-08 ਵਿਚ ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਅਧਿਆਪਕਾਂ ਨੂੰ ਨਵੀਂ ਸਿੱਖਿਆ ਦੇ ਹਾਣ ਦਾ ਬਣਾਉਣ ਲਈ ਫੀਡਬੈਕ ਦੇ ਤੌਰ ਤੇ ਸੈਮੀਨਾਰਾਂ ਦਾ ਪ੍ਰਬੰਧ ਕੀਤਾ ਗਿਆ ਅਤੇ ਇਨ੍ਹਾਂ ਸੈਮੀਨਾਰਾਂ ਨੇ ਸਰਵ ਸਿੱਖਿਆ ਅਭਿਆਨ ਰਾਹੀਂ 1064.60 ਲੱਖ ਰੁਪਏ ਮਨਜ਼ੂਰ ਕੀਤੇ ਗਏ, ਜਿਨ੍ਹਾਂ ਵਿਚ ਪ੍ਰਾਇਮਰੀ ਸਕੂਲਾਂ ਦੇ 75837 ਅਤੇ ਉੱਚ ਪ੍ਰਾਇਮਰੀ ਸਕੂਲਾਂ ਦੇ 66469 ਅਧਿਆਪਕਾਂ ਨੂੰ ਸਿੱਖਿਆ ਦਿੱਤੀ ਗਈ ਅਤੇ ਇਸ ਸਾਲ ਵਿਚ 507.71 ਲੱਖ ਰੁਪਏ ਦੀ ਰਕਮ ਇਸ ਉਤੇ ਖਰਚ ਕੀਤੀ ਗਈ। ਟੀ ਐੱਲ ਐੱਮ ਗਰਾਂਟ ਵਿਦਿਆਰਥੀਆਂ ਨੂੰ ਪੜ੍ਹਾਉਣ ਦੀਆਂ ਵਿਧੀਆਂ ਨਾਲ ਸੰਬੰਧਿਤ ਪ੍ਰਤਿ ਟੀਚਰ 500

ਰੁਪਏ ਦੇ ਹਿਸਾਬ ਨਾਲ ਦਿੱਤੀ ਗਈ, ਜਿਸ ਦਾ ਅਰਥ ਹੈ ਕਿ ਅਧਿਆਪਕ ਪੜ੍ਹਾਉਣ ਲਈ ਸਹਾਇਕ ਸਮੱਗਰੀ ਦੀ ਵਰਤੋਂ ਕਰਕੇ ਵਿਦਿਆਰਥੀਆਂ ਦੀ ਘੱਟੋ-ਘੱਟ ਪੜ੍ਹਨ-ਲਿਖਣ ਯੋਗਤਾ ਦਾ ਵਿਕਾਸ ਕਰ ਸਕੇ। 2007-08 ਦੌਰਾਨ ਅਧਿਆਪਕਾਂ ਲਈ 354.49 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਸੀ, ਜਿਸ ਵਿਚੋਂ 313.35 ਲੱਖ ਰੁਪਏ ਖਰਚ ਕਰ ਦਿੱਤੇ ਗਏ। ਸਰਵ ਸਿੱਖਿਆ ਅਭਿਆਨ ਦੀ ਇਕ ਰੈਮੀਡੀਅਲ ਗਰਾਂਟ ਵੀ ਹੈ। ਇਹ ਗਰਾਂਟ ਚੌਥੀ, ਪੰਜਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਕਮਜ਼ੋਰ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਦਿੱਤੀ ਜਾਂਦੀ ਹੈ। ਸਕੂਲ ਵਿਚ ਕਮਜ਼ੋਰ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਸਿੱਖਿਆ ਵਲੰਟੀਅਰ ਵਲੋਂ ਗਰੈਜੂਏਟ ਅਤੇ ਘੱਟੋ-ਘੱਟ +2 ਪਾਸ ਅਧਿਆਪਕਾਂ ਨੂੰ ਲਗਾਇਆ ਗਿਆ। ਇਹ ਪ੍ਰੋਗਰਾਮ ਡੇਢ ਮਹੀਨੇ ਦਾ ਸੀ ਜਿਸ ਵਿਚ 10.06 ਲੱਖ ਰੁਪਏ ਰਕਮ 952 ਸਰਕਾਰੀ ਸਕੂਲਾਂ ਵਿਚ ਪ੍ਰਵਾਨਤ ਕੀਤੀ ਗਈ।

## ਮਿਡ ਡੇ ਮੀਲ ਸਕੀਮ

ਸਰਵ ਸਿੱਖਿਆ ਅਭਿਆਨ ਅਧੀਨ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਨੂੰ ਚਾਲੂ ਸਾਲ ਦੌਰਾਨ ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਦੇ 21.68 ਲੱਖ ਵਿਦਿਆਰਥੀਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾ ਰਿਹਾ ਹੈ। ਖਾਣਾ ਬਣਾਉਣ ਲਈ ਸਕੂਲਾਂ ਨੂੰ ਰਸੋਈ ਸ਼ੈਡ ਬਣਾਉਣ ਲਈ ਪ੍ਰਤਿ ਸਕੂਲ 60,000 ਰੁਪਏ ਦੀ ਗਰਾਂਟ ਦਿੱਤੀ ਗਈ। 2007 ਤਕ 4571 ਸ਼ੈਡ ਸਰਵ ਸਿੱਖਿਆ ਅਭਿਆਨ ਤਹਿਤ ਬਣਾਏ ਗਏ ਅਤੇ 2009-10 ਤਕ 13874 ਰਸੋਈ ਸ਼ੈਡ ਬਣਾਏ ਗਏ। 2014 ਤਕ ਇਹ ਗਿਣਤੀ 14725 ਹੋ ਗਈ ਸੀ।

ਮਿਡ ਡੇ ਮੀਲ ਸਕੀਮ ਨੇ ਸਕੂਲਾਂ ਵਿਚ ਹਾਜ਼ਰੀ ਅਤੇ ਦਾਖ਼ਲੇ ਵਿਚ ਕਾਫ਼ੀ ਪ੍ਰਭਾਵ ਪਾਇਆ ਹੈ। ਇਸ ਤਹਿਤ ਸਕੂਲਾਂ ਵਿਚ ਪ੍ਰੋਟੀਨ ਭਰਪੂਰ ਅਤੇ ਕੈਲੋਰੀ ਭਰਪੂਰ ਭੋਜਨ ਪਕਾ ਕੇ ਦਿੱਤਾ ਜਾਂਦਾ ਹੈ। ਹਰ ਰੋਜ਼ ਹਫ਼ਤੇ ਦੇ ਮੀਨੂੰ ਅਨੁਸਾਰ ਬਦਲਵਾਂ ਖਾਣਾ ਦਿੱਤਾ ਜਾਂਦਾ ਹੈ। ਇਸ ਨਾਲ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੋਇਆ ਹੈ।

31 ਜੁਲਾਈ, 2006 ਤੋਂ ਮਿਡ ਡੇ ਮੀਲ ਸਕੀਮ ਪੰਜਾਬ ਵਿਚ ਮੁੜ ਅਰੰਭ ਹੋਈ। ਇਸ ਸਕੀਮ ਨੂੰ ਪੂਰੀ ਯੋਜਨਾਬੰਦੀ ਨਾਲ ਸ਼ੁਰੂ ਕੀਤਾ ਗਿਆ। 14 ਮਹੀਨਿਆਂ ਵਿਚ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵਧਣ ਲੱਗੀ। ਪਿੰਡਾਂ ਵਿਚ ਜੋ ਪਰਿਵਾਰ ਅਤੇ ਇਨ੍ਹਾਂ ਦੇ ਬੱਚੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਉਨ੍ਹਾਂ ਲਈ ਇਹ ਸੰਤੁਲਿਤ ਭੋਜਨ ਸਾਬਤ ਹੋਇਆ। ਕੇਂਦਰ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਵਿਚ ਮਿਡ ਡੇ ਮੀਲ ਸਕੀਮ ਚੰਗੇ ਤਰੀਕੇ ਨਾਲ ਚੱਲ ਰਹੀ ਹੈ। ਚੰਡੀਗੜ੍ਹ ਵਿਚ 40,000 ਵਿਦਿਆਰਥੀਆਂ ਲਈ ਦੁਪਹਿਰ ਦਾ ਖਾਣਾ ਨਿਰਧਾਰਿਤ ਥਾਵਾਂ ਉਤੇ ਪਕਾਇਆ ਜਾ ਰਿਹਾ ਹੈ। ਸਕੂਲਾਂ ਵਿਚ ਇਸ ਸਕੀਮ ਤਹਿਤ ਕੁਪੋਸ਼ਣ ਦੂਰ ਕਰਨ ਲਈ ਆਇਰਨ ਅਤੇ ਫੋਲਿਕ ਐਸਿਡ ਦੀਆਂ ਗੋਲੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

ਗਰਲ ਐਜੂਕੇਸ਼ਨ ਗਰਾਂਟ ਪ੍ਰਤਿ ਜ਼ਿਲ੍ਹਾ 10 ਲੱਖ ਰੁਪਏ ਦੇ ਹਿਸਾਬ ਨਾਲ ਸ਼ੁਰੂ ਕੀਤੀ ਗਈ। ਇਸ ਦਾ ਅਰਥ ਹੈ ਕਿ ਸਕੂਲਾਂ ਵਿਚ ਲੜਕੀਆਂ ਦੀ ਸਿੱਖਿਆ ਨੂੰ ਜ਼ਰੂਰੀ ਬਣਾਇਆ ਜਾ ਸਕੇ। ਇਸ ਦੇ ਨਾਲ-ਨਾਲ 10 ਲੱਖ ਰੁਪਏ ਦੇ ਹਿਸਾਬ ਨਾਲ 200 ਲੱਖ ਰੁਪਏ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀਆਂ ਲੜਕੀਆਂ ਦੀ ਸਿੱਖਿਆ ਲਈ ਮਨਜ਼ੂਰ ਕੀਤੇ ਗਏ। ਇਸ ਦੇ ਨਾਲ-ਨਾਲ ਫੀਡ ਬੈਕ ਲਈ ਖੋਜ ਮੁੱਲਾਂਕਣ ਨਿਗਰਾਨੀ ਅਤੇ ਸੁਪਰਵੀਜ਼ਨ 2007-08 ਦੌਰਾਨ ਕਰਵਾਈ ਗਈ। ਜਿਨ੍ਹਾਂ ਵਿਚ ਹਾਊਸ ਹੋਲਡ ਸਰਵੇ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਗ਼ੈਰ-ਹਾਜ਼ਰੀ ਵਾਲੇ ਅਧਿਐਨ ਸ਼ਾਮਿਲ ਹਨ। ਸਿੱਖਿਆ ਵਿਭਾਗ ਵਲੋਂ 2008 ਦੌਰਾਨ 6 ਤੋਂ 14 ਸਾਲ ਦੇ 100457 ਵਿਦਿਆਰਥੀਆਂ ਨੂੰ ਅਧਿਐਨ ਦਾ ਕੇਂਦਰ ਬਣਾਇਆ ਗਿਆ। ਇਸ ਉਪਰ 267.63 ਲੱਖ ਰੁਪਏ ਮਨਜ਼ੂਰ ਕੀਤੇ ਗਏ ਜਿਸ ਵਿਚੋਂ 49.23 ਲੱਖ ਰੁਪਏ ਖਰਚ ਕੀਤੇ ਗਏ।

ਸਰਵ ਸਿੱਖਿਆ ਅਭਿਆਨ ਨੇ ਸਿੱਖਿਆ ਨੂੰ ਉੱਚਾ ਚੁੱਕਣ ਲਈ ਵੱਖ-ਵੱਖ ਅਧਿਆਪਕਾਂ ਦੀ ਭਰਤੀ ਵੀ ਕੀਤੀ ਜਿਸ ਦਾ ਮਨੋਰਥ ਬੰਦ ਪਏ ਸਕੂਲਾਂ ਨੂੰ ਖੋਲ੍ਹ ਕੇ ਸਕੂਲਾਂ ਤੋਂ ਬਾਹਰ ਬੱਚਿਆਂ ਨੂੰ ਸਿੱਖਿਆ ਦੇ ਘੇਰੇ ਵਿਚ ਲੈ ਕੇ ਆਉਣਾ ਸੀ। ਨਾਬਾਰਡ ਪ੍ਰੋਜੈਕਟ ਅਧੀਨ 351 ਸਕੂਲਾਂ ਨੂੰ ਅਪਗ੍ਰੇਡ ਕਰਕੇ ਉਨ੍ਹਾਂ ਉਪਰ 141 ਕਰੋੜ ਰੁਪਏ ਸਰਵ ਸਿੱਖਿਆ ਅਭਿਆਨ ਰਾਹੀਂ ਖਰਚ ਕੀਤੇ ਗਏ ਹਨ। ਇਸ ਤਹਿਤ 8158 ਸਿੱਖਿਆ ਕਰਮੀ ਵੀ ਭਰਤੀ ਕੀਤੇ ਗਏ। ਇਸੇ ਤਰ੍ਹਾਂ 2009-10 ਵਿਚ ਸਰਵ ਸਿੱਖਿਆ ਅਭਿਆਨ ਰਾਹੀਂ 4000 ਦੇ ਲਗਭਗ ਉੱਚ ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੀ ਭਰਤੀ ਕੀਤੀ ਗਈ। ਪ੍ਰਾਇਮਰੀ ਸਕੂਲਾਂ ਵਿਚ 1000 ਅਧਿਆਪਕਾਂ ਨੂੰ ਅੰਗਰੇਜ਼ੀ ਵਿਸ਼ੇ ਦੀ ਵਿਸ਼ੇਸ਼ ਸਿਖਲਾਈ ਦੇ ਕੇ ਸਕੂਲਾਂ ਵਿਚ ਭਰਤੀ ਕੀਤਾ ਗਿਆ। ਇਹ ਯਤਨ 2011 ਤੋਂ 2014 ਤਕ ਜਾਰੀ ਰਹੇ।

ਪੰਜਾਬ ਦੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਸਰਵ ਸਿੱਖਿਆ ਅਭਿਆਨ ਤਹਿਤ ਕੰਪਿਊਟਰ ਸਿੱਖਿਆ ਜ਼ਰੂਰੀ ਕਰ ਦਿੱਤੀ ਗਈ। ਇਸ ਦੇ ਲਈ ਕੰਪਿਊਟਰ ਅਤੇ ਉਸ ਨਾਲ ਸੰਬੰਧਤ ਸਮੱਗਰੀ ਵੀ ਉਪਲਬਧ ਕੀਤੀ ਗਈ। ਕੰਪਿਊਟਰ ਦੇ ਸਾਰੇ ਸਕੂਲਾਂ ਵਿਚ ਅਧਿਆਪਕ ਭਰਤੀ ਕਰਕੇ ਬਕਾਇਦਾ ਕੰਪਿਊਟਰ ਦੀ ਸਿੱਖਿਆ ਦਿੱਤੀ ਜਾਣ ਲੱਗੀ। ਹੁਣ ਸਾਰੇ ਕੰਪਿਊਟਰ ਅਧਿਆਪਕ ਸਿੱਖਿਆ ਵਿਭਾਗ ਨੇ ਪੱਕੇ ਕਰ ਦਿੱਤੇ ਹਨ। ਬੱਚਿਆਂ ਵਿਚ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਰੀਡਿੰਗ ਸੈੱਲ ਦਾ ਨਿਰਮਾਣ ਕੀਤਾ ਗਿਆ। ਵਿਭਾਗ ਵਲੋਂ ਭੇਜੀਆਂ ਕਿਤਾਬਾਂ ਦੇ ਪੜ੍ਹਨ ਦੇ ਨਾਲ-ਨਾਲ ਹਰ ਸਕੂਲ ਨੂੰ ਆਪਣਾ ਬਾਲ ਮੈਗਜ਼ੀਨ ਕੱਢਣ ਦਾ ਨਿਰਦੇਸ਼ ਵੀ ਦਿੱਤਾ ਗਿਆ। ਇਸ ਨਾਲ ਬੱਚਿਆਂ ਵਲੋਂ ਕਵਿਤਾ, ਲੇਖ ਅਤੇ ਕਹਾਣੀ ਲਿਖਣ ਦੀ ਚੇਟਕ ਵਿਕਸਤ ਹੋਈ। ਹਰ ਸਕੂਲ ਵਿਚ ਲਾਇਬ੍ਰੇਰੀ ਲਈ ਗ੍ਰਾਂਟਾਂ ਦਿੱਤੀਆਂ ਗਈਆਂ ਹਨ। ਐੱਸ ਐੱਸ ਏ ਤਹਿਤ 'ਪੜ੍ਹੋ ਪੰਜਾਬ' ਪ੍ਰਾਜੈਕਟ ਵਰਦਾਨ ਸਿੱਧ ਹੋਇਆ ਹੈ। ਇਸ ਰਾਹੀਂ ਬੱਚਿਆਂ ਵਿਚ ਸਾਹਿਤਕ ਕਿਤਾਬਾਂ ਅਤੇ ਬਾਲ ਮੈਗਜ਼ੀਨ ਪੜ੍ਹਨ ਦੀ ਚੇਟਕ ਲਗਾਈ ਗਈ।

ਸਰਵ ਸਿੱਖਿਆ ਅਭਿਆਨ ਤਹਿਤ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਅਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਦੇਣ ਦੀ ਸਕੀਮ ਵੀ ਚੱਲ ਰਹੀ ਹੈ। ਸਾਲ 2009-10 ਵਿਚ ਪਹਿਲੀ ਤੋਂ ਅੱਠਵੀਂ ਜਮਾਤ ਤਕ ਗ਼ੈਰ ਅਨੁਸੂਚਿਤ ਜਾਤੀਆਂ ਦੇ ਗਰੀਬ ਵਿਦਿਆਰਥੀਆਂ ਨੂੰ 7419480 ਕਿਤਾਬਾਂ ਪਹਿਲੀ ਜਮਾਤਾ ਤੋਂ ਅੱਠਵੀਂ ਜਮਾਤ ਤਕ ਦਿੱਤੀਆਂ ਗਈਆਂ। ਜਿਨ੍ਹਾਂ ਦੀ ਕੀਮਤ 17 ਕਰੋੜ ਰੁਪਏ ਬਣਦੀ ਹੈ। ਅਨੁਸੂਚਿਤ ਜਾਤੀ ਦੇ 77800 ਵਿਦਿਆਰਥੀਆਂ

ਨੂੰ ਵੀ 1229000 ਕਿਤਾਬਾਂ ਦਿੱਤੀਆਂ ਗਈਆਂ। ਇਹ ਕਿਤਾਬਾਂ ਹਰ ਸਾਲ ਦਿੱਤੀਆਂ ਜਾਂਦੀਆਂ ਹਨ। ਪੇਂਡੂ ਸਿੱਖਿਆ ਵਿਕਾਸ ਕਮੇਟੀ (ਪਸਵਕ) ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ ਸਕੂਲਾਂ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਉੱਚ ਪ੍ਰਾਇਮਰੀ ਸਕੂਲਾਂ ਵਿਚ ਮੁੱਖ ਅਧਿਆਪਕਾਂ ਦੇ ਲਈ 230 ਕਮਰਿਆਂ ਦਾ ਪ੍ਰਬੰਧ ਕੀਤਾ ਗਿਆ। ਪੂਰੇ ਪੰਜਾਬ ਵਿਚ 202 ਕਲਸਟਰ ਰਿਸੋਰਸ ਕੇਂਦਰ ਬਣਾਏ ਗਏ।

ਸਰਵ ਸਿੱਖਿਆ ਅਭਿਆਨ ਹੇਠ 6–14 ਸਾਲ ਦੇ ਸਾਰੇ ਬੱਚਿਆਂ ਨੂੰ ਲਾਜ਼ਮੀ ਸਿੱਖਿਆ ਦੇਣ ਦਾ ਟੀਚਾ ਪ੍ਰਾਪਤ ਕਰਨ ਲਈ ਪੂਰੀ ਯੋਜਨਾ ਨਾਲ ਕਾਰਜ ਸ਼ੁਰੂ ਕੀਤਾ ਗਿਆ। ਇਸ ਦੇ ਕਾਫੀ ਸਾਰਥਕ ਸਿੱਟੇ ਵੀ ਨਿਕਲੇ। ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਦੇ ਅੰਕੜੇ ਬੱਚਿਆਂ ਦੇ ਸਕੂਲ ਛੱਡ ਜਾਣ ਬਾਰੇ ਹਨ ਜਿਵੇਂ ਕਿ ਸੂਚੀ–1 ਵਿਚ ਦਿਖਾਇਆ ਗਿਆ ਹੈ।

ਸੂਚੀ–1 ਵਿਚ ਦਿੱਤੇ ਅੰਕੜਿਆਂ ਤੋਂ ਅਸੀ ਇਹ ਕਹਿ ਸਕਦੇ ਹਾਂ ਕਿ 1960 ਤੋਂ ਲੈ ਕੇ 1992–93 ਤਕ ਸਕੂਲ ਛੱਡਣ ਦੀ ਦਰ ਲਗਾਤਾਰ ਘਟਦੀ ਰਹੀ ਹੈ। ਉਸ ਤੋਂ ਬਾਅਦ ਇਹ ਦਰ ਸਥਿਰ ਹੋ ਜਾਂਦੀ ਹੈ। ਹੁਣ ਸਥਿਤੀ ਇਹ ਹੈ ਕਿ ਇਹ ਦਰ ਕਾਫੀ ਹੇਠਾਂ ਚਲੀ ਗਈ ਹੈ। 2013–14 ਦੇ ਅੰਕੜਿਆਂ ਅਨੁਸਾਰ ਸਕੂਲ ਛੱਡਣ ਦੀ ਦਰ 40.20 ਪ੍ਰਤਿਸ਼ਤ ਤਕ ਥੱਲੇ ਚਲੀ ਗਈ ਹੈ। ਇਸ ਦਾ ਕਾਰਨ ਸਰਵ ਸਿੱਖਿਆ ਅਭਿਆਨ ਵਲੋਂ ਪੂਰੀ ਯੋਜਨਾ ਨਾਲ ਚਲਾਈ ਸਿੱਖਿਆ ਨੀਤੀ ਹੈ। ਸਿਰਕੱਢ ਸਿੱਖਿਆ ਸ਼ਾਸਤਰੀ ਅਤੇ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ, ਨਵੀਂ ਦਿੱਲੀ ਅਨੁਸਾਰ ਇਹ ਦਰ 53 ਪ੍ਰਤਿਸ਼ਤ ਸੀ। ਇਹ ਅੰਕੜੇ 2006 ਦੇ ਅਨੁਸਾਰ ਹਨ। ਮਿਡ ਡੇ ਮੀਲ ਨਾਲ ਪੇਂਡੂ ਬੱਚਿਆਂ ਦੇ ਸਕੂਲ ਛੱਡਣ ਵਿਚ ਬਹੁਤ ਕਮੀ ਆਈ ਹੈ। ਤਾਜ਼ੇ ਅੰਕੜਿਆਂ ਅਨੁਸਾਰ ਇਹ 30.15 ਪ੍ਰਤਿਸ਼ਤ ਤਕ ਚਲਾ ਗਿਆ ਹੈ। ਅੱਠਵੀਂ ਤਕ ਦੀ ਮੁਫ਼ਤ ਤੇ ਲਾਜ਼ਮੀ ਸਿੱਖਿਆ ਦੇ ਟੀਚੇ ਨੂੰ ਪੂਰਾ ਕਰਨ ਲਈ ਸਭ ਤੋਂ ਵੱਧ ਅਹਿਮ ਗੱਲ ਹੈ, ਅੱਠਵੀਂ ਜਮਾਤ ਦੀ ਪੜ੍ਹਾਈ ਪੂਰੀ ਕਰਨ ਲਈ ਬੱਚੇ ਨੂੰ ਸਕੂਲ ਵਿਚ ਲਗਾਤਾਰ ਹਾਜ਼ਰ ਰੱਖਣਾ। ਇਸ ਨਾਲ ਸਾਖ਼ਰਤਾ ਦੀ ਦਰ ਵਿਚ ਵਾਧਾ ਹੁੰਦਾ ਹੈ। ਪੜ੍ਹਾਈ ਨੂੰ ਵਿਚ ਹੀ ਛੱਡਣ ਦੇ ਮੁੱਖ ਤੌਰ ਤੇ ਦੋ ਕਾਰਨ ਹਨ। ਇਕ ਤਾਂ ਘਰੇਲੂ ਕਾਰਨ, ਦੂਜਾ ਸਕੂਲ ਨਾਲ ਜੁੜਿਆ ਹੋਇਆ ਕਾਰਨ ਹੈ। ਜੋ ਕਾਰਨ ਘਰ ਨਾਲ ਜੁੜਦਾ ਹੈ ਉਹ ਬੱਚਿਆਂ ਦੇ ਮਾਂ–ਪਿਉ ਦਾ ਸਿੱਖਿਆ ਪ੍ਰਤਿ ਗਲਤ ਰਵੱਈਆ, ਗਰੀਬੀ ਅਤੇ ਘਰ ਦਾ ਮਾਹੌਲ, ਸਮਾਜਿਕ ਪਛੜਾਪਣ, ਲੜਕੀਆਂ ਦੀ ਸਮੇਂ ਤੋਂ ਪਹਿਲਾਂ ਸ਼ਾਦੀ, ਛੋਟੇ ਭੈਣ–ਭਰਾ ਦੀ ਦੇਖਭਾਲ ਲਈ ਘਰ ਰਹਿਣਾ ਆਦਿ। ਜੋ ਕਾਰਨ ਸਕੂਲ ਨਾਲ ਜੁੜੇ ਹੋਏ ਹਨ, ਮੁੱਖ ਰੂਪ ਵਿਚ ਬੱਚਿਆਂ ਨੂੰ ਅਧਿਆਪਕਾਂ ਵਲੋਂ ਪੜ੍ਹਾਈ ਲਈ ਉਤਸ਼ਾਹ ਨਾ ਮਿਲਣਾ। ਸਿੱਖਿਆ ਪ੍ਰਤਿ ਅਧਿਆਪਕਾਂ ਦੀ ਠੀਕ ਪਹੁੰਚ ਨਾ ਹੋਣਾ। ਬੱਚਿਆਂ ਤੇ ਅਧਿਆਪਕ ਦਾ ਸਹੀ ਅਨੁਪਾਤ ਨਾ ਹੋਣਾ। ਅਧਿਆਪਕਾਂ–ਮਾਪਿਆਂ ਦੀਆਂ ਮਿਲਣੀਆਂ ਦੀ ਘਾਟ, ਅਧਿਆਪਕਾਂ ਨੂੰ ਨਵੀਂ ਪੜ੍ਹਾਈ ਦੀਆਂ ਵਿਧੀਆਂ ਬਾਰੇ ਗਿਆਨ ਦੀ ਘਾਟ। ਇਹ ਉਪਰੋਕਤ ਕਾਰਨ ਸਰਵ ਸਿੱਖਿਆ ਅਭਿਆਨ ਨੇ ਕਾਫੀ ਹੱਦ ਤਕ ਦੂਰ ਕਰ ਲਏ ਹਨ। ਇਸੇ ਕਰਕੇ 2014–15 ਵਿਚ ਪੰਜਾਬ ਦੇ ਸਕੂਲਾਂ ਵਿਚ ਬੱਚਿਆਂ ਦੀ ਲਗਾਤਾਰ ਹਾਜ਼ਰੀ ਵਧੀ ਹੈ। ਦਿ ਰਾਈਜ਼ ਆਫ ਚਿਲਡਰਨ ਟੂ ਫ੍ਰੀ ਐਂਡ ਕੰਪਲਸਰੀ ਐਜੂਕੇਸ਼ਨ ਬਿੱਲ, 2008 ਅਨੁਸਾਰ ਇਹ ਸਿੱਖਿਆ 6–14 ਸਾਲ ਵਰਗ ਦੇ ਬੱਚਿਆਂ ਲਈ ਮੁਫ਼ਤ ਤੇ ਲਾਜ਼ਮੀ ਹੈ। ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਜ਼ਾਮਨੀ ਐਕਟ ਨੇ ਪੇਂਡੂ ਗਰੀਬ ਪਰਿਵਾਰਾਂ ਦੀ ਮੁਢਲੀ ਰੋਜ਼ੀ–ਰੋਟੀ ਦੀ ਲੋੜ ਪੂਰੀ ਕਰ ਦਿੱਤੀ ਹੈ। ਇਸ ਦੇ ਨਤੀਜੇ ਅਜੇ ਸਾਹਮਣੇ ਆ ਰਹੇ ਹਨ। ਸੰਵਿਧਾਨ ਦੀ 73ਵੀਂ ਸੋਧ ਪੰਚਾਇਤਾਂ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਸਕੂਲ ਸਿੱਖਿਆ ਵਿਚ ਦਖ਼ਲ ਦੇ ਕੇ ਇਸ ਨੂੰ ਸਹੀ ਦਿਸ਼ਾ ਦੇਵੇ, ਤਾਂ ਕਿ ਬੱਚਿਆਂ ਦੇ ਸਕੂਲ ਛੱਡਣ ਦੀ ਪ੍ਰਤਿਸ਼ਤ ਵਿਚ ਕਮੀ ਆ ਸਕੇ।

## ਪੇਂਡੂ ਖੇਤਰਾਂ ਵਿਚ ਬਾਲਗ ਸਿੱਖਿਆ

ਪੇਂਡੂ ਖੇਤਰਾਂ ਵਿਚ ਬਾਲਗ ਸਿੱਖਿਆ ਨੂੰ ਉਸਾਰੂ ਢੰਗ ਨਾਲ ਚਲਾਉਣ ਲਈ ਸਰਕਾਰੀ ਪੱਧਰ ਉੱਤੇ ਅਨੇਕ ਉਪਰਾਲੇ ਕੀਤੇ ਗਏ। ਬਾਲਗ ਸਿੱਖਿਆ ਗਰੀਬ ਤੇ ਸਾਧਨਹੀਣ ਪਰਿਵਾਰਾਂ ਦੀ ਮੁੱਖ ਲੋੜ ਹੈ। ਇਸ ਨਾਲ ਮਾਪੇ ਸਿੱਖਿਆ ਪ੍ਰਾਪਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਈ ਵੱਲ ਪ੍ਰੇਰਤ ਕਰ ਸਕਦੇ ਹਨ। ਜੇਕਰ ਬਾਲਗ ਸਿੱਖਿਆ ਦੀ ਇਤਿਹਾਸਕ ਪੱਧਰ ਉਤੇ ਗੱਲ ਕਰੀਏ ਤਾਂ ਅਸੀ ਵੇਖਦੇ ਹਾਂ ਕਿ ਅੰਗਰੇਜ਼ਾਂ ਸਮੇਤ ਦੇਸ਼ ਦੇ ਸ਼ਾਸਕਾਂ ਨੇ ਬਾਲਗ ਸਿੱਖਿਆ ਵੱਲ ਆਪਣੀ–ਆਪਣੀ ਪੱਧਰ ਉਤੇ ਧਿਆਨ ਜ਼ਰੂਰ ਦਿੱਤਾ ਹੈ। ਈਸਟ ਇੰਡੀਆ ਕੰਪਨੀ ਨੇ ਜਦੋਂ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਲੋਕਾਂ ਵਿਚ ਆਪਣੀ ਥਾਂ ਬਣਾਉਣ ਲਈ ਭਾਵੇਂ ਕਿ ਇਸ ਦੀ ਹੋਂਦ ਵੱਡੇ–ਵੱਡੇ ਸ਼ਹਿਰਾਂ ਤਕ ਸੀਮਤ ਰਹੀ। 1882–83 ਵਿਚ ਭਾਰਤੀ ਸਿੱਖਿਆ ਕਮਿਸ਼ਨ ਨੇ ਇਕ ਰਿਪੋਰਟ ਤਿਆਰ ਕੀਤੀ ਜਿਸ ਅਨੁਸਾਰ ਉਸ ਵੇਲੇ ਕਲਕੱਤੇ ਵਿਚ 1000, ਮਦਰਾਸ ਵਿਚ 222, ਬੰਬਈ ਵਿਚ 136 ਬਾਲਗ ਸਿੱਖਿਆ ਕੇਂਦਰ ਅਤੇ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ ਗਈ ਸੀ। ਆਜ਼ਾਦੀ ਉਪਰੰਤ ਬਲਾਕ ਪੱਧਰ ਉਤੇ ਸਾਖਰਤਾ ਮੁਹਿੰਮ ਸ਼ੁਰੂ ਕੀਤੀ ਗਈ। ਪੇਂਡੂ ਖੇਤਰਾਂ ਵਿਚ ਇਨ੍ਹਾਂ ਸਕੀਮਾਂ ਦਾ ਅਸਰ ਪਿਆ। ਭਾਵੇਂ ਕਿ ਪਿਛਲੇ 70 ਸਾਲਾਂ ਵਿਚ ਅਸੀਂ 6 ਪ੍ਰਤਿਸ਼ਤ ਤੋਂ ਵਧ ਕੇ 50 ਪ੍ਰਤਿਸ਼ਤ ਤਕ ਪਹੁੰਚੇ ਹਾਂ। 1964–65 ਦੀ ਆਪਣੀ ਰਿਪੋਰਟ ਵਿਚ ਭਾਰਤੀ ਸਿੱਖਿਆ ਆਯੋਗ ਨੇ ਸਾਖਰਤਾ ਦੀ ਮੱਠੀ ਗਤੀ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਅੱਜ 1961 ਵਿਚ ਭਾਰਤ ਵਿਚੋਂ ਸੰਨ 1951 ਦੇ ਮੁਕਾਬਲੇ ਵਿਚ ਵੱਧ ਅਨਪੜ੍ਹ ਹਨ। 10 ਸਾਲ ਵਿਚ ਪੂਰੀ ਵਸੋਂ ਵਿਚ 3.6 ਕਰੋੜ ਅਨਪੜ੍ਹਾਂ ਦਾ ਵਾਧਾ ਹੋਇਆ ਹੈ। ਸਾਖਰਤਾ 1951 ਵਿਚ 16.6 ਪ੍ਰਤਿਸ਼ਤ ਅਤੇ 1971 ਵਿਚ 34 ਪ੍ਰਤਿਸ਼ਤ ਹੋ ਗਈ ਸੀ। ਪਰ ਜਨ ਸੰਖਿਆ ਇੰਨੀ ਤੇਜ਼ੀ ਨਾਲ ਵਧੀ ਕਿ ਇਹ ਅੰਕੜੇ ਵਸੋਂ ਦੇ ਮੁਕਾਬਲੇ ਘਟਦੇ ਗਏ। ਅਸੀਂ 2015 ਤਕ ਵੀ ਅਨਪੜ੍ਹਤਾ ਨੂੰ ਜੜ੍ਹੋਂ ਨਹੀਂ ਮੁਕਾ ਸਕੇ।

ਪਿਛਲੇ 40–50 ਸਾਲਾਂ ਦੇ ਸਰਕਾਰੀ ਅੰਕੜਿਆਂ ਦਾ ਅਧਿਐਨ ਕਰੀਏ ਤਾਂ ਅਸੀ ਵੇਖਦੇ ਹਾਂ ਕਿ ਪੰਜਾਬ ਵਿਚ ਪੇਂਡੂ ਸਿੱਖਿਆ ਵਿਚ ਲਗਾਤਾਰ ਸੁਧਾਰ ਹੋਇਆ ਹੈ। ਇਸ ਪਿੱਛੇ ਸਰਕਾਰ ਦੀਆਂ ਸੁਧਰੀਆਂ ਹੋਈਆਂ ਨੀਤੀਆਂ ਅਤੇ ਉਨ੍ਹਾਂ ਨੂੰ ਇਮਾਨਦਾਰੀ ਨਾਲ ਲਾਗੂ ਕਰਨ ਦਾ ਯੋਗਦਾਨ ਰਿਹਾ ਹੈ।

| ਪੱਧਰ | 1960–61 | 1970–71 | 1980–81 | 1990–91 | 1992–93 | 1999–00 | 12001–02 |
|---|---|---|---|---|---|---|---|
| ਐਲੀਮੈਂਟਰੀ | 78.30 | 77.90 | 72.70 | 60.90 | 61.10 | 54.50 | 54.60 |

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail : kahanidhara@gmail.com*

# ਪੰਜਾਬ ਵਿਚ ਸਿੱਖਿਆ ਦਾ ਬਹੁਪੱਖੀ ਵਿਕਾਸ

ਸਰਬਜੀਤ ਸਿੰਘ ਛੀਨਾ

ਸੁਤੰਤਰਤਾ ਦੇ ਸਮੇਂ ਪੰਜਾਬ ਵਿਚ ਸਿਰਫ਼ 4 ਕਾਲਜ ਸਨ, ਜਦੋਂ ਕਿ ਹਾਈ ਸਕੂਲ ਸਿਰਫ਼ ਵੱਡੇ-ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿਚ ਸਥਿਤ ਸਨ। ਇਨ੍ਹਾਂ ਸਕੂਲਾਂ ਵਿਚੋਂ ਜ਼ਿਆਦਾਤਰ ਲੜਕਿਆਂ ਦੇ ਸਕੂਲ ਸਨ, ਲੜਕੀਆਂ ਦੇ ਸਕੂਲ ਕਿਸੇ-ਕਿਸੇ ਸ਼ਹਿਰ ਵਿਚ ਹੀ ਸਨ। ਅਸਲ ਵਿਚ, ਉਸ ਸਮੇਂ ਲੜਕੀਆਂ ਦੀ ਵਿੱਦਿਆ ਨੂੰ ਉਤਸਾਹਿਤ ਵੀ ਨਹੀਂ ਸੀ ਕੀਤਾ ਜਾਂਦਾ ਸਗੋਂ ਪਿਛਾਂਹ ਖਿੱਚੂ ਵਿਚਾਰਾਂ ਕਰਕੇ ਵੀ ਕੋਈ ਲੜਕੀ ਆਪਣੀ ਮਿਡਲ ਦੀ ਪੜ੍ਹਾਈ ਤੋਂ ਬਾਅਦ ਜੇ ਹਾਈ ਸਕੂਲ ਵਿਚ ਦਾਖ਼ਲਾ ਲੈਂਦੀ ਸੀ ਤਾਂ ਉਸ ਦੀ ਅਲੋਚਨਾ ਕੀਤੀ ਜਾਂਦੀ ਸੀ। ਬਹੁਤ ਹੀ ਘੱਟ ਲੜਕੀਆਂ ਕਾਲਜਾਂ ਵਿਚ ਪੜ੍ਹਦੀਆਂ ਸਨ। ਇਸ ਤਰ੍ਹਾਂ ਦੇ ਮਹੌਲ ਵਿਚ ਲੜਕੀਆਂ ਦਾ ਪੇਸ਼ੇਵਰ ਕਾਲਜਾਂ ਜਿਵੇਂ ਮੈਡੀਕਲ, ਇੰਜਨੀਅਰਿੰਗ, ਨਰਸਿੰਗ, ਆਰਕੀਟੈਕਚਰ, ਕਾਨੂੰਨ ਆਦਿ ਵਿਚ ਦਾਖ਼ਲਾ ਲੈਣਾ ਸ਼ਾਇਦ ਹੀ ਕਿਤੇ ਦੇਖਣ ਨੂੰ ਮਿਲੇ। ਸਮਾਜਿਕ ਤੌਰ ਤੇ ਵੀ ਲੜਕੀਆਂ ਦਾ ਇਨ੍ਹਾਂ ਪੇਸ਼ਿਆਂ ਨੂੰ ਅਪਣਾਉਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ ਪਰ ਫਿਰ ਵੀ ਸਮਾਜ ਸੁਧਾਰਕਾਂ ਅਤੇ ਰਾਜਨੀਤਕ ਨੇਤਾਵਾਂ ਵਲੋਂ ਲੜਕੀਆਂ ਦਾ ਵਿੱਦਿਆ ਪ੍ਰਾਪਤ ਕਰਨ ਅਤੇ ਉਨ੍ਹਾਂ ਦੇ ਹਰ ਪੇਸ਼ੇ ਨੂੰ ਅਪਣਾਉਣ ਲਈ ਪ੍ਰਚਾਰ ਕੀਤਾ ਜਾਂਦਾ ਸੀ।

ਸੁਤੰਤਰਤਾ ਤੋਂ ਬਾਅਦ, ਮਨੁੱਖੀ ਵਿਕਾਸ ਵਿਚ ਵਿੱਦਿਆ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ, ਸਿੱਖਿਆ ਦੇ ਪੱਖ ਨੂੰ ਸਭ ਤੋਂ ਵੱਡੀ ਤਰਜੀਹ ਦਿੱਤੀ ਗਈ ਅਤੇ ਇਸ ਸਬੰਧੀ ਬਹੁਤ ਵੱਡੇ ਯਤਨ ਕੀਤੇ ਗਏ। ਪਹਿਲੀ ਹੀ ਪੰਜ ਸਾਲਾ ਯੋਜਨਾ ਵਿਚ ਇਹ ਕੋਸ਼ਿਸ਼ ਕੀਤੀ ਗਈ ਕਿ ਪ੍ਰਾਇਮਰੀ ਸਕੂਲ ਹਰ ਪਿੰਡ ਵਿਚ ਅਤੇ ਹਰ ਕਿਸੇ ਦੀ ਪਹੁੰਚ ਵਿਚ ਬਣਾਉਣੇ ਚਾਹੀਦੇ ਹਨ। ਮਿਡਲ ਅਤੇ ਹਾਈ ਸਕੂਲਾਂ ਦੀ ਸਿੱਖਿਆ ਜਾਂ ਕਾਲਜਾਂ ਵਿਚ ਦਾਖ਼ਲਾ ਵਧਾਉਣ ਲਈ ਪ੍ਰਾਇਮਰੀ ਸਿੱਖਿਆ ਨੂੰ ਵਧਾਉਣਾ ਬਹੁਤ ਜ਼ਰੂਰੀ ਸੀ। ਪੰਜਾਬ ਵਿਚ 1960 ਤਕ ਪੰਜਾਬ ਦੇ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ ਗਿਆ ਤਾਂ ਕਿ ਕਿਸੇ ਵੀ ਬੱਚੇ ਨੂੰ ਆਪਣੀ ਪ੍ਰਾਇਮਰੀ ਸਿੱਖਿਆ ਪ੍ਰਾਪਤੀ ਲਈ ਹੋਰਨਾਂ ਪਿੰਡਾਂ ਵਿਚ ਜਾਂ ਇਕ ਕਿਲੋਮੀਟਰ ਤੋਂ ਦੂਰ ਪ੍ਰਾਇਮਰੀ ਨਾ ਜਾਣਾ ਪਵੇ। ਇਸ ਪ੍ਰਣਾਲੀ ਵਿਚ ਵਾਧਾ ਇਸ ਕਰਕੇ ਵੀ ਹੋਇਆ ਕਿ ਪ੍ਰਾਇਮਰੀ ਸਿੱਖਿਆ ਨੂੰ ਇਕ ਤਾਂ ਮੁਫ਼ਤ ਕੀਤਾ ਗਿਆ ਅਤੇ ਦੂਸਰਾ ਇਸ ਨੂੰ ਲਾਜ਼ਮੀ ਵੀ ਕੀਤਾ ਗਿਆ। ਕਿਰਤ ਵਿਚ ਬਾਲ ਮਜ਼ਦੂਰੀ ਦੀ ਮਨਾਹੀ ਵੀ ਇਸ ਉਦੇਸ਼ ਲਈ ਕੀਤੀ ਗਈ ਕਿ ਹਰ ਬੱਚਾ 14 ਸਾਲ ਦੀ ਉਮਰ ਤਕ ਮੁਫ਼ਤ ਵਿੱਦਿਆ ਪ੍ਰਾਪਤ ਕਰ ਸਕੇ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਲਈ ਸਿੱਖਿਆ ਨੂੰ ਮੁਫ਼ਤ ਵੀ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਸਿੱਖਿਆ ਨੂੰ ਵਧਾਉਣ ਲਈ ਕਈ ਵਜ਼ੀਫ਼ੇ ਦੇਣ ਦੀ ਵਿਵਸਥਾ ਵੀ ਕੀਤੀ ਗਈ।

**ਭਾਵੇਂ ਕਿ ਕਈ ਮਿਸ਼ਨਰੀਆਂ ਨੇ ਲੜਕੀਆਂ ਦੇ ਸਕੂਲ ਖੋਲ੍ਹੇ ਸਨ ਜਿਨ੍ਹਾਂ ਵਿਚ ਬਹੁਤ ਹੀ ਘੱਟ ਫੀਸ ਲੈ ਕੇ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਸੀ, ਪਰ ਫਿਰ ਵੀ ਬਹੁਤ ਘੱਟ ਲੜਕੀਆਂ ਦਾਖ਼ਲਾ ਲੈਂਦੀਆਂ ਸਨ। ਜਦੋਂ ਸਰਕਾਰ ਵਲੋਂ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਦਿੱਤੇ ਗਏ ਤਾਂ ਇਸ ਨਾਲ ਨੜਕੀਆਂ ਦੀ ਸਿੱਖਿਆ ਨੂੰ ਵੱਡਾ ਉਤਸ਼ਾਹ ਮਿਲਿਆ।**

ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਵਿਚ ਜ਼ਿਆਦਾਤਰ ਸਹਿ-ਸਿੱਖਿਆ ਸਕੂਲ ਸਨ ਜਿਨ੍ਹਾਂ ਵਿਚ ਲੜਕੇ ਅਤੇ ਲੜਕੀਆਂ ਇਕੱਠੇ ਪੜ੍ਹਦੇ ਸਨ। ਅੱਜਕੱਲ੍ਹ ਭਾਵੇਂ ਕਿ ਪੰਜਾਬ ਵਿਚ ਪਿੰਡਾਂ ਦੀ ਕੁੱਲ ਗਿਣਤੀ 12000 ਦੇ ਲਗਭਗ ਹੈ ਪਰ ਸ਼ਹਿਰਾਂ ਅਤੇ ਪਿੰਡਾਂ ਵਿਚ ਕੁੱਲ ਮਿਲਾ ਕੇ ਪ੍ਰਾਇਮਰੀ ਸਕੂਲਾਂ ਦੀ ਗਿਣਤੀ 15069 ਹੈ ਜੋ 1980 ਵਿਚ 12219 ਸੀ ਜਿਹੜੀ 2010 ਵਿਚ ਵਧ ਕੇ 13814 ਹੋ ਗਈ ਸੀ। ਇਸ ਤਰ੍ਹਾਂ ਹੀ ਭਾਵੇਂ ਕਿ ਲੜਕੇ ਅਤੇ ਲੜਕੀਆਂ ਦੇ ਥੋੜ੍ਹੇ ਜਿਹੇ ਮਿਡਲ ਸਕੂਲ ਵੱਖਰੇ-ਵੱਖਰੇ ਹਨ ਪਰ ਮਿਡਲ ਸਕੂਲਾਂ ਵਿਚ ਵੀ ਜ਼ਿਆਦਾਤਰ ਮਿਡਲ ਸਕੂਲ ਸਹਿ-ਸਿੱਖਿਆ ਸਕੂਲ ਹਨ ਜਿਨ੍ਹਾਂ ਵਿਚ ਲੜਕੇ-ਲੜਕੀਆਂ ਇਕੱਠੇ ਸਿੱਖਿਆ ਪ੍ਰਾਪਤ ਕਰਦੇ ਹਨ। ਇਨ੍ਹਾਂ ਵਿਚੋਂ 33 ਸਕੂਲ ਉਹ ਹਨ ਜਿਹੜੇ ਸਿਰਫ਼ ਲੜਕੀਆਂ ਲਈ ਹਨ ਅਤੇ 5689 ਸਕੂਲ ਲੜਕਿਆਂ ਅਤੇ ਲੜਕੀਆਂ ਲਈ ਹਨ, ਸਿਰਫ਼ 8 ਮਿਡਲ ਸਕੂਲ ਉਹ ਹਨ ਜਿਹੜੇ ਸਿਰਫ਼ ਲੜਕੀਆਂ ਲਈ ਹਨ।

10ਵੀਂ ਜਮਾਤ ਵਾਲੇ ਹਾਈ ਸਕੂਲ ਜਿਹੜੇ 1980 ਵਿਚ 1912 ਸਨ, ਉਨ੍ਹਾਂ ਦੀ ਗਿਣਤੀ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। 1990 ਵਿਚ ਇਹ ਗਿਣਤੀ ਵਧ ਕੇ 2239 ਅਤੇ 2000 ਵਿਚ 2748 ਹੋ ਗਈ ਜੋ 2012 ਵਿਚ ਹੋਰ ਵਧ ਕੇ 4996 ਹੋ ਗਈ ਜਿਨ੍ਹਾਂ ਵਿਚੋਂ ਸਿਰਫ਼ ਲੜਕਿਆਂ ਦੀ ਸਿੱਖਿਆ ਲਈ 32 ਸਕੂਲ ਸਨ ਜਦ ਕਿ ਲੜਕੀਆਂ ਲਈ 93 ਸਕੂਲ ਸਨ ਅਤੇ 4872 ਸਹਿ-ਸਿੱਖਿਆ ਸਕੂਲ ਹਨ ਜਿਨ੍ਹਾਂ ਵਿਚ ਲੜਕੇ ਅਤੇ ਲੜਕੀਆਂ ਇਕੱਠੇ ਪੜ੍ਹਦੇ ਹਨ। ਸੀਨੀਅਰ ਸੈਕੰਡਰੀ ਸਕੂਲ ਜੋ 10+2 ਜਾਂ 12 ਜਮਾਤਾਂ ਤਕ ਦੀ ਸਿੱਖਿਆ ਦਿੰਦੇ ਹਨ, ਵਿਚ

ਸਾਇੰਸ, ਆਰਟਸ, ਕਮਰਸ ਅਤੇ ਵੋਕੇਸ਼ਨਲ ਸਕੂਲ ਆਉਂਦੇ ਹਨ। ਇਨ੍ਹਾਂ ਸਕੂਲਾਂ ਦੀ ਗਿਣਤੀ 1980 ਵਿਚ ਸਿਰਫ਼ 157 ਸੀ ਜਿਹੜੀ ਵਧ ਕੇ ਸੰਨ 2000 ਵਿਚ 2733 ਅਤੇ 2012 ਵਿਚ ਵਧ ਕੇ 4316 ਹੋ ਗਈ, ਜਿਸ ਵਿਚ 259 ਸਿਰਫ਼ ਉਹ ਸਕੂਲ ਹਨ ਜਿਹੜੇ ਲੜਕੀਆਂ ਲਈ ਹਨ। ਭਾਵੇਂ ਕਿ ਸੁਤੰਤਰਤਾ ਤੋਂ ਬਾਅਦ ਲਗਾਤਾਰ ਕਾਲਜਾਂ ਦੀ ਗਿਣਤੀ ਵਧਾਈ ਜਾਂਦੀ ਰਹੀ ਜਿਨ੍ਹਾਂ ਵਿਚ ਸਰਕਾਰੀ ਕਾਲਜ ਅਤੇ ਨਿੱਜੀ ਕਾਲਜ ਵੀ ਸਨ ਪਰ ਫਿਰ ਵੀ 1980 ਤਕ ਇਹ ਗਿਣਤੀ ਸਿਰਫ਼ 162 ਸੀ ਜਿਨ੍ਹਾਂ ਵਿਚ ਆਰਟਸ ਅਤੇ ਸਾਇੰਸ ਦੋਵਾਂ ਤਰ੍ਹਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ ਪਰ ਇਨ੍ਹਾਂ ਕਾਲਜਾਂ ਦੀ ਗਿਣਤੀ 2012 ਤਕ ਵਧ ਕੇ 238 ਹੋ ਗਈ ਜਿਨ੍ਹਾਂ ਵਿਚ 88 ਕਾਲਜਾਂ ਵਿਚ ਸਿਰਫ਼ ਲੜਕੀਆਂ ਦੀ ਸਿੱਖਿਆ ਦੇ ਕਾਲਜ ਸਨ ਜਦ ਕਿ 150 ਲੜਕਿਆਂ ਦੇ ਕਾਲਜ ਸਨ ਜਿਨ੍ਹਾਂ ਵਿਚੋਂ ਕਈ ਕਾਲਜਾਂ ਵਿਚ ਸਹਿ-ਸਿੱਖਿਆ ਵੀ ਸੀ। ਸੁਤੰਤਰਤਾ ਤੋਂ ਬਾਅਦ ਪੰਜਾਬ ਵਿਚ ਇਕ ਹੀ ਯੂਨੀਵਰਸਟੀ ਸੀ ਜਿਸ ਨਾਲ ਸਾਇੰਸ, ਆਰਟਸ, ਲਾਅ, ਇੰਜਨੀਅਰਿੰਗ ਅਤੇ ਮੈਡੀਕਲ ਆਦਿ ਕਾਲਜ ਸੰਬੰਧਿਤ ਸਨ ਪਰ 1960 ਵਿਚ ਖੇਤੀਬਾੜੀ ਦੀ ਸਿੱਖਿਆ ਲਈ ਲੁਧਿਆਣਾ ਵਿਚ ਖੇਤੀਬਾੜੀ ਯੂਨੀਵਰਸਟੀ ਖੋਲ੍ਹੀ ਗਈ ਅਤੇ ਪਟਿਆਲਾ ਵਿਖੇ 1962 ਵਿਚ ਪੰਜਾਬੀ ਯੂਨੀਵਰਸਟੀ ਖੋਲ੍ਹੀ ਗਈ।

**ਖੇਤੀਬਾੜੀ ਯੂਨੀਵਰਸਟੀ ਲੁਧਿਆਣਾ, ਸਰਕਾਰ ਦਾ ਇਕ ਮਹੱਤਵਪੂਰਨ ਕੰਮ ਸੀ ਕਿਉਂਕਿ ਪੰਜਾਬ ਇਕ ਖੇਤੀ ਪ੍ਰਧਾਨ ਰਾਜ ਸੀ ਅਤੇ ਖੇਤੀ ਵਿਕਾਸ ਲਈ ਨਵੀਂ ਸ਼ੋਧ ਤੇ ਇਸ ਦੇ ਪ੍ਰਸਾਰ ਲਈ ਸਿੱਖਿਆ ਦੀ ਬੜੀ ਲੋੜ ਸੀ। ਇਸ ਲਈ ਇਸ ਯੂਨੀਵਰਸਟੀ ਨੇ ਖੇਤੀਬਾੜੀ ਦੇ ਵਿਕਾਸ ਲਈ ਨਾ ਸਿਰਫ਼ ਪੰਜਾਬ ਸਗੋਂ ਦੇਸ਼ ਦੀ ਵੀ ਵੱਡੀ ਮਦਦ ਕੀਤੀ। ਇਸ ਵਿਚ ਲੜਕੇ ਲੜਕੀਆਂ ਦੋਵੇਂ ਹੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਦਿਨ-ਬ-ਦਿਨ ਇਸ ਯੂਨੀਵਰਸਟੀ ਦੇ ਵਿਦਿਆਰਥੀਆਂ ਦੀ ਗਿਣਤੀ ਵਧਦੀ ਹੀ ਗਈ।**

ਪੰਜਾਬ ਵਿਚ ਕਈ ਵਿਸ਼ੇਸ਼ ਯੂਨੀਵਰਸਟੀਆਂ ਬਾਅਦ ਵਿਚ ਖੋਲ੍ਹ ਦਿੱਤੀਆਂ ਗਈਆਂ ਜਿਵੇਂ ਜਲੰਧਰ ਵਿਚ ਪੰਜਾਬ ਟੈਕਨੀਕਲ ਯੂਨੀਵਰਸਟੀ ਨੂੰ ਟੈਕਨੀਕਲ ਸਿੱਖਿਆ ਦੇ ਫੈਲਾਅ ਲਈ ਖੋਲ੍ਹਿਆ ਗਿਆ ਅਤੇ ਰਾਜ ਦੇ ਸਾਰੇ ਟੈਕਨੀਕਲ ਸਿੱਖਿਆ ਵਾਲੇ ਕਾਲਜ ਇਨ੍ਹਾਂ ਨਾਲ ਸਬੰਧਿਤ ਕੀਤੇ ਗਏ। ਸੰਨ 2000 ਤਕ ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਹੋਰਨਾਂ ਰਾਜਾਂ ਵਿਚ ਸਿੱਖਿਆ ਲਈ ਜਾਂਦੇ ਸਨ ਪਰ ਇਨ੍ਹਾਂ ਕਾਲਜਾਂ ਦੀ ਗਿਣਤੀ ਵਿਚ ਇੰਨਾ ਵੱਡਾ ਵਾਧਾ ਹੋਇਆ ਅਤੇ ਵਿਦੇਸ਼ਾਂ ਦੇ ਬਹੁਤ ਬਾਰੇ ਵਿਦਿਆਰਥੀ ਹੁਣ ਇਨ੍ਹਾਂ ਕਾਲਜਾਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸੇ ਤਰ੍ਹਾਂ ਹੀ ਸਿਹਤ ਨਾਲ ਸੰਬੰਧਿਤ ਸਿੱਖਿਆ ਲਈ ਬਾਬਾ ਫ਼ਰੀਦ ਹੈਲਥ ਯੂਨੀਵਰਸਟੀ, ਫ਼ਰੀਦਕੋਟ ਵਿਖੇ ਖੋਲ੍ਹ ਦਿਤੀ ਗਈ ਜਿਸ ਦੇ ਅਧੀਨ ਰਾਜ ਦੇ ਸਾਰੇ ਮੈਡੀਕਲ ਅਤੇ ਨਰਸਿੰਗ ਕਾਲਜ ਸੰਬੰਧਿਤ ਕਰ ਦਿੱਤੇ ਗਏ। ਇਕ ਹੋਰ ਆਯੂਰਵੈਦਿਕ ਯੂਨੀਵਰਸਟੀ ਹੁਸ਼ਿਆਰਪੁਰ ਵਿਖੇ ਆਯੁਰਵੈਦ ਅਤੇ ਯੂਨਾਨੀ ਸਿੱਖਿਆ ਵਿਚ ਵਾਧੇ ਲਈ ਖੋਲ੍ਹ ਦਿੱਤੀ ਗਈ। ਪਟਿਆਲਾ ਵਿਖੇ ਨੈਸ਼ਨਲ ਲਾਅ ਯੂਨੀਵਰਸਟੀ, ਕਾਨੂੰਨ ਦੀ ਸਿੱਖਿਆ ਲਈ ਖੋਲ੍ਹੀ ਗਈ। ਇਸ ਵੇਲੇ ਪੰਜਾਬ ਵਿਚ 7 ਪਬਲਿਕ ਯੂਨੀਵਰਸਟੀਆਂ ਹਨ ਜਿਨ੍ਹਾਂ ਨਾਲ ਵਿਸ਼ੇਸ਼ ਸਿੱਖਿਆ ਦੇ ਕਾਲਜ ਸੰਬੰਧਿਤ ਹਨ।

ਸੰਨ 2000 ਤੋਂ ਬਾਅਦ ਪੰਜਾਬ ਵਿਚ ਨਿੱਜੀ ਯੂਨੀਵਰਸਟੀਆਂ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਵਿਵਸਥਾ ਵਿਚ ਯੂਨੀਵਰਸਟੀ ਖੋਲ੍ਹਣ ਲਈ ਲੋੜੀਂਦਾ ਢਾਂਚਾ ਅਤੇ ਅਮਲੇ ਦੀ ਨਿਗਰਾਨੀ ਦੇਸ਼ ਦੀ ਰਾਸ਼ਟਰੀ ਪੱਧਰ ਦੀ ਸੰਸਥਾ ਯੂ.ਜੀ.ਸੀ. ਕਰਦੀ ਹੈ ਅਤੇ ਉਹ ਸ਼ਰਤਾਂ ਜਿਹੜੀਆਂ ਨਿਰਧਾਰਤ ਕੀਤੀਆਂ ਗਈਆਂ ਹਨ, ਪੂਰੀਆਂ ਕਰਨ ਦੀ ਹਾਲਤ ਵਿਚ ਸਰਕਾਰ ਦੀ ਇਜਾਜ਼ਤ ਨਾਲ ਨਿੱਜੀ ਯੂਨੀਵਰਸਟੀ ਖੋਲ੍ਹੀ ਜਾ ਸਕਦੀ ਹੈ। ਇਸ ਵਿਚ ਸਭ ਤੋਂ ਪਹਿਲਾਂ ਫਗਵਾੜਾ ਦੇ ਨਜ਼ਦੀਕ ਲਵਲੀ ਯੂਨੀਵਰਸਟੀ ਖੋਲ੍ਹੀ ਗਈ ਸੀ ਪਰ ਬਾਅਦ ਵਿਚ ਬਠਿੰਡਾ ਤੇ ਚੰਡੀਗੜ੍ਹ ਦੇ ਨਜ਼ਦੀਕ ਤਿੰਨ-ਤਿੰਨ ਯੂਨੀਵਰਸਟੀਆਂ, ਜਦ ਕਿ ਜਲੰਧਰ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ ਦੇ ਨਜ਼ਦੀਕ ਲਗਭਗ ਇਕ ਦਰਜਨ ਨਿੱਜੀ ਯੂਨੀਵਰਸਟੀਆਂ ਖੋਲ੍ਹ ਦਿੱਤੀਆਂ ਗਈਆਂ ਹਨ ਅਤੇ ਅਜੇ ਵੀ ਲਗਭਗ 8 ਯੂਨੀਵਰਸਟੀਆਂ ਦੀਆਂ ਅਰਜ਼ੀਆਂ ਪੰਜਾਬ ਸਰਕਾਰ ਵਲੋਂ ਪ੍ਰਵਾਨਗੀ ਲੈਣ ਲਈ ਪਈਆਂ ਹੋਈਆਂ ਹਨ। ਇਸ ਪ੍ਰਕਾਰ ਇਨ੍ਹਾਂ ਯੂਨੀਵਰਸਟੀਆਂ ਦੀ ਗਿਣਤੀ ਵਧ ਕੇ 20 ਦੇ ਲਗਭਗ ਹੋ ਗਈ ਹੈ। ਇਨ੍ਹਾਂ ਯੂਨੀਵਰਸਟੀਆਂ ਵਿਚ ਵੱਖ-ਵੱਖ ਵਿਸ਼ਿਆਂ ਸਬੰਧੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਆਰਟਸ, ਸਾਇੰਸ, ਕਮਰਸ, ਮੈਨੇਜਮੈਂ ਟ, ਖੇਤੀਬਾੜੀ, ਕਾਨੂੰਨ ਅਤੇ ਅਧਿਆਪਕ ਸਿਖਚਲਾਈ ਆਦਿ ਸਭ ਤਰ੍ਹਾਂ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿਚ ਕੇਂਦਰ ਸਰਕਾਰ ਦੀ ਹਦਾਇਤ ਅਨੁਸਾਰ ਅਤੇ ਪੰਜਾਬ ਸਰਕਾਰ ਦੀ ਪ੍ਰਵਾਨਗੀ ਨਾਲ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰ ਕੇ ਹੋਰ ਯੂਨੀਵਰਸਟੀਆਂ ਖੋਲ੍ਹਣ ਦੀ ਵਿਵਸਥਾ ਵੀ ਕੀਤੀ ਗਈ ਹੈ। ਕੇਂਦਰ ਵਲੋਂ ਬਠਿੰਡਾ ਵਿਚ ਇਕ ਕੇਂਦਰੀ ਯੂਨੀਵਰਸਟੀ ਸਥਾਪਤ ਕੀਤੀ ਗਈ ਹੈ।

ਇਸ ਵੇਲੇ ਪੰਜਬ ਵਿਚ 84 ਇੰਜਨੀਅਰਿੰਗ ਕਾਲਜ ਹਨ ਜੋ 1980 ਵਿਚ ਸਿਰਫ਼ 3 ਸਨ, 2000 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ 16 ਹੋ ਗਈ, ਫਿਰ ਇਨ੍ਹਾਂ ਦੀ ਗਿਣਤੀ ਤੇਜ਼ੀ ਨਾਲ ਵਧੀ। 2009 ਵਿਚ ਵਧ ਕੇ ਇਹ 84 ਹੋ ਗਈ ਅਤੇ ਸਥਿਰ ਰਹੀ। ਇੰਨੀ ਵੱਡੀ ਗਿਣਤੀ ਵਿਚ ਇੰਜਨੀਅਰਿੰਗ ਕਾਲਜ ਖੁੱਲ੍ਹਣ ਨਾਲ ਵਿਦਿਆਰਥੀਆਂ ਨੂੰ ਤਾਂ ਦਾਖ਼ਲਾ ਲੈਣ ਵਿਚ ਆਸਾਨੀ ਹੋ ਗਈ ਪਰ ਬਹੁਤ ਸਾਰੇ ਕਾਲਜਾਂ ਵਿਚ ਲੋੜੀਂਦੀ ਅਤੇ ਪ੍ਰਵਾਨਿਤ ਗਿਣਤੀ ਤੋਂ ਅੱਧੀਆਂ ਸੀਟਾਂ ਵੀ ਨਹੀਂ ਭਰੀਆਂ ਜਾਂਦੀਆਂ। ਇਨ੍ਹਾਂ 84 ਇੰਜਨੀਅਰਿੰਗ ਕਾਲਜਾਂ ਵਿਚ ਲੜਕੀਆਂ ਦੇ ਸਿਰਫ਼ 8 ਕਾਲਜ ਹਨ ਬਾਕੀ ਜਾਂ ਤਾਂ ਸਹਿ-ਸਿੱਖਿਆ ਕਾਲਜ ਹਨ ਜਾਂ ਲੜਕਿਆਂ ਦੇ ਕਾਲਜ ਹਨ। 1980 ਤਕ ਪੰਜਾਬ ਵਿਚ 5 ਮੈਡੀਕਲ ਕਾਲਜ ਸਨ ਜਿਨ੍ਹਾਂ ਦੀ ਗਿਣਤੀ ਵਧ ਕੇ 2012 ਤਕ 8 ਹੋ ਗਈ। ਅੱਜਕੱਲ੍ਹ ਮੈਡੀਕਲ ਕੌਂਸਲ ਆਫ ਇੰਡੀਆ ਨੇ ਨਵੇਂ ਮੈਡੀਕਲ ਕਾਲਜ ਖੋਲ੍ਹਣ ਲਈ ਇਕ ਸ਼ਰਤ ਲਾ ਦਿਤੀ ਹੈ ਕਿ ਸਿਰਫ਼ ਉਹ ਹੀ ਸੰਸਥਾ ਨਵੇਂ ਕਾਲਜ ਖੋਲ੍ਹਣ ਦੀ ਅਰਜ਼ੀ ਦੇ ਸਕਦੀ ਹੈ ਜਿਸ ਕੋਲ ਘੱਟੋ-ਘੱਟ 100 ਬਿਸਤਰਿਆਂ ਦਾ ਹਸਪਤਾਲ ਹੋਵੇ। ਇਹੋ ਹੀ ਸ਼ਰਤ ਨਵੇਂ ਖੁੱਲ੍ਹਣ ਵਾਲੇ ਨਰਸਿੰਗ ਕਾਲਜਾਂ 'ਤੇ ਲਾਈ ਗਈ ਹੈ।

ਪੰਜਾਬ ਵਿਚ ਬੀ.ਐੱਡ ਕਾਲਜਾਂ ਦੀ ਗਿਣਤੀ ਵਿਚ ਵੀ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। 1980 ਵਿਚ ਸਿਰਫ਼ 18 ਕਾਲਜ ਉਹ ਸਨ ਜਿਹੜੇ ਅਧਿਆਪਕਾਂ ਲਈ ਸਿਖਲਾਈ ਦੀ ਵਿਵਸਥਾ

ਕਰਦੇ ਸਨ ਪਰ 2000 ਤਕ ਇਹ ਗਿਣਤੀ ਵਧ ਕੇ 22 ਹੋ ਗਈ ਅਤੇ 2009 ਵਿਚ ਇਕਦਮ ਵਧ ਕੇ 185 ਹੋ ਗਈ ਪਰ 2012 ਤਕ ਘਟ ਕੇ 176 ਹੋ ਗਈ। ਇਨ੍ਹਾਂ ਵਿਚੋਂ 29 ਲੜਕੀਆਂ ਦੇ ਕਾਲਜ ਸਨ ਅਤੇ 147 ਲੜਕਿਆਂ ਦੇ ਕਾਲਜ। ਇਸ ਤੋਂ ਇਲਾਵਾ ਪੰਜਾਬ ਵਿਚ ਆਯੁਰਵੈਦਿਕ ਕਾਲਜ, ਹੋਮਿਓਪੈਥਿਕ ਕਾਲਜ ਅਤੇ ਨਰਸਿੰਗ ਕਾਲਜਾਂ ਦੀ ਵੱਡੀ ਗਿਣਤੀ ਜਿਹੜੀ ਕਿ 2006 ਤੋਂ ਬਾਅਦ ਬਹੁਤ ਜ਼ਿਆਦਾ ਵਧੀ ਹੈ, ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਪ੍ਰਕਾਰ ਪਿਛਲੇ ਲਗਭਗ 15 ਸਾਲਾਂ ਵਿਚ ਸਿੱਖਿਆ ਦੇ ਹਰ ਪੱਖ 'ਤੇ ਯੂਨੀਵਰਸਟੀਆਂ ਅਤੇ ਕਾਲਜਾਂ ਵਿਚ ਵੱਡਾ ਵਾਧਾ ਹੋਇਆ ਹੈ। ਇਨ੍ਹਾਂ ਕਾਲਾਜਾਂ ਵਿਚ ਨਾ ਸਿਰਫ਼ ਪੰਜਾਬ ਤੋਂ ਸਗੋਂ ਹੋਰ ਰਾਜਾਂ ਤੋਂ ਅਤੇ ਹੋਰ ਦੇਸ਼ਾਂ ਤੋਂ ਵੀ ਆ ਕੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।

ਪੰਜਾਬ ਵਿਚ ਪੋਲੀਟੈਕਨੀਕ ਕਾਲਜਾਂ ਦੀ ਗਿਣਤੀ ਵਿਚ ਵੀ ਬਹੁਤ ਵੱਡਾ ਵਾਧਾ ਹੋਇਆ ਹੈ। 1960 ਤਕ ਪੰਜਾਬ ਵਿਚ ਸਿਰਫ਼ ਤਿੰਨ ਪੋਲੀਟੈਕਨੀਕ ਕਾਲਜ ਸਨ ਜਿਨ੍ਹਾਂ ਦੀ ਗਿਣਤੀ 1980 ਵਿਚ ਵਧ ਕੇ 9 ਹੋ ਗਈ ਪਰ 2000 ਵਿਚ ਇਨ੍ਹਾਂ ਦੀ ਗਿਣਤੀ ਦੁੱਗਣੇ ਤੋਂ ਵੀ ਵੱਧ ਕੇ 20 ਹੋ ਗਈ, 2009 ਵਿਚ 86 ਅਤੇ 2012 ਤਕ ਇਹ ਵਧ ਕੇ 139 ਹੋ ਗਈ। ਇਨ੍ਹਾਂ 139 ਕਾਲਜਾਂ ਵਿਚ ਸਿਰਫ਼ 5 ਕਾਲਜ ਲੜਕੀਆਂ ਲਈ ਅਤੇ 134 ਲੜਕਿਆਂ ਦੇ ਕਾਲਜ ਹਨ। ਪੰਜਾਬ ਵਿਚ ਤਕਨੀਕੀ ਉਦਯੋਗਿਕ ਆਰਟ ਕਰਾਫਟ ਕਾਲਜ ਉਨ੍ਹਾਂ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰਦੇ ਹਨ ਜਿਹੜੇ ਦਸਵੀਂ ਤਕ ਪੜ੍ਹੇ ਹੋਏ ਹੁੰਦੇ ਹਨ। ਇਨ੍ਹਾਂ ਕਾਲਜਾਂ ਦੀ ਗਿਣਤੀ 1960 ਤਕ ਸਿਰਫ਼ 52 ਸੀ ਜੋ 1980 ਵਿਚ ਵਧ ਕੇ 109, 2000 ਤਕ 119, 2012 ਤਕ ਇਨ੍ਹਾਂ ਸੰਸਥਾਵਾਂ ਦੀ ਗਿਣਤੀ ਵਧ ਕੇ 376 ਹੋ ਗਈ। ਇਸ ਵਿਚ ਖ਼ਾਸ ਗੱਲ ਇਹ ਹੋਈ ਕਿ 2010 ਤੋਂ 2012 ਤਕ ਹੀ ਲਗਭਗ 200 ਨਵੀਆਂ ਸੰਸਥਾਵਾਂ ਖੋਲ੍ਹੀਆਂ ਗਈਆਂ, ਇਨ੍ਹਾਂ ਵਿਚ 68 ਸਿਰਫ਼ ਲੜਕੀਆਂ ਲਈ ਸਨ ਜਦ ਕਿ 308 ਲੜਕਿਆਂ ਦੀਆਂ ਤਕਨੀਕੀ ਸੰਸਥਾਵਾਂ ਸਨ। ਇਨ੍ਹਾਂ ਵਿਚ ਜ਼ਿਆਦਾਤਰ ਪੇਂਡੂ ਖੇਤਰਾਂ ਵਿਚ ਖੋਲ੍ਹੀਆਂ ਗਈਆਂ ਜਿਨ੍ਹਾਂ ਦਾ ਲਾਭ ਪਿੰਡਾਂ ਦੀ ਵਸੋਂ ਨੂੰ ਜ਼ਿਆਦਾ ਮਿਲਿਆ।

ਜਿਸ ਤਰ੍ਹਾਂ ਸੰਸਥਾਵਾਂ ਦੀ ਗਿਣਤੀ ਵਿਚ ਵਾਧਾ ਹੋਇਆ ਉਸ ਤਰ੍ਹਾਂ ਵਿੱਦਿਆਰਥੀਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ। ਇਨ੍ਹਾਂ ਲੱਖਾਂ ਦੀ ਗਿਣਤੀ ਵਾਲੇ ਵਿਦਿਆਰਥੀਆਂ ਦੀਆਂ ਲੋੜਾਂ ਲਈ ਬਹੁਤ ਵੱਡੀ ਗਿਣਤੀ ਵਿਚ ਅਧਿਆਪਕਾਂ ਦੀ ਲੋੜ ਸੀ। ਇਸ ਲਈ ਯੂਨੀਵਰਸਟੀਆਂ ਵਿਚ ਜਿਹੜੇ 1980 ਵਿਚ ਸਿਰਫ਼ 483 ਅਧਿਆਪਕ ਸਨ ਉਹ 2012 ਵਿਚ ਵਧ ਕੇ 1230 ਹੋ ਗਏ ਜਿਨ੍ਹਾਂ ਵਿਚੋਂ 541 ਜਾਂ ਅੱਧ ਦੇ ਬਰਾਬਰ ਔਰਤਾਂ ਸਨ। ਇਕ ਦਿਲਚਸਪ ਤੱਥ ਵੇਖਣ ਵਿਚ ਇਹ ਆਇਆ ਕਿ ਆਰਟਸ, ਕਮਰਸ, ਹੋਮ ਸਾਇੰਸ ਅਤੇ ਸਾਇੰਸ ਕਾਲਜਾਂ ਵਿਚ ਇਸਤਰੀ ਅਧਿਆਪਕਾਂ ਦੀ ਗਿਣਤੀ ਮਰਦ ਅਧਿਆਪਕਾਂ ਨਾਲੋਂ ਕਿਤੇ ਵੱਧ ਹੈ। 2012 ਵਿਚ ਇਨ੍ਹਾਂ ਕਾਲਜਾਂ ਵਿਚ ਜਿਹੜੇ 8341 ਅਧਿਆਪਕ ਸਨ ਉਨ੍ਹਾਂ ਵਿਚ 5632 ਇਸਤਰੀਆਂ ਸਨ ਜਦ ਕਿ 2709 ਮਰਦ ਅਧਿਆਪਕ ਸਨ। ਇੰਜਨੀਅਰਿੰਗ ਕਾਲਜਾਂ ਵਿਚ ਕੁੱਲ 5684 ਅਧਿਆਪਕਾਂ ਵਿਚ ਮਰਦ ਅਤੇ ਔਰਤਾਂ ਦੀ ਗਿਣਤੀ ਲਗਭਗ ਬਰਾਬਰ ਸੀ। ਇਸ ਤਰ੍ਹਾਂ ਮੈਡੀਕਲ ਕਾਲਜਾਂ ਵਿਚ ਵੀ 1967 ਅਧਿਆਪਕਾਂ ਵਿਚੋਂ ਔਰਤਾਂ ਦੀ ਗਿਣਤੀ 1023 ਜਦ ਕਿ ਮਰਦਾਂ ਦੀ ਗਿਣਤੀ 944 ਹੈ। ਹੋਰ ਵਿੱਦਿਅਕ ਸੰਸਥਾਵਾਂ ਵਿਚ ਔਰਤਾਂ ਦੀ ਗਿਣਤੀ ਮਰਦਾਂ ਅਧਿਆਪਕਾਂ ਤੋਂ ਕਿਤੇ ਜ਼ਿਆਦਾ ਹੈ। ਇਸ ਪ੍ਰਕਾਰ ਪੰਜਾਬ ਵਿਚ ਸਿੱਖਿਆ ਦੇ ਹਰ ਪੱਖ ਤੋਂ ਬਹਤੇ ਤੇਜ਼ੀ ਨਾਲ ਉੱਨਤੀ ਹੋਈ ਹੈ।

*(ਲੇਖਕ ਅਰਥਸ਼ਾਸਤਰੀ ਤੇ ਸੇਵਾ ਮੁਕਤ ਪ੍ਰੋਫੈਸਰ ਹੈ।)*

*e-mail :sarbjitchhina@yahoo.com*

***ਸਫ਼ਾ 50 ਦੀ ਬਾਕੀ***

ਅਗਲਾ ਕਦਮ ਹਰੇਕ ਸ਼ੋਧ ਪਾਰਕ ਵਿਚ ਸ਼ੋਧ ਤੇ ਵਿਕਾਸ ਦੀ ਗੁਣਵੱਤਾ ਵਿਚ ਵਾਧਾ ਕਰਨਾ ਅਤੇ ਯਕੀਨੀ ਬਣਾਉਣਾ ਹੋਵੇਗਾ ਕਿ ਅਜਿਹੇ ਪਾਰਕਾਂ ਵਿਚ ਕਾਫੀ ਗਿਣਤੀ ਵਿਚ ਭਾਰਤੀ ਉਤਪਾਦ ਬਣਾਏ ਜਾਣ। ਇਹ ਉਤਪਾਦ ਕਿਰਾਏਦਾਰ ਕੰਪਨੀਆਂ ਜਾਂ ਨਵੀਆਂ ਇਕਾਈਆਂ ਜਾਂ ਜਨਤਕ-ਨਿੱਜੀ ਖੋਜ ਤੇ ਵਿਕਾਸ ਪ੍ਰਯੋਗਸ਼ਾਲਾਵਾਂ ਤੋਂ ਆ ਸਕਦੇ ਹਨ ਜੋ ਪਾਰਕ ਵਿਚ ਸਥਾਪਤ ਕੀਤੀਆਂ ਗਈਆਂ ਹਨ। ਪਰ, ਆਈ ਆਈ ਟੀ ਐੱਮ ਆਰ ਪੀ ਦੀ ਸਫਲਤਾ ਤਾਂ ਹੀ ਕਈ ਗੁਣਾ ਵਧੇਗੀ ਜੇ ਉਤਪਾਦਾਂ ਦਾ ਸਫਲ ਵਪਾਰੀਕਰਨ ਤੇ ਪਰਚਾਰ ਕੀਤਾ ਜਾਵੇ।

## ਸੰਖੇਪ

ਦੂਜੇ ਸ਼ਬਦਾਂ ਵਿਚ ਭਾਰਤ ਦੇ ਉਤਪਾਦ ਵਿਕਾਸ ਦਾ ਕੇਂਦਰ ਬਣਨ ਲਈ ਯੋਗਤਾ ਅਤੇ ਨੌਜਵਾਨ ਵਾਤਾਵਰਨ ਪ੍ਰਣਾਲੀ ਮੌਜੂਦ ਹੈ। ਖੋਜ ਤੇ ਵਿਕਾਸ, ਡਿਜ਼ਾਈਨ ਅਤੇ ਉਤਪਾਦ ਵਿਕਾਸ, ਆਈ ਪੀ ਆਰ ਨਿਰਮਾਣ ਅਤੇ ਸੰਭਾਲ ਅਤੇ ਨਾਲ ਹੀ ਨਿਰਮਾਣ 'ਮੇਕ ਇਨ ਇੰਡੀਆ' ਮਿਸ਼ਨ ਵਿਚ ਚੋਖਾ ਯੋਗਦਾਨ ਪਾਉਣਗੇ। ਇਸ ਨਾਲ ਦੋਹਰਾ ਉਦੇਸ਼ ਪ੍ਰਾਪਤ ਕਰਨ ਵਿਚ ਸਫਲਤਾ ਮਿਲੇਗੀ ਕਿ ਨਾ ਕੇਵਲ ਵੱਡੀ ਗਿਣਤੀ ਭਾਰਤੀ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਤੇ ਇਨ੍ਹਾਂ ਉਤਪਾਦਾਂ ਦੀ ਵੱਧ ਤੋਂ ਵੱਧ ਖਪਤ ਹੋਵੇਗੀ, ਸਗੋਂ ਇਹ ਵੀ ਯਕੀਨੀ ਬਣੇਗਾ ਕਿ ਭਾਰਤ ਦਾ ਦਰਾਮਦ ਬਿੱਲ ਅੰਬਰਾਂ ਨੂੰ ਨਾ ਛੂਹੇ। ਤਕਨੀਕੀ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਅਤੇ ਆਈ ਟੀ ਐੱਮ ਦੇ ਸ਼ੋਧ ਪਾਰਕ ਜਿਹੀਆਂ ਪਹਿਲਕਦਮੀਆਂ ਹੋਰ ਜ਼ਿਆਦਾ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਕਿ ਇਹ ਟੀਚੇ ਹਾਸਲ ਕੀਤੇ ਜਾ ਸਕਣ।

*(ਲੇਖਕ ਇਲੈਕਟ੍ਰੀਕਲ ਇੰਜਨੀਅਰਿੰਗ ਵਿਭਾਗ, ਆਈ ਆਈ ਟੀ ਚੇਨੱਈ ਵਿਖੇ ਪ੍ਰੋਫੈਸਰ ਹਨ)*

*e-mail :ashok@tenet.res.in*

***ਸਫ਼ਾ 59 ਦੀ ਬਾਕੀ***

ਸ਼ਾਮਲ ਸਨ। ਅਧਿਆਪਕਾਂ ਦੀਆਂ ਤਨਖ਼ਾਹਾਂ ਲਈ ਅਨੁਦਾਨ ਸੀ ਅਤੇ ਪਿੰਡ ਵਿਚ ਇਕ ਲੰਗਰ ਬਣਾਇਆ ਗਿਆ ਸੀ, ਸੰਭਵ ਹੈ ਕਿ ਗਰੀਬ ਵਿਦਿਆਰਥੀਆਂ ਲਈ। ਮੰਦਰ ਵਿਦਿਆਪੀਠਾਂ ਅਤੇ ਅਗ੍ਰਹਾਰਾ ਦਾ ਸਬੂਤ ਸ਼ਾਨਦਾਰ ਹੈ ਜੋ ਸਾਬਤ ਕਰਦਾ ਹੈ ਕਿ ਦੱਖਣੀ ਭਾਰਤ ਅਤੇ ਸੰਭਵਤਾ ਉੱਤਰੀ ਭਾਰਤ ਵਿਚ ਵੀ ਪਿੰਡ ਪੱਧਰ ਉਤੇ ਵਿਦਿਅਕ ਸੰਸਥਾਨਾਂ ਦਾ ਇਕ ਵਧੀਆ ਜਾਲ ਹੋਵੇਗਾ। ਉੱਤਰ ਵਿਚ, ਇਸ ਕਾਲ ਦੇ ਸ਼ੈਵ ਮੱਠਾਂ ਨੇ ਵਿਦਿਅਕ ਭੂਮੀਕਾਵਾਂ ਦੀ ਪੂਰਤੀ ਕੀਤੀ। ਰਾਜਸਥਾਨ ਵਿਖੇ ਕੋਟਾ ਅਤੇ ਚਿਤੌੜ ਵਿਚਕਾਰ ਮੀਨਲ ਵਿਖੇ ਮੰਦਰਾਂ ਦੇ ਸਮੂਹ ਵਿਚ ਇਸ ਕਿਸਮ ਦਾ ਮੱਠ ਅਸਾਨੀ ਨਾਲ ਦੇਖਿਆ ਜਾ ਸਕਦਾ ਹੈ।

*(ਲੇਖਕ ਕੈਂਬ੍ਰਿੱਜ ਯੂਨੀਵਰਸਟੀ ਵਿਖੇ ਦੱਖਣੀ ਏਸ਼ੀਆਈ ਪੁਰਾਤਤਵ ਬਾਰੇ ਸੇਵਾਮੁਕਤ ਪ੍ਰੋਫੈਸਰ ਹੈ)*

*e-mail :dc129@cam.ac.uk*

# ਇਸਤਰੀ ਸਿੱਖਿਆ ਤੇ ਸਮਾਜਿਕ ਵਿਕਾਸ

ਪਰਮਜੀਤ ਕੌਰ ਨੂਰ

ਸਿੱਖਿਆ ਦਾ ਮੂਲ ਮਨੋਰਥ ਵਿਅਕਤੀ ਦੀ ਸ਼ਖ਼ਸੀਅਤ ਦਾ ਸਰਵਪੱਖੀ ਵਿਕਾਸ ਕਰਨਾ ਹੈ। ਵਿੱਦਿਆ ਦੇ ਗਿਆਨ-ਰੂਪੀ ਚਾਨਣ ਨਾਲ ਇਨਸਾਨ ਦਿਮਾਗੀ ਤੌਰ ਤੇ ਪ੍ਰਫੁੱਲਿਤ ਤੇ ਸੁਲਝਿਆ ਹੋਇਆ, ਸਰੀਰਕ ਤੌਰ ਤੇ ਰਿਸ਼ਟ-ਪੁਸ਼ਟ, ਮਾਨਸਿਕ ਤੌਰ ਤੇ ਸਵੱਛ, ਅਡੋਲ ਤੇ ਦ੍ਰਿੜ ਤੇ ਸੂਝਵਾਨ ਬਣ ਜਾਂਦਾ ਹੈ। ਵਿਅਕਤੀਤਵ ਦਾ ਇਹ ਸਰਵਪੱਖੀ ਵਿਕਾਸ ਪ੍ਰਾਣੀ ਨੂੰ ਸਹੀ ਅਰਥਾਂ ਵਿਚ ਇਨਸਾਨ ਬਣਾ ਦਿੰਦਾ ਹੈ। ਭਾਵ ਵਿੱਦਿਆ ਇਨਸਾਨ ਦੇ ਵਿਕਾਸ ਤੇ ਉੱਨਤੀ ਦੀ ਪਹਿਲੀ ਤੇ ਅਤਿ ਜ਼ਰੂਰੀ ਲੋੜ ਹੈ। ਅੱਜ ਉਹ ਜੋ ਕੁਝ ਵੀ ਹੈ, ਵਿੱਦਿਆ ਦੀ ਪ੍ਰਾਪਤੀ ਸਦਕਾ ਹੀ ਹੈ। ਜੇ ਪ੍ਰਾਚੀਨ ਮਨੁੱਖ ਅਸੱਭਿਆ ਸੀ ਤਾਂ ਸਿਰਫ਼ ਇਸੇ ਕਰਕੇ ਕਿ ਉਹ ਵਿੱਦਿਆ ਦੇ ਗਿਆਨ ਤੋਂ ਕੋਹਾਂ ਦੂਰ ਸੀ।

ਗੁਰਬਾਣੀ ਵਿਚ ਵਿੱਦਿਆ ਬਾਰੇ ਬੜਾ ਸਾਰਥਕ ਕਥਨ ਹੈ ਕਿ 'ਵਿੱਦਿਆ ਵਿਚਾਰੀ ਤਾਂ ਪਰਉਪਕਾਰੀ'। ਇਸਤਰੀ ਜਿਹੜੀ ਸ੍ਰਿਸ਼ਟੀ ਦੀ ਜਨਮਦਾਤੀ ਹੈ ਅਤੇ ਜਿਸ ਨੂੰ ਮਰਦ ਦੀ ਅਰਧੰਗਨੀ ਕਿਹਾ ਜਾਂਦਾ ਹੈ, ਵਾਸਤੇ ਵਿੱਦਿਆ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਕਿਉਂਕਿ ਮਰਦ ਅਤੇ ਔਰਤ ਪਰਿਵਾਰ ਰੂਪੀ ਗੱਡੀ ਦੇ ਦੋ ਪਹੀਏ ਹਨ। ਪਰਿਵਾਰਕ ਗੱਡੀ ਦੀ ਰਫ਼ਤਾਰ ਨੂੰ ਬਰਕਰਾਰ ਰੱਖਣ ਲਈ ਔਰਤ ਅਤੇ ਮਰਦ ਦਾ ਸੰਤੁਲਨ ਹੋਣਾ ਬਹੁਤ ਜ਼ਰੂਰੀ ਹੈ। ਇਹ ਸੰਤੁਲਨ ਉਨ੍ਹਾਂ ਦਾ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ ਤੇ ਹਰ ਤਰ੍ਹਾਂ ਨਾਲ ਹੋਣਾ ਚਾਹੀਦਾ ਹੈ। ਜੇ ਮਾਨਸਿਕ ਤੌਰ ਤੇ ਔਰਤ ਸਿੱਖਿਅਤ ਅਤੇ ਸੁਲਝੀ ਹੋਈ ਹੋਵੇਗੀ ਤਾਂ ਉਹ ਹਰ ਖੇਤਰ ਵਿਚ ਪਤੀ ਦਾ ਸਾਥ ਦੇਣ ਦੇ ਨਾਲ-ਨਾਲ ਆਪਣੇ ਬੱਚਿਆਂ ਦੀ ਵੀ ਯੋਗ ਰਹਿਨੁਮਾਈ ਕਰੇਗੀ ਅਤੇ ਨਰੋਏ ਸਮਾਜ ਦੀ ਸਿਰਜਣਾ ਵਾਸਤੇ ਚੰਗੇ ਨਾਗਰਿਕਾਂ ਦੀ ਸਿਰਜਣਾ ਕਰੇਗੀ।

ਲੋਕਤੰਤਰੀ ਭਾਰਤ ਵਿਚ ਔਰਤਾਂ ਅਤੇ ਮਰਦਾਂ ਨੂੰ ਹਰ ਖੇਤਰ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਬਰਾਬਰ ਅਧਿਕਾਰ ਮਿਲੇ ਹੋਏ ਹਨ। ਸਿੱਟੇ ਵਜੋਂ, ਹੁਣ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਿਰਫ਼ ਮਰਦ ਹੀ ਕਮਾਉਣ ਵਾਲਾ ਹੈ ਤੇ ਔਰਤ ਨੇ ਘਰ ਦੀ ਚਾਰਦੀਵਾਰੀ ਦੇ ਅੰਦਰ ਰਹਿ ਕੇ ਹੀ ਆਪਣੇ ਪਰਿਵਾਰ ਦੀ ਸੇਵਾ ਕਰਨੀ ਹੈ। ਹੁਣ ਔਰਤ ਦਾਸੀ ਨਹੀਂ ਸਗੋਂ ਪੜ੍ਹ-ਲਿਖ ਕੇ ਮਰਦ ਦੇ ਮੋਢੇ ਨਾਲ ਮੋਢਾ ਮਿਲਾ ਕੇ ਸਮਾਜ ਵਿਚ ਵਿਚਰ ਰਹੀ ਹੈ, ਉਹ ਆਪਣੇ ਪਤੀ ਦੀ ਆਰਥਿਕ ਖੇਤਰ ਵਿਚ ਵੀ ਇਕ ਸਹਿਯੋਗੀ ਧਿਰ ਸਾਬਿਤ ਹੋ ਰਹੀ ਹੈ। ਇੰਨਾ ਹੀ ਨਹੀਂ, ਜੇ ਅਸੀਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਹਾਂ ਤੇ ਵਿੱਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮੁੱਲੰਕਣ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਵਿੱਦਿਆ ਦੇ ਖੇਤਰ ਵਿਚ ਲੜਕੀਆਂ, ਲੜਕਿਆਂ ਨਾਲੋਂ ਕਿਸੇ ਗੱਲੋਂ ਵੀ ਪਿੱਛੇ ਨਹੀਂ ਹਨ। ਬਹੁਤੀਆਂ ਮੈਰਿਟ ਸੂਚੀਆਂ ਲੜਕੀਆਂ ਦੀਆਂ ਹੁੰਦੀਆਂ ਹਨ। ਹੋਰ ਕਈ ਉਦਾਹਰਣਾਂ ਸਾਡੇ ਸਾਹਮਣੇ ਹਨ ਕਿ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਪਾਇਲਟ, ਡਾਕਟਰ, ਇੰਜੀਨੀਅਰ, ਡੀ.ਸੀ., ਵਕੀਲ, ਅਧਿਆਪਕਾਵਾਂ ਅਤੇ ਹੋਰ ਉੱਚ ਕੋਟੀ ਦੇ ਵੱਖ-ਵੱਖ ਪਦਾਂ ਉਤੇ ਇਸਤਰੀਆਂ ਬਿਰਾਜਮਾਨ ਹਨ।

ਵਿੱਦਿਆ ਪ੍ਰਾਪਤੀ ਨਾਲ ਔਰਤ ਆਪਣੇ ਅਧਿਕਾਰਾਂ ਅਤੇ ਕਰਤਵਾਂ ਪ੍ਰਤਿ ਸੁਚੇਤ ਹੋ ਰਹੀ ਹੈ। ਇਹ ਅਧਿਕਾਰ ਤੇ ਫ਼ਰਜ਼ ਚਾਹੇ ਉਸ ਦੇ ਰਾਜਨੀਤਕ, ਆਰਥਿਕ, ਸਮਾਜਿਕ, ਨੈਤਿਕ ਜਾਂ ਪਰਿਵਾਰਕ ਹੋਣ, ਸਿੱਖਿਅਤ ਹੋਣ ਕਰਕੇ ਔਰਤ ਆਪਣੇ ਪਰਿਵਾਰ ਦੀ ਦੇਖਭਾਲ ਚੰਗੀ ਤਰ੍ਹਾਂ ਕਰ ਸਕਦੀ ਹੈ। ਇਹ ਅਟੱਲ ਸਚਾਈ ਹੈ ਕਿ 'ਮਰਦ ਦੇ ਪੜ੍ਹਨ ਨਾਲ ਇਕੱਲਾ ਵਿਅਕਤੀ ਪੜ੍ਹਦਾ ਹੈ ਪਰ ਔਰਤ ਦੇ ਪੜ੍ਹਨ ਨਾਲ ਸਾਰਾ ਪਰਿਵਾਰ ਪੜ੍ਹ ਜਾਂਦਾ ਹੈ'। ਪਰ ਇਥੇ ਹੀ ਬੱਸ ਨਹੀਂ, ਅੱਗੋਂ ਤੇ ਫਿਰ ਹੋਰ ਅੱਗੋਂ ਸਾਰਾ ਕੁਨਬਾ ਹੀ ਪੜ੍ਹ ਜਾਂਦਾ ਹੈ। ਇਕ ਪੜ੍ਹੀ-ਲਿਖੀ ਔਰਤ ਹੀ ਆਪਣੇ ਪਰਿਵਾਰ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਸਕਦੀ ਹੈ। ਉਹ ਵੱਧਦੀ ਹੋਈ ਆਬਾਦੀ ਦੀਆਂ ਸਮੱਸਿਆਵਾਂ ਤੋਂ ਭਲੀ-ਭਾਂਤ ਜਾਣੂ ਹੋਣ ਕਰਕੇ, ਮਹਿੰਗਾਈ ਦੇ ਜ਼ਮਾਨੇ ਵਿਚ ਬੱਚਿਆਂ ਦੀਆਂ ਲੋੜਾਂ ਨੂੰ ਉੱਚਿਤ ਤਰੀਕੇ ਨਾਲ ਪੂਰਿਆਂ ਕਰਨ ਹਿੱਤ, ਪਰਿਵਾਰ ਨੂੰ ਸੀਮਤ ਰੱਖ ਸਕਦੀ ਹੈ। ਪਰਿਵਾਰਕ ਆਮਦਨ ਨੂੰ ਸਾਹਮਣੇ ਰੱਖਦਿਆਂ ਹੋਇਆਂ ਉਹ ਹਰ ਮਹੀਨੇ ਪਰਿਵਾਰਕ ਬਜਟ ਸੂਝ ਨਾਲ ਬਣਾ ਕੇ ਪਤੀ ਦੀ ਘੱਟ ਆਮਦਨ ਵਿਚੋਂ ਵੀ ਜ਼ਰੂਰ ਕੁਝ ਨਾ ਕੁਝ ਬਚਾਉਣ ਦੇ ਸਮਰੱਥ ਹੋ ਜਾਂਦੀ ਹੈ। ਅਜਿਹਾ ਕਰਕੇ ਜਿਥੇ ਉਹ ਆਪਣੇ ਪਤੀ ਦੀਆਂ ਚਿੰਤਾਵਾਂ ਨੂੰ ਘੱਟ ਕਰਦੀ ਹੈ ਉਥੇ ਉਹ ਪਰਿਵਾਰ ਦੀਆਂ ਜ਼ਰੂਰੀ ਲੋੜਾਂ ਨੂੰ ਸਮੇਂ ਸਿਰ ਪੂਰੀਆਂ ਕਰਕੇ ਪਰਿਵਾਰ ਦੀ ਸੁਯੋਗ ਅਗਵਾਈ ਵੀ ਕਰਦੀ ਹੈ। ਇਕ ਪੜ੍ਹੀ-ਲਿਖੀ ਔਰਤ ਹੀ ਵਿੱਦਿਆ ਦੇ ਮਹੱਤਵ ਨੂੰ ਸਮਝਦੀ ਹੋਈ ਆਪਣੇ ਬੱਚਿਆਂ ਲਈ ਇਕ ਚੰਗੀ ਮਾਂ ਦੇ ਨਾਲ-ਨਾਲ ਇਕ ਚੰਗੀ ਅਧਿਆਪਕਾ ਵੀ ਸਾਬਤ ਹੁੰਦੀ ਹੈ।

ਸਿੱਖਿਆ ਪ੍ਰਾਪਤੀ ਰਾਹੀਂ ਔਰਤ ਵਹਿਮਾਂ ਭਰਮਾਂ ਤੋਂ ਉੱਪਰ ਉੱਠ ਕੇ ਉੱਚ ਨੈਤਿਕ ਕਦਰਾਂ-ਕੀਮਤਾਂ ਦੀ ਧਾਰਨੀ ਬਣ ਜਾਂਦੀ ਹੈ। ਉਸ ਦਾ ਕਿਰਦਾਰ ਅਤੇ ਵਿਵਹਾਰ ਅਜਿਹਾ ਬਣ ਜਾਂਦਾ ਹੈ ਜੋ ਉਸ ਦੇ ਬੱਚਿਆਂ ਲਈ ਧਾਰਨ ਕਰਨ ਯੋਗ ਹੋਵੇ। ਇਸ ਦੇ ਨਾਲ-ਨਾਲ ਉਸ ਦੀਆਂ ਗੁਆਂਢਣਾਂ ਜਾਂ ਭਾਈਚਾਰੇ ਦੀਆਂ ਹੋਰ ਔਰਤਾਂ ਲਈ ਵੀ ਮਿਸਾਲ ਬਣ ਸਕਦਾ ਹੋਵੇ। ਵੱਡੇ-ਵੱਡੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਵੱਲ ਝਾਤ ਮਾਰਿਆਂ ਪਤਾ

ਲੱਗਦਾ ਹੈ ਕਿ ਉਨ੍ਹਾਂ ਦੇ ਸੰਜਮਈ ਅਤੇ ਲੋਕ ਭਲਾਈ ਜਿਹੇ ਗੁਣਾਂ ਵਾਲੇ ਚਰਿਤਰ ਦੇ ਨਿਰਮਾਣ ਵਿਚ, ਉਨ੍ਹਾਂ ਦੀਆਂ ਮਾਤਾਵਾਂ ਦਾ ਕਿੰਨਾ ਹੱਥ ਸੀ। ਇਥੇ ਹੀ ਬੱਸ ਨਹੀਂ, ਪੜ੍ਹ ਲਿਖ ਕੇ ਔਰਤ ਖੁਦ ਸਮਾਜਿਕ ਹੋ ਜਾਂਦੀ ਹੈ ਅਤੇ ਦੂਸਰਿਆਂ ਦੇ ਦੁੱਖ-ਸੁੱਖ ਵਿਚ ਸਹਾਇਕ ਹੋ ਸਕਦੀ ਹੈ। ਇਕ ਸੁਘੜ ਅਤੇ ਪੜ੍ਹੀ-ਲਿਖੀ ਔਰਤ ਵੱਖ-ਵੱਖ ਸਭਾਵਾਂ, ਕਲੱਬਾਂ, ਸੰਘਾਂ ਜਾਂ ਸਮੁਦਾਇਆਂ ਦੀ ਮੈਂਬਰ ਬਣ ਕੇ ਜਿਥੇ ਆਪਣੀਆਂ ਚੰਗੀਆਂ ਖ਼ੂਬੀਆਂ ਸਦਕਾ ਹੋਰਨਾਂ ਦੀ ਅਗਵਾਈ ਕਰ ਸਕਦੀ ਹੈ, ਉਥੇ ਸਰਕਾਰ ਵਲੋਂ ਆਰੰਭੇ ਹੋਏ ਸਾਰਥਕ ਮੁੱਦਿਆਂ ਨੂੰ ਸਫਲ ਬਣਾਉਣ ਵਿਚ ਵੀ ਸਹਾਈ ਹੋ ਸਕਦੀ ਹੈ। ਕੋਈ ਵੀ ਚੰਗੀ ਗੱਲ, ਜੇ ਆਮ ਔਰਤਾਂ ਵਿਚ ਲਾਗੂ ਜਾਂ ਪ੍ਰਚਲਿਤ ਕਰਵਾਉਣੀ ਹੈ ਤਾਂ ਉਸ ਨੂੰ ਜਿੰਨੀ ਚੰਗੀ ਤਰ੍ਹਾਂ ਔਰਤਾਂ ਔਰਤਾਂ ਨੂੰ ਸਮਝਾ ਸਕਦੀਆਂ ਹਨ, ਉਨੀ ਬੇਹਤਰੀ ਨਾਲ ਕੋਈ ਹੋਰ ਨਹੀਂ ਕਰ ਸਕਦਾ।

ਵਿੱਦਿਆ ਰੂਪੀ ਚਾਨਣ ਰਾਹੀਂ ਔਰਤ ਆਪਣੇ ਰਾਜਨੀਤਕ ਅਧਿਕਾਰਾਂ ਪ੍ਰਤਿ ਵੀ ਜਾਗਰੂਕ ਹੋ ਰਹੀ ਹੈ। ਉਹ ਦੇਸ਼ ਦੀ ਰਾਜਸੀ ਪ੍ਰਕਿਰਿਆ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ। ਭਾਵੇਂ ਚੋਣਾਂ ਪੰਚਾਇਤ ਦੀਆਂ ਹੋਣ ਜਾਂ ਲੋਕ ਸਭਾ ਦੀਆਂ, ਔਰਤ ਆਪਣੀ ਵੋਟ ਦੀ ਵਰਤੋਂ ਸਹੀ ਤਰੀਕੇ ਨਾਲ ਕਰਦੀ ਹੈ। ਇਸ ਤਰ੍ਹਾਂ ਔਰਤਾਂ ਸਿਰਫ਼ ਸਰਕਾਰ ਦੇ ਨਿਰਮਾਣ ਵਿਚ ਹਿੱਸਾ ਹੀ ਨਹੀਂ ਲੈਂਦੀਆਂ ਸਗੋਂ ਐਮ ਐਲ ਏ ਅਤੇ ਐਮ ਪੀ ਵੀ ਬਹੁਤ ਸਾਰੀਆਂ ਔਰਤਾਂ ਬਣ ਰਹੀਆਂ ਹਨ। ਜਦੋਂ ਵੀ ਔਰਤ ਦੇ ਅਧਿਕਾਰਾਂ 'ਤੇ ਕੋਈ ਛਾਪਾ ਮਾਰਦਾ ਹੈ ਤਾਂ ਉਹ ਸਿਖਿਅਤ ਹੋਣ ਕਰਕੇ ਅਦਾਲਤ ਦਾ ਦਰਵਾਜ਼ਾ ਖੜਕਾਉਂਦੀ ਹੈ। ਲੜਕੀ ਦਾ ਮਾਪਿਆਂ ਦੀ ਜਾਇਦਾਦ ਵਿਚੋਂ ਲੜਕਿਆਂ ਦੇ ਬਰਾਬਰ ਦਾ ਹਿੱਸੇਦਾਰ ਹੋਣਾ ਉਸ ਦੀ ਰਾਜਸੀ ਜਾਗਰਿਤੀ ਦਾ ਹੀ ਪ੍ਰਮਾਣ ਹੈ।

ਸਿੱਖਿਆ ਪ੍ਰਾਪਤੀ ਨਾਲ ਔਰਤ ਆਰਥਿਕ ਤੌਰ ਤੇ ਸਵੈ-ਨਿਰਭਰ ਹੋ ਰਹੀ ਹੈ। ਇਹ ਸਵੈ-ਨਿਰਭਰਤਾ ਜਿਥੇ ਮਹਿੰਗਾਈ ਦੇ ਜ਼ਮਾਨੇ ਵਿਚ ਪਰਿਵਾਰ ਨੂੰ ਸਹੂਲਤ ਮੁਤਾਬਿਕ ਚਲਾਉਣ ਲਈ ਸਹਾਇਕ ਹੁੰਦੀ ਹੈ ਉਥੇ ਔਰਤ ਵਿਚ ਸਵੈ-ਵਿਸ਼ਵਾਸ ਦੀ ਭਾਵਨਾ ਵੀ ਪੈਦਾ ਕਰਦੀ ਹੈ। ਹੁਣ ਉਸ ਨੂੰ ਪੈਸੇ-ਪੈਸੇ ਲਈ ਕਿਸੇ ਦੇ ਮੁਥਾਜ ਹੋਣ ਦੀ ਲੋੜ ਨਹੀਂ। ਭਾਵੇਂ ਕੁਝ ਮਰਦ ਇਸ ਮੱਤ ਦੇ ਉਲਟ ਹਨ ਕਿ ਔਰਤ ਨੌਕਰੀ ਕਰੇ। ਆਪਣੇ ਘਰੇਲੂ ਹਾਲਾਤ ਅਨੁਸਾਰ ਔਰਤ ਨੌਕਰੀ ਚਾਹੇ ਨਾ ਵੀ ਕਰੇ ਪਰ ਫਿਰ ਵੀ ਉਹ ਪੜ੍ਹ-ਲਿਖ ਕੇ ਇਸ ਕਾਬਿਲ ਹੋ ਜਾਂਦੀ ਹੈ ਕਿ ਪਰਿਵਾਰ 'ਤੇ ਆਰਥਿਕ ਸੰਕਟ ਆਉਣ 'ਤੇ ਉਹ ਨੌਕਰੀ ਕਰਨ ਦੇ ਸਮਰੱਥ ਹੋਵੇ ਅਤੇ ਆਪਣੇ ਪੈਰਾਂ 'ਤੇ ਆਪ ਖੜ੍ਹੀ ਹੋ ਸਕੇ।

**ਕਿਸੇ ਵੀ ਰਾਸ਼ਟਰ ਜਾਂ ਦੇਸ਼ ਦੀ ਉੱਨਤੀ ਦਾ ਅੰਦਾਜ਼ਾ ਉਥੋਂ ਦੀਆਂ ਔਰਤਾਂ ਦੀ ਸਥਿਤੀ ਤੋਂ ਲਗਾਇਆ ਜਾ ਸਕਦਾ ਹੈ। ਜੇ ਔਰਤਾਂ ਪੜ੍ਹੀਆਂ-ਲਿਖੀਆਂ ਹੋਣਗੀਆਂ ਤਾਂ ਉਹ ਚੰਗੇ ਰਾਸ਼ਟਰ ਨਿਰਮਾਣ ਵਿਚ ਸਹਾਇਕ ਹੋਣਗੀਆਂ। ਅਨਪੜ੍ਹ, ਵਹਿਮਾਂ, ਭਰਮਾਂ ਵਿਚ ਫਸੀਆਂ ਹੋਈਆਂ, ਸੰਕੀਰਨ ਸੋਚ ਦੀਆਂ ਧਾਰਨੀ ਅਤੇ ਪਿਛਾਂਹ-ਖਿੱਚੂ ਔਰਤਾਂ ਨਾਲੋਂ ਪੜ੍ਹੀਆਂ-ਲਿਖੀਆਂ ਅਤੇ ਵਿਗਿਆਨਕ ਸੋਚ ਦੀਆਂ ਧਾਰਨੀ ਔਰਤਾਂ ਦੇਸ਼ ਨੂੰ ਉੱਨਤੀ ਦੀਆਂ ਸਿਖਰਾਂ ਤਕ ਲਿਜਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।**

ਆਰਥਿਕ ਪੱਖੋਂ ਸਵੈ-ਨਿਰਭਰ ਹੋਣ ਕਰਕੇ ਔਰਤ ਦਾਜ ਵਰਗੀ ਅਤੇ ਸਾੜ ਕੇ ਮਾਰ ਦੇਣ ਵਰਗੀ ਸਮੱਸਿਆ ਦਾ ਸਮਾਧਾਨ ਕਰਨ ਦੇ ਵੀ ਸਮਰੱਥ ਹੋ ਸਕਦੀ ਹੈ। ਜ਼ਿਆਦਾਤਰ ਉਹੀ ਲੜਕੀਆਂ ਦਾਜ ਦੇ ਹੱਕ ਵਿਚ ਹੁੰਦੀਆਂ ਹਨ ਜਿਨ੍ਹਾਂ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਦੂਜਿਆਂ ਦਾ ਮੁਥਾਜ ਹੋਣਾ ਪੈਂਦਾ ਹੈ। ਵਿੱਦਿਆ ਪ੍ਰਾਪਤੀ ਨਾਲ ਨੌਕਰੀ ਕਰਨ ਕਰਕੇ ਜਦੋਂ ਔਰਤ ਆਰਥਿਕ ਤੌਰ ਤੇ ਸੌਖੀ ਹੁੰਦੀ ਹੈ ਤਾਂ ਫਿਰ ਡਟ ਕੇ ਦਾਜ ਲੈਣ ਦਾ ਵਿਰੋਧ ਵੀ ਕਰ ਸਕਦੀ ਹੈ। ਵਿੱਦਿਆ ਦੇ ਮਹੱਤਵ ਨੂੰ ਦਰਸਾਉਂਦੀ ਹੋਈ ਇਕ ਮੁਟਿਆਰ ਆਪਣੇ ਬਾਬਲ ਨੂੰ ਇਹ ਬੇਨਤੀ ਕਰਦੀ ਹੈ : 'ਛੈਣੇ! ਛੈਣ! ਛੈਣੇ!, ਵਿੱਦਿਆ ਪੜ੍ਹਾ ਦਈਂ ਬਾਬਲਾ, ਭਾਵੇਂ ਦਈਂ ਨਾ ਦਾਜ ਵਿਚ ਗਹਿਣੇ।' ਕਿਉਂਕਿ ਵਿੱਦਿਆ ਇਕ ਅਜਿਹਾ ਗਹਿਣਾ ਹੈ ਜੋ ਵਰਤਣ ਨਾਲ ਹੋਰ ਚਮਕਦਾ ਹੈ ਅਤੇ ਜਿਸ ਦੀ ਰਖਵਾਲੀ ਦੀ ਵੀ ਲੋੜ ਨਹੀਂ।

ਸੰਖੇਪ ਵਿਚ, ਅਸੀਂ ਕਹਿ ਸਕਦੇ ਹਾਂ ਕਿ ਵਿੱਦਿਆ ਦਾ ਚਾਨਣ ਔਰਤ ਲਈ ਵਰਦਾਨ ਸਿੱਧ ਹੋ ਰਿਹਾ ਹੈ। ਫਿਰ ਵੀ ਔਰਤ ਨੂੰ ਨਾਰੀ ਦੇਹ-ਪ੍ਰਦਰਸ਼ਨ, ਇਸ਼ਤਿਹਾਰਬਾਜ਼ੀ ਅਤੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਤੋਂ ਚੁਕੰਨੇ ਹੋਣ ਦੀ ਲੋੜ ਹੈ ਤਾਂ ਹੀ ਉਹ ਆਪਣੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਸਹੀ ਅਰਥਾਂ ਵਿਚ ਸਾਂਭ ਸਕਦੀ ਹੈ ਅਤੇ ਚੰਗੀ ਕੌਮ ਸਿਰਜ ਸਕਦੀ ਹੈ। ਹਰ ਤਰ੍ਹਾਂ ਦੇ ਬੌਣੇ ਵਾਦ ਜਾਂ ਦ੍ਰਿਸ਼ਟੀਹੀਣ ਸੋਚ ਦ੍ਰਿਸ਼ਟੀ ਨੂੰ ਇਕ ਪੜ੍ਹੀ-ਲਿਖੀ ਔਰਤ ਹੀ ਯੋਗ ਅਗਵਾਈ ਪ੍ਰਦਾਨ ਕਰ ਸਕਦੀ ਹੈ।

***(ਲੇਖਿਕਾ ਮੁਖੀ, ਪੰਜਾਬੀ ਵਿਭਾਗ, ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰ ਵੋਮੈਨ, ਫ਼ਗਵਾੜਾ ਹੈ।)***

*ਸਫ਼ਾ 57 ਦੀ ਬਾਕੀ*

ਦੇਸ਼, ਸਮਾਜ ਅਤੇ ਭਾਈਚਾਰੇ ਨੂੰ ਭਲਾਈ ਵਾਲਾ ਮਾਹੌਲ ਕਾਇਮ ਕਰਨਾ ਚਾਹੀਦਾ ਹੈ। ਜਦੋਂ ਬੱਚੇ ਗਿਆਨ, ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਵਤੀਰਾ ਪ੍ਰਾਪਤ ਕਰਦੇ ਹਨ ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਨਾਲ ਫਾਇਦਾ ਹੁੰਦਾ ਹੈ। ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਬੱਚਿਆਂ ਨੂੰ ਸਹੀ ਫੈਸਲੇ ਲੈਣ, ਮੁਸ਼ਕਲਾਂ ਹੱਲ ਕਰਨ, ਅਲੋਚਨਾ ਤੇ ਸਿਰਜਣਾਤਮਕ ਢੰਗ ਨਾਲ ਸੋਚਣ, ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ, ਤੰਦਰੁਸਤ ਸਬੰਧ ਬਨਾਉਣ, ਹੋਰਨਾਂ ਨਾਲ ਹਮਦਰਦੀ ਕਰਨ ਅਤੇ ਸਿਹਤਮੰਦ ਢੰਗ ਨਾਲ ਆਪਣੀ ਜ਼ਿੰਦਗੀ ਚਲਾਉਣ ਅਤੇ ਇਸ ਨਾਲ ਨਜਿੱਠਣ ਵਿਚ ਸਹਾਈ ਹੁੰਦੀਆਂ ਹਨ। ਅਜਿਹੇ ਗਿਆਨ ਅਤੇ ਕੌਸ਼ਲਤਾ ਨਾਲ ਉਹ ਵਤੀਰਾ ਪੈਦਾ ਹੋ ਸਕਦਾ ਹੈ ਜੋ ਬੀਮਾਰੀ, ਸੱਟ-ਫੇਟ ਆਦਿ ਦੀ ਰੋਕਥਾਮ ਕਰਦਾ ਹੈ, ਤੰਦਰੁਸਤ ਸਬੰਧ ਬਣਾਉਂਦਾ ਹੈ ਅਤੇ ਨੌਜਵਾਨ ਲੋਕਾਂ ਨੂੰ ਅਗਵਾਈ ਦੀ ਭੂਮੀਕਾ ਨਿਭਾਉਣ ਦੇ ਸਮਰੱਥ ਬਣਾਉਂਦਾ ਹੈ। ਸਕੂਲ, ਉਸ ਤਰ੍ਹਾਂ ਦੇ ਇਕ ਸੁਰੱਖਿਆ ਘੇਰੇ ਵਜੋਂ ਕੰਮ ਕਰ ਸਕਦੇ ਹਨ, ਜੋ ਬੱਚਿਆਂ ਨੂੰ ਉਨ੍ਹਾਂ ਦੀ ਸਿੱਖਣ, ਵਿਕਾਸ, ਮਨੋਵਿਗਿਆਨਕ ਭਲਾਈ ਨੂੰ ਪ੍ਰਭਾਵਤ ਕਰਨ ਵਾਲੇ ਖ਼ਤਰਿਆਂ ਤੋਂ ਬਚਾਉਣ ਲਈ ਸੁਰੱਖਿਅਤ ਕਰਦੇ ਹਨ। ਸਕੂਲੀ ਮਾਨਸਿਕ ਸਿਹਤ ਪ੍ਰੋਗਰਾਮ ਸਿੱਖਣ, ਮਾਨਸਿਕ ਭਲਾਈ, ਮਾਨਸਿਕ ਕਮੀਆਂ ਦੀ ਪ੍ਰਬੰਧਕੀ ਦੇ ਪ੍ਰਵਾਹ ਨੂੰ ਸੁਧਾਰਨ ਵਿਚ ਅਸਰਦਾਇਕ ਹਨ।

*(ਲੇਖਕ ਐਕਸਪ੍ਰੈਸ਼ਨਜ਼ ਇੰਡੀਆ ਦਿ ਲਾਈਫ ਸਕਿਲਸ ਐਜੂਕੇਸ਼ਨ ਐਂਡ ਸਕੂਲ ਹੈਲਥ ਐਂਡ ਵੈਲਨੈੱਸ ਪ੍ਰੋਗਰਾਮ ਦਾ ਪ੍ਰੋਗਰਾਮ ਡਾਇਰੈਕਟਰ ਹੈ।)*

*e-mail :jnagpal10@gmail.com*

# ਸਿੱਖਿਆ ਸਹਾਇਕ ਸਰਗਰਮੀਆਂ ਬਾਰੇ ਢੁੱਕਵੀਂ ਨੀਤੀ ਬਣਾਈ ਜਾਵੇ

ਪ੍ਰਿੰ.ਵਿਜੇ ਕੁਮਾਰ

ਕੁਇਜ਼, ਭਾਸ਼ਣ, ਪੋਸਟਰ ਪ੍ਰਤਿਯੋਗਤਾ, ਲੇਖ, ਕਵਿਤਾ, ਰੋਲ ਪਲੇਅ, ਰੈਲੀਆਂ, ਅਕਾਦਮਿਕ ਸਾਹਿਤਕ ਮੁਕਾਬਲੇ ਸਿੱਖਿਆ ਪ੍ਰਣਾਲੀ ਦਾ ਅਨਿੱਖੜਵਾਂ ਹਿੱਸਾ ਹਨ। ਨਿੱਜੀ ਮਾਡਲ ਸਕੂਲਾਂ ਵਾਂਗ ਇਨ੍ਹਾਂ ਦਾ ਸਰਕਾਰੀ ਸਕੂਲਾਂ ਵਿਚ ਹੋਣਾ ਵੀ ਬਹੁਤ ਜ਼ਰੂਰੀ ਹੈ। ਇਹ ਸਿੱਖਿਆ ਸਹਾਇਕ ਸਰਗਰਮੀਆਂ ਬੱਚਿਆਂ ਵਿਚ ਆਤਮ-ਵਿਸ਼ਵਾਸ ਪੈਦਾ ਕਰਦੀਆਂ ਹਨ। ਉਨ੍ਹਾਂ ਦੇ ਸਰਵਪੱਖੀ ਵਿਕਾਸ ਦੇ ਪੱਖ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਦੇ ਗਿਆਨ ਦੇ ਪੱਧਰ ਨੂੰ ਉੱਚਾ ਚੁੱਕਦੀਆਂ ਹਨ। ਉਨ੍ਹਾਂ ਦੇ ਭਵਿੱਖ ਨੂੰ ਰੌਸ਼ਨ ਕਰਦੀਆਂ ਹਨ। ਉਨ੍ਹਾਂ ਨੂੰ ਨੌਕਰੀਆਂ ਅਤੇ ਦਾਖ਼ਲਿਆਂ ਲਈ ਹੋਣ ਵਾਲੇ ਇਮਤਿਹਾਨਾਂ ਲਈ ਤਿਆਰ ਕਰਦੀਆਂ ਹਨ। ਨਿੱਜੀ ਮਾਡਲ ਸਕੂਲ ਇਨ੍ਹਾਂ ਸਰਗਰਮੀਆਂ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਬੱਚਿਆਂ ਦੇ ਮਾਪਿਆਂ ਦੇ ਨਿੱਜੀ ਸਕੂਲਾਂ ਵੱਲ ਹੋਣ ਵਾਲੇ ਝੁਕਾਅ ਲਈ, ਉਨ੍ਹਾਂ ਸਕੂਲਾਂ ਵਿਚ ਹੋਣ ਵਾਲੀਆਂ ਇਹ ਸਰਗਰਮੀਆਂ ਵੀ ਇਕ ਕਾਰਨ ਹੁੰਦੀਆਂ ਹਨ। ਸਿੱਖਿਆ ਵਿਭਾਗ ਅਤੇ ਉੱਚ ਸਿੱਖਿਆ ਅਧਿਕਾਰੀਆਂ ਨੇ ਸਰਕਾਰੀ ਸਕੂਲਾਂ ਵਿਚ ਇਨ੍ਹਾਂ ਸਰਗਰਮੀਆਂ ਨੂੰ ਲਾਗੂ ਕਰਕੇ ਸਰਕਾਰੀ ਸਕੂਲਾਂ ਦੀ ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ।

ਪਰ ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰੀ ਸਕੂਲਾਂ ਵਿਚ ਹੋਣ ਵਾਲੀਆਂ ਇਹ ਕਿਰਿਆਵਾਂ ਅਤੇ ਸਰਗਰਮੀਆਂ ਸਰਕਾਰੀ ਸਕੂਲਾਂ ਦੀ ਸਿੱਖਿਆ ਨੂੰ ਪ੍ਰਭਾਵਿਤ ਤਾਂ ਨਹੀਂ ਕਰ ਰਹੀਆਂ? ਭਾਵ ਸਰਕਾਰੀ ਸਕੂਲਾਂ ਦੀ ਸਿੱਖਿਆ ਨੂੰ ਨੁਕਸਾਨ ਤਾਂ ਨਹੀਂ ਪਹੁੰਚਾ ਰਹੀਆਂ? ਇਹ ਸਰਗਰਮੀਆਂ ਸਿੱਖਿਆ ਦਾ ਅਨਿੱਖੜਵਾਂ ਅੰਗ ਤਾਂ ਹਨ ਪਰ ਜੇਕਰ ਇਹ ਜ਼ਰੂਰਤ ਤੋਂ ਜ਼ਿਆਦਾ ਹੁੰਦੀਆਂ ਹਨ ਤਾਂ ਇਹ ਪੜ੍ਹਾਈ ਦੇ ਨੁਕਸਾਨ ਦਾ ਕਾਰਨ ਵੀ ਬਣਦੀਆਂ ਹਨ। ਬੱਚਿਆਂ ਦੀ ਸਿੱਖਿਆ ਦਾ ਸਥਾਨ ਪਹਿਲਾ ਹੋਣਾ ਚਾਹੀਦਾ ਹੈ। ਇਨ੍ਹਾਂ ਦਾ ਸਥਾਨ ਦੂਜਾ ਹੋਣਾ ਚਾਹੀਦਾ ਹੈ। ਇਨ੍ਹਾਂ ਦੀ ਬਹੁਤਾਤ ਅਤੇ ਸਮੇਂ ਅਨੁਸਾਰ ਨਾ ਹੋਣਾ ਬੱਚਿਆਂ ਨੂੰ ਉਨ੍ਹਾਂ ਦੀ ਪੜ੍ਹਾਈ ਤੋਂ ਦੂਰ ਲਿਜਾ ਸਕਦਾ ਹੈ। ਨਿੱਜੀ ਸਕੂਲ ਇਨ੍ਹਾਂ ਸਰਗਰਮੀਆਂ ਦਾ ਆਯੋਜਨ ਤਾਂ ਕਰਦੇ ਹਨ ਪਰ ਸਕੂਲਾਂ ਦੀ ਪੜ੍ਹਾਈ ਦਾ ਕਿਸੇ ਵੀ ਕੀਮਤ ਉਤੇ ਨੁਕਸਾਨ ਨਹੀਂ ਹੋਣ ਦਿੰਦੇ।

ਸਰਕਾਰੀ ਸਕੂਲਾਂ ਦੇ ਮੁੱਖੀ ਅਤੇ ਅਧਿਆਪਕ ਇਹ ਅਨੁਭਵ ਕਰ ਰਹੇ ਹਨ ਕਿ ਹਰ ਦੂਜੇ-ਤੀਜੇ ਦਿਨ ਸਕੂਲਾਂ ਨੂੰ ਰੈਲੀਆਂ ਅਤੇ ਪ੍ਰਤਿਯੋਗਤਾਵਾਂ ਦੇ ਆਯੋਜਨ ਲਈ ਪੱਤਰ ਜਾਰੀ ਕਰਨਾ ਬੱਚਿਆਂ ਦੀ ਪੜ੍ਹਾਈ ਦੇ ਹਿਤ ਵਿਚ ਨਹੀਂ ਹੈ। ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਇਨ੍ਹਾਂ ਸਰਗਰਮੀਆਂ ਨੂੰ ਕੇਵਲ ਆਯੋਜਿਤ ਹੀ ਨਹੀਂ ਕਰਨਾ ਪੈਂਦਾ, ਸਗੋਂ ਉਹ ਇਨ੍ਹਾਂ ਦੇ ਆਯੋਜਨ ਦੀਆਂ ਰਿਪੋਰਟਾਂ ਮੀਡੀਆ ਅਤੇ ਸਰਕਾਰ ਨੂੰ ਭੇਜਣ ਵਿਚ ਉਲਝੇ ਰਹਿੰਦੇ ਹਨ। ਜੇਕਰ ਉਹ ਸਰਕਾਰੀ ਆਦੇਸ਼ਾਂ ਦਾ ਪਾਲਣ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਵਿਭਾਗ ਪ੍ਰਤਿ ਜਵਾਬਦੇਹ ਹੋਣਾ ਪੈਂਦਾ ਹੈ। ਜੇਕਰ ਉਹ ਸਰਕਾਰੀ ਆਦੇਸ਼ਾਂ ਦਾ ਪਾਲਣ ਕਰਦੇ ਹਨ ਤਾਂ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਦੇ ਨਤੀਜੇ ਮਾੜੇ ਆਉਂਦੇ ਹਨ। ਨਤੀਜੇ ਮਾੜੇ ਆਉਣ ਨਾਲ ਫਿਰ ਸਿੱਖਿਆ ਵਿਭਾਗ ਸਕੂਲ ਮੁਖੀਆਂ ਅਤੇ ਅਧਿਆਪਕਾਂ ਤੋਂ ਜਵਾਬ ਮੰਗਦਾ ਹੈ। ਰੈਲੀਆਂ ਦਾ ਆਯੋਜਨ ਕਰਦਿਆਂ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵਧੇਰੇ ਕਰਕੇ ਖੱਜਲ-ਖੁਆਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲੀ ਖੇਡਾਂ, ਸੈਮੀਨਾਰ, ਵਜ਼ੀਫੇ, ਸੀ ਸੀ ਈ ਦੇ ਰਜਿਸਟਰ, ਇਨ੍ਹਾਂ ਸਰਗਰਮੀਆਂ ਦਾ ਆਯੋਜਨ ਅਤੇ ਸਿੱਖਿਆ ਵਿਭਾਗ ਦੀ ਡਾਕ ਤਿਆਰ ਕਰਨ ਵਿਚ ਅਧਿਆਪਕ ਅਜਿਹੇ ਉਲਝਦੇ ਹਨ ਕਿ ਉਨ੍ਹਾਂ ਨੂੰ ਪੀਰੀਅਡ ਲਗਾਉਣ ਦਾ ਸਮਾਂ ਹੀ ਨਹੀਂ ਮਿਲਦਾ। ਤਹਿਸੀਲ, ਜ਼ਿਲ੍ਹਾ ਅਤੇ ਰਾਜ ਪੱਧਰ ਦੇ ਮੁਕਾਬਲਿਆਂ ਵਿਚ ਜਾਣ ਸਮੇਂ ਤਾਂ ਅਧਿਆਪਕਾਂ ਅਤੇ ਸਕੂਲ ਮੁਖੀਆਂ ਵਿਚ ਤਕਰਾਰ ਅਤੇ ਤਨਾਅ ਦੀ ਨੌਬਤ ਵੀ ਆ ਜਾਂਦੀ ਹੈ।

ਨਿੱਜੀ ਮਾਡਲ ਸਕੂਲ ਇਨ੍ਹਾਂ ਸਰਗਰਮੀਆਂ ਦਾ ਆਯੋਜਨ ਤਾਂ ਕਰਦੇ ਹਨ ਪਰ ਉਨ੍ਹਾਂ ਨੇ ਵਿਭਾਗ ਨੂੰ ਕੋਈ ਰਿਪੋਰਟ ਨਹੀਂ ਭੇਜਣੀ ਹੁੰਦੀ। ਉਹ ਇਨ੍ਹਾਂ ਸਰਗਰਮੀਆਂ ਦਾ ਆਯੋਜਨ ਕਰਨ ਲੱਗਿਆਂ ਇਹ ਜ਼ਰੂਰ ਧਿਆਨ ਰੱਖਦੇ ਹਨ ਕਿ ਇਨ੍ਹਾਂ ਦਾ ਆਯੋਜਨ ਕਿਹੜੇ ਸਮੇਂ ਉਤੇ ਕਰਨਾ ਹੈ। ਉਹ ਪੜ੍ਹਾਈ ਨੂੰ ਕਿਸੇ ਵੀ ਕੀਮਤ ਉਤੇ ਪ੍ਰਭਾਵਿਤ ਨਹੀਂ ਹੋਣ ਦਿੰਦੇ। ਉਹ ਮਹੀਨੇ ਵਿਚ ਇਕ-ਦੋ ਪ੍ਰਤਿਯੋਗਤਾਵਾਂ ਦਾ ਹੀ ਆਯੋਜਨ ਕਰਵਾਉਂਦੇ ਹਨ। ਉਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਬਿਨਾਂ ਵਕਤ ਸੈਮੀਨਾਰਾਂ ਵਿਚ ਨਹੀਂ ਜਾਣਾ ਪੈਂਦਾ। ਉਨ੍ਹਾਂ ਸਕੂਲਾਂ ਦੇ ਬੱਚਿਆਂ ਦੇ ਮਾਂ-ਬਾਪ ਉਨ੍ਹਾਂ ਨੂੰ ਖ਼ੁਦ ਪ੍ਰਤਿਯੋਗਤਾਵਾਂ ਲਈ ਤਿਆਰ ਕਰਦੇ ਹਨ ਪਰ ਸਰਕਾਰੀ ਸਕੂਲਾਂ ਵਿਚ ਸਾਰਾ ਕੁਝ ਖ਼ੁਦ ਅਧਿਆਪਕਾਂ ਨੂੰ ਕਰਨਾ ਪੈਂਦਾ ਹੈ। ਸਿੱਖਿਆ ਵਿਭਾਗ ਨੂੰ ਚਾਹੀਦਾ ਹੈ ਕਿ ਇਨ੍ਹਾਂ ਸਰਗਰਮੀਆਂ ਲਈ ਜਾਰੀ ਕੀਤੇ ਜਾਣ ਵਾਲੇ ਫ਼ੰਡ ਵਿੱਦਿਅਕ ਵਰ੍ਹੇ ਦੇ ਅਰੰਭ ਵਿਚ ਜਾਰੀ ਕਰ ਦੇਵੇ ਤਾਂ ਕਿ ਇਹ ਸਮੇਂ ਸਿਰ ਕਰਵਾਈਆਂ ਜਾ ਸਕਣ।

ਸਾਇੰਸ ਪ੍ਰਦਰਸ਼ਨੀਆਂ, ਇੰਸਪਾਇਰ ਐਵਾਰਡ, ਖੇਡਾਂ, ਸੈਮੀਨਾਰ, ਰੋਲ ਪਲੇਅ, ਲੋਕ ਨਾਚ ਆਦਿ ਵਰਗੀਆਂ ਸਿੱਖਿਆ ਸਹਾਇਕ ਸਰਗਰਮੀਆਂ ਦਾ ਆਯੋਜਨ ਤਾਂ ਹੋਵੇ ਪਰ ਇਨ੍ਹਾਂ ਵਿਚ ਸਮੇਂ ਦਾ ਅੰਤਰ ਜ਼ਰੂਰ ਹੋਵੇ। ਇਨ੍ਹਾਂ ਸਰਗਰਮੀਆਂ ਦੇ ਆਯੋਜਨ ਅਤੇ ਪੜ੍ਹਾਈ ਦੇ ਮਹੱਤਵ ਵਿਚ ਸੰਤੁਲਨ ਜ਼ਰੂਰ ਬਣਾ ਕੇ ਰੱਖਿਆ ਜਾਵੇ।

*(ਲੇਖਕ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਰੋਪੜ ਵਿਖੇ ਪ੍ਰਿੰਸੀਪਲ ਹੈ।)*

# ਬੱਚੇ ਦੇਸ਼ ਦਾ ਭਵਿੱਖ

ਆਕੇਸ਼ ਕੁਮਾਰ

ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ। ਬੱਚਿਆਂ ਦਾ ਸਹੀ ਪਾਲਣ-ਪੋਸਣ ਦੇਸ਼ ਦੇ ਭਵਿੱਖ ਨੂੰ ਸਹੀ ਦਿਸ਼ਾ ਵਿਚ ਲਿਜਾ ਸਕਦਾ ਹੈ। ਬਚਪਨ ਮਨੁੱਖ ਦੀ ਜ਼ਿੰਦਗੀ ਦਾ ਸਭ ਤੋਂ ਸੁਨਹਿਰਾ ਤੇ ਬੇਫਿਕਰੀ ਵਾਲਾ ਸਮਾਂ ਹੁੰਦਾ ਹੈ ਤੇ ਇਸੇ ਸਮੇਂ ਵਿਚ ਹੀ ਇਸ ਬਚਪਨ ਨੂੰ ਸੰਭਾਲਣ ਦੀ ਜ਼ਰੂਰਤ ਹੁੰਦੀ ਹੈ। 18 ਸਾਲ ਤੋਂ ਘੱਟ ਉਮਰ ਦੀ ਆਬਾਦੀ ਨਾਲ ਭਾਰਤ ਦੁਨੀਆਂ ਵਿਚ ਸਭ ਤੋਂ ਵੱਧ ਬੱਚਿਆਂ ਦੀ ਆਬਾਦੀ ਵਾਲੇ ਦੇਸ਼ਾਂ ਵਿਚੋਂ ਇਕ ਹੈ। ਸਰਕਾਰ ਵਲੋਂ ਬੱਚਿਆਂ ਦੇ ਹਿਤਾਂ ਦੀ ਰਖਿਆ ਲਈ ਵਚਨਬੱਧ ਹੋ ਕੇ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਦੇ ਸਿੱਟੇ ਵਜੋਂ ਬੱਚਿਆਂ ਦੀ ਮੌਤ ਦਰ ਘਟੀ ਹੈ, ਸਿੱਖਿਆ ਦਰ ਵਧੀ ਹੈ। ਪਰ ਲਾਪਤਾ ਹੋ ਰਹੇ ਬੱਚਿਆਂ ਦੀ ਦਰ ਵਧਣ ਨਾਲ ਕਈ ਪ੍ਰਸ਼ਨ ਚਿੰਨ੍ਹ ਪ੍ਰਸ਼ਾਸਨ 'ਤੇ ਲੱਗੇ ਹਨ। ਬੱਚਿਆਂ ਲਈ ਬਣੇ ਕਾਨੂੰਨ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਵਿਚ ਅਜੇ ਵੀ ਵੱਡਾ ਅੰਤਰ ਹੈ। ਯੂਨੀਸੈਫ ਦੀ ਰਿਪੋਰਟ 'ਦਿ ਸਟੇਟ ਆਫ਼ ਵਰਲਡਸ ਚਿਲਡਰਨ 2011' ਮੁਤਾਬਕ ਬੱਚਿਆਂ ਦੇ ਵਿਸ਼ੇ ਵਿਚ ਧਿਆਨ ਦੇਣ ਯੋਗ ਕੁੱਝ ਤੱਥ ਹਨ।

- ਭਾਰਤ ਦੁਨੀਆਂ ਵਿਚ ਬੱਚਿਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ।
- ਸਿਰਫ਼ 41 ਪ੍ਰਤਿਸ਼ਤ ਬੱਚਿਆਂ ਦਾ ਜਨਮ ਹੀ ਰਜਿਸਟਰ ਕਰਵਾਇਆ ਜਾਂਦਾ ਹੈ। ਜਿਸ ਵਿਚੋਂ 59 ਪ੍ਰਤਿਸ਼ਤ ਸ਼ਹਿਰਾਂ ਵਿਚ ਤੇ 35 ਪ੍ਰਤਿਸ਼ਤ ਪਿੰਡਾਂ ਵਿਚ ਰਜਿਸਟਰ ਹੁੰਦੇ ਹਨ।
- 20 ਵਿਚੋਂ ਇਕ ਬੱਚਾ ਇਕ ਸਾਲ ਦੀ ਉਮਰ ਹੋਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ ਤੇ 15 ਵਿਚੋਂ ਇਕ ਬੱਚਾ 5 ਸਾਲ ਦੀ ਉਮਰ ਦੌਰਾਨ ਮਰ ਜਾਂਦਾ ਹੈ।
- ਭਾਰਤ ਵਿਚ ਜਨਮ ਦੇ ਸਮੇਂ ਘੱਟ ਭਾਰ ਵਾਲੇ ਬੱਚੇ 28 ਪ੍ਰਤਿਸ਼ਤ ਹਨ ਤੇ 48 ਪ੍ਰਤਿਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ।
- 0-6 ਸਾਲ ਦੀ ਉਮਰ ਦੇ ਬੱਚਿਆਂ ਵਿਚ ਕੁੜੀਆਂ ਦੀ ਘਟਦੀ ਦਰ ਚਿੰਤਾ ਦਾ ਵਿਸ਼ਾ ਹੈ।
- ਸਕੂਲ ਵਿਚ ਦਾਖ਼ਲਾ ਲੈਣ ਵਾਲੇ ਬੱਚਿਆਂ ਵਿਚੋਂ 70 ਪ੍ਰਤਿਸ਼ਤ ਸੈਕੰਡਰੀ ਪੱਧਰ ਤਕ ਆਉਂਦੇ ਪੜ੍ਹਾਈ ਛੱਡ ਜਾਂਦੇ ਹਨ। ਪੜ੍ਹਾਈ ਛੱਡਣ ਵਾਲੇ ਬੱਚਿਆਂ ਵਿਚੋਂ 66 ਪ੍ਰਤਿਸ਼ਤ ਕੁੜੀਆਂ ਹੁੰਦੀਆਂ ਹਨ।
- 47 ਪ੍ਰਤਿਸ਼ਤ ਬੱਚਿਆਂ ਦਾ ਬਾਲ ਵਿਆਹ ਹੋ ਜਾਂਦਾ ਹੈ। ਜਿਸ ਵਿਚ 29 ਪ੍ਰਤਿਸ਼ਤ ਸ਼ਹਿਰਾਂ ਵਿਚ ਤੇ 56 ਪ੍ਰਤਿਸ਼ਤ ਪੇਂਡੂ ਇਲਾਕਿਆਂ ਵਿਚ ਹੁੰਦੇ ਹਨ।
- 27 ਪ੍ਰਤਿਸ਼ਤ ਕੁੜੀਆਂ ਦਾ 18 ਸਾਲ ਦੀ ਉਮਰ ਤਕ ਪਹੁੰਚਦੇ ਹੀ ਵਿਆਹ ਹੋ ਚੁੱਕਾ ਹੁੰਦਾ ਹੈ।
- ਦੁਨੀਆਂ ਵਿਚ ਸਭ ਤੋਂ ਵੱਧ ਬਾਲ ਮਜ਼ਦੂਰ ਭਾਰਤ ਵਿਚ ਹਨ।

ਇਸ ਸਭ ਤੋਂ ਇਲਾਵਾ ਭਾਰਤ ਵਿਚ ਬੱਚਿਆਂ ਸੰਬੰਧੀ ਵੱਡੀ ਚਿੰਤਾਜਨਕ ਸਮੱਸਿਆ ਬੱਚਿਆਂ ਦੇ ਲਾਪਤਾ ਹੋਣ ਦੀ ਹੈ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਮੁਤਾਬਕ ਹਰੇਕ ਸਾਲ ਤਕਰੀਬਨ 40 ਤੋਂ 50 ਹਜ਼ਾਰ ਬੱਚਿਆਂ ਦੀ ਗੁਮਸ਼ੁਦਗੀ ਦੀ ਰਿਪੋਰਟ ਦਰਜ ਹੁੰਦੀ ਹੈ ਤੇ ਜਿਨ੍ਹਾਂ ਵਿਚੋਂ ਤਕਰੀਬਨ ਇਕ ਚੌਥਾਈ ਕਦੇ ਆਪਣੇ ਘਰ ਵਾਲਿਆਂ ਨੂੰ ਮਿਲਦੇ ਹੀ ਨਹੀਂ। ਜਦ ਕਿ ਇਸ ਸੰਬੰਧ ਵਿਚ ਸਰਕਾਰੀ ਅੰਕੜੇ ਕੋਈ ਬਹੁਤੀ ਰੌਸ਼ਨੀ ਨਹੀਂ ਪਾਉਂਦੇ। ਕਈ ਲਾਪਤਾ ਬੱਚਿਆਂ ਦੀ ਗੁਮਸ਼ੁਦਗੀ ਦੀ ਤਾਂ ਕਦੇ

**ਬੱਚਿਆਂ ਦਾ ਸਹੀ ਪਾਲਣ-ਪੋਸਣ ਦੇਸ਼ ਦੇ ਭਵਿੱਖ ਨੂੰ ਸਹੀ ਦਿਸ਼ਾ ਵਿਚ ਲਿਜਾ ਸਕਦਾ ਹੈ। ਬਚਪਨ ਮਨੁੱਖ ਦੀ ਜ਼ਿੰਦਗੀ ਦਾ ਸਭ ਤੋਂ ਸੁਨਹਿਰਾ ਤੇ ਬੇਫਿਕਰੀ ਵਾਲਾ ਸਮਾਂ ਹੁੰਦਾ ਹੈ ਤੇ ਇਸੇ ਸਮੇਂ ਵਿਚ ਹੀ ਇਸ ਬਚਪਨ ਨੂੰ ਸੰਭਾਲਣ ਦੀ ਜ਼ਰੂਰਤ ਹੁੰਦੀ ਹੈ। 18 ਸਾਲ ਤੋਂ ਘੱਟ ਉਮਰ ਦੀ ਆਬਾਦੀ ਨਾਲ ਭਾਰਤ ਦੁਨੀਆਂ ਵਿਚ ਸਭ ਤੋਂ ਵੱਧ ਬੱਚਿਆਂ ਦੀ ਆਬਾਦੀ ਵਾਲੇ ਦੇਸ਼ਾਂ ਵਿਚੋਂ ਇਕ ਹੈ। ਸਰਕਾਰ ਵਲੋਂ ਬੱਚਿਆਂ ਦੇ ਹਿਤਾਂ ਦੀ ਰਖਿਆ ਲਈ ਵਚਨਬੱਧ ਹੋ ਕੇ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਦੇ ਸਿੱਟੇ ਵਜੋਂ ਬੱਚਿਆਂ ਦੀ ਮੌਤ ਦਰ ਘਟੀ ਹੈ, ਸਿੱਖਿਆ ਦਰ ਵਧੀ ਹੈ।**

ਰਿਪੋਰਟ ਹੀ ਦਰਜ ਨਹੀਂ ਕਰਵਾਈ ਜਾਂਦੀ ਤੇ ਕਈ ਮਾਮਲਿਆਂ ਵਿਚ ਪ੍ਰਸ਼ਾਸਨ ਵਲੋਂ ਪੂਰਾ ਸਹਿਯੋਗ ਨਹੀਂ ਕੀਤੇ ਜਾਣ ਦੀਆਂ ਖ਼ਬਰਾਂ ਵੀ ਆਉਂਦੀਆਂ ਹਨ। ਲਾਪਤਾ ਬੱਚੇ ਦੀ ਪੂਰੀ ਜਾਣਕਾਰੀ ਨਾ ਦੇਣ, ਲੱਭਣ ਦੇ ਵਿਚ ਲੰਮੇ ਸਮੇਂ ਦੀ ਦੇਰੀ ਨਾਲ ਲਾਪਤਾ ਬੱਚਿਆਂ ਦੇ ਆਪਣੇ ਮਾਂ-ਬਾਪ ਨੂੰ ਮਿਲਣ ਦੇ ਮੌਕੇ ਘਟ ਜਾਂਦੇ ਹਨ। ਹਰੇਕ ਸਾਲ ਲਾਪਤਾ ਹੋਣ ਵਾਲੇ ਬੱਚਿਆਂ ਵਿਚ ਆਪਣਿਆਂ ਵਲੋਂ ਜਾਂ ਫਿਰ ਬੇਗਾਨਿਆਂ ਵਲੋਂ ਅਗਵਾ ਕੀਤੇ ਗਏ ਬੱਚਿਆਂ ਦੇ ਮਾਮਲੇ ਸਾਹਮਣੇ ਆਉਂਦੇ ਹਨ ਜਾਂ ਫਿਰ ਆਪਣੀ ਮਰਜ਼ੀ ਨਾਲ ਘਰੋਂ ਦੌੜ ਗਏ ਜਾਂ ਘਰ ਛੱਡ ਜਾਣ ਲਈ ਮਜਬੂਰ ਕੀਤੇ ਗਏ ਬੱਚੇ ਹੁੰਦੇ ਹਨ।

ਭਾਰਤ ਵਿਚ ਬੱਚੇ ਵੇਚਣ ਵਾਲੇ ਗਰੋਹਾਂ ਵਲੋਂ ਛੋਟੇ ਬੱਚਿਆਂ ਦਾ ਅਪਰਹਨ ਕਰਕੇ ਉਨ੍ਹਾਂ ਤੋਂ ਮੰਗਣ ਦਾ ਧੰਦਾ ਕਰਵਾਏ ਜਾਣ ਦੇ ਮਾਮਲੇ ਸਾਹਮਣੇ ਆਉਂਦੇ ਹਨ। ਜਾਂ ਇਨ੍ਹਾਂ ਗਰੋਹਾਂ ਵਲੋਂ ਅਰਬ ਦੇਸ਼ਾਂ ਨੂੰ ਬੱਚੇ ਵੇਚ ਦਿਤੇ ਜਾਂਦੇ ਹਨ। ਕਈ ਬੱਚਿਆਂ ਦਾ ਅਪਹਰਣ ਫਿਰੌਤੀ ਲਈ ਵੀ ਕੀਤਾ ਜਾਂਦਾ ਹੈ ਜਿਨ੍ਹਾਂ ਵਿਚੋਂ ਕਈਆਂ ਨੂੰ ਤਾਂ ਫਿਰੌਤੀ ਮਿਲਣ 'ਤੇ ਛੱਡ ਦਿਤਾ ਜਾਦਾ ਹੈ ਪਰ ਕਈ ਉਸ ਤੋਂ ਬਾਅਦ ਵੀ ਘਰ ਨਹੀਂ ਪਰਤਦੇ। ਕਈ ਬੱਚੇ ਇਮਤਿਹਾਨ ਵਿਚ ਫੇਲ੍ਹ ਹੋਣ ਦੇ ਡਰ ਜਾਂ ਘਰ ਦੀਆਂ ਪਰੇਸ਼ਾਨੀਆਂ ਤੋਂ ਡਰ ਕੇ ਘਰੋਂ ਚਲੇ ਜਾਂਦੇ ਹਨ। ਵੱਡੇ ਸ਼ਹਿਰਾਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਸਟਾਰ ਬਣਨ ਦੀ ਚਾਹ ਵਿਚ ਇਹ ਬੱਚੇ ਘਰ ਛੱਡ ਜਾਂਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾ ਬੱਚੇ ਗਰੀਬ ਘਰਾਂ ਦੇ ਹੁੰਦੇ ਹਨ ਜਿਨ੍ਹਾਂ ਵਲੋਂ ਜ਼ਿਆਦਾਤਰ ਬੱਚਿਆਂ ਦੇ ਲਾਪਤਾ ਹੋਣ ਦੀ ਰਿਪੋਰਟ ਵੀ ਦਰਜ ਨਹੀਂ ਕਰਵਾਈ ਜਾਂਦੀ। ਅਜਿਹੇ ਬੱਚਿਆਂ ਨੂੰ ਨਿਠਾਰੀ ਵਰਗੇ ਕਾਂਡ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਫਿਰ ਗ਼ੈ-ਕਾਨੂੰਨੀ ਤੌਰ ਤੇ ਫੈਕਟਰੀਆਂ, ਢਾਬਿਆਂ ਜਾਂ ਘਰਾਂ ਵਿਚ ਮਜ਼ਦੂਰੀ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਅਜਿਹੇ ਬੱਚਿਆਂ ਨੂੰ ਅਪਹਰਣ ਕਰਨ ਵਾਲੇ ਗਰੋਹ ਵੀ ਹੁੰਦੇ ਹਨ ਜੋ ਦੇਸ਼ ਵਿਚ ਜਾਂ ਦੇਸ਼ ਤੋਂ ਬਾਹਰ ਬੇਔਲਾਦ ਜੋੜਿਆਂ ਨੂੰ ਇਹ ਬੱਚੇ ਵੇਚ ਦਿੰਦੇ ਹਨ ਤੇ ਕਈ ਵਾਰ ਇਨ੍ਹਾਂ ਨੂੰ ਗਲਤ ਧੰਦਿਆਂ ਵਿਚ ਵੀ ਸ਼ਾਮਿਲ ਕਰ ਦਿਤਾ ਜਾਂਦਾ ਹੈ।

ਬੱਚਿਆਂ ਦੇ ਗੁੰਮਸ਼ੁਦਾ ਹੋਣ ਦੇ ਮਾਮਲਿਆਂ ਵੱਲ ਰਾਸ਼ਟਰੀ ਪੱਧਰ 'ਤੇ ਕੋਈ ਪੂਰੀ ਜਾਣਕਾਰੀ ਨਹੀਂ ਹੈ, ਜੋ ਜਾਣਕਾਰੀ ਹੈ ਉਹ ਵੀ ਬਹੁਤ ਘੱਟ ਹੈ। ਬੱਚੇ ਲੱਭਣ ਲਈ ਰਾਸ਼ਟਰੀ ਪੱਧਰ 'ਤੇ ਕੋਈ ਸਹੀ ਪ੍ਰਬੰਧ ਨਾ ਹੋਣ ਕਾਰਨ ਮਾਂ-ਬਾਪ ਆਪਣੇ ਬੱਚਿਆਂ ਨੂੰ ਸਹੀ ਤਰ੍ਹਾਂ ਲੱਭ ਨਹੀਂ ਸਕਦੇ। ਇਸ ਅਸੁਰੱਖਿਆ ਨੂੰ ਦੂਰ ਕਰਨ ਲਈ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਵਲੋਂ ਗੁਮਸ਼ੁਦਾ ਬੱਚਿਆਂ ਦੇ ਮਾਮਲੇ ਵੇਖਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਨੋਇਡਾ ਦੇ ਨਿਠਾਰੀ ਕਾਂਡ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਹੋਰ ਵੀ ਚੌਕਸ ਕਰ ਦਿਤਾ ਹੈ।

ਬੱਚੇ ਦੇ ਲਾਪਤਾ ਹੋਣ 'ਤੇ ਉਸ ਦੇ ਸਹੀ ਕਾਰਨ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਬੱਚਾ ਕਿਸ ਕਾਰਨ ਲਾਪਤਾ ਹੋਇਆ ਹੈ ਕਿਸੇ ਨੇ ਅਪਹਰਣ ਕੀਤਾ ਹੈ ਜਾਂ ਘਰੇਲੂ ਕਾਰਨ ਨਾਲ ਘਰ ਛੱਡ ਗਿਆ ਹੈ। ਆਮ ਤੌਰ ਤੇ ਬੱਚੇ ਦੇ ਲਾਪਤਾ ਹੋਣ ਨੂੰ ਵੱਡੇ ਅਪਰਾਧ ਦੀ ਗਿਣਤੀ ਵਿਚ ਨਹੀਂ ਰੱਖਿਆ ਜਾਂਦਾ ਤੇ ਇਸ ਦੀ ਰਿਪੋਰਟ ਦਰਜ ਨਹੀਂ ਕੀਤੀ ਜਾਂਦੀ ਸਗੋਂ ਥਾਣੇ ਦੇ ਸ਼ਿਕਾਇਤ ਰਜਿਸਟਰ ਵਿਚ ਬਸ ਸ਼ਿਕਾਇਤ ਹੀ ਦਰਜ ਕੀਤੀ ਜਾਂਦੀ ਹੈ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਦੀ ਰਿਪੋਰਟ ਮੁਤਾਬਕ ਪੁਲਿਸ ਕੋਲ ਆਈ ਗੁਮਸ਼ੁਦਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਗੁਮਸ਼ੁਦਾ ਬੱਚੇ ਦਾ ਵੇਰਵਾ ਮੀਡੀਆ ਰਾਹੀਂ ਪ੍ਰਕਾਸ਼ਿਤ ਕਰਨਾ ਹੁੰਦਾ ਹੈ। ਪਰ ਜਨਤਾ ਨੂੰ ਇਹ ਕੰਮ ਵੀ ਆਪਣੇ ਆਪ ਹੀ ਕਰਨਾ ਪੈਂਦਾ ਹੈ। ਸਾਧਨਾਂ ਦੀ ਕਮੀ, ਜਾਂਚ ਦੀ ਕਮੀ, ਅਪਰਾਧ ਦੀ ਗਿਣਤੀ ਵਿਚ ਨਾ ਸ਼ਾਮਲ ਹੋਣ ਕਾਰਨ ਘੱਟ ਤਵੱਜੋ, ਆਪਸੀ ਤਾਲਮੇਲ ਦੀ ਕਮੀ ਤੇ ਰਾਸ਼ਟਰੀ ਪੱਧਰ 'ਤੇ ਇਸ ਸਮੱਸਿਆ ਨੂੰ ਸਹੀ ਢੰਗ ਨਾਲ ਨਜਿੱਠਣ ਲਈ ਉਪਰਾਲਿਆਂ ਦੀ ਕਮੀ ਕਾਰਨ ਇਨ੍ਹਾਂ ਮਾਮਲਿਆਂ ਨੂੰ ਪੂਰੀ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਬੱਚਿਆਂ ਦੇ ਨਾਲ ਹੁੰਦੇ ਅਪਰਾਧਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਇਨ੍ਹਾਂ ਅਪਰਾਧਾਂ ਦਾ ਸ਼ਿਕਾਰ ਜ਼ਿਆਦਾਤਰ ਲਾਪਤਾ ਹੋਏ ਬੱਚੇ ਹੀ ਹੁੰਦੇ ਹਨ। ਇਸ ਮਸਲੇ 'ਤੇ ਸਰਕਾਰੀ ਤੰਤਰ ਦੇ ਨਾਲ-ਨਾਲ ਗ਼ੈਰ-ਸਰਕਾਰੀ ਸੰਸਥਾਵਾਂ ਵੀ ਕੁਝ ਕੰਮ ਕਰ ਰਹੀਆਂ ਹਨ।

ਇਸ ਸਮੱਸਿਆ ਨੂੰ ਹੱਲ ਕਰਨ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਇਸ ਨੂੰ ਕਾਨੂੰਨੀ ਤੇ ਸਮਾਜਿਕ ਪੱਧਰ 'ਤੇ ਇਕ ਸਮੱਸਿਆ ਸਮਝਿਆ ਜਾਵੇ ਤੇ ਸਰਕਾਰ, ਪ੍ਰਸ਼ਾਸਨ ਤੇ ਸਮਾਜ ਵਲੋਂ ਇਸ ਨੂੰ ਪੂਰੀ ਤਵੱਜੋਂ ਦਿਤੀ ਜਾਵੇ। ਸਥਾਨਕ ਪੁਲਿਸ ਥਾਣਿਆਂ ਵਿਚ ਹੀ ਲਾਪਤਾ ਬੱਚਿਆਂ ਦੇ ਮਾਮਲਿਆਂ ਦੀ ਜਾਂਚ ਤੇ ਉਨ੍ਹਾਂ ਨੂੰ ਲੱਭਣ ਲਈ ਅਧਿਕਾਰੀ ਹੋਣੇ ਚਾਹੀਦੇ ਹਨ। ਸਭ ਤੋਂ ਜ਼ਰੂਰੀ ਹੈ ਇਸ ਸੰਬੰਧ ਵਿਚ ਪੂਰੇ ਅੰਕੜਿਆਂ ਦੀ ਜਾਣਕਾਰੀ ਹੋਣਾ। ਕਿੰਨੇ ਬੱਚੇ ਲਾਪਤਾ ਹੋਏ ਤੇ ਕਿੰਨੇ ਲੱਭ ਲਏ ਗਏ ਜਾਂ ਵਾਪਸ ਆ ਗਏ ਤੇ ਕਿੰਨੇ ਅਜੇ ਵੀ ਗੁਮਸ਼ੁਦਾ ਹਨ? ਜੇ ਇਸ ਸਭ ਦੇ ਪੂਰੇ ਅੰਕੜੇ ਹੋਣ ਤਾਂ ਇਸ ਸਮੱਸਿਆ ਦੀ ਸਹੀ ਗੰਭੀਰਤਾ ਸਮਝਣ ਵਿਚ ਮਦਦ ਮਿਲ ਸਕਦੀ ਹੈ। ਬੱਚੇ ਦੇ ਲਾਪਤਾ ਹੋਣ ਨੂੰ ਵੀ ਅਪਰਾਧ ਦੀ ਗਿਣਤੀ ਵਿਚ ਰੱਖਦੇ ਹੋਏ ਇਸ ਦੀ ਰਿਪੋਰਟ ਦਰਜ ਕਰਨੀ ਵੀ ਜ਼ਰੂਰੀ ਹੋਣੀ ਚਾਹੀਦੀ ਹੈ ਜਿਵੇਂ ਕਿ ਆਂਧਰ ਪ੍ਰਦੇਸ਼ ਤੇ ਤਮਿਲਨਾਡੂ ਦੀ ਸਰਕਾਰ ਵਲੋਂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬੱਚਿਆਂ ਦੇ ਲਾਪਤਾ ਹੋਣ ਦੇ ਕਾਰਨ ਲੱਭਣ ਤੇ ਉਨ੍ਹਾਂ ਨੂੰ ਦੂਰ ਕਰਨ ਦੇ ਵੀ ਉਪਰਾਲੇ ਕਰਨੇ ਚਾਹੀਦੇ ਹਨ। ਘਰਦਿਆਂ ਵਲੋਂ ਬੱਚਿਆਂ 'ਤੇ ਸਹੀ ਧਿਆਨ ਦਿਤਾ ਜਾਣਾ ਚਾਹੀਦਾ ਹੈ ਤੇ ਪੜ੍ਹਾਈ ਵਿਚ ਕਮਜ਼ੋਰ ਬੱਚਿਆਂ 'ਤੇ ਨਤੀਜੇ ਨੂੰ ਲੈ ਕੇ ਦਬਾਅ ਵੀ ਨਹੀਂ ਪਾਉਣਾ ਚਾਹੀਦਾ ਕਿ ਉਹ ਡਰਦਾ ਘਰੋਂ ਹੀ ਦੌੜ ਜਾਵੇ। ਇਸ ਸੰਬੰਧ ਵਿਚ ਮੀਡੀਆ ਕਾਫੀ ਮਦਦ ਕਰ ਸਕਦਾ ਹੈ। ਬੱਚਿਆਂ ਦੇ ਗੁਮਸ਼ੁਦਗੀ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰ ਕੇ ਅਤੇ ਲਾਪਤਾ ਬੱਚਿਆਂ ਬਾਰੇ ਜਾਣਕਾਰੀ ਦੇ ਕੇ ਕਈ ਘਰਾਂ ਦੀਆਂ ਖ਼ੁਸ਼ੀਆਂ ਵਾਪਸ ਲਿਆਉਣ ਵਿਚ ਸਹਾਈ ਹੋ ਸਕਦਾ ਹੈ।

ਸਰਕਾਰ ਨੂੰ ਲਾਪਤਾ ਬੱਚੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਾਨੂੰਨ ਹੋਰ ਸਖਤ ਬਣਾਉਣਾ ਚਾਹੀਦਾ ਹੈ ਅਤੇ ਕਿਸੇ ਵੀ ਲਾਪਤਾ ਬੱਚੇ ਦੀ ਤੁਰੰਤ ਐਫ ਆਈ ਆਰ ਕਰਨੀ ਜ਼ਰੂਰੀ ਚਾਹੀਦੀ ਹੈ ਅਤੇ ਲਾਪਤਾ ਬੱਚੇ ਲਈ ਰਾਸ਼ਟਰੀ ਅਤੇ ਸਥਾਨਕ ਪੱਧਰ 'ਤੇ ਪੂਰੀ ਜਾਣਕਾਰੀ ਵਾਲੇ ਸੈੱਲ ਹੋਣੇ ਚਾਹੀਦੇ ਹਨ ਤਾਂ ਜੋ ਲਾਪਤਾ ਬੱਚਿਆਂ ਬਾਰੇ ਪ੍ਰਸ਼ਾਸਨ ਅਤੇ ਲੋਕਾਂ ਨੂੰ ਪਤਾ ਹੋਵੇ ਅਤੇ ਲਾਪਤਾ ਬੱਚੇ ਦੀ ਜਾਣਕਾਰੀ ਹਰ ਰੋਜ਼ ਮੀਡੀਆ ਨੂੰ ਦਿਤੀ ਜਾਵੇ। ਇਸ ਲਈ ਇਕ ਵਿਸ਼ੇਸ਼ ਸੈੱਲ ਗਠਿਤ ਕੀਤਾ ਜਾਵੇ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :waqtdiawaz@rediffmail.com*

# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

**ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ**

**ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ**

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ – 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ – 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ – 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੁਵਾਨੰਤਪੁਰਮ – 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-ਐਚ, ਅਲੀਗੰਜ, ਲਖਨਊ – 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਾਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**